# ਸਿੱਖ ਪੁਰਬ: ਇੱਕ ਸਮਾਜਸ਼ਾਸਤਰੀ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨਾਂ ਫੈਕਲਟੀ ਅਧੀਨ

ਧਰਮ ਅਧਿਐਨ ਵਿਸ਼ੇ ਵਿਚ ਡਾਕਟਰ ਆਫ ਫਿਲਾਸਫੀ ਦੀ

ਡਿਗਰੀ ਦੀਆਂ ਸ਼ਰਤਾਂ ਦੀ ਪੂਰਤੀ ਹਿਤ ਪ੍ਰਸਤੁਤ

**ਖੋਜ ਨਿਬੰਧ (2018)**

**ਰਜਿਸਟ੍ਰੇਸ਼ਨ ਦੀ ਮਿਤੀ :01-02-2010**


ਨਿਗਰਾਨ :

**ਗੁਰਮੀਤ ਸਿੰਘ ਸਿੱਧੂ**

ਪ੍ਰੋਫੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

ਖੋਜਾਰਥੀ :

**ਖੁਸ਼ਹਾਲ ਸਿੰਘ**


PUNJABI UNIVERSITY PATIALA

**(Established Under Punjab Act No. 35 of 1961)**


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੁਸ਼ਹਾਲ ਸਿੰਘ ਨੇ **'ਸਿੱਖ ਪੁਰਬ: ਇੱਕ ਸਮਾਜਸ਼ਾਸਤਰੀ ਅਧਿਐਨ**' ਵਿਸ਼ੇ 'ਤੇ ਪੀ. ਐਚ. ਡੀ. ਡਿਗਰੀ ਲਈ ਖੋਜ-ਨਿਬੰਧ (Thesis) ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ। ਮੈਂ ਇਸ ਖੋਜ-ਨਿਬੰਧ ਨੂੰ ਪੀ. ਐਚ. ਡੀ. ਦੀ ਡਿਗਰੀ ਲਈ ਪੇਸ਼ ਕਰਨ ਦੀ ਆਗਿਆ ਦਿੰਦਾ ਹਾਂ।

ਮਿਤੀ. 1.02.2018

ਨਿਗਰਾਨ

**ਗੁਰਮੀਤ ਸਿੰਘ ਸਿੱਧੂ**

ਪ੍ਰੋਫੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

# ਅਧਿਆਇ -1

# ਸਿੱਖ ਪੁਰਬਾਂ ਦਾ ਆਰੰਭ ਅਤੇ ਵਿਕਾਸ

ਸਿੱਖ ਪੁਰਬਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਪਿਛੋਕੜ ਦਾ ਵਿਸ਼ਲੇਸ਼ਣ ਕਰਨ ਲਈ ਪੰਜਾਬ ਦੇ ਪੁਰਬ (ਮੇਲਿਆਂ) ਦੀ ਪ੍ਰਕ੍ਰਿਤੀ, ਪੁਰਬ ਅਤੇ ਗੁਰਮਤਿ ਦੇ ਅੰਤਰ ਸਬੰਧਾਂ ਦੇ ਅਧਿਐਨ ਨੂੰ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਹੈ। ਗੁਰੂ ਕਾਲ, ਉਤਰ ਗੁਰੂ ਕਾਲ, ਖਾਲਸਾ ਰਾਜ, ਬਰਤਾਨਵੀ ਬਸਤੀਵਾਦੀ ਦੌਰ ਅਤੇ ਵਰਤਮਾਨ ਸਮੇਂ ਦੇ ਸਿੱਖ ਪੁਰਬਾਂ ਦੇ ਸਰੂਪ ਨੂੰ ਇਸ ਅਧਿਆਇ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਗੁਰਪੁਰਬ ਉਹ ਦਿਨ ਹੈ, ਜਿਸ ਦਿਨ ਵੱਖ-ਵੱਖ ਥਾਵਾਂ 'ਤੇ ਵਸਦੇ ਸਿੱਖ, ਹਜ਼ਾਰਾਂ ਕੋਹਾਂ ਦੀ ਦੂਰੀ ਹੁੰਦੇ ਹੋਏ ਵੀ ਇਕ ਮਨ ਹੋ ਰਹੇ ਹੁੰਦੇ ਹਨ। ਇਹ ਉਹ ਪਵਿੱਤਰ ਵਕਤ ਹੁੰਦਾ ਹੈ ਜਦੋਂ ਸਿੱਖ ਆਪਣੇ ਕੰਮ ਧੰਦੇ ਛੱਡ ਕੇ ਗੁਰੂ ਦੀ ਯਾਦ ਵਿਚ ਜੁੜਦੇ ਹਨ ਤੇ ਇਕ ਦੀਵਾਨ ਵਿਚ ਬੈਠਦੇ ਹਨ ਅਤੇ ਆਪਣੇ ਸਾਂਝੇ ਇਸ਼ਟ ਦੀ ਇਕ ਆਸਥਾ ਤੇ ਉਪਾਸ਼ਨਾਂ ਦੁਆਰਾ ਆਨੰਦਤ ਹੁੰਦੇ ਹਨ। ਇਨਸਾਈਕਲੋਪੀਡੀਆ ਆਫ ਸਿੱਖਿਜ਼ਮ ਅਨੁਸਾਰ:

> "ਗੁਰਪੁਰਬ ਦੋ ਸ਼ਬਦਾਂ ਦਾ ਮੇਲ ਹੈ, ਜਿਵੇਂ ਗੁਰੂ - ਅਧਿਆਤਮਿਕ ਉਪਦੇਸ਼ਕ ਅਤੇ ਪੁਰਬ - ਸੰਸਕ੍ਰਿਤ ਦਾ ਸ਼ਬਦ ਪਰਵਾ, ਜਿਸ ਦਾ ਅਰਥ ਤਿਉਹਾਰ ਜਾਂ ਉਤਸਵ, ਸਿੱਖੀ ਪ੍ਰੰਪਰਾ ਵਿਚ ਗੁਰੂਆਂ ਦੀਆਂ ਜੀਵਨੀਆਂ ਨਾਲ ਸਬੰਧਤ ਵਰ੍ਹੇ-ਗੰਢ ਜਾਂ ਸਾਲ-ਗਿਰ੍ਹਾ ਨੂੰ ਧਾਰਮਿਕ ਦਿਵਸ ਵਜੋਂ ਮਨਾਉਣਾ ਹੈ।"[1]

---

1 Gurpurb a compound of two words i.e. guru, the spiritual preceptor and parva in Sanskrit, meaning a festival or celebration, signifies in the Sikh tradition the holy day commemorating one or another of the anniversaries related to the lives of the Gurus.
Dharam Singh, "Gurpub" *THE ENCYCLOPADIA OF SIKHISM,* ed., Harbans Singh, Punjabi University Patiala, vol II, 2001, p 194.

ਇਸ ਦਾ ਭਾਵ ਇਹ ਹੋਇਆ ਕਿ ਪੁਰਬ ਮੇਲ ਮਿਲਾਪ ਦਾ ਉਤਸਵ ਹੁੰਦੇ ਹਨ। ਮਨੁੱਖੀ ਸੱਭਿਅਤਾ ਦੇ ਇਤਿਹਾਸ ਅੰਦਰ ਇਸ ਗੱਲ ਦਾ ਸੰਕੇਤ ਕਿਤੇ ਵੀ ਪ੍ਰਾਪਤ ਨਹੀਂ ਹੁੰਦਾ ਕਿ ਮੇਲੇ ਕਿਸ ਤਰ੍ਹਾਂ ਅਤੇ ਕਦੋਂ ਆਰੰਭ ਹੋਏ ਹਨ? ਬਰਤਾਨਵੀ ਮਾਨਵ-ਵਿਗਿਆਨੀ ਮੈਲਨੋਵਿਸਕੀ ਦੇ ਵਿਚਾਰਾਂ ਦੀ ਵਿਖਿਆ ਕਰਦੇ ਗੁਰਮੀਤ ਸਿੰਘ ਲਿਖਦੇ ਹਨ ਕਿ:

> "ਧਰਮ ਦੀ ਪਵਿੱਤਰ ਨੈਤਿਕਤਾ ਮਨੁੱਖੀ ਜੀਵਨ,ਇਸਦੇ ਵਿਹਾਰ ਅਤੇ ਸਮਾਜਕ ਕੰਟਰੋਲ ਲਈ ਸ਼ਕਤੀਸ਼ਾਲੀ ਊਰਜਾ ਹੈ। ਇਸ ਲਈ ਯਕੀਨ ਮਨੁੱਕ ਨੂੰ ਮਜ਼ਬੂਤ ਤਾਕਤ ਦਿੰਦਾ ਹੈ। ਇਹ ਤਾਕਤ ਹਰ ਸਭਿਆਚਾਰ ਵਿਚ ਵਿਕਸਤ ਹੁੰਦੀ ਹੈ ਕਿਉਂਕਿ ਇਹ ਗਿਆਨ ਅਣਕਿਆਸੇ ਨੂੰ ਫੇਲ ਕਰਨ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਜੀਵਨ ਭਰ ਦੇ ਸਹਿਯੋਗ ਅਤੇ ਆਪਸੀ ਹਿੱਤ ਭਾਵਨਾਵਾਂ ਪੈਦਾ ਕਰਦੇ ਹਨ"।[2]

ਇਸ ਮਨੁੱਖੀ ਵਰਤਾਰੇ ਨੇ ਵਿਰਾਸਤੀ ਲੋੜਾਂ ਅਤੇ ਮੇਲ –ਮਿਲਾਪ ਦੀ ਭਾਵਨਾ ਨੇ ਮੇਲਿਆਂ ਨੂੰ ਜਨਮ ਦਿੱਤਾ। ਸਿੱਖ ਪੁਰਬਾਂ ਦੇ ਅਰੰਭ ਬਾਰੇ ਜਾਣਕਾਰੀ ਮਿਲਦੀ ਹੈ ਕਿ ਸਿੱਖ ਧਰਮ ਇਕ ਇਤਿਹਾਸਕ ਧਰਮ ਹੈ। ਮੇਲੇ ਪ੍ਰੰਪਰਾਗਤ ਹਨ ਜਦੋਂ ਕਿ ਪੁਰਬ ਇਤਿਹਾਸਕ। ਜੀਤ ਸਿੰਘ ਜੋਸ਼ੀ ਪੁਰਬ/ਮੇਲਿਆਂ ਦੀ ਪੁਰਾਤਨਤਾ ਬਾਰੇ ਸੱਭਿਆਚਾਰਕ ਪਰਿਪੇਖ ਸਿਰਜਦੇ ਹੋਏ ਲਿਖਦੇ ਹਨ;

> "ਜਿਸ ਵੇਲੇ ਪੁਰਾਤਨ ਮਨੁੱਖ ਆਪਣੇ ਸ਼ਿਕਾਰ ਦੇ ਕਾਰਜ ਤੋਂ ਵਿਹਲਾ ਹੁੰਦਾ ਸੀ ਜਾਂ ਫੇਰ ਕਿਸੇ ਵਿਰੋਧੀ ਕਬੀਲੇ ਉਤੇ ਜਿੱਤ ਪ੍ਰਾਪਤ ਕਰ ਲੈਂਦਾ ਸੀ ਤਾਂ ਉਹ ਖੁਸ਼ੀ ਸਾਂਝੀ ਕਰਨ ਲਈ ਆਪਣੇ ਦੂਸਰੇ ਸਾਥੀਆਂ ਨੂੰ ਇਕੱਤਰ ਕਰਕੇ ਨੱਚਦਾ ਗਾਉਂਦਾ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਸੀ, ਜੋ ਜੋੜ-ਮੇਲਿਆਂ ਦਾ ਹੀ ਮੁੱਢਲਾ ਸਰੂਪ ਹੁੰਦਾ ਸੀ। ਅਜਿਹੇ ਜਸ਼ਨ ਮਨਾਉਂਦੇ ਸਮੇਂ ਮਨੁੱਖ ਉਨ੍ਹਾਂ ਦੈਵੀ-ਸ਼ਕਤੀਆਂ ਦੀ ਪੂਜਾ ਨੂੰ

2 ਗੁਰਮੀਤ ਸਿੰਘ ਸਿਧੂ, *ਧਰਮ ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ* , ਗੁਰਗਿਆਨ ਬੁਕਸ,ਪਟਿਆਲਾ,2014,ਪੰ,87.

ਪ੍ਰਾਥਮਿਕਤਾ ਦਿੰਦਾ ਰਿਹਾ ਹੈ, ਜਿਹੜੀਆਂ ਲੋਕ ਵਿਸ਼ਵਾਸ਼ਾਂ ਅਨੁਸਾਰ ਮਾਨਵੀ ਜੀਵਨ ਦੀ ਹੋਂਦ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਜਦੋਂ ਨਿਸ਼ਚਿਤ ਸਮੇਂ ਅਨੁਸਾਰ ਇਕ ਨਿਸ਼ਚਿਤ ਸਥਾਨ ਉਤੇ ਅਜਿਹੇ ਜਸ਼ਨ ਵਾਰ ਵਾਰ ਮਨਾਏ ਜਾਣ ਲੱਗੇ ਤਾਂ ਮੁੱਢਲੇ ਕਿਸਮ ਦੇ ਮੇਲੇ ਹੋਂਦ ਵਿੱਚ ਆਏ।"[3]

## ਪੰਜਾਬ ਦੇ ਮੇਲਿਆਂ ਦੀ ਪ੍ਰਕ੍ਰਿਤੀ

ਸਾਮਾਜਿਕ ਆਰਥਿਕ ਹਾਲਤਾਂ ਵਿੱਚ ਜਿਵੇਂ ਤਬਦੀਲੀਆਂ ਹੋਈਆਂ, ਉਵੇਂ ਹੀ ਮੇਲਿਆਂ ਦਾ ਆਯੋਜਨ, ਪ੍ਰਯੋਜਨ ਅਤੇ ਸਰੂਪ ਵੀ ਬਦਲਦਾ ਰਿਹਾ ਹੈ। ਫਿਰ ਵੀ ਪੰਜਾਬ ਵਿੱਚ ਬਹੁ-ਗਿਣਤੀ ਮੇਲੇ ਧਾਰਮਿਕ ਰੰਗਤ ਵਾਲੇ ਹੀ ਰਹੇ ਹਨ। ਪਰ ਇਨ੍ਹਾਂ ਮੇਲਿਆਂ ਦੀ ਖੂਬਸੂਰਤੀ ਇਹ ਰਹੀ ਹੈ ਕਿ ਅਜਿਹੇ ਮੇਲੇ ਮੁਢਲੇ ਤੌਰ 'ਤੇ ਭਾਵੇਂ ਧਾਰਮਿਕ ਹੁੰਦੇ ਸਨ ਪਰ ਸੁਭਾਓ ਪੱਖੋਂ ਲੋਕ-ਪੱਖੀ ਹੀ ਰਹੇ ਹਨ। ਲੋਕ ਕਿਸੇ ਨਿਰਧਾਰਤ ਦਿਨ 'ਤੇ ਕਿਸੇ ਇਕ ਸ਼ਹੀਦ ਜਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਇਕੱਤਰ ਹੁੰਦੇ ਸਨ ਤਾਂ ਅਜਿਹਾ ਮੌਕਾ ਸ਼ਹੀਦੀ ਦਿਹਾੜਾ ਨਾ ਰਹਿ ਕੇ ਇਕ ਮਨੋਰੰਜਨ ਰੂਪੀ ਮੇਲੇ ਦਾ ਸਰੂਪ ਧਾਰਨ ਕਰ ਜਾਂਦਾ ਸੀ, ਜਿਸਦੀ ਮਿਸਾਲ ਮੁਕਤਸਰ ਦੀ ਮਾਘੀ ਦਾ ਪੁਰਬ ਅਤੇ ਫਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ-ਮੇਲੇ ਹਨ। ਇਸੇ ਤਰ੍ਹਾਂ ਕਿਸੇ ਚਮਤਕਾਰੀ ਸ਼ਕਤੀ ਦੀ ਮੰਨਤ-ਮਨਾਉਤ, ਕਿਸੇ ਦੇਵੀ ਦੇਵਤੇ ਦੀ ਕਰੋਪੀ ਦੇ ਭੈਅ ਨਾਲ ਜਾਂ ਉਸ ਦੀ ਮਿਹਰ ਪ੍ਰਾਪਤੀ ਦੇ ਅਹਿਸਾਸ ਨਾਲ ਇਕੱਤਰ ਹੋਏ ਸਮੂਹ ਲੋਕ ਭਾਵੇਂ ਧਾਰਮਿਕ ਭਾਵਨਾ ਨਾਲ ਇੱਕਤਰ ਹੁੰਦੇ ਹਨ, ਪਰੰਤੂ ਅਜਿਹਾ ਕਰਦੇ ਹੋਏ ਵੀ ਉਹ ਲੋਕਾਚਾਰੀ ਦਾ ਅਮਲ ਨਿਭਾਉਂਦੇ ਰਹਿੰਦੇ ਹਨ। ਪੰਜਾਬੀ ਲੋਕ ਸੁਭਾਵਿਕ ਤੌਰ ਤੇ ਫਿਰਕੂ ਬੰਧਨਾਂ ਵਿੱਚੋਂ ਸੁਤੰਤਰ ਹਨ। ਧਰਮ ਉਨ੍ਹਾਂ ਲਈ ਪ੍ਰੇਰਨਾ ਸ਼ਕਤੀ ਹੈ, ਜੋ ਧਰਮਾਂ ਦੇ ਫੋਕਟ ਕਰਮਾਂ ਦੇ ਭਾਰ ਕਦੇ ਪ੍ਰਵਾਨ ਨਹੀਂ ਕਰਦੇ। ਪੰਜਾਬ ਦੇ ਲੋਕਾਂ ਦੀ ਧਰਮ ਪ੍ਰਤੀ

---

3 ਜੀਤ ਸਿੰਘ ਜੋਸ਼ੀ, *ਲੋਕ ਕਲਾ ਅਤੇ ਸਭਿਆਚਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰ.123.

ਸ਼ਰਧਾ ਹੈ ਪਰ ਇਹ ਕੱਟੜ ਨਹੀਂ ਹਨ। ਇਹੋ ਕਾਰਨ ਹੈ ਕਿ ਪੰਜਾਬ ਦੇ ਗੁਰਪੁਰਬ ਧਾਰਮਿਕ ਹੁੰਦੇ ਹੋਏ ਵੀ ਲੋਕ ਰੰਗਤ ਵਾਲੇ ਰਹੇ ਹਨ। ਲੋਕ ਮਨ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਹੁੰਦੀ ਕਿ ਮੇਲਾ ਕਿਸ ਧਰਮ ਦੇ ਪੀਰ-ਫਕੀਰ ਜਾਂ ਦੇਵੀ ਦੇਵਤੇ ਜਾਂ ਫੇਰ ਕਿਸੇ ਦੇ ਵੱਡੇ ਵਡੇਰੇ ਨਾਲ ਸੰਬੰਧ ਰੱਖਦਾ ਹੈ। ਪੰਜਾਬ ਵਿਚ ਮੇਲੇ ਪਹਿਲਾਂ ਮੌਸਮੀ ਜਾਂ ਰਵਾਇਤੀ ਹੁੰਦੇ ਸਨ। ਅਜੋਕੇ ਸਮੇਂ ਵਿੱਚ ਮੇਲਿਆਂ ਨਾਲੋਂ ਪੁਰਬ ਵਧੇਰੇ ਮਹੱਤਤਾ ਗ੍ਰਹਿਣ ਕਰ ਰਹੇ ਹਨ। ਆਵਾਜਾਈ ਦੇ ਸਾਧਨਾਂ ਦੇ ਵਿਕਸਿਤ ਹੋਣ ਕਰਕੇ ਹੁਣ ਕਈ ਧਾਰਮਿਕ ਪੁਰਬਾਂ 'ਤੇ ਲੋਕ ਵਧੇਰੇ ਇਕੱਤਰ ਹੁੰਦੇ ਹਨ। ਪੁਰਾਣੇ ਸਮੇਂ ਵਿਚ ਮੇਲਿਆਂ ਵਿਚ ਮਨੋਰੰਜਨ ਹੁੰਦਾ ਸੀ। ਹੁਣ ਪੁਰਬਾਂ ਵਿਚ ਸ਼ਰਧਾ ਵਧੇਰੇ ਵੇਖਣ ਨੂੰ ਮਿਲਦੀ ਹੈ।

**ਪੁਰਬ ਅਤੇ ਗੁਰਮਤਿ**

ਗੁਰਮਤਿ ਅਨੁਸਾਰ ਕੋਈ ਖਾਸ ਥਿਤ ਵਾਰ ਜਾਂ ਦਿਨ ਨੂੰ ਵਿਸ਼ੇਸ ਦਰਜਾ ਨਹੀਂ ਦਿੱਤਾ ਗਿਆ ਅਤੇ ਸਭ ਦਿਨ, ਮਹੀਨੇ, ਰੁੱਤਾਂ ਬਰਾਬਰ ਦੱਸੀਆਂ ਗਈਆਂ ਹਨ। ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਵਿਚ ਦੱਸਦੇ ਹਨ;

"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥"[4]

ਸਮਾਜਿਕ ਅਤੇ ਸੱਭਿਆਚਾਰਕ ਜ਼ਰੂਰਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਕਿਸੇ ਖਾਸ ਦਿਵਸ ਨੂੰ ਸਤਿ-ਸੰਗਤ ਜਾਂ ਧਾਰਮਿਕ ਪ੍ਰਚਾਰ ਲਈ ਵਰਤ ਲੈਣਾ ਅਯੋਗ ਨਹੀਂ ਹੁੰਦਾ। ਸਿੱਖ ਸੱਭਿਆਚਾਰ ਵਿੱਚ ਪੁਰਬ ਵਿਸ਼ੇਸ਼ ਪਵਿੱਤਰ ਦਿਨ ਨੇ ਜਾਂਦੇ ਹਨ। ਪੁਰਬ ਦੇ ਸ਼ਬਦੀ ਅਰਥ ਅਨੰਦ ਦੇਣ ਵਾਲਾ ਮੌਕਾ ਹੈ, ਜਿਸ ਵਿਚ ਉਤਸਵ, ਤਿਉਹਾਰ, ਜੋੜ-ਮੇਲੇ ਸ਼ਾਮਿਲ ਕੀਤੇ ਜਾਂਦੇ ਹਨ। ਸਿੱਖਾਂ ਵਿੱਚ ਗੁਰ ਪੁਰਬ ਦਾ ਵਿਸ਼ੇਸ਼ ਮਹੱਤਵ ਹੈ। ਗੁਰਪੁਰਬ ਦੋ ਸ਼ਬਦਾਂ ਗੁਰ ਅਤੇ ਪੁਰਬ ਦਾ ਸੰਯੋਜਨ ਹੈ। ਪੁਰਬ

---

4 ਗੁਰੂ ਅਰਜਨ ਦੇਵ ਜੀ,ਰਾਗ ਮਾਝ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਅੰਕ, 136.

ਸ਼ਬਦ ਪਰਵ ਤੋਂ ਬਣਿਆ ਹੈ। ਪਰੰਪਰਾ ਮੁਤਾਬਕ ਪਰਵ ਦਾ ਦਿਨ ਉਹ ਮੰਨਿਆ ਜਾਂਦਾ ਸੀ, ਜਿਸ ਨਾਲ ਚੰਦਰਮਾ ਅਤੇ ਨਛੱਤਰਾਂ ਦੇ ਘਾਟੇ-ਵਾਧੇ ਜੁੜੇ ਹੋਏ ਸਨ। ਪਰਵ ਨੂੰ ਇਸ ਪ੍ਰਸੰਗ ਵਿੱਚ ਵਿਸ਼ੇਸ਼ ਦਿਨ ਮੰਨਿਆ ਜਾਂਦਾ ਹੈ। ਸਿੱਖਾਂ ਵਿੱਚ ਗੁਰਪੁਰਬ ਇਤਿਹਾਸਕ ਹੈ। ਗੁਰੂ ਸਾਹਿਬਾਨ ਦੇ ਸਮਕਾਲੀ ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਗੁਰਪੁਰਬ ਸ਼ਬਦ ਵਰਤਿਆ ਹੈ। ਉਹ ਆਪਣੀ ਬਾਰ੍ਹਵੀਂ ਵਾਰ ਦੀ ਦੂਜੀ ਪਉੜੀ ਵਿਚ ਲਿਖਦੇ ਹਨ:

"ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਸਾਧਸੰਗਤ ਚਲਿ ਜਾਇ ਜੁੜੰਦੇ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥
ਗੁਰ ਸੇਵਾ ਫਲੁ ਸੁਫਲ ਫਲੰਦੇ॥2॥"[5]

ਭਾਈ ਸਾਹਿਬ ਹਿੰਦੂ ਉਤਸਵਾਂ ਅਤੇ ਦਸ ਪੁਰਬਾਂ ਨਾਲੋਂ ਗੁਰਪੁਰਬ ਦੀ ਵਿਲੱਖਣਤਾ ਤੇ ਨਿਆਰੇਪਣ ਸਬੰਧੀ ਕਥਨ ਕਰਦੇ ਹਨ;

" ਸੰਨਿਆਸੀ ਦਸ ਨਾਵ ਧਰਿ ਸਚ ਨਾਵ ਵਿਣੁ ਨਾਵ ਗੁਣਾਇਆ।
ਦਸ ਅਵਤਾਰ ਅਕਾਰੁ ਕਰਿ ਏਕੰਕਾਰ ਨ ਅਲਖੁ ਲਖਾਇਆ।
ਤੀਰਥ ਪੁਰਬ ਸੰਜੋਗ ਵਿੱਚ ਦਸ ਪੁਰਬੀਂ ਗੁਰਪੁਰਬ ਨ ਪਾਯਾ।
ਇਕ ਮਨਿ ਇਕ ਨ ਚੇਤਿਓ ਸਾਧਸੰਗਤਿ ਵਿਣੁ ਦਹਦਿਸਿ ਧਾਇਆ।
ਦਸ ਦਹਿਆਂ ਦਸ ਅਸਵਮੇਧ ਖਾਇ ਅਮੇਧ ਨਿਖੇਧੁ ਕਰਾਇਆ।
ਇੰਦਰੀਆ ਦਸ ਵਸਿ ਕਰਿ ਬਾਹਰਿ ਜਾਂਦਾ ਵਰਜਿ ਰਹਾਇਆ।
ਪੈਰੀ ਪੈ ਜਗੁ ਪੈਰੀ ਪਾਇਆ ॥ ॥10"[6]

---

5 *ਵਾਰਾਂ ਭਾਈ ਗੁਰਦਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 1990, ਵਾਰ 12, ਪਾਉੜੀ 2, ਪੰ. 130.

ਸਿੱਖਾਂ ਦੀ ਭਗਤਮਾਲਾ ਵਿਚ ਭਾਈ ਮਨੀ ਸਿੰਘ ਜੀ ਨੇ ਗੁਰਪੁਰਬ ਲਈ ਗੁਰੂ ਦਾ ਜਸ ਕਰਨ ਵਾਲੇ ਅਰਥਾਂ ਦੀ ਵਰਤੋਂ ਕੀਤੀ ਹੈ;

"ਗੁਰਾਂ ਦੇ ਪੁਰਬਾਂ ਦੇ ਪੰਜ ਦਿਨ ਦੱਸੇ ਹਨ: ਸੰਗਰਾਂਦ, ਅਮਾਵਸ, ਵੈਸਾਖੀ, ਦੀਪਮਾਲਾ ਅਤੇ ਦੁਸਹਿਰਾ, ਇਨ੍ਹਾਂ ਉਤੇ ਗੁਰੂਆਂ ਦੇ ਨਮਿਤ ਕੜਾਹ ਪ੍ਰਸਾਦਿ ਗਰੀਬਾਂ ਨੂੰ ਵਰਤਾਉਣ ਲਈ ਸਿੱਖਾਂ ਨੂੰ ਹਦਾਇਤ ਕੀਤੀ ਹੈ।"[7]

ਸਿੱਖ ਇਤਿਹਾਸ ਦੇ ਸ੍ਰੋਤ ਗ੍ਰੰਥ "ਗੁਰ ਬਿਲਾਸ ਪਾਤਸ਼ਾਹੀ ਛੇਵੀਂ" ਵਿਚ ਵਿਸਾਖੀ ਦੀ ਮਹੱਤਤਾ ਬਾਰੇ ਜਾਣਕਾਰੀ ਮਿਲਦੀ ਹੈ। ਇਸ ਦਿਨ ਗੁਰੂ ਹਰਿਗੋਬਿੰਦ ਜੀ ਦਾ ਵਿਆਹ ਹੋਣ ਬਾਰੇ ਦੱਸਿਆ ਗਿਆ ਹੈ। ਮੇਲਾ ਲਗਾਉਣ ਬਾਰੇ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਹੋਣ ਦੀ ਜਾਣਕਾਰੀ ਦਿਤੀ ਹੋਈ ਹੈ:

"ਮੇਲਾ ਭਯੋ ਵਿਸਾਖੀ ਭਾਰੀ। ਕਰ ਦਰਸ਼ਨ ਫਲ ਪਾਏ ਚਾਰੀ॥
ਹਰਿਗੋਬਿੰਦ ਗੁਰ ਦਾਸ ਕ੍ਰਿਪਾਲ। ਸਭ ਸੰਗਤ ਕੋ ਕੀਓ ਨਿਹਾ॥੨੩੯॥ [8]

ਭਾਈ ਕੇਸਰ ਸਿੰਘ ਛਿੱਬਰ ਆਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਪੁਰਬ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ:

"ਜਿਥੇ ਜਿਥੇ ਕੋਈ ਆਹਾ ਸੇ ਉਥੇ ਹੀ ਠਹਰਾਇਆ। ਦਿਲਬਰੀ ਦਿਲਾਸਾ ਕਰਿ ਬਹੁਤ ਪਠਾਇਆ। ਸੰਗਤਾਂ ਦਾ ਗਉਰ ਖਸਮਾਨਾ ਕਰਨਾ। ਮੇਲੇ ਵੈਸਾਖੀ ਦੇ ਆਵਣ ਆਇ ਦਰਸਨ ਕਰਨਾ ਚਾਰਨਾ। ਸੁਣ ਕੇ ਸਿੱਖ ਸੰਗਤਿ ਸਮੁੰਦ ਭਾਈ ਸਭ ਨਿਹਾਲ ਹੋਈ । ਤਖਤ ਬੈਠਾ ਕਲਗੀਵਾਲਾ ਦੀਦਾਰ ਕਰਨ ਚਲੋ ਸਭ ਕੋਈ। ਸੰਗਤ ਸਭ ਆਈ ਮੇਲਾ ਵਡਾ ਲੱਗਾ ਵੈਸਾਖੀ ਦਾ।"[9]

ਭਾਈ ਵੀਰ ਸਿੰਘ ਗੁਰਪੁਰਬ ਦੀ ਵਿਲੱਖਣਤਾ ਬਾਰੇ ਲਿਖਦੇ ਹਨ:

---

6 *ਉਹੀ*, ਵਾਰ 7, ਪਾਉੜੀ 10, ਪੰ.76 .

7 ਭਾਈ ਮਨੀ ਸਿੰਘ, *ਸਿੱਖਾਂ ਦੀ ਭਗਤ ਮਾਲਾ*, ਸੰਪ.ਸ.ਸ.ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1913, ਪੰ. 320.

8 *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਸੰਪ. ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,1998,ਪੰ 331

9 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪ.ਕਪੂਰ ਸਿੰਘ ਘੁਮਣ ,ਭਾਸ਼ਾ ਵਿਭਾਗ, ਪਟਿਆਲਾ,1972 ਪੰ.101.

''ਪਰਬ ਦਾ ਦਿਨ ਉਹ ਨਹੀਂ, ਜਿਸ ਦਿਨ ਚੰਦਰਮਾ ਤੇ ਨਛੱਤਰਾਂ ਦੇ ਵਾਧੇ-ਘਾਟੇ ਦਾ ਸਰੋਕਾਰ ਜੁੜਿਆ ਹੋਇਆ ਹੈ, ਪਰ ਉਹ ਦਿਨ ਹੈ, ਜਿਸ ਦਿਨ ਜੀਉਂਦੇ ਦਿਲਾਂ ਨੂੰ ਇੱਕ ਨਿਸ਼ਾਨੇ ਵੱਲ ਸਾਂਝੀ ਖਿੱਚ ਪਵੇ, ਅਰੁ ਉਹ ਖਿੱਚ ਪ੍ਰਸੰਨਤਾ ਨਾਲ ਭਰੀ ਹੋਵੇ। ਜਿਸ ਦਿਨ ਵਿਆਕਰਣ ਦਾ ਘੁਮਿਆਰ ਐਸੇ ਦਿਨ ਦਾ ਨਾਂ ਘੜਨ ਬੈਠਾ ਸੀ ਤਾਂ ਉਸ ਨੂੰ ਏਸ ਦੇ ਗਾਰੇ ਗੁੰਨ੍ਹਣ ਵਾਸਤੇ ਖ਼ੁਸ਼ੀ ਦੀ ਮਿੱਟੀ ਲੱਭਣੀ ਪਈ, ਤਦ ਉਸ ਨੇ ਲੱਭ ਲੱਭ ਕੇ ਤੇ ਪੱਟ ਪੱਟ ਕੇ ''ਪ੍ਰੀ'' ਦੀ ਧਾਤੁ ਲੱਭੀ, ਜਿਸ ਨੂੰ ਕਈ ਉਲਟ ਫੇਰਾਂ ਨਾਲ ਗੋ ਕੇ ਉਸ ਨੇ ਚੱਕ ਚਾੜ੍ਹਿਆ ਤੇ 'ਪਰਬ' ਪਦ ਬਨਾਯਾ। ਏਸ ਦੇ ਪੈਰ ਔਂਕੁੜ ਦਾ ਔਂਕੜਾ ਮਾਰ ਕੇ ਹੁਕਮ ਦਿੱਤਾ ਕਿ ਤੂੰ ਸਦਾ ਉਸ ਦਾਤੇ ਦੇ ਦਿਨ ਨਾਲ ਜਿਸਦਾ ਨਾਉਂ ''ਗੁਰੂ'' ਹੈ, ਲੱਗੇ ਰਹਿਣਾ ਹੈ। ਤਦ ਤੋਂ ਪਰਬ, ਜੋ ਖ਼ੁਸ਼ੀ ਦਾਤਾ ਦਿਨ ਹੈ, ਗੁਰ ਨਾਲ ਲਗ ਕੇ ਗੁਰਪੁਰਬ ਬਣ ਗਿਆ।''[10]

ਗੁਰ ਪ੍ਰਕਾਸ਼ ਦਿਵਸ ਨੂੰ ਸਿੱਖ ਪਰੰਪਰਾ ਵਿਚ ਗੁਰਪੁਰਬ ਦਾ ਰੁਤਬਾ ਦਿੱਤਾ ਗਿਆ ਹੈ। ਗੁਰਪੁਰਬ ਸਿੱਖਾਂ ਲਈ ਖਾਸ ਦਿਹਾੜਾ ਹੁੰਦਾ ਹੈ। ਇਸ ਦਿਨ ਸਿੱਖ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਗੁਰੂ ਘਰਾਂ ਵਿਚ ਗੁਰ ਦਰਸ਼ਨ ਲਈ ਹਾਜ਼ਰੀ ਭਰਦੇ ਹਨ। ਭਾਈ ਵੀਰ ਸਿੰਘ ਵੱਲੋਂ ਕੀਤੀ ਇਹ ਵਿਆਖਿਆ ਸਿੱਖ ਪੁਰਬਾਂ ਦੇ ਅਧਿਆਤਮਿਕ ਪੱਖਾਂ ਨੂੰ ਗੁਰਮਤਿ ਅਨੁਸਾਰ ਦ੍ਰਿਸ਼ਟੀਮਾਨ ਕਰਦੀ ਹੈ ਅਤੇ ਅਕਾਲ ਪੁਰਖੁ ਦੇ ਸਿਰਜਹਾਰ ਸਰੂਪ ਦੁਆਰਾ ਗੁਰਪੁਰਬ ਨੂੰ ਪ੍ਰਭਾਸ਼ਿਤ ਕਰਦੀ ਹੋਈ ਉਦੇਸ਼ ਅਤੇ ਮਨੋਰਥ ਦੀ ਮਹਾਨਤਾ ਅਤੇ ਵਿਸ਼ੇਸ਼ਤਾ ਨੂੰ ਬਿਆਨ ਕਰਦੀ ਹੈ। ਸਿੱਖ ਪੁਰਬਾਂ ਨੂੰ ਗ੍ਰਹਿ ਅਤੇ ਜੰਤਰੀ ਵਿਗਿਆਨ ਦੀਆਂ ਸੀਮਾਂਵਾਂ ਤੋਂ ਮੁਕਤ ਦੱਸਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ;

''ਸਤਿਗੁਰਾਂ ਨਾਲ ਸਬੰਧ ਰੱਖਣ ਵਾਲਾ ਉਤਸਵ ਦਾ ਦਿਨ ਪਰਵ (ਪਵਨ) ਆਖਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ, ਦੂਜੇ, ਤੀਜੇ, ਚੌਥੇ, ਪੰਜਵੇਂ,

---

10 ਭਾਈ ਵੀਰ ਸਿੰਘ, *ਗੁਰਪੁਰਬ ਗਲਜ਼ਾਰ,* ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿਲੀ,1998 ਪੰਨੇ 117-18.

ਛੇਵੇਂ, ਸਤਵੇਂ, ਅੱਠਵੇਂ ਅਤੇ ਨੌਵੇਂ ਸਤਿਗੁਰਾਂ ਦੇ ਗੁਰਗੱਦੀ ਤੇ ਵਿਰਾਜਣ ਦਾ ਦਿਨ, ਕਲਗੀਧਰ ਦਾ ਜਨਮ ਦਿਹਾੜਾ ਅਤੇ ਸਿੰਘਾਸਣ 'ਤੇ ਵਿਰਾਜਣ ਦਾ ਦਿਨ, ਖ਼ਾਲਸੇ ਦਾ ਜਨਮ ਦਿਨ, ਇਹ 12 ਗੁਰੁਪੁਰਵ ਹਨ। ਜੋਤੀ ਜੋਤਿ ਸਮਾਉਣ ਦੇ ਦਿਨ ਪਰਵ ਨਹੀਂ ਕਹੇ ਜਾਂਦੇ, ਉਨ੍ਹਾਂ ਵਿੱਚੋਂ ਕੋਈ ਸ਼ਹੀਦੀ ਦਿਨ, ਕੋਈ ਜੋਤੀ ਜੋਤਿ ਸਮਾਉਣ ਦੇ ਦਿਨ ਆਖਕੇ ਮਨਾਉਣੇ ਚਾਹੀਏ।''[11]

ਉਪਰੋਕਤ ਅਰਥਾਂ ਅਨੁਸਾਰ ਸਿੱਖ ਪੁਰਬਾਂ ਦੀ ਪਵਿੱਤਰਤਾ ਦਾ ਬਿਆਨ ਕਰਦੇ ਹੋਏ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਸ਼ਹੀਦੀ ਪੁਰਬ,ਅਤੇ ਜੋਤੀ ਜੋਤ ਸਮਾਉਣ ਦੇ ਪੁਰਬ ਅਤੇ ਖਾਲਸਾ ਪੰਥ ਦੇ ਜਨਮ ਦਿਨ ਵਿਸਾਖੀ ਦੇ ਪੁਰਬ ਤੱਕ ਦੇ ਸਿੱਖ ਪੁਰਬਾਂ ਦਾ ਵਰਣਨ ਕੀਤਾ ਗਿਆ ਹੈ। ਇਥੇ ਸਿੱਖ ਪੁਰਬਾਂ ਦੇ ਅਧਿਆਤਮਿਕ ਪੱਖ ਨੂੰ ਵਧੇਰੇ ਉਜਾਗਰ ਕੀਤਾ ਗਿਆ ਹੈ। ਗਿਆਨੀ ਗੁਰਦਿਤ ਸਿੰਘ ਦੇ ਕਥਨ ਅਨੁਸਾਰ:

"ਇਹ ਪੁਰਬ ਸਿੱਖ ਸਮਾਜ ਦੀਆਂ ਧਾਰਮਿਕ ਵਿਸ਼ਵਾਸ਼ਾਂ ਅਤੇ ਸੰਸਕਾਰਾਂ ਨਾਲ ਜੁੜੀਆਂ ਪ੍ਰੰਪਰਾਵਾਂ ਦੀ ਤਰਜ਼ਮਾਨੀ ਕਰਦੇ ਹਨ। ਸਿੱਖ ਪੁਰਬਾਂ ਦਾ ਸਮਾਜਕ ਪਿਛੋਕੜ ਹਿੰਦੂ ਸਭਿਆਚਾਰ ਨਾਲ ਜੁੜਦਾ ਹੈ ਜਿਸ ਵਿੱਚ ਵੈਸਾਖੀ ਮਹੀਨੇ ਦੀ ਪਹਿਲੀ ਤਰੀਕ ਭਾਵ ਸੰਗਰਾਂਦ ਤੋਂ ਮੰਨਿਆ ਜਾਂਦਾ ਹੈ। ਇਸ ਦਾ ਸਬੰਧ ਸੂਰਜ ਦੀ ਗਤੀ ਪ੍ਰਵੇਸ਼ ਨਾਲ ਹੈ, ਜੋ ਅੰਗਰੇਜੀ ਮਹੀਨੇ ਅਪ੍ਰੈਲ ਦੀ 13 ਤਾਰੀਕ ਨੂੰ ਆਉਦਾ ਹੈ।"[12]

ਗਿਆਨੀ ਜੀ ਸਿੱਖ ਪੁਰਬਾਂ ਦੇ ਸਮਾਜਕ ਪੱਖਾਂ ਦੀ ਵਿਆਖਿਆ ਕਰਦੇ ਹੋਏ ਸਮਾਜ ਵਿਚ ਪ੍ਰਚਲਿਤ ਸਭਿਆਚਾਰਕ ਪਿਛੋਕੜ ਦੇ ਪ੍ਰਭਾਵ ਦਾ ਬਿਆਨ ਕਰਦੇ ਹਨ। ਇਥੇ ਦੇਸੀ ਸਾਲ ਦੇ ਆਰੰਭ ਮਹੀਨੇ ਦੇ

---

11 ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤ ਮਾਰਤੰਡ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996, ਪੰ. 383.

12 ਗਿਆਨੀ ਗੁਰਦਿੱਤ ਸਿੰਘ, *ਮੇਰਾ ਪਿੰਡ,* ਸਿੱਖ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ, 1995, ਪੰ. 33.

ਵਿਸਾਖੀ ਪੁਰਬ ਦੀ ਮੱਹਤਤਾ ਅਤੇ ਵਿਸ਼ੇਸ਼ਤਾ ਲਈ ਸੰਕੇਤਕ ਜਾਣਕਾਰੀ ਦਿਤੀ ਗਈ ਹੈ। ਹਰਿੰਦਰ ਸਿੰਘ ਰੂਪ ਅਨੁਸਾਰ;

> "ਗੁਰੁ ਜੀ ਦਾ ਜੀਵਨ ਇਕ ਵੱਡੇ ਬਿਜਲੀ ਘਰ ਵਾਂਗ ਜਾਨੋ ਤੇ ਗੁਰਪੁਰਬ ਸਬ ਸਟੇਸ਼ਨ, ਜਿਹੜਾ ਸਾਲ ਲਈ ਜੀਵਨ ਨੂੰ ਰੋਸਨੀ ਦਿੰਦਾ ਰਹਿੰਦਾ ਹੈ, ਜਿਸ ਤਰ੍ਹਾਂ ਨਹਿਰਾਂ ਕੱਢ ਕੇ ਸਿਆਣੇ ਇੰਜੀਨੀਅਰ ਠੋਕਰਾਂ ਬਣਾ ਦਿੰਦੇ ਹਨ, ਤਾਂ ਜੋ ਪਾਣੀ ਦੀ ਚਾਲ ਤਿੱਖੀ ਰਹੇ, ਮੱਧਮ ਨਾ ਹੋਵੇ। ਪਾਣੀ ਖਲੋ ਕੇ ਗੰਦਾ ਨਾ ਹੋ ਜਾਵੇ। ਏਸੇ ਤਰਾਂ ਗੁਰਪੁਰਬ ਦੇ ਆਉਣ ਨਾਲ ਸਾਡਾ ਉਤਸ਼ਾਹ ਜਾਗਦਾ ਹੈ, ਨਵਾਂ ਚਾਅ ਹੰਭਲਾ ਮਾਰਦਾ ਹੈ। ਹਰ ਮਨੁੱਖ ਨੂੰ ਹਰ ਕੰਮ ਲਈ ਕਿਸੇ ਦਾ ਆਸਰਾ ਭਾਲਣਾ ਪੈਂਦਾ ਹੈ। ਸੋ ਗੁਰਪੁਰਬ ਦੇ ਦਰਿਆ ਮਗਰ ਇਕ ਜੀਵਨ ਦਾ ਹਿਮਾਲਾ ਖਲੋਤਾ ਹੈ, ਉਸ ਪਰਬਤ ਦਾ ਅਸੀਂ ਹਰ ਗੁਣ ਟੋਲਦੇ ਹਾਂ। ਗੁਰਪੁਰਬ ਦਾ ਮਤਲਬ ਹੋਇਆ ਗੁਰੂ ਦਾ ਜੀਵਨ ਯਾਦ ਕਰਨਾ ਤੇ ਉਹਦਿਆਂ ਗੁਣਾਂ ਨੂੰ ਆਪਣੇ ਦਿਲ ਵਿਚ ਥਾਂ ਦੇਣਾ।"[13]

ਇਸ ਵਿਆਖਿਆ ਵਿਚ ਰੂਪ ਜੀ ਨੇ ਗੁਰਪੁਰਬ ਦੀ ਤੁਲਨਾ ਇਕ ਬਿਜਲੀ ਦੇ ਸਬ ਸਟੇਸ਼ਨ ਨਾਲ ਕਰਦੇ ਹੋਏ ਸਿੱਖ ਪੁਰਬ ਦੀ ਅਧਿਆਤਮਿਕ ਸਰੂਪ ਦੀ ਤਸਵੀਰ ਪੇਸ਼ ਕੀਤੀ ਹੈ। ਸੰਗਤ ਦੇ ਉਤਸ਼ਾਹ ਅਤੇ ਚਾਅ ਵਰਗੇ ਜਰੂਰੀ ਅਤੇ ਵਿਲਖਣ ਤੱਤ ਦੀ ਅਹਿਮੀਅਤ ਨੂੰ ਉਜਾਗਰ ਕੀਤਾ ਗਿਆ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ;

> "ਮੇਲੇ ਕਿਸੇ ਜਾਤੀ ਦੇ ਲੋਕਾਂ ਦੀਆਂ ਨਿੱਜੀ ਤੇ ਸਮੂਹਿਕ ਸੱਧਰਾਂ, ਭਾਵਨਾਵਾਂ ਤੇ ਚੇਸ਼ਟਾਵਾਂ ਦੀ ਸਹਿਜ ਪ੍ਰਭਾਵਮਈ ਇਕਸੁਰਤਾ ਹਨ। ਮੇਲਿਆਂ ਵਿੱਚ ਜਾਤੀ ਖੁੱਲ ਕੇ ਸਾਹ ਲੈਂਦੀ, ਲੋਕ ਪ੍ਰਤਿਭਾ ਨਿਖਰਦੀ ਤੇ ਚਰਿਤਰ ਦਾ ਨਿਰਮਾਣ ਹੁੰਦਾ ਹੈ।"[14]

ਪੰਜਾਬ ਵਿੱਚ ਬਹੁਤ ਸਾਰੇ ਮੇਲੇ ਲਗਦੇ ਹਨ। ਪੰਜਾਬ ਦੇ ਅਨੇਕਾਂ ਪਿੰਡਾਂ ਵਿੱਚ ਕਿਸੇ ਨਾ ਕਿਸੇ ਸਾਧੂ, ਸੰਤ, ਪੀਰ ਫਕੀਰ ਆਦਿ ਦੀ ਸਮਾਧ ਤੇ ਕੋਈ ਨਾ ਕੋਈ ਮੇਲਾ ਸਥਾਨਕ ਤੌਰ ਤੇ ਲਗਦਾ ਹੈ।

---

13 ਹਰਿੰਦਰ ਸਿੰਘ ਰੂਪ, *ਸਿੱਖ ਤੇ ਸਿੱਖੀ,* ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, ਪੰ. 95.

14 ਵਣਜਾਰਾ ਬੇਦੀ, *ਪੰਜਾਬੀ ਲੋਕਧਾਰਾ- ਵਿਸ਼ਵ ਕੋਸ਼,* ਜਿਲਦ 7, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼,* ਨੈਸ਼ਨਲ ਬੁਕ ਸ਼ਾਪ ਦਿਲੀ, 2013, ਪੰ. 1936.

ਮੱਸਿਆ, ਪੁੰਨਿਆ ਤੇ ਸੰਗਰਾਂਦ ਅਨੇਕਾਂ ਥਾਵਾਂ ਤੇ ਮੇਲੇ ਭਰਦੇ ਹਨ। ਪਰ ਗੁਰਪੁਰਬ, ਸ਼ਹੀਦੀ ਜੋੜ ਮੇਲੇ, ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮੁਹੱਲਾ, ਅਤੇ ਮੁਕਤਸਰ ਦਾ ਮਾਘੀ ਮੇਲਾ ਮਸ਼ਹੂਰ ਹਨ, ਜਿਹੜੇ ਸੱਭਿਆਚਾਰਕ ਅਤੇ ਸੰਸਕ੍ਰਿਤਕ ਮਹੱਤਵ ਰੱਖਦੇ ਹਨ। ਮਾਘ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਂਦਾ ਤਿਉਹਾਰ 'ਮਾਘੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਤੋਂ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਆਉਂਦਾ ਹੈ। ਸਿਖ ਸੱਭਿਆਚਾਰ ਵਿਚ ਨਾ ਤਾਂ ਕਿਸੇ ਦਿਨ ਨੂੰ ਖ਼ਾਸ ਮੰਨਿਆ ਜਾਂਦਾ ਹੈ ਅਤੇ ਨਾ ਹੀ ਹੂਬਹੂ ਰਵਾਇਤੀ ਤਿਉਹਾਰਾਂ ਨੂੰ ਮਨਾਉਣ ਦੀ ਰਵਾਇਤ ਹੈ। ਜੇ ਸਿੱਖ ਸੱਭਿਆਚਾਰ ਵਿਚ ਕੁਝ ਉਤਸਵ ਮਨਾਏ ਜਾਂਦੇ ਹਨ, ਤਾਂ ਉਹਨਾਂ ਦਾ ਆਧਾਰ ਸਿਖ ਸਿਧਾਂਤ ਹਨ।

ਵਣਜਾਰਾ ਬੇਦੀ ਨੇ ਸਿੱਖ ਪੁਰਬ ਵਿਚ ਸ਼ਾਮਿਲ ਲੋਕਧਾਰਾ ਦੇ ਤੱਤਾਂ ਦੀ ਨਿਸ਼ਾਦੇਈ ਕੀਤੀ ਹੈ। ਪੰਜਾਬ ਦੇ ਸਭਿਆਚਾਰਕ ਮੇਲਿਆਂ ਦੀ ਲੋਕਧਾਰਾ ਵਿਚ ਲੋਕ ਪ੍ਰਤਿਭਾ ਅਤੇ ਚਰਿਤਰ ਨਿਰਮਾਣ ਵਿਚ ਪਾਏ ਗਏ ਯੋਗਦਾਨ ਦਾ ਸੰਖੇਪ ਵਰਣਨ ਕੀਤਾ ਹੈ। ਇਹਨਾਂ ਪੁਰਬਾਂ ਦੇ ਸਰੂਪ ਅਤੇ ਪ੍ਰਾਕ੍ਰੀਤੀ ਬਾਰੇ ਵੀ ਸੰਕੇਤਕ ਜਾਣਕਾਰੀ ਦਿਤੀ ਹੈ। ਗੁਰਦਿਅਲ ਸਿੰਘ ਫੁੱਲ ਅਨੁਸਾਰ;

> "ਮੇਲਿਆਂ ਤੇ ਤਿਉਹਾਰਾਂ ਦੇ ਜਨਮ ਅਤੇ ਵਿਕਾਸ ਬਾਰੇ ਜੇਕਰ ਵਿਗਿਆਨਕ ਢੰਗ ਨਾਲ ਦੇਖੀਏ ਤਾਂ ਇਹ ਤੱਤ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਉਹ ਮਨੁੱਖ ਦੀ ਸਵੈ-ਸੁਰੱਖਿਆ ਤੇ ਸਰੀਰਕ ਅਰੋਗਤਾ ਦੀ ਲੋੜ ਤੋਂ ਜਨਮੇ ਹਨ। ਆਰੰਭਿਕ ਮਨੁੱਖ ਖੂਨੀ ਜਾਨਵਰਾਂ ਵਿਚ ਘਿਰਿਆ ਹੋਇਆ ਸੀ, ਜਿਥੇ ਖਾਣ ਜਾਂ ਖਾਏ ਜਾਣ ਦੀ ਪ੍ਰਕਿਰਿਆ ਚਲਦੀ ਰਹਿੰਦੀ ਸੀ।ਮਨੁੱਖ ਨੇ ਆਪਣੇ ਬਚਾਅ ਲਈ ਟੋਲੀਆਂ ਵਿਚ ਰਹਿਣਾ ਆਰੰਭ ਕਰ ਦਿਤਾ। ਟੋਲੀਆਂ ਵਿਚ ਰਲ ਕੇ, ਗਾ ਕੇ ਤੇ ਨੱਚ ਕੇ ਉਹ ਮਾਨਵੀ ਸਾਂਝ ਵੀ ਸਿਰਜਦਾ ਸੀ ਅਤੇ ਆਪਣੇ ਮਨ ਤੇ ਸਰੀਰ ਨੂੰ ਅਰੋਗ ਵੀ ਕਰ ਲੈਂਦਾ ਸੀ। ਮਨੁੱਖ ਰਲ ਕੇ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਤੇ ਰਲ ਕੇ ਹੀ ਇਕ ਦੂਜੇ ਦਾ ਦੁੱਖ

ਵੰਡਾਉਂਦਾ ਸੀ। ਉਹ ਇਕ ਤੋਂ ਸਮੂਹ ਦਾ ਰੂਪ ਧਾਰ ਲੈਂਦਾ ਸੀ, ਜਿਸ ਨਾਲ ਉਹ ਹਰ ਔਕੜ ਦਾ ਮੁਕਾਬਲਾ ਕਰਕੇ ਸੁਰੱਖਿਤ ਹੋ ਜਾਂਦਾ ਸੀ। ਇਉਂ ਰਲਕੇ ਰਹਿਣ ਤੋਂ ਮੇਲੇ ਜਨਮੇ ਹਨ।"[15]

ਗੁਰਦਿਆਲ ਸਿੰਘ ਫੁੱਲ ਨੇ ਉਪਰੋਕਤ ਲਿਖਤ ਵਿਚ ਪੁਰਬ ਭਾਵ ਉਤਸਵ (ਮੇਲੇ) ਦੀ ਉਤਪਤੀ ਬਾਰੇ ਜਾਣਕਾਰੀ ਦਿਤੀ ਹੈ। ਸਮਾਜਕ ਜੀਵਨ ਦੀਆਂ ਲੋੜਾਂ, ਖੁਸ਼ੀ ਅਤੇ ਮਨੋਰੰਜਨ ਦੇ ਮੌਕੇ ਲੋਕ ਸਮੂਹ ਦੀ ਭਾਗਿਆਦਾਰੀ ਦੇ ਵਰਤਾਰੇ ਦੀ ਵਿਸ਼ੇਸ਼ਤਾ ਨੂੰ ਬਿਆਨ ਕੀਤਾ ਗਿਆ ਹੈ। ਮਨੁੱਖੀ ਜੀਵਨ ਲਈ ਸੁਰੱਖਿਆ ਦੇ ਸਾਧਨ ਦੇ ਰੂਪ ਵਿਚ ਪੁਰਬਾਂ ਦੇ ਯੋਗਦਾਨ ਅਤੇ ਅਹਿਮੀਅਤ ਦਾ ਵਰਣਨ ਕਰਦੇ ਹੋਏ ਉਹ ਲਿਖਦੇ ਕਿ;

"ਮੇਲਿਆਂ ਵਿਚ ਇਕ ਦੂਜੇ ਨੂੰ ਮਿਲਣ ਦਾ ਅਵਸਰ ਮਿਲਦਾ ਸੀ। ਇਸ ਲਈ ਮੇਲੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ ਤੇ ਲੋਕ ਕੰਮ ਕਾਰ ਨਾਲ ਥੱਕੇ ਸਰੀਰਾਂ ਨੂੰ ਹਲਕਾ ਫੁਲਕਾ ਕਰਨ ਲਈ ਸਫਲ ਹੋ ਜਾਂਦੇ ਸਨ। ਸਾਡੇ ਸਿਆਣੇ ਬਜ਼ੁਰਗਾਂ ਨੇ ਸਰੀਰਕ ਅਰੋਗਤਾ ਨੂੰ ਮੁੱਖ ਰੱਖ ਕੇ ਇਹਨਾਂ ਮੇਲਿਆਂ ਨੂੰ ਰੁੱਤਾਂ ਅਨੁਸਾਰ ਖਾਣ-ਪੀਣ, ਖੁਸ਼ੀਆਂ ਮਨਾਉਣ ਦਾ ਬਹੁਤ ਵਧੀਆ ਰੰਗੀਲਾ ਵਸੀਲਾ ਵੀ ਬਣਾ ਦਿਤਾ। ਖਾਸ ਮੇਲਿਆਂ, ਤਿਉਹਾਰਾਂ ਉੱਤੇ ਖਾਸ ਚੀਜ਼ਾਂ ਦਾ ਸੇਵਨ ਕਰਨਾ ਜ਼ਰੂਰੀ ਸ਼ਗਨ ਦੱਸਿਆ। ਖਾਸ ਰਸਮਾਂ ਕਰਨ ਦਾ ਆਦੇਸ਼ ਦਿੱਤਾ। ਇਨ੍ਹਾਂ ਮੇਲਿਆਂ ਨੂੰ ਸਦਾਚਾਰਕ, ਆਦਰਸ਼ਕ, ਸਿੱਖਿਆ ਤੇ ਸਮਾਜਕ ਸਾਂਝ ਦਾ ਮਾਧਿਅਮ ਵੀ ਬਣਾਇਆ।"[16]

ਗੁਰਦਿਆਲ ਸਿੰਘ ਨੇ ਉਤਸਵਾਂ ਦੇ ਨੇਕੀ ਬਦੀ ਦੇ ਘੋਲ ਲਈ ਸਿਰਜੀਆਂ ਮਿਥਿਆਸਕ ਕਹਾਣੀਆਂ ਦਾ ਵਰਣਨ ਕੀਤਾ ਹੈ, ਜਿਨ੍ਹਾਂ ਨੂੰ ਆਧਾਰ ਬਣਾ ਕੇ ਮੇਲਿਆਂ ਨੂੰ ਅਰੋਗਤਾ ਦਾ ਸੁਨੇਹਾ ਦੇਣ ਦਾ

---

15 ਗੁਰਦਿਆਲ ਸਿੰਘ ਫੁੱਲ, *ਪੰਜਾਬੀ ਸਭਿਆਚਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ 1987, ਪੰ. 57.

16 *ਉਹੀ*, ਪੰ. 57.

ਸਾਧਨ ਵੀ ਬਣਾਇਆ। ਇਉਂ ਮੇਲਿਆਂ ਤੇ ਤਿਉਹਾਰਾਂ ਵਿਚ ਕਈ ਭਾਂਤ ਦੀਆਂ ਖੁਸ਼ੀਆਂ ਤੇ ਰੰਗੀਨੀਆਂ ਵੀ ਆ ਗਈਆਂ ਅਤੇ ਮੇਲਿਆਂ ਤੇ ਤਿਉਹਾਰ ਵਿਅਕਤਿਤਵ ਉਸਾਰੀ, ਅਰੋਗਤਾ ਅਤੇ ਸਮਾਜਕ ਉਸਾਰੀ ਦੇ ਉਤਮ ਮਾਧਿਅਮ ਵੀ ਬਣ ਗਏ। ਪੰਜਾਬ ਦੇ ਮੇਲਿਆਂ ਤੇ ਤਿਉਹਾਰਾਂ ਵਿਚ ਆਪਣੇ ਭਾਂਤ ਦਾ ਉਮਾਹ ਤੇ ਚਾਅ ਹੁੰਦਾ ਹੈ। ਡਾ. ਗੁਰਜੀਤ ਸਿੰਘ ਅਨੁਸਾਰ;

> "ਲੋਕਾਂ ਵਿਚ ਪ੍ਰਚਲਿਤ ਰਵਾਇਤਾਂ ਨੂੰ ਲੋਕ-ਰਵਾਇਤਾਂ ਕਹਿੰਦੇ ਹਨ। ਇਹ ਅਸਲ ਵਿਚ ਪ੍ਰਤੱਖ ਰੂਪ ਵਿਚ ਸਭਿਆਚਾਰ ਹੀ ਹਨ। ਪੰਜਾਬ ਦੇ ਟੱਪੇ, ਗਿੱਧਾ ਅਤੇ ਭੰਗੜਾ, ਹਰਿਆਣੇ ਦੀਆਂ ਰਾਗਨੀਆਂ, ਬੰਗਾਲ ਦੇ ਮਛੇਰਿਆਂ ਦੇ ਗੀਤ, ਇਥੋਂ ਦੇ ਸਭਿਆਚਾਰ ਨੂੰ ਸਿਰਜਨ ਵਿਚ ਅਹਿਮ ਰੋਲ ਨਿਭਾਉਂਦੇ ਹਨ। ਭਾਰਤ ਵਿਚ ਦੀਵਾਲੀ, ਦੁਸਹਿਰਾ, ਵਿਸਾਖੀ, ਲੋਹੜੀ, ਹੋਲੀ ਭਾਰਤੀ ਸਭਿਆਚਾਰ ਦੀ ਝਲਕ ਦਿੰਦੇ ਹਨ। ਪੁਰਾਤਨ ਪਰੰਪਰਾਵਾਂ ਦੇ ਨਾਲ ਨਾਲ ਇਹਨਾਂ ਤਿਉਹਾਰਾਂ ਨੂੰ ਮਨਾਉਣਾ ਇਹਨਾਂ ਦੀ ਸਭਿਆਚਾਰਕ ਮਹੱਤਤਾ ਨੂੰ ਹੋਰ ਵਧਾ ਦਿੰਦਾ ਹੈ।"[17]

ਇਸ ਲਿਖਤ ਵਿਚ ਗੁਰਜੀਤ ਸਿੰਘ ਨੇ ਲੋਕ ਰਵਾਇਤਾਂ ਨੂੰ ਸਭਿਆਚਾਰ ਦਾ ਪ੍ਰਮੁੱਖ ਅੰਗ ਦੱਸਿਆ ਹੈ, ਜਿਸ ਵਿਚ ਲੋਕ ਸੰਗੀਤ, ਲੋਕ ਵਿਸ਼ਵਾਸ਼ ਅਤੇ ਲੋਕ ਉਤਸਵ, ਦੀਵਾਲੀ, ਦੁਸਹਿਰਾ, ਵਿਸਾਖੀ, ਹੋਲੀ ਆਦਿ ਤਿਉਹਾਰਾਂ ਦਾ ਵਰਣਨ ਕੀਤਾ ਹੈ। ਇਹਨਾਂ ਪੁਰਬਾਂ ਦੇ ਸਮਾਜਕ ਮੱਹਤਵ ਨੂੰ ਦਰਸਾਇਆ ਗਿਆ ਹੈ। ਸ਼ੇਰ ਸਿੰਘ ਕੰਵਲ ਨੇ ਪੰਜਾਬ ਦੇ ਮੇਲਿਆਂ ਬਾਰੇ ਕਾਫੀ ਵਿਸਤਿਤ ਕਾਰਜ ਕੀਤਾ ਹੈ। ਸਾਡਾ ਸਮਾਜ ਵੱਖ-ਵੱਖ ਸਮੁਦਾਵਾਂ, ਫਿਰਕਿਆਂ ਅਤੇ ਜਾਤੀਆਂ ਦਾ ਉਹ ਫੁੱਲਾਂ ਵਾਲਾ ਗੁਲਦਸਤਾ ਹੈ, ਜਿਸ ਦੀ ਅਨੇਕਤਾ ਵਿਚੋਂ ਏਕਤਾ ਦੀ ਮਹਿਕ ਆਉਂਦੀ ਹੈ। ਉਨ੍ਹਾਂ ਅਨੁਸਾਰ;

> “ਕਿਸੇ ਖਿੱਤੇ ਦੇ ਲੋਕਾਂ ਦੀ ਸਭਿਆਚਾਰਕ ਅਮੀਰੀ ਦਾ ਅਨੁਮਾਨ ਇਸ ਦੇ ਪੁਰਬਾਂ ਜਾਂ ਮੇਲਿਆਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਬੇਅੰਤ ਬਾਹਰੀ ਹਮਲਿਆਂ ਕਾਰਨ

17 ਗੁਰਜੀਤ ਸਿੰਘ, *ਸੱਭਿਆਚਾਰ ਦਾ ਫਲਸਫਾ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009, ਪੰ. 23.

ਇਹ ਕਈ ਸਭਿਅਤਾਵਾਂ ਦਾ ਸੰਗਮ-ਸਥਾਨ ਰਿਹਾ ਹੈ। ਪੰਜਾਬ ਸਭਿਅਤਾ ਦਾ ਪੰਘੂੜਾ ਅਤੇ ਨਾਇਕਾਂ, ਸੰਤਾਂ ਤੇ ਵਿਦਵਾਨਾਂ ਦੀ ਨਰਸਰੀ ਕਿਹਾ ਗਿਆ ਹੈ। ਗੁਰੂਆਂ, ਸੰਤਾਂ, ਪੀਰਾਂ-ਫਕੀਰਾਂ, ਅਵਤਾਰਾਂ ਅਤੇ ਅਨੇਕ ਬਲਕਾਰੀ ਯੋਧਿਆਂ ਦੀ ਧਰਤ 'ਤੇ ਬੇਸ਼ੁਮਾਰ ਮੇਲੇ ਭਰਦੇ ਹਨ। ਕਈ ਮੇਲੇ ਸਾਡੇ ਇਸ ਸਾਂਝੇ ਸਭਿਆਚਾਰ ਦੇ ਪ੍ਰਤੱਖ ਪ੍ਰਤੀਕ ਹੀ ਬਣ ਨਿੱਬੜੇ ਹਨ। ਮਿਸਾਲ ਵਜੋਂ ਸਿੱਧਵਾਂ ਬੇਟ ਵਿਚ ਮੇਲਾ ਮੁਸਲਮਾਨ ਸਾਂਈਂ ਦੀ ਮਜ਼ਾਰ 'ਤੇ ਭਰਦਾ ਹੈ, ਜਿਸ ਵਿਚ ਹਿੰਦੂ ਲੋਕ ਹਵਨ ਕਰਦੇ ਹਨ ਅਤੇ ਸਿੱਖ ਢਾਡੀ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਦੀਆਂ ਵਾਰਾਂ ਦਾ ਗਾਇਨ ਕਰਦੇ ਹਨ।"[18]

ਸ਼ੇਰ ਸਿੰਘ ਕੰਵਲ ਨੇ ਪੰਜਾਬੀ ਸਭਿਆਚਾਰ ਵਿਚ ਧਾਰਮਿਕ ਵਿਭਿੰਨਤਾ, ਬਹੁਲਤਾ, ਭਾਈਚਾਕ ਸਾਂਝ ਅਤੇ ਲੋਕ ਵਿਰਾਸਤੀ ਤੱਤਾਂ ਦਾ ਅਧਿਐਨ ਕੀਤਾ ਹੈ। ਉਹਨਾਂ ਅਨੁਸਾਰ ਇਸ ਧਰਤੀ ਉੱਤੇ ਸੂਫੀ ਪੀਰਾਂ ਫਕੀਰਾਂ ਨੇ ਇਸਲਾਮ ਦੇ ਪੈਗਾਮ ਨੂੰ ਸਮਾਜ ਵਿਚ ਮਾਨਵਵਾਦੀ ਦ੍ਰਿਸ਼ਟੀਕੋਨ ਰਾਹੀਂ ਪ੍ਰਚਾਰਿਆ।

ਰਾਜਵੰਤ ਕੌਰ ਅਨੁਸਾਰ

"ਪੰਜਾਬ ਵਿਚ ਮਕਰ ਸੰਕਰਾਂਤੀ ਤੋਂ ਪੂਰਵਲੀ ਸ਼ਾਮ ਯਾਨੀ ਪੋਹ ਮਹੀਨੇ ਦੇ ਆਖਰਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਅਗਲੇ ਦਿਨ ਭਾਵ ਮਕਰ ਸੰਕਰਾਂਤੀ ਵਾਲੇ ਦਿਨ ਸ਼ੁਭ ਨੂੰ ਮਾਘ ਵਿਚ ਮਹਿਨਿਆਂ ਦੇਸੀ ਹੈ। ਹੁੰਦਾ ਮੇਲਾ ਜੋੜ ਦਾ ਮਾਘੀ ਨੂੰ ਮਾਘ ਪਹਿਲੀ ਆਉਂਦੇ ਤਿਉਹਾਰ ਤੇ ਪੁਰਬ ਅਨੇਕ ਵੀ ਹੋਰ ਵਿਚ ਮਹੀਨੇ ਇਸ ਹੈ। ਹਾਸਲ ਸਥਾਨ ਹਨ। ਅਚਲਾ ਸਪਤਮੀ ਅਤੇ (ਮੱਸਿਆ ਮੋਨੀ) ਮੱਸਿਆ ਮਾਘੀ ,ਪੂਰਨਿਮਾ ਮਾਘੀ , ਸਭ ਨੂੰ ਦਿਨ ਇਸ ਪੰਜਾਬੀ ਹਨ। ਤਿਉਹਾਰ ਤੇ ਪੂਰਬ ਦੇ ਮਹੀਨੇ ਇਸੇ ਪੰਚਮੀ ਬਸੰਤ

18 ਸ਼ੇਰ ਸਿੰਘ ਕੰਵਲ, *ਸ਼ੇਰ ਸਿੰਘ ਕੰਵਲ ਵਿਚਾਰਧਾਰਾ ਅਤੇ ਮੂਲ ਪਾਠ,* ਤਰਲੋਚਨ ਪਬਲਿਸ਼ਰ ਚੰਡੀਗੜ੍ਹ, 2014, ਪੰ. 676.

ਤੇ ਨੱਚਦੇ ਦੁਆਲੇ ਅੱਗ ਖਾਤਰ ਬਚਣ ਤੋਂ ਹਵਾਵਾਂ ਠੰਡੀਆਂ ਹਨ। ਮੰਨਦੇ ਦਿਨ ਠੰਡਾ ਤੋਂ ਪਾਉਂਦੇ ਭੰਗੜਾਹਨ ਅਤੇ ਮੂੰਗਫਲੀ ਰਿਉੜੀਆਂ ਖਾਂਦੇ ਹਨ ।"[19]

ਉਪਰੋਕਤ ਵਿਦਵਾਨਾਂ ਦੇ ਪੁਰਬਾਂ ਅਤੇ ਮੇਲਿਆਂ ਬਾਰੇ ਕੀਤੇ ਅਧਿਐਨ ਦਾ ਵਿਸ਼ਲੇਸ਼ਣ ਕਰਨ ਉਪਰੰਤ ਸਿੱਖ ਪੁਰਬਾਂ ਬਾਰੇ ਕੇਂਦਰੀ ਰੂਪ ਵਿਚ ਇਹ ਪ੍ਰੀਭਾਸ਼ਾ ਬਣਦੀ ਹੈ ਕਿ ਸਿੱਖ ਪੁਰਬ ਗੁਰੂ ਦੀ ਉਸਤਿਤ ਵਿਚ ਜੁੜੀ ਸਮੂਹਿਕ ਵੇਦਨਾ ਦੇ ਸਮਾਗਮ ਹਨ। ਅਜਿਹੇ ਜਸ਼ਨ ਲੋਕ ਵਿਸ਼ਵਾਸ ਦੀ ਪੂਰਤੀ ਲਈ ਖਾਸ ਸਥਾਨਾਂ ਵਾਰ ਵਾਰ ਤੇ' ਆਯੋਜਿਤ ਕੀਤੇ ਜਾਂਦੇ ਹਨ। ਸਿੱਖ ਪੁਰਬ ਧਾਰਮਿਕ ਮਰਿਆਦਾ ਦੀ ਪਾਲਣਾ ਕਰਦੇ ਹੋਏ ਲੋਕ ਧਰਮ ਵੀ ਨਿਭਾਉਂਦੇ ਲੋਕ ਰੰਗਾਂ ਦੀ ਤਰਜਮਾਨੀ ਕਰਦੇ ਹਨ। ਸਿੱਖ ਸਭਿਆਚਾਰ ਵਿਚ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਦਿਵਸ ਜੋੜ ਮੇਲਿਆਂ ਦੇ ਰੂਪ ਵਿਚ ਮਨਾਏ ਜਾਂਦੇ ਹਨ। ਗੁਰਸਿੱਖ ਸਤਿਗੁਰੂ ਦੇ ਨਿਰਮਲ ਭੈਅ ਵਿਚ ਪ੍ਰੇਮ ਭਗਤੀ ਕਰਦਿਆਂ ਇਹ ਉਤਸਵਾਂ ਨੂੰ ਲਾਭਕਾਰੀ ਬਣਾਉਂਦੇ ਹਨ। ਸਿੱਖ ਪੁਰਬ ਸੂਰਜ ਅਤੇ ਚੰਦ ਦੇ ਗ੍ਰਹਿ ਵਿਗਿਆਨ ਦੇ ਪ੍ਰਭਾਉ ਤੋਂ ਮੁਕਤ ਗੁਰੂ ਉਪਮਾਂ ਤੇ ਗੁਰੂ ਜਸ ਦੇ ਪਵਿਤਰ ਸਮਾਗਮ ਹਨ। ਇਹ ਅਕਾਲਪੁਰਖ ਦੇ ਸਰਗੁਣ ਸਰੂਪ ਸਿਰਜਨਹਾਰ ਦੀ ਤਸਵੀਰ ਪੇਸ਼ ਕਰਦੇ ਹਨ। ਇਹ ਪੁਰਬ ਪੰਜਾਬ ਦੇ ਸਭਿਆਚਾਰ ਦੀ ਜਿਹਨੀ ਅਤੇ ਪਦਾਰਥਕ ਵਿਕਾਸ ਦੇ ਦਰਪਣ ਜੋ ਸਿੱਖ ਪੰਥ ਦੀ ਜੀਵਨ ਧਾਰਾ ਰੰਗਲੇ ਵਰਤਾਰੇ ਨੂੰ ਪੇਸ਼ ਕਰਦੇ ਹਨ। ਸਿੱਖ ਪੁਰਬਾਂ ਦੀ ਤੁਲਨਾਂ ਉਸ ਦਰਿਆ ਨਾਲ ਕੀਤੀ ਜਾ ਸਕਦੀ ਹੈ ਜੋ ਹਿਮਾਲਿਆ ਸ਼ੁੱਧ ਜਲ ਲਿਆ ਕੇ ਵਿਨਸਪਤੀ ਨੂੰ ਜੀਵਨ ਪ੍ਰਦਾਨ ਕਰਦਾ ਹੈ ਤਿਵੇਂ ਇਹ ਪੁਰਬ ਅਕਾਲ ਪੁਰਖ ਦੇ ਵਸੀਲੇ ਬਣ ਕੇ ਮਨੁੱਖਤਾ ਨੂੰ ਤਾਜਗੀ ਹੁਲਾਸ ਪ੍ਰਦਾਨ ਕਰਦੇ ਹਨ। ਇਹ ਪੁਰਬ ਉਹ ਦਰਿਆ ਹਨ ਜੋ ਸਮਾਜ ਕਲਿਆਣ ਲਈ ਸਮਾਜ ਦੀਆਂ ਬੇਸਕ ਲੋੜਾਂ ਦੀ ਪੂਰਤੀ ਕਰਦੇ ਹਨ। ਸਿੱਖ ਪੁਰਬ ਲੋਕਧਾਰਾ ਨਾਲ ਭਰਪੂਰ ਤੱਤਾਂ ਦੇ ਦੁਰਲਭ ਸੋਮੇ ਹਨ। ਇਹ ਪੁਰਬ ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਗਤੀਵਿਧੀਆਂ ਦੇ ਕੇਂਦਰ ਹਨ ਜਿਥੇ ਸਾਡੇ ਜੀਵਨ ਅਧਿਆਤਮਕ ਵਿਸ਼ਵਾਸ਼ ਅਤੇ ਸਮਾਜਕ ਸੰਸਕਾਰਾਂ ਦੀ ਤਰਜਮਾਨੀ ਹੁੰਦੀ ਹੈ। ਇਹ ਪੁਰਬ ਸਾਡੇ ਸਮਾਜਕ ਜੀਵਨ ਵਿਚ ਚੜ੍ਹਦੀਕਲਾ ਦੇ ਵਰਤਾਰੇ ਲਈ ਸਵੈ ਸੁਰੱਖਿਆ ਵਾਸਤੇ ਸਿਖਲਾਈ ਕੇਂਦਰ ਹਨ। ਸਿੱਖ ਪੁਰਬ ਮਾਨਵ

---

19 ਰਾਜਵੰਤ ਕੋਰ ,*ਮਾਘੀ ਦਾ ਦਿਹਾੜਾ* , ,ਅਜੀਤ ਮੈਗਜੀਨ , ਐਤਵਾਰ, 14, ਜਨਵਰੀ,.2018.

ਵਿਗਿਆਨ ਦੀ ਵਿਲਖਣ ਪ੍ਰਯੋਗਸ਼ਾਲਾ ਹਨ ਜਿਥੇ ਸਾਡੇ ਸਮਾਜਕ ਜੀਵਨ ਦੇ ਵੱਖ ਵੱਖ ਪਹਿਲੂਆਂ ਅਤੇ ਸਾਡੇ ਸਮਾਜ ਦੀਆਂ ਮਾਨਸਿਕ ਪਰਤਾਂ ਦਾ ਗਿਆਨ ਮਿਲਦਾ ਹੈ।

**ਸਿੱਖ ਪੁਰਬਾਂ ਦਾ ਆਰੰਭ ਅਤੇ ਵਿਕਾਸ:**

ਸਿੱਖ ਪੁਰਬਾਂ ਦੇ ਵਿਕਾਸ ਨੂੰ ਅਸੀਂ ਤਿੰਨ ਪੜਾਵਾਂ ਵਿਚ ਸਮਝਣ ਦਾ ਯਤਨ ਕੀਤਾ ਹੈ। ਪਹਿਲਾ ਗੁਰੂ ਕਾਲ, ਦੂਸਰਾ ਗੁਰੂ ਕਾਲ ਤੋਂ ਪਿੱਛੋਂ ਖਾਲਸਾ ਰਾਜ ਤਕ, ਤੀਸਰਾ ਬਰਤਾਨਵੀ ਰਾਜ ਦੀ ਅਧੀਨਗੀ ਤੋਂ ਵਰਤਮਾਨ ਤੱਕ।

**ਗੁਰੂ ਕਾਲ**: ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਵਿੱਤਰ ਸੰਦੇਸ਼ ਨੂੰ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਲਈ ਉਦਾਸੀਆਂ (ਯਾਤਰਾਵਾਂ) ਕੀਤੀਆਂ। ਇਹਨਾਂ ਉਦਾਸੀਆਂ ਵਿਚ ਉਹ ਵਿਭਿੰਨ ਧਰਮਾਂ ਦੇ ਸਥਾਨਾਂ 'ਤੇ ਗਏ। ਅਜਿਹੇ ਸਥਾਨਾਂ 'ਤੇ ਜਿੱਥੇ ਵੱਡਾ ਇਕੱਠ ਹੁੰਦਾ ਸੀ, ਉਥੇ ਉਹ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹ ਪਹਿਲੀ ਉਦਾਸੀ ਵੇਲੇ ਹਰਿਦੁਆਰ ਦੇ ਵਿਸਾਖੀ ਦੇ ਮੇਲੇ ਵਿੱਚ ਸ਼ਾਮਲ ਹੋਏ। ਇਸ ਮੌਕੇ ਗੁਰੂ ਜੀ ਨੇ ਲੋਕਾਂ ਵੱਲੋਂ ਆਪਣੇ ਪੂਰਵਜਾਂ ਨੂੰ ਪਾਣੀ ਅਤੇ ਭੋਜਨ ਪਹੁੰਚਾਉਣ ਦੀਆਂ ਫੋਕਟ ਰਸਮਾਂ ਨੂੰ ਵੰਗਾਰਿਆ। ਇਸ ਤੱਥ ਦੀ ਜਾਣਕਾਰੀ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਮਿਲਦੀ ਹੈ;

> "ਜਦੋਂ ਗੁਰੂ ਨਾਨਕ ਸਾਹਿਬ ਹਰਦੁਆਰ ਗਏ, ਵਿਸਾਖੀ ਦੇ ਮੇਲੇ ਕਰਕੇ ਯਾਤਰੂਆਂ ਦੀ ਬਹੁਤ ਭੀੜ ਸੀ। ਗੁਰੂ ਜੀ ਗੰਗਾ ਵਿਚ ਖਲੋ ਗਏ। ਸਾਰੇ ਅਸ਼ਨਾਨ ਕਰਨ ਵਾਲੇ ਯਾਤਰੂ ਸੂਰਜ ਨੂੰ ਪਾਣੀ ਦੇਂਦੇ ਸਨ ਪਰ ਗੁਰੂ ਜੀ ਨੇ ਗੰਗਾ ਜੀ ਵਿਚ ਖਲੋ ਕੇ ਪੱਛਮ ਵੱਲ ਪਾਣੀ ਦੇਣਾ ਅਰੰਭ ਕਰ ਦਿੱਤਾ। ਸਭ ਪਾਸੇ ਰੌਲਾ ਪੈ ਗਿਆ। ਸਭ ਕਹਿਣ ਲੱਗੇ ਇਹ ਪੱਛਮ ਵੱਲ ਪਾਣੀ ਦੇਣ ਵਾਲਾ ਕੌਣ ਹੈ। ਕਿਸੇ ਕਿਹਾ ਇਹ ਤਾਂ ਕੋਈ ਦੀਵਾਨਾ ਹੈ। ਕਿਸੇ ਕਿਹਾ ਇਹ ਕੋਈ ਤੁਰਕ ਹੈ। ਕਿਸੇ ਹੋਰ ਨੇ ਕਿਹਾ ਕਿ ਇਸ ਕੋਲੋਂ ਪੁਛੋ ਕਿ ਪਾਣੀ ਪੱਛਮ ਵੱਲ ਕਿਉਂ ਦੇਂਦਾ ਹੈ। ਸੋ ਕੁਝ ਲੋਕ ਗੁਰੂ ਜੀ ਕੋਲ ਆਏ ਤੇ ਉਨ੍ਹਾਂ ਪੁਛਿਆ 'ਰਾਮ ਦੇ ਪਿਆਰੇ ਤੂੰ ਪੱਛਮ ਵੱਲ ਪਾਣੀ ਕਿਉਂ ਦੇਂਦਾ ਹੈਂ? ਤਾਂ ਗੁਰੂ ਜੀ ਨੇ ਕਿਹਾ "ਤੁਸੀਂ ਸੂਰਜ ਵੱਲ ਪਾਣੀ ਕਿਉਂ ਦੇਂਦੇ ਹੋ?' ਯਾਤਰੂਆਂ ਕਿਹਾ ਅਸੀਂ ਤਾਂ ਆਪਣੇ ਪਿਤਰਾਂ ਨੂੰ ਦੇਂਦੇ ਹਾਂ। ਗੁਰੂ ਜੀ ਨੇ ਕਿਹਾ ਪਿਤਰ ਕਿਥੇ ਹਨ ਤੇ ਯਾਤਰੂਆਂ ਕਿਹਾ ਦੇਵ ਲੋਕ ਵਿਚ "ਉਨਵੰਜਾ

> ਕਰੋੜ ਕੋਹ।'ਗੁਰੂ ਜੀ ਨੇ ਕਿਹਾ 'ਪਾਣੀ ਉਥੇ ਪੁੱਜਦਾ ਹੈ?' ਤਾਂ ਉਨ੍ਹਾਂ ਕਿਹਾ, ਹਾਂ ਪੁਜਦਾ ਹੈ। ਤਾਂ ਗੁਰੂ ਜੀ ਨੇ ਕਿਹਾ ਲਾਹੌਰ ਦੇ ਨੇੜੇ ਸਾਡੀ ਖੇਤੀ ਹੈ ਉਥੇ ਅਸੀਂ ਪਾਣੀ ਦੇਂਦੇ ਹਾਂ। ਤਾਂ ਉਹ ਲੋਕ ਸਾਰੇ ਹੱਸ ਪਏ ਤੇ ਕਿਹਾ, ਕਿਥੇ ਲਾਹੌਰ ਦੀ ਧਰਤੀ ਤੇ ਕਿਥੇ ਇਹ ਪਾਣੀ। ਇਹ ਪਾਣੀ ਲਾਹੌਰ ਦੀ ਧਰਤੀ ਤੇ ਕਿਵੇਂ ਪੁਜ ਸਕਦਾ ਹੈ? ਤਾਂ ਗੁਰੂ ਜੀ ਨੇ ਉੱਤਰ ਦਿਤਾ ਜਿਵੇਂ ਤੁਹਾਡਾ ਪਾਣੀ ਪਿਤਰਾਂ ਨੂੰ ਪੁਜੇਗਾ। ਉਸੇ ਤਰ੍ਹਾਂ ਇਹ ਪਾਣੀ ਲਾਹੌਰ ਦੀ ਧਰਤੀ ਤੇ ਵੀ ਪੁਜ ਜਾਵੇਗਾ। ਯਾਤਰੂ ਗੱਲਬਾਤ ਸਮਝ ਗਏ ਤੇ ਉਨ੍ਹਾਂ ਨੂੰ ਆਪਣੇ ਫੋਕਟ ਕਰਮ ਦੀ ਸਮਝ ਆ ਗਈ।"[20]

ਵੈਸਾਖੀ ਵਾਲੇ ਦਿਨ ਸਿੱਖ ਪੁਰਬਾਂ ਦਾ ਅਰੰਭ ਗੁਰੂ ਅਮਰਦਾਸ ਜੀ ਦੇ ਸਮੇਂ ਪ੍ਰਚਲਤ ਹੋਇਆ। ਗੁਰੂ ਅਮਰਦਾਸ ਜੀ ਦੇ ਹੁਕਮਾਂ ਅਨੁਸਾਰ ਵਿਸਾਖੀ ਦੇ ਪੁਰਬ ਸਮੇਂ ਮੇਲਾ ਆਯੋਜਿਤ ਕੀਤਾ ਜਾਂਦਾ ਸੀ। ਇਸ ਵੇਲੇ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾਂਦਾ ਸੀ। ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਪ੍ਰਫੁਲਤ ਕਰਨ ਵਾਸਤੇ 22 ਮੰਜੀਆਂ ਨੂੰ ਸਥਾਪਤ ਕੀਤਾ ਗਿਆ ਸੀ।

ਉਹਨਾਂ ਨਾਲ ਸੰਪਰਕ ਰੱਖਣ ਲਈ ਗੋਇੰਦਵਾਲ ਵਿੱਚ ਸਿੱਖ ਸੰਗਤਾਂ ਨੂੰ ਇਕਤੱਰ ਹੋਣ ਲਈ ਹੁਕਮਨਾਮੇ ਭੇਜੇ ਗਏ। ਇਸ ਦਿਨ ਮੰਜੀਦਾਰ ਅਤੇ ਸੰਗਤ ਗੁਰੂ ਘਰ ਦਾ ਦਸਵੰਧ ਅਤੇ ਨਵੇਂ ਸਿੱਖ ਅਭਿਲਾਖੀਆਂ ਨੂੰ ਗੁਰੂ ਦਰਸ਼ਨਾਂ ਲਈ ਲੈ ਕੇ ਆਉਂਦੇ ਸਨ। ਇੱਥੇ ਸੰਗਤਾਂ ਬਾਉਲੀ 'ਤੇ ਇਸ਼ਨਾਨ ਕਰਦੀਆਂ, ਗੁਰ ਦਰਬਾਰ ਵਿੱਚ ਹਾਜ਼ਰੀ ਭਰ ਕੇ ਨਿਹਾਲ ਹੁੰਦੀਆਂ ਸਨ। ਸੰਗਤ ਸਿੰਘ ਅਨੁਸਾਰ;

> "ਪੀਣ ਅਤੇ ਨਹਾਉਣ ਲਈ ਪਾਣੀ ਦੀ ਵਧਦੀ ਲੋੜ ਦੀ ਪੂਰਤੀ ਲਈ ਗੁਰੂ ਜੀ ਨੇ 1556 ਈ: ਵਿਚ ਗੋਇੰਦਵਾਲ ਵਿਖੇ ਇਕ ਬਾਉਲੀ ਦੀ ਉਸਾਰੀ ਕਰਵਾਈ। ਪਾਣੀ ਦਾ ਤਲ ਨੀਵਾਂ ਹੋਣ ਕਰਕੇ 84 ਪੌੜੀਆਂ ਬਣਵਾਈਆਂ। ਇਹ ਇਕ ਰਹੱਸਸਮਈ ਪ੍ਰਤੀਕ ਮੰਨਿਆ ਜਾਂਦਾ ਹੈ। ਵੱਖ-ਵੱਖ ਜਾਤੀਆਂ ਦੇ ਲੋਕਾਂ ਵੱਲੋਂ ਇਸ ਬਾਉਲੀ ਵਿਚ ਇਸ਼ਨਾਨ

---

20 ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ (ਇਤਿਹਾਸਕ ਦ੍ਰਿਸ਼ਟੀਕਿਣ ਤੋਂ)*, ਪੰਜਾਬੀ ਯੂਨੀਵਰਸਿਟੀ ਪਟਿਆਲਾ-2009, ਪੰ.36.

ਕਰਨ ਨਾਲ ਉਹਨਾਂ ਵਿਚ ਭਰਾਤਰੀ-ਭਾਵ ਪੈਦਾ ਹੁੰਦਾ ਹੈ ਅਤੇ ਜਾਤਪਾਤੀ ਹੱਦਾਂ ਟੁੱਟਦੀਆਂ ਹਨ।"[21]

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਸਾਇਆ ਅਤੇ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਿਆਹ ਮੌਕੇ ਅੰਮਿਤ੍ਰਸਰ ਨਗਰ ਵਿਖੇ ਵਿਸਾਖੀ ਦਾ ਜੋੜ-ਮੇਲਾ ਲਗਾਇਆ ਗਿਆ। ਗੁਰੂ ਜੀ ਦੀ ਆਗਰੇ ਦੇ ਕਿਲੇ ਤੋਂ ਹੋਈ ਰਿਹਾਈ ਦੀ ਖੁਸ਼ੀ ਵਿਚ ਦਿਵਾਲੀ ਨੂੰ ਬੰਦੀ-ਛੋੜ ਪੁਰਬ ਆਰੰਭ ਹੋਇਆ। ਸਿੱਖ ਸੰਗਤਾਂ ਵੱਲੋ ਆਪਣੇ ਗੁਰੂ ਦੀ ਰਿਹਾਈ ਦੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ। ਇਸ ਵਿਚ ਸ਼ਾਮਲ ਹੋਣ ਲਈ ਸਿੱਖ ਪੰਥ ਨੂੰ ਹੁਕਮਨਾਮੇ ਜਾਰੀ ਕੀਤੇ ਗਏ, ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਸ਼ਾਮਲ ਹੋਈਆਂ, ਜਿਸ ਦੀ ਜਾਣਕਾਰੀ ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚੋਂ ਮਿਲਦੀ ਹੈ;

"ਵਿਸਾਖ ਪ੍ਰਥਮ ਤਬ ਚੜੀ ਬਰਾਤਾ। ਨਗਰ ਬੀਚ ਸਜ ਸੰਦਰ ਗਾਤਾ॥
ਪਾਵਸ ਸਮ ਬਰਖਾ ਧਨ ਹੋਈ। ਤਾਂ ਦਿਨ ਰਹਿਓ ਰੰਕ ਨਹ ਕੋਈ॥
ਜੋ ਵੈਸਾਖ ਕੇ ਮੇਲੇ ਆਏ।ਕੈ ਸੰਗ ਤਿੰਨ ਸੰਗਤ ਹਰ ਖਾਏ॥
ਮੇਲਾ ਭਯੋ ਵਿਸਾਖੀ ਭਾਰੀ। ਕਰ ਦਰਸ਼ਨ ਫਲ ਪਾਏ ਚਾਰੀ॥
ਹਰਿਗੋਬਿੰਦ ਗੁਰ ਦਾਸ ਕ੍ਰਿਪਾਲ। ਸਭ ਸੰਗਤ ਕੋ ਕੀਓ ਨਿਹਾਲ॥"[22]

ਡਾ.ਗੰਡਾ ਸਿੰਘ ਦੀ ਸੰਪਾਦਤ ਪੁਸਤਕ ਹੁਕਮਨਾਮੇ ਵਿਚ ਦੀਵਾਲੀ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਰਿਹਾਈ ਸਬੰਧੀ ਮਿਲਦੀ ਜਾਣਕਾਰੀ ਅਨੁਸਾਰ ਗੁਰੂ ਕਾਲ ਵਿਚ ਗੁਰਪੁਰਬ ਮਨਾਉਣ ਬਾਰੇ ਗੁਰੂ ਹਰਿਗੋਬਿੰਦ ਜੀ ਦਾ ਹੁਕਮਨਾਮਾ, ਜੋ ਪੂਰਬ ਦੇਸ਼ ਦੀਆਂ ਸੰਗਤਾਂ ਨੂੰ ਗੁਰਪੁਰਬ ਰਲ ਮਿਲ ਕੇ ਮਨਾਉਣ ਲਈ ਸੰਕੇਤ ਕਰਦਾ ਹੈ। ਇਹ ਹੁਕਮਨਾਮਾ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸ਼ਹਿਰ,

---

21 ਸੰਗਤ ਸਿੰਘ, *ਇਤਿਹਾਸ'ਚ ਸਿੱਖ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2002, ਪੰ. 84.

22 *ਗੁਰਬਿਲਾਸ ਪਾਤਸ਼ਾਹੀ ਛੇਵੀਂ,* ਸੰਪ. ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,1998,ਪੰ 331

ਬਿਹਾਰ ਵਿਖੇ ਸੁਸ਼ੋਭਿਤ ਹੈ, ਜਿਸ ਉਪਰ ਗੁਰੂ ਕੇ ਨਿਸ਼ਾਨ ਅਤੇ ਦਸਖਤ ਵੀ ਹਨ। ਇਸ ਹੁਕਮਨਾਮੇ ਦੀ ਤਸਵੀਰ ਵੀ ਉਪਰੋਕਤ ਪੁਸਤਕ ਵਿਚ ਦਿਤੀ ਹੋਈ ਹੈ।"[23]

ਹੁਕਮਨਾਮਾ ਪਾਤਸ਼ਾਹੀ ਨੌਵੀਂ: ਗੁਰੂ ਤੇਗ ਬਹਾਦਰ ਜੀ ਦਾ ਹੁਕਮਨਾਮਾ ਜੋ ਪਟਨੇ ਦੀ ਸੰਗਤ ਨੂੰ ਲਿਖਿਆ ਹੋਇਆ ਹੈ, ਜਿਸ ਵਿਚ ਦੀਵਾਲੀ ਦੇ ਪੁਰਬ ਮੌਕੇ ਦਰਸ਼ਨਾਂ ਲਈ ਬੁਲਾਇਆ ਗਿਆ ਹੈ। ਇਹ ਦੁਰਲੱਭ ਦਸਤਾਵੇਜ਼ ਸਿੱਖ ਰੈਫਰੈਂਸ ਲਾਇਬਰੇਰੀ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ। ਇਸ ਦਸਤਾਵੇਜ਼ ਦੀ ਤਸਵੀਰ ਡਾ.ਗੰਡਾ ਸਿੰਘ ਦੀ ਸੰਪਾਦਤ ਪੁਸਤਕ ਹੁਕਮਨਾਮੇ ਵਿਚ ਦਿਤੀ ਹੋਈ ਹੈ।"[24]

ਹੁਕਮਨਾਮਾ ਪਾਤਸ਼ਾਹੀ ਦਸਵੀਂ: ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ਭਾਈ ਸੰਗਤੀਆ ਜੋਗ ਨੂੰ ਲਿਖਿਆ ਹੋਇਆ ਮਿਲਦਾ ਹੈ, ਜਿਸ ਵਿਚ ਤਾਰੀਕ ਫਗਣ ਸੁਦੀ 5 ਸੰਮਤ 1750 (19 ਫਰਵਰੀ 1694 ਈ:) ਦਰਜ ਹੈ। ਇਸ ਹੁਕਮਨਾਮੇ ਵਿਚ ਸੰਗਤ ਨੂੰ ਬਿਸੋਏ ਭਾਵ ਵਿਸਾਖੀ ਦੇ ਪੁਰਬ ਮੌਕੇ ਦਸਵੰਧ ਭੇਟਾ ਲੈ ਕੇ ਆਉਣ ਬਾਰੇ ਲਿਖਿਆ ਹੋਇਆ ਹੈ। ਇਹ ਦਸਤਾਵੇਜ਼ ਅਹੀਆ ਗੰਜ ਲਖਨਊ ਵਿਖੇ ਸੁਸ਼ੋਭਿਤ ਹੈ। ਇਸ ਦਸਤਾਵੇਜ਼ ਦੀ ਤਸਵੀਰ ਡਾ.ਗੰਡਾ ਸਿੰਘ ਦੀ ਸੰਪਾਦਤ ਪੁਸਤਕ ਹੁਕਮਨਾਮੇ ਵਿਚ ਦਿਤੀ ਹੋਈ ਹੈ।"[25]

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੋਰ ਹੁਕਮਨਾਮਾ: ਸੰਗਤ ਨਉਸਹਰੇ ਕੀ ਜੋਗ ਲਿਖਿਆ ਹੋਇਆ ਮਿਲਦਾ ਹੈ, ਜਿਸ ਵਿਚ ਤਾਰੀਖ 5 ਅਕਤੂਬਰ 1699 ਈ: ਲਿਖੀ ਹੋਈ ਹੈ। ਇਸ ਹੁਕਮਨਾਮੇ ਵਿਚ ਸੰਗਤ ਨੂੰ ਦੀਵਾਲੀ ਦੇ ਪੁਰਬ ਮੌਕੇ ਦਰਸ਼ਨਾਂ ਲਈ ਸੱਦਿਆ ਗਿਆ ਹੈ। ਇਸ ਦਸਤਾਵੇਜ਼ 'ਤੇ ਗੁਰੂ

---

23 ਗੰਡਾ ਸਿੰਘ, ਸੰਪਾ. *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1999, ਪੰ.52.

24 ਉਹੀ, ਪੰ. 62.

25 *ਉਹੀ,* ਪੰ.130

ਕੇ ਨਿਸ਼ਾਨ ਅਤੇ ਦਸਖਤ ਵੀ ਮਿਲਦੇ ਹਨ। ਇਸ ਦਸਤਾਵੇਜ਼ ਦੀ ਤਸਵੀਰ ਡਾ.ਗੰਡਾ ਸਿੰਘ ਦੀ ਸੰਪਾਦਤ ਪੁਸਤਕ ਹੁਕਮਨਾਮੇ ਵਿਚ ਦਿਤੀ ਹੋਈ ਹੈ।"[26]

"ਕਰਮ ਸਿੰਘ ਹਿਸਟੋਰੀਅਨ ਅਤੇ ਮੈਕਾਲਿਫ ਦਾ ਵਿਚਾਰ ਹੈ ਕਿ ਗੁਰਪੁਰਬ ਮਨਾਉਣ ਦਾ ਰਿਵਾਜ ਸਿੰਘ ਸਭਾ ਲਹਿਰ ਦੀ ਉਪਜ ਹੈ ਜੋ 1868 ਈ. ਵੇਲੇ ਸ਼ੁਰੂ ਹੋਇਆ। ਇਸ ਬਾਰੇ ਜਾਣਕਾਰੀ ਐਸ.ਐਸ ਪਦਮ ਨੇ ਸਾਖੀ ਮਹਿਲੇ ਪਹਿਲੇ ਕੀ ਵਿਚ ਦਿੱਤੀ ਹੈ।"[27] ਇਹ ਠੀਕ ਨਹੀਂ ਜਾਪਦਾ। ਜੇ ਅਜਿਹਾ ਹੁੰਦਾ ਤਾਂ ਜਿੱਥੇ ਹਾਲੇ ਸਿੰਘ ਸਭਾਵਾਂ ਨਹੀਂ ਬਣੀਆਂ ਸਨ, ਉਨ੍ਹਾਂ ਥਾਵਾਂ 'ਤੇ ਗੁਰਪੁਰਬ ਮਨਾਉਣ ਦਾ ਰਿਵਾਜ਼ ਨਾ ਹੁੰਦਾ। ਇੱਕ ਹੋਰ ਪ੍ਰਮਾਣ ਹੈ ਕਿ ਜਿਹੜੇ ਪੁਰਾਣੇ ਸਿੱਖ ਘਰਾਣੇ, ਜੋ ਸਿੰਘ ਸਭਾ ਲਹਿਰ ਵਿੱਚ ਸ਼ਾਮਿਲ ਨਹੀਂ ਹੋਏ ਸਨ, ਪੁਰਾਣੇ ਸਮੇਂ ਤੋਂ ਗੁਰਪੁਰਬ ਮਨਾਉਂਦੇ ਆ ਰਹੇ ਹਨ। ਸਿੰਘ ਸਭਾ ਲਹਿਰ ਨੇ ਗੁਰਪੁਰਬ ਆਦਿ ਸਿੱਖ ਤਿਉਹਾਰਾਂ ਦਾ ਜ਼ਰੂਰੀ ਮਨਾਉਣਾ ਦ੍ਰਿੜ੍ਹਾਇਆ ਅਤੇ ਸਿੱਖਾਂ ਨੂੰ ਅਨਮਤੀ ਤਿਉਹਾਰਾਂ ਵੱਲੋਂ ਵਰਜਣ ਲਈ ਵੀ ਗੁਰਪੁਰਬਾਂ ਦਾ ਪ੍ਰਚਾਰ-ਪ੍ਰਸਾਰ ਜ਼ਰੂਰੀ ਸਮਝਿਆ। ਇਹੀ ਕਾਰਨ ਹੈ ਕਿ ਸਿੰਘ ਸਭਾ ਲਹਿਰ ਸਮੇਂ ਜਿੱਥੇ ਸਿੱਖਾਂ ਵਿੱਚ ਵਿੱਦਿਅਕ ਤੇ ਧਾਰਮਿਕ ਪੁਨਰ-ਜਾਗ੍ਰਿਤੀ ਦਾ ਬੀੜਾ ਚੁੱਕਿਆ ਗਿਆ, ਉੱਥੇ ਸਿੱਖਾਂ ਵਿੱਚ ਗੁਰਪੁਰਬਾਂ ਬਾਰੇ ਖ਼ਾਸ ਜਾਗ੍ਰਿਤੀ ਪੈਦਾ ਕੀਤੀ ਗਈ ਸੀ। ਗੁਰਪੁਰਬ ਮਨਾਉਣਾ ਸਿੱਖ ਧਰਮ/ਸੱਭਿਆਚਾਰ ਦਾ ਹਿੱਸਾ ਹੈ, ਪਰ ਸਿੰਘ ਸਭਾ ਲਹਿਰ ਦੌਰਾਨ ਇਸ ਉਤਸਵ ਦੇ ਪੁਨਰ-ਉਥਾਨ ਦਾ ਇੱਕ ਕਾਰਨ ਇਹ ਵੀ ਸੀ ਕਿ ਜਦੋਂ ਸਿੱਖ ਹਰ ਮਹੀਨੇ ਦੋ-ਤਿੰਨ ਗੁਰਪੁਰਬ ਮਨਾਉਣਗੇ ਤਾਂ ਅਨਮਤਾਂ ਦੇ ਤਿਉਹਾਰਾਂ ਤੋਂ ਬਚੇ ਰਹਿਣਗੇ। ਪੁਰਾਤਨ ਸਮੇਂ ਤੋਂ ਹੀ ਗੁਰਪੁਰਬ ਮਨਾਉਣ ਲਈ ਸੰਗਤ ਦਾ ਇਕੱਤਰ ਹੋਣਾ, ਬਾਣੀ ਦਾ ਪਾਠ ਤੇ ਵਿਚਾਰ, ਕਥਾ, ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਦਾ ਕਾਰਗਰ ਤਰੀਕਾ ਚੱਲਿਆ ਆ ਰਿਹਾ ਹੈ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਲੈਕਚਰ ਤੇ ਸੈਮੀਨਾਰ ਆਦਿ ਕਰਵਾਏ ਜਾਂਦੇ ਹਨ।

ਗੁਰੂ ਹਰਿਰਾਇ ਜੀ ਦੇ ਸਮੇਂ ਦੀ ਕੀਰਤਪੁਰ ਵਿਖੇ ਵੈਸਾਖੀ ਅਤੇ ਦਿਵਾਲੀ ਦੇ ਪੁਰਬਾਂ ਸਮੇਂ ਜੋੜ-ਮੇਲੇ ਲਗਾਉਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹਨਾਂ ਮੇਲਿਆਂ ਉਤੇ ਦੂਰ-ਦੂਰ ਤੋਂ ਸਿੱਖ ਸੰਗਤਾਂ ਆਪਣੀ ਕਿਰਤ ਕਮਾਈ ਦੀ ਦਸਵੰਧ ਭੇਟ ਅਤੇ ਗੁਰੂ ਦਰਬਾਰ ਵਾਸਤੇ ਤੋਹਫੇ ਭੇਟ ਕਰਦੀਆਂ ਸਨ।

---

26 *ਉਪਰੋਕਤ,* ਪੰ.142.

27 ਐਸ.ਐਸ. ਪਦਮ, ਸੀਹਾਂ ਉਪਲ, *ਸਾਖੀ ਮਹਲੁ ਪਹਿਲੇ ਕੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014, ਪੰ.95.

ਗੁਰੂ ਜੀ ਆਏ ਲੋਕਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਸਨ। ਇਸ ਕੌਮੀ ਖਜ਼ਾਨੇ ਦੀ ਸਮਾਜ ਭਲਾਈ ਹਿਤ ਵਰਤੋਂ ਕੀਤੀ ਜਾਂਦੀ ਸੀ। ਲੁਬਾਣੇ ਅਤੇ ਵਣਜਾਰੇ ਲੋਕ ਮੇਲਿਆਂ ਵਿਚ ਵਪਾਰਕ ਸਰਗਰਮੀਆਂ ਵੀ ਕਰਦੇ ਸਨ। ਕੀਰਤਪੁਰ ਦੇ ਵਿਸਾਖੀ ਦੇ ਮੇਲੇ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ:

> "ਵੈਸਾਖੀ ਵਾਲੇ ਦਿਨ ਵੱਡੇ ਬਿਸਤੀਰਤ ਚੌਤਰੇ ਉਤੇ ਸਾਏਵਾਨ ਹੇਠ ਗੁਰੂ ਕਾ ਸ਼ਹਿਨਸ਼ਾਹ ਵਰਗਾ ਦੀਵਾਨ ਅੰਮ੍ਰਿਤ ਵੇਲੇ ਲਗ ਗਿਆ। ਗੁਰੂ ਸਾਹਿਬ ਜਿਗਾ ਕਲਗੀ, ਮੋਤੀਆਂ ਦੀ ਮਾਲਾ ਆਦਿਕ ਵੱਡੇ ਵੱਡੇ ਅਮੋਲਿਕ ਜੇਵਰ, ਬਸਤਰ-ਸ਼ਾਸਤਰ ਸਜਾ ਕੇ ਸੰਘਾਸਨ ਤੇ ਆ ਬੈਠੇ। ਮੇਵੜੇ ਸੰਗਤਾਂ ਵਿਚ ਸੱਦਾ ਦੇ ਆਏ। ਮਸੰਦ ਆਪੋ ਆਪਣੇ ਪਰਗਣਿਆਂ ਦੀਆਂ ਸੰਗਤਾਂ ਲਿਆਉਣ ਲਗੇ। ਇਕ ਇਕ ਸਿੱਖ ਦਾ ਨਾਉਂ ਲੈਕੇ ਨਜਰ ਭੇਟਾ ਗੁਰੂ ਜੀ ਨੂੰ ਅਰਪਣ ਅਰਦਾਸ ਕਰਕੇ ਖਜਾਨੇ ਵਿਚ ਜਮਾਂ ਹੋਈ ਜਾਵੇ। ਗੁਰੂ ਸਾਹਿਬ ਨੇ ਗੁਰੂ ਨਾਨਕ ਅਕਾਲਪੁਰਖ ਤੋਂ ਸੰਗਤਾਂ ਦੀ ਮਨੋਕਾਮਨਾਂ ਅਰਦਾਸ ਪੂਰੀ ਕਰੀ ਕਰਾਈ। ਕੜਾਹ ਪ੍ਰਸ਼ਾਦਿ ਵਰਤੇ। ਵੈਸਾਖੀ ਤੋਂ ਤੀਜੇ ਦਿਨ ਸੰਗਤ ਨੂੰ ਘਰ ਜਾਣ ਦੀ ਖੁਸ਼ੀ ਦਿਤੀ। ਨਾਮੀ ਨਾਮੀ ਸਿੱਖਾਂ ਅਤੇ ਮਸੰਦਾ ਨੂੰ ਗੁਰੂ ਜੀ ਤੋਂ ਸਿਰੋਪਾਉ ਮਿਲੇ। ਇਹ ਮੇਲਾ ਵਡੀ ਧੂਮ ਧਾਮ ਨਾਲ ਸੰਮਤ 1762 ਬਿਕ੍ਰਮੀ ਨੂੰ ਹੋਇਆ। ਬੇਸ਼ੁਮਾਰ ਧੰਨ ਦੌਲਤ ਨਕਦ ਜਿਨਸ ਆਈ।"[28]

ਸੰਨ 1665 ਦੇ ਵਿਸਾਖੀ ਦੇ ਪੁਰਬ ਮੌਕੇ ਬਾਬਾ ਮਖਣ ਸ਼ਾਹ ਲੁਬਾਣਾ ਜੀ ਨੇ ਬਾਬਾ ਬਕਾਲਾ ਵਿਖੇ ਗੁਰੂ ਤੇਗ ਬਹਾਦਰ ਜੀ ਸੰਬੰਧੀ 'ਗੁਰੂ ਲਾਧੋ ਰੇ' ਦਾ ਪੱਲਾ ਫੇਰਿਆ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਧਰਮ ਪ੍ਰਚਾਰ ਦੀ ਯਾਤਰਾ ਤੋਂ ਪਰਤ ਕੇ ਆਨੰਦਪੁਰ ਵਿਖੇ ਚਾਰ ਸਾਲ ਨਿਵਾਸ ਕੀਤਾ। ਗੁਰੂ ਦੇ ਦਰਸ਼ਨਾਂ ਦੀ ਸੰਗਤਾਂ ਵਿਚ ਬਹੁਤ ਤਾਂਘ ਸੀ, ਜਿਸ ਕਰਕੇ ਪੰਜਾਬ ਦੀਆਂ ਸੰਗਤਾਂ ਦੇ ਵੱਡੇ ਵੱਡੇ ਕਾਫਲੇ ਆਨੰਦਪੁਰ ਨਗਰ ਨੂੰ ਆਵਣ ਲੱਗੇ। ਇਸ ਸਮੇਂ ਗੁਰੂ ਜੀ ਨੇ ਮੇਲੇ

---

28 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਭਾਗ-7, ਪੰ. 27.

ਲਗਾਏ, ਜਿਸ ਦੀ ਜਾਣਕਾਰੀ ਸਾਨੂੰ ਗਿਆਨੀ ਗਿਆਨ ਸਿੰਘ ਦੇ ਗ੍ਰੰਥ "ਤਵਾਰੀਖ ਗੁਰੂ ਖਾਲਸਾ" ਵਿਚੋਂ ਮਿਲਦੀ ਹੈ:

"ਸਿੱਖਾਂ ਦੀ ਆਵਾਜਾਈ ਦਾ ਮੇਲਾ ਭਰਿਆ ਰਹਿਣ ਲਗਾ। ਮਾਤਾ ਜੀ ਸਮੇਤ ਸਹਿਬਜਾਦੇ ਦੇ ਦਰਸ਼ਨਾਂ ਲਈ ਸੰਗਤਾਂ ਨੇ ਬੇਨਤੀ ਕੀਤੀ। ਆਨੰਦਪੁਰ ਆਵਨ ਦੀ ਖਬਰ ਦੇਸ਼ ਦਿਸ਼ਾਂਤਰਾਂ ਦੀਆਂ ਸੰਗਤਾਂ ਨੂੰ ਹੋਈ। ਬਚਨ ਹੋਇਆ, ਜੰਗਲ ਗੁਰੂ ਕਾ ਮੰਗਲ, ਬਾਲ ਗੁਰੂ ਦੇ ਦਰਸ਼ਨਾ ਹਿਤ ਸੰਗਤਾਂ ਨੇ ਭਾਰੀ ਗਿਣਤੀ ਵਿਚ ਤੋਫੇ ਭੇਟ ਕੀਤੇ।"[29] ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਰਸਮ ਵੈਸਾਖੀ ਦੇ ਪੁਰਬ ਸਮੇਂ 1733 ਸੰਮਤ ਨੂੰ ਹੋਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ ਨੂੰ ਵੈਸਾਖੀ ਦੇ ਜੋੜ-ਮੇਲੇ ਮੌਕੇ ਖਾਲਸਾ ਪੰਥ ਦੀ ਸਿਰਜਨਾ ਕੀਤੀ। ਇਸ ਦਿਨ ਖਾਲਸੇ ਨੂੰ ਗੁਰੂ ਹੋਣ ਦਾ ਖਿਤਾਬ ਮਿਲਿਆ। ਆਪੇ ਗੁਰੂ ਆਪੇ ਚੇਲੇ ਹੋਣ ਦਾ ਕੌਤਕ ਕਰ ਵੇਖਾਇਆ। ਸਿੱਖਾਂ ਦੇ ਪਹਿਲੇ ਗੋਤ, ਕੁਲ, ਧਰਮ ਖਤਮ ਕਰ ਦਿੱਤੇ ਗਏ। ਖਾਲਸਾ ਆਨੰਦਪੁਰ ਦਾ ਵਾਸੀ ਹੋ ਗਿਆ। ਗੁਰੂ ਜੀ ਨੇ ਜੰਗੀ ਯੋਗਤਾ ਨੂੰ ਧਿਆਨ ਵਿਚ ਰੱਖਦੇ ਹੋਏ ਸੈਨਿਕ ਸਿਖਲਾਈ ਲਈ ਹੋਲੇ ਮਹੱਲੇ ਦੀ ਆਰੰਭਤਾ ਕੀਤੀ। ਸ੍ਰੀ ਗੁਰੂ ਜੀ ਨੇ ਖਾਲਸੇ ਨੂੰ ਸ਼ਸ਼ਤ੍ਰ ਅਤੇ ਯੁਧ-ਵਿਦਯਾ ਵਿੱਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਆਪ ਇਸ ਅਭਿਆਸੀ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸੁਭ ਸਿੱਖਿਆ ਦਿੰਦੇ ਸਨ, ਜੋ ਦਲ ਕਾਮਯਾਬ ਹੁੰਦਾ ਸੀ, ਉਸ ਦਲ ਨੂੰ ਦੀਵਾਨ ਵਿੱਚ ਸਿਰੋਪਾ ਬਖਸ਼ਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦਮਦਮਾ ਸਾਹਿਬ

29 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ- ਭਾਗ-7*, ਪੰ. 27.

ਵਿਖੇ ਵਿਸਾਖੀ ਦਾ ਪੁਰਬ ਸੰਮਤ 1763 ਨੂੰ ਮਨਾਇਆ"ਗੁਰੁ ਜੀ ਹੁਣ ਤਲਵੰਡੀ ਸਾਬੋ ਆ ਗਏ ਜਿੱਥੇ ਉਹ ਨੌ ਮਹੀਨੇ ਤੋਂ ਵੱਧ ਸਮਾਂ ਰਹੇ।ਹੁਕਨਾਮੇ ਜਾਰੀ ਹੋਣ ਕਰਕੇ ਸੰਨ 1706 ਈ: ਦੀ ਵਿਸਾਖੀ ਨੂੰ ਬਹੁਤ ਭਾਰੀ ਇਕੱਠ ਹੋਇਆ,ਜਦੋਂ ਗੁਰੂ ਜੀ ਨੇ ਮਾਲਵਾ,ਮਾਝਾ,ਪਠੋਹਾਰ ਅਤੇ ਕਾਬਲ ਤੋਂ ਆਏ ਲਗਭਗ 125000 ਸ਼ਰਧਾਲੂਆਂ ਨੂੰ ਅੰਮ੍ਰਿਤ ਛਕਾਇਆ"[30]

ਗੁਰੂ ਕਾਲ ਵਿਚ ਸਿੱਖ ਪੁਰਬਾਂ ਵਜੋਂ ਵਿਸਾਖੀ, ਦੀਵਾਲੀ, ਮਾਘੀ, ਬਸੰਤ ਪੰਚਮੀ ਅਤੇ ਹੋਲੇ ਮਹੱਲੇ ਦੇ ਪੁਰਬ ਵਿਕਸਤ ਹੋਣ ਬਾਰੇ ਸਿੱਖ ਇਤਿਹਾਸ ਦੇ ਸ੍ਰੋਤ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ। ਇਹ ਸਾਰੇ ਤਿਉਹਾਰ ਪੂਰਬ ਗੁਰੂ ਕਾਲ ਵਿਚ ਵੀ ਮਨਾਏ ਜਾਣ ਦੀ ਜਾਣਕਾਰੀ ਇਤਿਹਾਸ ਵਿਚ ਮਿਲਦੀ ਹੈ। ਇਸ ਵੇਲੇ ਇਹ ਪੁਰਬ ਹਿੰਦੂ ਸਭਿਆਚਾਰ ਦੀ ਬੁਨਿਆਦ ਕਰਮ ਸਿਧਾਂਤ ਅਤੇ ਵਰਨ ਸਿਧਾਂਤ ਦੇ ਪ੍ਰਭਾਵ ਅਧੀਨ ਵੰਡੇ ਹੋਏ ਸਨ। ਇਹ ਤਿਉਹਾਰ ਸਮਾਜਕ ਜੀਵਨ ਵਿਚ ਵਿਤਕਰਿਆਂ ਦੀ ਭਾਵਨਾਵਾਂ ਨੂੰ ਪ੍ਰਚੰਡ ਕਰਨ ਲਈ ਔਜਾਰ ਬਣ ਗਏ ਸਨ । ਗੁਰੂ ਸਾਹਿਬਾਨ ਨੇ ਉਪਰੋਕਤ ਪੂਰਬਾਂ ਦੇ ਸਰੂਪ ਨੂੰ ਕ੍ਰਾਂਤੀਕਾਰੀ ਰੂਪ ਵਿਚ ਤਬਦੀਲ ਕਰ ਦਿਤਾ। ਸ਼ੇਰ ਸਿੰਘ ਕੰਵਲ ਅਨੁਸਾਰ:

"ਬਾਬਾ ਨਾਨਕ ਜੀ ਨੇ ਵਿਸਾਖੀ ਦੇ ਮੇਲੇ ਉੱਤੇ ਹੀ ਹਰਿਦੁਆਰ ਵਿਖੇ ਕਰਤਾਰਪੁਰ ਵੱਲ ਪਾਣੀ ਸੁੱਟਕੇ ਪੰਡਤਾਂ ਦਾ ਭਰਮ ਜਾਲ ਤੋੜਿਆ ਸੀ ਤੇ ਇਸੇ ਦਿਨ ਹੀ ਆਪ ਜੀ ਨੇ ਧਰਤ ਲੋਕਾਈ ਨੂੰ ਸੋਧਣ ਲਈ ਉਦਾਸੀਆਂ ਦੀ ਸ਼ੁਰੂਆਤ ਕੀਤੀ ਸੀ"। [31]

ਗੁਰੂ ਅਮਰਦਾਸ ਜੀ ਨੇ ਵਿਸਾਖੀ ਦੇ ਪੁਰਬ ਮੌਕੇ ਸਮਾਜ ਸੁਧਾਰ ਦੇ ਕਾਰਜਾਂ ਵਿਚ ਸਮਾਜਕ ਕੁਰੀਤੀਆਂ ਦੇ ਵਿਰੋਧ ਇੰਨਕਲਾਬੀ ਕੰਮ ਕੀਤੇ। ਲੰਗਰ ਪ੍ਰਥਾ ਅਤੇ ਬਾਉਲੀ ਦੇ ਇਸ਼ਨਾਨ ਨੇ ਭਾਈਚਾਰਕ ਸਾਂਝ ਨੂੰ ਮਜਬੂਤ ਕਰਕੇ ਜਾਤ-ਪਾਤ ਦੇ ਸਿਧਾਂਤ ਨੂੰ ਨਿਕਾਰਿਆ। ਗੁਰੂ ਰਾਮਦਾਰ ਜੀ ਨੇ ਸਿੱਖ ਪੁਰਬਾਂ ਦੇ ਸਰੂਪ ਦਾ ਵਿਕਾਸ ਨਿਰੰਤਰ ਜਾਰੀ ਰੱਖਿਆ। ਗੁਰੂ ਅਰਜਨ ਦੇਵ ਜੀ ਨੇ ਆਦਿ

30 ਸੰਗਤ ਸਿੰਘ, *ਇਤਿਹਾਸ ਵਿਚ ਸਿੱਖ,* ਸਿੰਘ ਬ੍ਰਦਰਜ ਅੰਮ੍ਰਿਤਸਰ, 2002, ਪੰ.84.

31 ਸ਼ੇਰ ਸਿੰਘ ਕੰਵਲ, ਪੰਜਾਬ ਦੇ ਮੇਲੇ, ਪੰ 54.

ਗ੍ਰੰਥ ਦੀ ਸੰਪਾਦਨਾ ਦਾ ਮਹਾਨ ਕਾਰਜ ਕਰਕੇ ਸਿੱਖ ਪੁਰਬਾਂ ਦੇ ਸਿਧਾਂਤਿਕ ਅਧਾਰ ਸਥਾਪਤ ਕੀਤੇ। ਗੁਰੂ ਹਰਗੋਬਿੰਦ ਜੀ ਨੇ ਖੱਤਰੀ ਵਰਗ ਲਈ ਰਾਖਵੇਂ ਸਮਝੇ ਜਾਂਦੇ ਤਿਉਹਾਰ ਦੀਵਾਲੀ ਨੂੰ ਬੰਦੀ-ਛੋੜ ਦਿਵਸ ਵਿਚ ਬਦਲਿਆ। ਇਸ ਪੁਰਬ ਦੀ ਸ਼ੁਰੂਆਤ ਗੁਰੂ ਹਰਿਗੋਬਿੰਦ ਜੀ ਦੇ ਆਦੇਸ਼ ਨਾਲ ਭਾਈ ਗੁਰਦਾਸ ਜੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਕੀਤੀ। ਸਿੱਖ ਪੁਰਬ ਕੀਰਤਪੁਰ ਵਿਖੇ ਗੁਰੂ ਹਰਿ ਰਾਇ ਤੇ ਗੁਰੂ ਹਰਿਕਿਰਸ਼ਨ ਜੀ ਵੇਲੇ ਵੀ ਨਿਰੰਤਰ ਵਿਕਸਤ ਕੀਤੇ ਗਏ। ਗੁਰੂ ਤੇਗ ਬਹਾਦਰ ਜੀ ਨੇ ਪੰਜਾਬ ਤੋਂ ਬਾਹਰ ਵਸਦੀਆਂ ਸੰਗਤਾਂ ਲਈ ਸਿੱਖ ਪੁਰਬਾਂ ਮੌਕੇ ਹੁਕਮਨਾਮੇਂ ਜਾਰੀ ਕੀਤੇ ਸਨ। ਜਿਸ ਦੇ ਫਲਸਰੂਪ ਸਿੱਖ ਸੰਗਤ ਨੂੰ ਜੱਥੇਬੰਦ ਕੀਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਚੜਦੀਕਲਾ ਦੇ ਪ੍ਰਤੀਕ ਸਿੱਖ ਪੁਰਬ ਹੋਲੇ ਮੱਹਲੇ ਨੂੰ ਚਾਲੂ ਕੀਤਾ। ਇਸ ਪੁਰਬ ਨੇ ਸਿੱਖ ਸਮਾਜ ਦੀ ਬੀਰ ਪੰਰਪਰਾ ਵੀ ਵੱਡਾ ਯੋਗਦਾਨ ਪਾਇਆ।

**ਉਤਰ ਗੁਰੂ ਕਾਲ:** ਸਿੱਖ ਪੰਥ ਲਈ ਸਮਾਂ ਚਣੌਤੀਆਂ ਭਰਿਆ ਸੀ। ਸਿੱਖ ਸੰਗਠਨ ਨੂੰ ਕਾਇਮ ਰੱਖਣ ਦੇ ਨਾਲ – ਨਾਲ ਸਿੱਖਾਂ ਨੇ ਆਪਣੀ ਵਿਲੱਕਣ ਪਛਾਣ ਵੀ ਕਾਇਮ ਰੱਖਣੀ ਸੀ। ਇਸ ਕਾਰਜ ਵਿਚ ਸਿੱਖ ਪੁਰਬਾਂ ਨੇ ਸਿੱਖਾਂ ਨੂੰ ਇਕ ਥਾਂ ਇਕੱਤਰ ਹੋਣ ਦਾ ਅਧਾਰ ਦਿੱਤਾ। ਗੁਰੂ ਕਾਲ ਤੋਂ ਵੈਸਾਖੀ, ਦੀਵਾਲੀ, ਹੋਲਾ ਮਹੱਲਾ ਅਤੇ ਮਾਘੀ ਦੇ ਪੁਰਬ, ਇਤਿਹਾਸਿਕ, ਸਮਾਜਿਕ ਅਤੇ ਧਾਰਮਿਕ ਘਟਨਾਵਾਂ ਪੱਖੋਂ ਕਾਫੀ ਪ੍ਰਸਿੱਧ ਹੋ ਚੁਕੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਖਾਲਸਾ ਰਾਜ ਸਥਾਪਤ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਸੰਨ 1714 ਵੈਸਾਖੀ ਦੇ ਪੁਰਬ ਮੌਕੇ ਅੰਮ੍ਰਿਤਸਰ ਪੁੱਜਾ ਸੀ, ਜਿਸ ਦਾ ਜ਼ਿਕਰ ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਰਚਨਾ "ਸ਼ਮਸ਼ੀਰਾਂ ਦਾ ਵਜਦ" ਵਿਚ ਕੀਤਾ ਹੈ:

> "ਇਸ ਮੌਕੇ ਸਿੱਖ ਪੰਥ ਦਾ ਬਹੁਤ ਵੱਡਾ ਇੱਕਠ ਹੋਇਆ। ਮਾਤਾ ਸੁੰਦਰੀ ਜੀ ਦੇ ਦਿੱਲੀ ਤੋਂ ਜਾਰੀ ਹੁਕਮਨਾਮੇ ਅਨੁਸਾਰ ਖਾਲਸਾ ਪੰਥ ਨੇ ਆਪਣੇ ਵਿਵਾਦ ਖਤਮ ਕੀਤੇ ਸਨ।"[32]

---

32 ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖਾਲਸਾ,* ਸਿੰਘ ਬ੍ਰਦਰਜ਼ ਅੰਮ੍ਰਿਤਸਰ 1990, ਪੰ. 1084.

ਹੁਕਮਨਾਮਾ ਅਕਾਲ ਪੁਰਖ ਕੇ ਖਾਲਸੇ ਕਾ: ਇਹ ਹੁਕਮਨਾਮਾ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਿਛੋਂ ਦਾ ਹੈ, ਜਿਸ ਵਿਚ ਤਾਰੀਖ 12 ਅਪ੍ਰੈਲ 1759 ਈ. ਅੰਕਿਤ ਹੈ। ਇਸ ਹੁਕਮਨਾਮੇ ਵਿਚ ਭਾਈ ਦਿਆਲ ਸਿੰਘ ਜੀ ਰਾਹੀਂ ਸਵਾ ਸੌ ਰੁਪੈ ਦੀ ਮੰਗ ਕੀਤੀ ਗਈ ਹੈ ਅਤੇ ਦੀਪਮਾਲਾ ਮੌਕੇ ਬੁਲਾਇਆ ਗਿਆ ਹੈ। ਇਹ ਹੁਕਮਨਾਮਾ ਸਿੱਖ ਰੈਫਰੈਂਸ ਲਾਇਬਰੇਰੀ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ। ਇਸ ਦਸਤਾਵੇਜ਼ ਦੀ ਤਸਵੀਰ ਡਾ.ਗੰਡਾ ਸਿੰਘ ਦੀ ਸੰਪਾਦਤ ਪੁਸਤਕ ਹੁਕਮਨਾਮੇ ਵਿਚ ਦਿਤੀ ਹੋਈ ਹੈ।[33]

ਉਤਰ ਗੁਰੂ ਕਾਲ ਵਿਚ ਸਿੱਖ ਪੰਥ ਸ਼ਬਦ ਗੁਰੂ ਗ੍ਰੰਥ ਦੀ ਅਗਵਾਈ ਵਿਚ ਵਿਕਸਤ ਹੋਇਆ । ਸਿੱਖ ਪੁਰਬ ਸਮਾਜਕ ਅੰਤਰ-ਭੇਦਾਂ ਨੂੰ ਹਲ ਕਰਨ ਲਈ ਲਾਹੇਬੰਧ ਅਵਸਰ ਸਾਬਤ ਹੋਏ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ 1714 ਨੂੰ ਖਾਲਸਾ ਰਾਜ ਸ਼ਾਹੀ ਦਰਬਾਰ ਵਿਸਾਖੀ ਦੇ ਪੁਰਬ ਮੌਕੇ ਅੰਮ੍ਰਿਤਸਰ ਵਿਖੇ ਸਜਾਇਆ ਸੀ। 1721 ਵਿਚ ਤੱਤ ਖਾਲਸਾ ਅਤੇ ਬੰਦਈ ਖਾਲਸੇ ਦਾ ਸਮਝੌਤਾ ਵੀ ਵਿਸਾਖੀ ਦੇ ਪੁਰਬ ਮੌਕੇ ਅੰਮ੍ਰਿਤਸਰ ਵਿਖੇ ਹੋਇਆ ਸੀ।

ਭਾਈ ਮਨੀ ਸਿੰਘ ਵਲੋਂ 1733 ਈ: ਨੂੰ ਦੀਵਾਲੀ ਦੇ ਪੁਰਬ 'ਤੇ ਵਿਸ਼ਾਲ ਇਕੱਠ ਕਰਨ ਦਾ ਪ੍ਰੋਗਰਾਮ ਬਣਾਇਆ ਜਾ ਰਿਹਾ ਸੀ ਅਤੇ ਸੰਗਤਾਂ ਦੀ ਤੀਬਰ ਇੱਛਾ ਸੀ ਕਿ ਇਸ ਵਾਰ ਇਹ ਬੰਦੀ-ਛੋੜ ਪੁਰਬ ਧੂਮ-ਧਾਮ ਨਾਲ ਮਨਾਇਆ ਜਾਵੇ। ਇਸ ਮਕਸਦ ਲਈ ਉਹਨਾਂ ਨੇ ਭਾਈ ਸੂਰਤ ਸਿੰਘ ਤੇ ਭਾਈ ਸੁਬੇਗ ਸਿੰਘ ਦੀ ਸਹਾਇਤਾ ਨਾਲ ਲਾਹੌਰ ਦੇ ਸੂਬੇਦਾਰ ਪਾਸੋਂ ਆਗਿਆ ਪ੍ਰਾਪਤ ਕਰ ਲਈ ਸੀ। ਉਸ ਨੇ ਇਵਜ਼ਾਨੇ ਵਜੋਂ ਜੋੜ-ਮੇਲੇ ਪਿੱਛੋਂ ਦਸ ਹਜ਼ਾਰ ਰੁਪਏ ਟੈਕਸ ਵਜੋਂ ਦੇਣੇ ਪ੍ਰਵਾਨ ਕਰ ਲਏ, ਪਰ ਸਿੱਖ ਵਿਰੋਧੀ ਸ਼ਕਤੀਆਂ ਅਤੇ ਲਾਹੌਰ ਦਰਬਾਰ ਨੇ ਦਿੱਲੀ ਦੇ ਤਖ਼ਤ ਦੀ ਸ਼ਹਿ 'ਤੇ ਇਕ ਡੂੰਘੀ ਸਾਜ਼ਿਸ਼ੀ ਯੋਜਨਾ ਅਧੀਨ ਸਿੰਘਾਂ ਨੂੰ ਖਤਮ ਕਰਨ ਦਾ ਪ੍ਰੋਗਰਾਮ ਉਲੀਕਿਆ, ਜੋ ਭਾਈ ਮਨੀ ਸਿੰਘ ਨੂੰ ਵੇਲੇ ਸਿਰ ਖਬਰ ਪਤਾ ਲੱਗ ਜਾਣ ਕਰਕੇ ਸਿਰੇ ਨਾ ਚੜ੍ਹ ਸਕਿਆ। ਇਸ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਭਾਈ ਮਨੀ ਸਿੰਘ ਨੇ ਪੰਥ ਨੂੰ ਆਪਣੀ ਦੂਰ ਦ੍ਰਿਸ਼ਟੀ ਨਾਲ ਬਚਾ ਲਿਆ। ਭਾਈ ਸਾਹਿਬ ਵਲੋਂ ਭੇਜੇ ਗੁਪਤ ਸੁਨੇਹਿਆਂ ਕਾਰਨ ਸਿੱਖ ਸੰਗਤਾਂ ਇਸ ਪੁਰਬ ਉੱਤੇ ਬਹੁਤ ਘੱਟ ਗਿਣਤੀ

---

33 ਗੰਡਾ ਸਿੰਘ ਸੰਪਾ., *ਹੁਕਮਨਾਮੇ,* ਪੰ. 218.

ਵਿਚ ਇਕੱਤਰ ਹੋਈਆਂ ਸਨ। ਭਾਈ ਮਨੀ ਸਿੰਘ ਨੇ ਪ੍ਰਵਾਨ ਕੀਤਾ ਹੋਇਆ ਟੈਕਸ ਲਾਹੌਰ ਦਰਬਾਰ ਨੂੰ ਨਾ ਦਿੱਤਾ। ਸਰਕਾਰ ਨੂੰ ਤਾਂ ਬਹਾਨਾ ਚਾਹੀਦਾ ਸੀ, ਹਾਕਮ ਦੇ ਆਦੇਸ਼ 'ਤੇ ਮਹਾਨ ਮਰਜੀਵੜੇ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰਨ ਦਾ ਫੈਸਲਾ ਲਿਆ ਗਿਆ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਕੇ ਅਸਹਿ ਤਸੀਹੇ ਦਿੰਦਿਆਂ 1734 ਈ: ਨੂੰ ਲਾਹੌਰ ਦੇ ਨਿਖਾਸ ਚੌਕ ਵਿਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ, ਜਿਥੇ ਅੱਜ ਕਲ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੋਇਆ ਹੈ। ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿਚ "ਜੱਸਾ ਸਿੰਘ ਆਹਲੂਵਾਲੀਆ ਨੇ ਮੁਗਲ ਸੂਬੇਦਾਰ ਅਦੀਨਾ ਬੇਗ ਨੂੰ ਹੁਸ਼ਿਆਰਪੁਰ ਦੇ ਸਥਾਨ ਤੇ ਹਰਾਇਆ ਤੇ ਜੇਤੂ ਰੂਪ ਵਿਚ ਵੈਸਾਖੀ ਦਾ ਮੇਲਾ ਮਨਾਉਣ ਲਈ ਅੰਮ੍ਰਿਤਸਰ ਪਹੁੰਚ ਗਿਆ।"[34]

**ਸਰਬੱਤ ਖਾਲਸੇ ਦਾ ਮਹੱਤਵ ਅਤੇ ਸਿੱਖ ਪੁਰਬ**: ਸਰਬੱਤ ਖਾਲਸਾ ਦੀ ਸੰਸਥਾ ਦਾ ਪ੍ਰਕਾਸ਼ 18ਵੀਂ ਸਦੀ ਵਿਚ ਸਿੱਖ ਪੰਥ ਦੀਆਂ ਰਾਜਨੀਤਕ ਲੋੜਾਂ ਵਿਚੋਂ ਹੋਇਆ ਹੈ। ਮੁਗਲਾਂ ਤੇ ਅਫਗਾਨਾਂ ਦੇ ਜ਼ੁਲਮ ਤੇ ਵਧੀਕੀਆਂ ਇਸ ਹੱਦ ਤੱਕ ਵੱਧ ਗਈਆਂ ਸਨ ਕਿ ਸਿੱਖਾਂ ਨੇ ਛੋਟੇ ਛੋਟੇ ਸਮੂਹਾਂ ਦੇ ਰੂਪ ਵਿਚ ਦੂਰ ਦੁਰਾਡੇ ਜੰਗਲਾਂ ਤੇ ਪਹਾੜਾਂ ਵਿਚ ਜਾ ਸ਼ਰਨ ਲਈ। ਹਰਿੰਦਰ ਸਿੰਘ ਮਹਿਬੂਬ ਅਨੁਸਾਰ

> " 1758 ਤੋਂ 1765 ਤੀਕ ਦੇ ਬਿਪਤਾ-ਭਰੇ ਅਤੇ ਲਹੂ ਭਿਜੇ ਸਾਲਾਂ ਵਿਚ ਖਾਲਸੇ ਦਾ ਵੱਡੀਆਂ ਵੱਡੀਆਂ ਜੰਗਾਂ ਲੜਣ ਤੋਂ ਪਿਛੋਂ ਹਰ ਸਾਲ ਦੀਵਾਲੀ ਉਤੇ ਅੰਮ੍ਰਿਤਸਰ ਜੁੜਣਾ ਇਸ ਪਾਸੇ ਸੰਕੇਤ ਕਰਦਾ ਹੈ,ਕਿ ਮੌਤ ਬਿੰਨਾ ਜਿੰਦਗੀ ਦਾ ਸੁਹਾਵਣਾ ਮੇਲਾ ਨਹੀਂ ਜੜ ਸਕਦਾ। ਦੀਵਾਲੀ ਦੀ ਰੋਸਨਿ ਅਤੇ ਜੰਗ ਦਾ ਨੇੜੇ ਨੇੜੇ ਰਹਿਣਾ ਧਰਤੀ ਦੇ ਰੂਹਾਨੀ ਵਿਰਸੇ ਨੂੰ ਹਰ ਕੀਮਤ ਉਤੇ ਮਿਲਣ ਦੇ ਅਮੋੜ ਸ਼ੌਕ ਦਾ ਗਵਾਹ ਹੈ।ਵੱਡੇ ਘਲੂਘਾਰੇ ਵਿਚ ਇਕ ਦਿਨ ਵਿਚ ਅੱਧੀ ਕੌਮ ਦੀ ਸ਼ਹਾਦਤ ਦੇਣ ਦੇ ਸੱਤ ਮਹੀਨਿਆਂ ਪਿਛੋਂ ਖਾਲਸੇ ਨੇ ਗੁਰੁ-ਲਿਵ ਦੇ ਅਥਾਹ ਜੋਸ ਵਿਚ ਹਰਿੰਦਰ ਅਤੇ ਤਾਲ ਦੀਆਂ ਜੂਹਾਂ ਅਤੇ ਚੌਗਿਰਦੇ ਵਿਚ ਮੁੜ ਦੀਵਾਲੀ ਕੀਤੀ।"[35]

---

34 ਖੁਸ਼ਵੰਤ ਸਿੰਘ, *ਸਿੱਖ ਇਤਿਹਾਸ ਭਾਗ ਪਹਿਲਾ* ,ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, ਪੰ. 134 .

35 ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖਾਲਸਾ, ਪੰ.1084.*

ਉਨਾਂ ਹਾਲਤਾਂ ਵਿਚ ਇਹ ਇਕੱਠ ਸਿੱਖ ਕੌਮ ਦੀ ਰੂਹ ਦੇ ਹਾਣੀ ਸਮਝੇ ਜਾਣ ਲੱਗੇ, ਜਾਂ ਇਉਂ ਕਹਿ ਲਵੋ ਕਿ ਇਹ ਇਕੱਠ ਸਿੱਖ ਕੌਮ ਦੀ ਖਾਮੋਸ਼ ਬਹੁਗਿਣਤੀ ਦੇ ਅਸਲ ਤਰਜਮਾਨ ਸਨ। ਬੱਸ, ਇਹੋ ਇਕੱਠ ਹੀ ਖਾਲਸਾ ਪੰਥ ਦੇ ਦਿਲਾਂ ਤੇ ਦਿਮਾਗਾਂ ਵਿਚ 'ਸਰਬੱਤ ਖਾਲਸਾ' ਬਣ ਗਏ। ਇਹ ਇਕੱਠ ਦੋਸਤ ਤਾਕਤਾਂ ਦੀ ਨਿਸ਼ਾਨਦੇਹੀ ਕਰਕੇ ਉਨਾਂ ਨਾਲ ਲੋੜੀਂਦੇ ਰਿਸ਼ਤੇ ਤੈਅ ਕਰਦੇ ਤੇ ਦੁਸ਼ਮਨਾਂ ਨਾਲ ਦੋ ਹੱਥ ਕਰਨ ਲਈ ਰਣਨੀਤੀਆਂ ਘੜਦੇ ਸਨ। ਸਭ ਤੋਂ ਪਹਿਲਾ ਸਰਬੱਤ ਖਾਲਸਾ 1723 ਦੀ ਦੀਵਾਲੀ ਨੂੰ ਹੋਇਆ। 1749 ਈ: ਦੇ ਵਿਸਾਖੀ ਦਿਵਾਲੀ ਦੇ ਪੁਰਬ ਮੌਕੇ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਵਿਚ ਸਰਬੱਤ ਖਾਲਸਾ ਬੁਲਾਇਆ ਗਿਆ ਸੀ, ਜਿਸ ਵਿਚ ਸਿੱਖ ਫੌਜ ਦਾ ਪੁਨਰ-ਗਠਨ ਕੀਤਾ ਗਿਆ। 65 ਸਿੱਖ ਜੱਥੇ ਭੰਗ ਕਰ ਕਰ ਕੇ 11 ਮਿਸਲਾਂ ਦੀ ਸਥਾਪਨਾ ਕਰ ਦਿਤੀ ਗਈ ਸੀ। ਇਸ ਵਕਤ ਦਲ ਖਾਲਸਾ ਹੋਂਦ ਵਿਚ ਆਇਆ, ਜਿਸ ਦੀ ਕਮਾਂਡ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ ਗਈ ਸੀ। ਮੁਗਲ ਅਤੇ ਅਫਗਾਨੀ ਦੁਸ਼ਮਨ ਤਾਕਤਾਂ ਨਾਲ ਨਜਿੱਠਨ ਲਈ ਨਵੇਂ ਪੈਂਤੜੇ ਅਖਤਿਆਰ ਕੀਤੇ ਗਏ ਸਨ।ਸਰਬਤ ਖਾਲਸੇ ਵਿਚ ਸਰਬ ਸੰਮਤੀ ਨਾਲ ਗੁਰਮਤਾ ਪਾਸ ਕੀਤਾ ਜਾਂਦਾ ਸੀ।

1754 ਈ. ਦੀ ਦੀਵਾਲੀ ਵੇਲੇ ਸਿੱਖ-ਪੰਥ ਨੇ ਸਰਬਤ ਖਾਲਸਾ ਆਯੋਜਿਤ ਕੀਤਾ, ਜਿਸ ਵਿਚ ਪੰਜਾਬ ਦੀ ਵਿਗੜੀ ਹੋਈ ਰਾਜ ਵਿਵਸਥਾ ਬਾਰੇ ਰਾਖੀ ਪ੍ਰਬੰਧ ਲਈ ਗੁਰਮਤਾ ਪਾਸ ਕੀਤਾ ਗਿਆ। ਪੰਜਾਬ ਵਿਚ ਖਾਲਸਾ ਰਾਜ ਐਲਾਨ ਬਾਰੇ ਗੰਭੀਰ ਵਿਚਾਰਾਂ ਕੀਤੀਆਂ ਗਈਆਂ ਸਨ, ਜਿਸ ਵਿਚ ਲਾਹੌਰ ਉਤੇ ਕਬਜ਼ਾ ਕਰਨ ਬਾਰੇ ਵੀ ਗੁਰਮਤਾ ਪਾਸ ਕੀਤਾ ਗਿਆ। ਇਸ ਨਾਲ ਇਹ ਸਿੱਖਾਂ ਨੇ ਦਰਸਾ ਦਿਤਾ ਕਿ ਪੰਜਾਬ 'ਤੇ ਖਾਲਸੇ ਦਾ ਅਧਿਕਾਰ ਹੈ।

1760 ਈ. ਦੀ ਦੀਵਾਲੀ ਦੇ ਪੁਰਬ ਮੌਕੇ ਵੀ ਸਰਬਤ ਖਾਲਸਾ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿਚ ਲਾਹੌਰ ਉਪਰ ਹਮਲਾ ਕਰਕੇ ਦੁਸ਼ਮਣ ਨੂੰ ਸਬਕ ਸਿਖਾਉਣ ਬਾਰੇ ਗੁਰਮਤਾ ਪਾਸ ਹੋਇਆ, ਜਿਸ ਨੇ ਪੰਜਾਬ ਦੇ ਇਤਿਹਾਸ ਵਿਚ ਨਵੇਂ ਮੀਲ ਪਥੱਰ ਸਥਾਪਤ ਕੀਤੇ। ਸਾਲ 1761 ਦੇ ਦੀਵਾਲੀ ਦੇ ਪੁਰਬ ਸਮੇਂ ਗੁਰਮਤਾ ਪਾਸ ਕਰਕੇ ਸਿੱਖ ਪੰਥ ਦੇ ਗਦਾਰਾਂ ਅਤੇ ਮੁਖਬਰਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ, ਜਿਸ ਵਿਚ ਜੰਡਿਆਲੇ ਵਾਲੇ ਆਕਲ ਦਾਸ ਵਰਗੇ ਅਬਦਾਲੀ ਦੇ

ਹਮਾਇਤੀਆਂ ਦੇ ਨਾਮ ਸਨ। 1762 ਈ: ਦੇ ਵਿਸਾਖੀ ਦੇ ਪੁਰਬ ਮੌਕੇ ਇਕ ਸਰਬਤ ਖਾਲਸਾ ਆਯੋਜਿਤ ਕੀਤਾ ਗਿਆ, ਜਿਸ ਵਿਚ ਅਬਦਾਲੀ ਤੋਂ ਘੱਲੂ ਘਾਰੇ ਦਾ ਬਦਲਾ ਲੈਣ ਬਾਰੇ ਗੁਰਮਤਾ ਪਾਸ ਕੀਤਾ ਗਿਆ। 1764 ਈ. ਦੇ ਦੀਵਾਲੀ ਦੇ ਪੁਰਬ ਮੌਕੇ ਹੋਏ ਸਰਬਤ ਖਾਲਸੇ ਵਿਚ ਸਰਹਿੰਦ ਉਪਰ ਹਮਲਾ ਕਰਨ ਬਾਰੇ ਗੁਰਮਤਾ ਪ੍ਰਵਾਨ ਹੋਇਆ ਸੀ। ਇਸ ਹਮਲੇ ਵਿਚ ਸਰਹਿੰਦ ਦਾ ਗਵਰਨਰ ਜੈਨ ਖਾਨ ਮਾਰਿਆ ਗਿਆ ਸੀ। ਇਸ ਲੜਾਈ ਵਿਚ ਬਾਬਾ ਆਲਾ ਸਿੰਘ ਦੀ ਸਹਾਇਤਾ ਲਈ ਗਈ ਸੀ। ਇਸ ਉਪਰੰਤ ਸਰਹਿੰਦ ਦੇ ਸਾਰੇ ਇਲਾਕਿਆਂ ਨੂੰ ਸਿੱਖ ਮਿਸਲਾਂ ਦੇ ਸਰਦਾਰਾਂ ਨੇ ਵੰਡ ਲਿਆ ਸੀ, ਜਿਸ ਨਾਲ ਪੰਜਾਬ ਵਿਚੋਂ ਮੁਗਲ ਅਤੇ ਅਫਗਾਨੀ ਹਕੂਮਤ ਦਾ ਅੰਤ ਕਰ ਦਿਤਾ ਗਿਆ ਸੀ। 1764 ਦੇ ਵਿਸਾਖੀ ਦੇ ਪੁਰਬ ਮੌਕੇ ਸਰਬੱਤ ਖਾਲਸਾ ਹੋਇਆ ਸੀ, ਜਿਸ ਵਿਚ ਖਾਲਸਾ ਰਾਜ ਦੇ ਸਿੱਕੇ ਅਤੇ ਮੋਹਰਾਂ ਤਿਆਰ ਕਰਨ ਬਾਰੇ ਗੁਰਮਤੇ ਪਾਸ ਕੀਤੇ ਗਏ ਸਨ ਅਤੇ ਖਾਲਸਾ ਰਾਜ ਦੀ ਖੁਦ-ਮੁਖਤਿਆਰੀ ਦਾ ਪ੍ਰਗਟਾਵਾ ਕੀਤਾ ਗਿਆ ਸੀ। ਸਿੱਖ ਰਾਜ ਦੀ ਅਸੈਂਬਲੀ ਸਰਬਤ ਖਾਲਸੇ ਦੇ ਸਰੂਪ ਵਿਚ ਪ੍ਰਗਟ ਹੋਈ, ਜੋ ਅਕਾਲ ਤਖਤ ਵਿਖੇ ਵਿਸਾਖੀ ਅਤੇ ਦੀਵਾਲੀ ਦੇ ਪੁਰਬ ਸਮੇਂ ਬੁਲਾਈ ਜਾਂਦੀ ਸੀ। ਇਸ ਵਿਚ ਸਾਰੀਆਂ ਮਿਸਲਾਂ ਦੇ ਸਰਦਾਰ ਹਲੀਮੀ ਦੀ ਭਾਵਨਾ ਨਾਲ ਸ਼ਾਮਲ ਹੋ ਕੇ ਗੁਰਮੱਤੇ ਪਾਸ ਕਰਨ ਵਿਚ ਯੋਗਦਾਨ ਪਾਉਂਦੇ ਸਨ। ਗੁਰਮਤਾ ਗੁਰੂ ਦੇ ਆਦੇਸ਼ ਵਾਂਗ ਮੰਨਿਆ ਜਾਂਦਾ ਸੀ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੇ ਅਨੁਸਾਰ:

> "ਨਵਾਬ ਯਾਹੀਆ ਖਾਂ ਦੇ ਈਰਖਾਲੂ ਅਤੇ ਸ਼ੈਤਾਨੀ ਫ਼ਿਤਰਤ ਵਾਲੇ ਦੀਵਾਨ ਲਖਪਤ ਰਾਇ ਨਾਲ ਬਿਆਸ ਅਤੇ ਰਾਵੀ ਦੇ ਕੰਢਿਆਂ ਉਤੇ ਕਾਹਨੂੰਵਾਨ ਦੇ ਛੰਭ ਤੱਕ ਮਾਰਚ 1746 ਈ: ਵਿੱਚ ਲੜਿਆ ਛੋਟਾ ਘੱਲੂਘਾਰਾ, ਪਾਣੀਪਤ ਦੀ ਤੀਸਰੀ ਜੰਗ ਦੇ ਮਹਾਨ ਵਿਜਈ ਅਹਿਮਦ ਸ਼ਾਹ ਅਬਦਾਲੀ ਦੇ ਲਾਹੌਰ ਵੱਲ ਮੁੜਦੇ ਲਸ਼ਕਰਾਂ ਉਤੇ ਬਿਜਲੀ ਵਾਂਗ ਕੜਕਦੇ ਅਤੇ ਬੰਦੀ-ਛੋੜ ਦਾ ਉੱਚਾ ਖਿਤਾਬ ਹਾਸਿਲ ਕਰਦੇ ਜੱਸਾ ਸਿੰਘ ਆਹਲੂਵਾਲੀਆ ਦਾ ਬੇਮਿਸਾਲ ਕਾਰਨਾਮਾ, ਕੁੱਪ ਰਹੀੜੇ ਤੋਂ ਕੁਤਬੇ ਤੱਕ ਦੀ ਰੋਹੀ

> ਵਿੱਚ ਫਰਵਰੀ 1762 ਈ. ਵਿੱਚ ਹੋਇਆ ਵੱਡਾ ਘੱਲੂਘਾਰਾ ਅਤੇ ਫਿਰ ਇਸ ਕਹਿਰ ਦਾ ਅਬਦਾਲੀ ਉਤੇ ਉਸ ਦਾ ਦਿਲ ਤੋੜ ਸੁੱਟਣ ਵਾਲਾ ਖ਼ਾਲਸੇ ਦਾ ਕਰਾਰਾ ਵਾਰ, ਜਨਵਰੀ 1764 ਈ: ਵਿੱਚ ਖ਼ਾਲਸੇ ਦਾ ਜ਼ੈਨ ਖਾਂ ਦੀ ਸਰਹਿੰਦ ਨੂੰ ਮਾਰ ਕੇ ਇੱਟ ਨਾਲ ਇੱਟ ਵਜਾਉਣ ਦਾ ਖ਼ੂਨੀ ਗ਼ਜ਼ਬ ਅਤੇ 1764 ਈ. ਦੇ ਆਖਰੀ ਦਿਨਾਂ ਵਿੱਚ ਅਬਦਾਲੀ ਦੇ ਸੱਤਵੇਂ ਹਮਲੇ, ਦੁਰਾਨੀਆਂ ਨੂੰ ਵੰਗਾਰ ਵੰਗਾਰ ਕੇ ਡੱਕਦਾ ਖ਼ਾਲਸੇ ਦਾ ਜੋਸ਼ ਆਦਿ ਜੰਗੀ ਸਮਾਚਾਰ ਦਸਦੇ ਹਨ ਕਿ ਇਨ੍ਹਾਂ ਜੰਗਾਂ ਵਿੱਚ ਵਰਤਿਆ ਗਿਆ ਖ਼ਾਲਸਈ ਜੋਸ਼ ਉਨ੍ਹਾਂ ਦੇ ਰੂਹਾਨੀ ਤਜਰਬੇ ਦਾ ਹੀ ਇੱਕ ਰੰਗ ਸੀ। ਰੂਹਾਨੀਅਤ, ਸ਼ਮਸ਼ੀਰਾਂ ਵਿੱਚ ਚਮਕ ਉਠੀ ਸੀ ਅਰਥਾਤ ਜੰਗਾਂ ਵਿੱਚ ਕੰਮ ਆਈ ਮਾਨਸਿਕ ਸ਼ਕਤੀ ਅਤੇ ਸਰੀਰਕ ਜੋਸ਼ ਅਸਲ ਵਿੱਚ ਕਲਗੀਆਂ ਵਾਲੇ ਦੀ ਤੇਜ਼ ਯਾਦ ਦਾ ਹੀ ਪਲਟਿਆ ਹੋਇਆ ਰੂਪ ਸੀ। ਇਸ ਨੇ ਉਨ੍ਹਾਂ ਦੇ ਸਮੂਹਿਕ ਵਾਰ ਵਿੱਚ ਕਿਸੇ ਅਡੋਲ ਸ਼ਕਤੀ ਨੂੰ ਭਰ ਦਿੱਤਾ ਸੀ। ਸੋ ਉਨ੍ਹਾਂ ਲੱਖਪਤ ਰਾਇ ਅਤੇ ਅਬਦਾਲੀ ਦੇ ਬੇਰਹਿਮ ਹੜ੍ਹ ਨੂੰ ਰੋਕ ਕੇ ਜੰਗ ਨੂੰ ਆਤਮਕ ਸੰਤੁਲਨ ਦੇ ਜ਼ੋਰ ਵਿੱਚ ਬਦਲ ਕੇ ਵਿਖਾ ਦਿੱਤਾ। ਭਾਈ ਮਨੀ ਸਿੰਘ ਸ਼ਹੀਦ ਦੇ ਗੁਰੂ-ਜਜ਼ਬੇ ਨੇ ਦੁਸ਼ਮਨ ਦੇ ਕਹਿਰ ਨੂੰ ਥੰਮਣ ਲਈ ਸ਼ਮਸ਼ੀਰ ਦੀ ਸ਼ਕਲ ਦੇ ਦਿੱਤੀ।"[36]

1758 ਤੋਂ 1765 ਤੀਕ ਦੇ ਬਿਪਤਾ-ਭਰੇ ਅਤੇ ਲਹੂ ਭਿਜੇ ਸਾਲਾਂ ਵਿਚ ਖਾਲਸੇ ਦਾ ਵੱਡੀਆਂ - ਵੱਡੀਆਂ ਜੰਗਾਂ ਦੌਰਾਨ ਹਰ ਸਾਲ ਦੀਵਾਲੀ ਉਤੇ ਅੰਮ੍ਰਿਤਸਰ ਜੁੜਨਾ ਇਸ ਪਾਸੇ ਸੰਕੇਤ ਕਰਦਾ ਹੈ ਕਿ ਮੌਤ ਬਿਨਾ ਜਿੰਦਗੀ ਦਾ ਸੁਹਾਵਣਾ ਮੇਲਾ ਨਹੀਂ ਜੁੜ ਸਕਦਾ। ਦੀਵਾਲੀ ਦੀ ਰੋਸ਼ਨੀ ਅਤੇ ਜੰਗ ਦਾ ਨੇੜੇ ਨੇੜੇ ਰਹਿਣਾ ਧਰਤੀ ਦੇ ਰੂਹਾਨੀ ਵਿਰਸੇ ਨੂੰ ਹਰ ਕੀਮਤ ਉਤੇ ਮਿਲਣ ਦੇ ਅਮੋੜ ਸ਼ੌਕ ਦਾ ਗਵਾਹ ਹੈ। ਵੱਡੇ ਘੱਲੂਘਾਰੇ ਵਿਚ ਇਕ ਦਿਨ ਵਿਚ ਅੱਧੀ ਕੌਮ ਦੀ ਸ਼ਹਾਦਤ ਦੇਣ ਦੇ ਸੱਤ ਮਹੀਨਿਆਂ ਪਿਛੋਂ ਖਾਲਸੇ ਨੇ ਗੁਰੂ-ਲਿਵ ਦੇ ਅਥਾਹ ਜੋਸ਼ ਵਿਚ ਹਰਿਮੰਦਰ ਅਤੇ ਤਾਲ ਦੀਆਂ ਜੂਹਾਂ ਅਤੇ ਚੌਗਿਰਦੇ ਵਿਚ ਮੁੜ ਦੀਵਾਲੀ ਕੀਤੀ ਅਤੇ ਇਕ ਰਾਤ ਪਹਿਲਾਂ ਲਾਹੌਰ ਚੜ੍ਹ ਕੇ ਆਏ ਅਭਿਮਾਨੀ

36 ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖਾਲਸਾ*, ਪੰ. 1084.

ਅਬਦਾਲੀ ਦਾ ਸਿਰ ਨੀਵਾਂ ਕਰਕੇ ਇਹ ਸਾਬਤ ਕਰ ਦਿੱਤਾ ਕਿ ਜਿੰਦਗੀ ਦੇ ਜਸ਼ਨ ਦਾ ਸੁਆਦ ਚੱਖ ਕੇ ਲੜੀਆਂ ਜੰਗਾਂ ਹੀ ਉਚੇ ਇਨਸਾਨ ਦੇ ਅਜਿਤ ਹੋਣ ਦਾ ਅਰਥ ਸਮਝਾਉਂਦੀਆਂ ਹਨ। ਇਸ ਜੰਗ ਦੀ ਵਿਸ਼ੇਸ਼ ਸਥਿਤੀ ਰਾਹੀਂ ਖਾਲਸਾ ਜੀ ਨੇ ਬੰਦੀ-ਛੋੜ ਗੁਰੁ ਹਰਿਗੋਬਿੰਦ ਸਾਹਿਬ ਦੇ ਆਤਮਕ ਬਲ ਦੀ ਅਮਰ ਜਿੱਤ ਨੂੰ ਜੰਗ ਅਤੇ ਜਿੰਦਗੀ ਦੇ ਹੁਸਨ ਵਿਚ ਨਾਲੋ ਨਾਲ ਸਾਕਾਰ ਕਰ ਕੇ ਵਿਖਾ ਦਿਤਾ। ਸਿੱਖ ਜੰਗਾਂ ਨੇ ਦੀਵਾਲੀ ਦੇ ਅਰਥ ਹੀ ਬਦਲ ਦਿਤੇ। ਗੁਰੂ ਕਾਲ ਵਿਚ ਸਿੱਖ ਪੁਰਬ ਗੁਰਮਤਿ ਸਭਿਆਚਾਰ ਲਈ ਚਟਸਾਲ ਦੇ ਰੂਪ ਵਿਚ ਸਥਾਪਤ ਹੋ ਗਏ ਸਨ, ਜਿਥੇ ਸਿੱਖ ਸੰਗਤ ਸਚਿਆਰ ਜੀਵਨ ਲਈ ਸਿਖਲਾਈ ਪ੍ਰਾਪਤ ਕਰਦੀ ਸੀ।

**ਖਾਲਸਾ ਰਾਜ:** ਸਿੱਖ ਮਿਸਲਾਂ ਦੇ ਖਾਲਸਾ ਰਾਜ ਵਿੱਚ ਸਿੱਖ ਪੁਰਬਾਂ ਦੇ ਵਿਕਾਸ ਦਾ ਨਵਾਂ ਦੌਰ ਅਰੰਭ ਹੋਇਆ। ਰਣਜੀਤ ਸਿੰਘ ਦੀ ਤਾਜਪੋਸ਼ੀ, ਬਾਬਾ ਸਾਹਿਬ ਸਿੰਘ ਬੇਦੀ ਨੇ ਵਿਸਾਖੀ ਦੇ ਪੁਰਬ ਮੌਕੇ ਕੀਤੀ ਸੀ। ਇਸ ਸਮਾਗਮ ਵਿਚ ਸਮੇਂ ਦੀਆਂ ਮਿਸਲਾਂ ਦੇ ਸਿੱਖ ਸਰਦਾਰ ਖਾਸ ਤੌਰ ਤੇ ਸ਼ਾਮਲ ਹੋਏ ਸਨ। ਬਲਦੇਵ ਸਿੰਘ ਅਨੁਸਾਰ "1801 ਈ: ਵਿਸਾਖ ਮਹੀਨੇ ਦਾ ਪਹਿਲਾ ਦਿਨ। ਪੰਜਾਬੀਆਂ ਦਾ ਨਵਾਂ ਸਾਲ। ਭੜੋਲਿਆਂ ਵਿਚ ਅਨਾਜ ਭਰਨ ਦੀ ਆਸ। ਸੰਮਨ ਬੁਰਜ 'ਤੇ ਸਰਦਾਰਾਂ, ਜਗੀਰਦਾਰਾਂ, ਨਵਾਬਾਂ, ਜਰਨੈਲਾਂ ਅਤੇ ਲਾਹੌਰ ਦੇ ਬਾ-ਰਸੂਖ ਵਿਅਕਤੀਆਂ ਦਾ ਇਕੱਠ। ਕਿਲੇ ਅੰਦਰ ਪੂਰੀ ਚਹਿਲ ਪਹਿਲ।"[37] ਇਹਨਾਂ ਸਿੱਖ ਪੁਰਬਾਂ ਨੂੰ ਸਿਆਸੀ ਮਹਾਨਤਾ ਪ੍ਰਾਪਤ ਹੋਈ। ਖਾਲਸਾ ਦਰਬਾਰ ਲਾਹੌਰ ਵਲੋਂ ਵਿਸਾਖੀ ਅਤੇ ਦੀਵਾਲੀ ਦੇ ਪੁਰਬ ਬਹੁਤ ਸ਼ਾਨੋ-ਸ਼ੌਕਤ ਨਾਲ ਮਨਾਏ ਜਾਂਦੇ ਸਨ। ਮਾਹਰਾਜਾ ਰਣਜੀਤ ਸਿੰਘ ਇਸ ਮੌਕੇ ਸ਼ਾਮਲ ਹੁੰਦੇ ਅਤੇ ਪਰਜਾ ਦੀ ਭਲਾਈ ਵਾਸਤੇ ਨਵੇਂ ਐਲਾਨ ਕਰਦੇ ਸਨ। ਗੁਰੂ ਕੇ ਲੰਗਰਾਂ ਵਾਸਤੇ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਜਾਂਦੀ ਸੀ। ਮੇਲਿਆਂ ਵਿਚ ਲਗਦੇ ਬਾਜ਼ਾਰਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ। ਸ਼ਿਲਪਕਾਰਾਂ, ਕਲਾਕਾਰਾਂ, ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਇਨਾਮ ਅਤੇ ਸਨਮਾਨ ਦਿਤੇ ਜਾਂਦੇ ਸਨ। ਇਸ ਮੌਕੇ ਖਾਲਸਾ ਫੌਜ ਦੀ ਵਿਸ਼ੇਸ਼ ਭਰਤੀ ਕੀਤੀ ਜਾਂਦੀ ਸੀ ਅਤੇ ਬਹਾਦਰ ਸਿਪਾਹੀਆਂ ਨੂੰ ਸਨਮਾਨਤ ਕੀਤਾ ਜਾਂਦਾ ਸੀ। ਲਾਹੌਰ ਦਰਬਾਰ ਵਿਖੇ ਦੀਵਾਲੀ ਅਤੇ ਵਿਸਾਖੀ ਦੇ ਪੁਰਬ ਵਿਦੇਸ਼ੀ ਮਹਿਮਾਨਾਂ ਲਈ ਵਿਸ਼ੇਸ਼

---

37 ਬਲਦੇਵ ਸਿੰਘ, *ਸੂਰਜ ਦੀ ਅੱਖ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2017, ਪੰ. 115.

ਖਿਚ ਦਾ ਕੇਂਦਰ ਸਨ, ਜਿਨ੍ਹਾਂ ਬਾਰੇ ਕਈ ਵਿਦੇਸ਼ੀ ਸੈਲਾਨੀਆ ਦੀਆਂ ਆਪਣੀਆਂ ਲਿਖਤਾਂ ਵਿਚ ਜ਼ਿਕਰ ਕੀਤਾ ਮਿਲਦਾ ਹੈ ਅਤੇ ਇਹਨਾਂ ਜੋੜ ਮੇਲਿਆਂ ਵਿੱਚ ਹਰ ਪੱਖੋਂ ਕਾਫੀ ਵਿਕਾਸ ਹੋਇਆ। ਇਹ ਪੁਰਬ ਸਿੱਖ ਧਰਮ ਦੇ ਪ੍ਰਚਾਰ ਦੇ ਸਾਧਨ ਬਣ ਗਏ। ਸਿੱਖਾਂ ਨੇ ਆਪਣੇ ਪੁਰਬਾਂ ਵਿਚ ਵੱਡੀ ਗਣਤੀ ਵਿਚ ਸ਼ਮੂਲੀਅਤ ਕੀਤੀ। ਖਾਲਸੇ ਦਾ ਰਾਜ ਹੋਣ ਕਾਰਣ ਸਿੱਖਾਂ ਦੀ ਗਿਣਤੀ ਵਿਚ ਵੀ ਕਾਫੀ ਵਾਧਾ ਹੋ ਗਿਆ ਸੀ। ਇਸ ਸਮੇਂ ਨੂੰ ਪੁਰਬਾਂ ਦੇ ਵਿਕਾਸ ਦਾ ਬੇਹਤਰ ਕਾਲ ਕਿਹਾ ਜਾਂਦਾ ਹੈ। ਪ੍ਰੰਤੂ 1839 ਈ. ਵਿਚ ਮਾਹਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਖਾਲਸਾ ਫੌਜ ਦੀ ਖਾਨਾਜੰਗੀ ਨੇ ਅੰਗਰੇਜਾਂ ਨੂੰ ਪੰਜਾਬ ਦੇ ਰਾਜ ਭਾਗ ਵਿਚ ਸਿਧੀ ਦਖਲ ਅੰਦਾਜੀ ਲਈ ਹਾਲਾਤ ਪੈਦਾ ਕੀਤੇ।

**ਤੀਸਰਾ ਪੜਾਅ - ਬਰਤਾਨਵੀ ਬਸਤੀਵਾਦੀ ਦੌਰ:** 1849 ਈ. ਵਿਚ ਖਾਲਸਾ ਰਾਜ ਦੇ ਖਾਤਮੇ ਬਾਅਦ ਭਾਈ ਮਹਿਰਾਜ ਸਿੰਘ ਅਤੇ ਬਾਬਾ ਰਾਮ ਸਿੰਘ ਨੇ ਅਜਾਦੀ ਲਈ ਸੁਹਿਰਦ ਯਤਨ ਕੀਤੇ, ਉਹਨਾਂ ਨੇ ਵਿਸਾਖੀ ਅਤੇ ਹੋਲੀ ਦੇ ਪੁਰਬਾਂ ਮੌਕੇ ਸਿੱਖਾਂ ਦੇ ਵੱਡੇ ਇਕੱਠ ਕੀਤੇ। ਇਹਨਾਂ ਹਾਲਾਤਾਂ ਵਿਚ ਨਾਮਧਾਰੀ ਲਹਿਰ ਪੈਦਾ ਹੋਈ। ਸਿੱਖ ਸਮਾਜ ਵਿਚ ਤਾਲ ਮੇਲ ਸਥਾਪਿਤ ਕਰਨ ਲਈ ਸਿੱਖ ਪੁਰਬ ਲਾਭਕਾਰੀ ਸਾਬਤ ਹੋਏ। ਸਰਵਣ ਸਿੰਘ ਔਜਲਾ ਅਨੁਸਾਰ:

> " 1957 ਅਪ੍ਰੈਲ 13ਨੂੰ ਖਾਲਸੇ ਦੇ ਜਨਮ ਦਿਨ ਤੇ ਪਿੰਡ ਭੈਣੀ ਵਿਖੇ ਬਹੁਤ ਵੱਡਾ ਸਮੇਲਣ ਹੋਇਆ ਇਸ ਧਾਰਮਕ ਸਮੇਲਣ ਦੇ ਅੰਤ ਤੇ ਵਿਚ ਸੰਚਾਰ ਕੀਤਾ ਗਿਆ ਅਤੇ ਸਾਰੇ ਪੰਜਾਬ ਵਿਚ ਅੰਮ੍ਰਿਤ ਸੰਚਾਰੀ ਲਹਿਰ ਚਲਾਉਣ ਦਾ ਨਿਰਣਾ ਲੈ ਕੇ ਬਾਬਾ ਰਾਮ ਸਿੰਘ ਉਥੋਂ ਰਵਾਨਾ ਹੋਏ"।[38]

ਨਾਮਧਾਰੀ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਨੇ 1863 ਦੇ ਵਿਸਾਖੀ ਦੇ ਪੁਰਬ ਮੌਕੇ ਅੰਮ੍ਰਿਤਸਰ ਵਿਖੇ ਸ਼ਾਮਲ ਹੋਣ ਦਾ ਪ੍ਰੋਗਰਾਮ ਬਣਾਇਆ, ਜਿਸ ਤੋਂ ਅੰਗਰੇਜ ਸਰਕਾਰ ਘਬਰਾ ਗਈ। ਡਾ. ਹਰਬੰਸ ਸਿੰਘ ਅਨੁਸਾਰ

---

38 ਸਰਵਣ ਸਿੰਘ ਔਜਲਾ, *ਅਨ੍ਹੇਰੇ ਰਾਹ ਅਤੇ ਪੰਥ*, ਉਡਾਨ ਪਬਲੀਕੇਸ਼ਨ, ਮਾਨਸਾ,2009,ਪੰ 43.

ਡਿਪਟੀ ਕਮਿਸ਼ਨਰ ਕੂਕਿਆਂ 'ਤੇ ਪਾਬੰਦੀ ਲਗਾਉਣ ਦੇ ਹੱਕ ਵਿਚ ਸੀ। 1867 ਦੇ ਮਾਘੀ ਦੇ ਪੁਰਬ ਦੇ ਮੌਕੇ ਮੁਕਤਸਰ ਵਿਖੇ ਜੋੜ-ਮੇਲਾ ਕਰਨ ਦੀ ਅੰਗਰੇਜ਼ ਸਰਕਾਰ ਨੇ ਆਰਜ਼ੀ ਮਨਜ਼ੂਰੀ ਦੇ ਦਿਤੀ ਸੀ, ਇਸ ਸਾਲ ਬਾਬਾ ਜੀ ਨੇ ਆਨੰਦਪੁਰ ਵਿਖੇ ਹੋਲੇ ਮੁਹੱਲੇ ਦਾ ਜੋੜ ਮੇਲਾ ਮਨਾਉਣ ਦਾ ਫੈਸਲਾ ਕੀਤਾ।"[39]

ਇਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਸ਼ਾਮਲ ਹੋਈ ਸੀ। ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਸਿੱਖਾਂ ਲਈ ਪੁਰਬ ਇਹਨਾਂ ਦੇ ਇਕਜੁਟ ਹੋਣ ਦਾ ਮੌਕਾ ਪ੍ਰਦਾਨ ਕਰਦੇ ਹਨ। ਸੰਨ 1871 ਵਿਚ ਸਭ ਤਿਉਹਾਰਾਂ ਅਤੇ ਜੋੜ-ਮੇਲਿਆਂ ਵਿਚ ਕੂਕਿਆਂ ਦੇ ਸ਼ਾਮਲ ਜਾਂ ਇਕੱਠੇ ਹੋਣ ਤੇ ਪੂਰਨ ਤੌਰ ਉਤੇ ਰੋਕ ਲਗਾ ਦਿਤੀ ਸੀ। ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ ਨੇ ਸਿੱਖ ਪੁਰਬਾਂ 'ਤੇ ਆਯੋਜਿਤ ਹੋਣ ਵਾਲੇ ਜੋੜ ਮੇਲਿਆਂ ਨੂੰ ਪ੍ਰਚਾਰ ਅਤੇ ਪ੍ਰਸਾਰ ਲਈ ਪ੍ਰਯੋਗ ਕੀਤਾ। ਸਿੱਖ ਸਮਾਜ ਬਦਲੇ ਹੋਏ ਮਾਹੌਲ ਵਿਚ ਜੋੜ-ਮੇਲਿਆਂ ਨੂੰ ਇਕ ਸਾਧਨ ਵੱਜੋਂ ਵਰਤਣ ਵਿਚ ਸਫਲ ਹੋਇਆ। ਗਦਰ ਲਹਿਰ ਦਾ ਆਰੰਭ ਕੈਨੇਡਾ ਦੀ ਧਰਤੀ ਉਤੇ ਹੋਇਆ ਸੀ, ਜਿਸ ਬਾਰੇ ਸਾਰੀ ਯੋਜਨਾ ਉਥੋਂ ਦੇ ਗੁਰਦੁਆਰਿਆਂ ਵਿਚ ਬੈਠ ਕੇ ਤਿਆਰ ਕੀਤੀ ਜਾਂਦੀ ਸੀ। ਇਸ ਕਾਰਜ ਵਿਚ ਬਾਬਾ ਅਤਰ ਸਿੰਘ ਮਸਤੁਆਣੇ ਵਾਲਿਆਂ ਦੇ ਸੇਵਕ ਬਾਬਾ ਤੇਜਾ ਸਿੰਘ ਦਾ ਯੋਗਦਾਨ ਸੀ। ਵਿਦੇਸ਼ ਵਿਚ ਸੰਗਤ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦੇ ਹੋਏ ਵੱਖ ਵੱਖ ਨਗਰਾਂ ਵਿਚ ਗੁਰਦੁਆਰੇ ਸਥਾਪਤ ਕੀਤੇ ਗਏ, ਜੋ ਗਦਰੀ ਸਰਗਰਮੀਆਂ ਦਾ ਕੇਂਦਰੀ ਸਥਾਨ ਬਣੇ। ਦੇਸ਼ ਪਰਤ ਕੇ ਪੰਜਾਬ ਵਿਚ ਸਿਆਸੀ ਯਤਨਾਂ ਦੇ ਨਾਲ ਨਾਲ ਗਦਰੀ ਬਾਬਿਆਂ ਨੇ ਪਿੰਡਾਂ ਅੰਦਰ ਗਦਰ ਦੇ ਪ੍ਰਚਾਰ ਦੀ ਮੁਹਿੰਮ ਦਾ ਸਿਲਸਿਲਾ ਵੀ ਤੋਰਿਆ ਸੀ। ਅਜਮੇਰ ਸਿੰਘ ਅਨੁਸਾਰ

"ਪ੍ਰਚਾਰ ਦਾ ਸਭ ਤੋਂ ਅਸਰਦਾਰ ਸਾਧਨ ਗੁਰਦੁਆਰਿਆਂ ਅੰਦਰ ਲੱਗਣ ਵਾਲੇ ਦੀਵਾਨ ਅਤੇ ਜੋੜ ਮੇਲੇ ਸਨ। ਗਦਰੀ ਇਨਕਲਾਬੀਆਂ ਨੂੰ ਜਿਥੇ ਵੀ ਮੌਕਾ ਮਿਲਿਆ, ਨਨਕਾਣਾ ਸਾਹਿਬ ਦੇ ਗੁਰਪੁਰਬ ਦਾ ਜੋੜ ਮੇਲਾ, ਮੁਕਤਸਰ ਦਾ ਮਾਘੀ ਮੇਲਾ, ਤਰਨਤਾਰਨ ਦੀ

---

39 ਹਰਬੰਸ ਸਿੰਘ ,*ਸਾਡਾ ਵਿਰਸਾ*, ਨਵਯੁਗ ਪਬਲਿਸ਼ਰਜ਼ ਦਿਲੀ, 1997, ਪੰ. 191.

ਮੱਸਿਆ, ਉਨ੍ਹਾਂ ਧਾਰਮਕ ਸਟੇਜਾਂ ਤੋਂ ਸਿੱਖ ਸੰਗਤਾਂ ਨੂੰ ਗਦਰ ਦਾ ਸੁਨੇਹਾ ਦੇਣ ਦਾ ਅਵਸਰ ਨਹੀਂ ਖੁੰਝਾਇਆ।"[40]

**1919 ਦੀ ਵਿਸਾਖੀ:** ਭਾਰਤ ਵਿੱਚ ਹਰਿਮੰਦਰ ਸਾਹਿਬ ਦੇ ਨਜ਼ਦੀਕ ਜਲਿਆਂਵਾਲਾ ਬਾਗ ਵਿੱਚ ਹੱਤਿਆ ਕਾਂਡ ਹੋਇਆ ਸੀ। ਪਤਵੰਤ ਸਿੰਘ ਅਨੁਸਾਰ:

> "13 ਅਪ੍ਰੈਲ ਦੀ ਵੈਸਾਖੀ ਦਾ ਦਿਨ ਸੀ ਤੇ ਉਸ ਦਿਨ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਲਈ ਦਰਬਾਰ ਸਾਹਿਬ ਵਿਚ ਬਹੁਤ ਸਾਰੀ ਸੰਗਤ ਆਈ ਹੋਈ ਸੀ। ਉਥੋਂ ਮਗਰੋਂ ਕੁੱਝ ਲੋਕ ਭਾਸ਼ਣ ਸੁਣਨ ਲਈ ਜਲਿਆਂਵਾਲਾ ਬਾਗ ਵਿੱਚ ਚੱਲੇ ਗਏ। ਉਥੇ ਰੌਲਟ ਐਕਟ ਦਾ ਵਿਰੋਧ ਕਰਨ ਲਈ ਇੱਕ ਸਭਾ ਹੋ ਰਹੀ ਸੀ"[41],

ਇਸ ਵਿੱਚ ਮੌਜੂਦ ਭੀੜ ਉੱਤੇ ਜਨਰਲ ਰੇਜੀਨਾਲਡ ਡਾਇਰ ਨਾਮਕ ਇੱਕ ਅੰਗਰੇਜ਼ ਅਧਿਕਾਰੀ ਨੇ ਅਕਾਰਨ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਸੀ। ਜਨਰਲ ਡਾਇਰ ਨੇ ਕਿਸੇ ਵੱਡੀ ਬਗਾਵਤ ਨੂੰ ਭਾਂਪਦਿਆਂ ਸਭਾ ਅਤੇ ਜਲਸਿਆਂ ਉੱਤੇ ਤਿੰਨ ਦਿਨ ਪਹਿਲਾਂ ਰੋਕ ਲਗਾ ਦਿੱਤਾ ਸੀ। ਇਹ ਬਾਗ ਦੋ ਸੌ ਗਜ਼ ਲੰਮਾ ਅਤੇ ਇੱਕ ਸੌ ਗਜ਼ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ। ਸਾਰਾ ਬਾਗ ਖਚਾ-ਖਚ ਭਰਿਆ ਹੋਇਆ ਸੀ। ਇਸ ਸਮੇਂ ਜਨਰਲ ਡਾਇਰ ਨੇ 50 ਗੋਰਖਾ ਸੈਨਿਕਾਂ ਨੂੰ ਲੈ ਕੇ ਜਲ੍ਹਿਆਂਵਾਲਾ ਬਾਗ਼ ਨੂੰ ਘੇਰ ਲਿਆ ਅਤੇ ਮਸ਼ੀਨਗੰਨਾਂ ਨਾਲ ਅੰਧਾ-ਧੁੰਦ ਗੋਲੀਬਾਰੀ ਸ਼ੁਰੂ ਕਰ ਦਿੱਤੀ। ਬਾਗ ਵਿੱਚ ਲੱਗੀ ਫੱਟੀ ਉੱਤੇ ਲਿਖਿਆ ਹੈ ਕਿ 120 ਲਾਸ਼ਾਂ ਤਾਂ ਸਿਰਫ ਖੂਹ ਵਿੱਚੋਂ ਹੀ ਮਿਲੀਆਂ, ਜਦੋਂ ਕਿ ਪੰਡਤ ਮਦਨ ਮੋਹਨ ਮਾਲਵੀਆ ਦੇ ਅਨੁਸਾਰ ਘੱਟ ਤੋਂ ਘੱਟ 1300 ਲੋਕ ਮਾਰੇ ਗਏ। ਅੰਮ੍ਰਿਤਸਰ ਦੇ ਤਤਕਾਲੀਨ ਸਿਵਲ ਸਰਜਨ ਡਾਕਟਰ ਸਮਿੱਥ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1800 ਤੋਂ ਜ਼ਿਆਦਾ ਸੀ।

---

40 ਅਜਮੇਰ ਸਿੰਘ, *ਗਦਰੀ ਬਾਬੇ ਕੌਣ ਸਨ?,* ਸਿੰਘ ਬ੍ਰਦਰਜ ਅੰਮ੍ਰਿਤਸਰ, 2013, ਪੰ. 207.

41 ਪਤਵੰਤ ਸਿੰਘ*, ਦੀ ਸਿੱਖਸ,* ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2009, ਪੰ. 191.

**ਨਨਕਾਣਾ ਸਾਹਿਬ**: ਕੱਤਕ ਦੀ ਪੂਰਨਮਾਸ਼ੀ ਨੂੰ ਗੁਰਪੁਰਬ ਮਨਾਉਣਾ 1925 ਈ: ਵਿਚ ਆਰੰਭ ਹੋਇਆ। ਜਦੋਂ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਵਿੱਚਲੀ ਭਾਈਚਾਰਕ ਸਾਂਝ ਦੀ ਪ੍ਰਪੱਕਤਾ ਅਤੇ ਮਰਯਾਦਾ ਦੀ ਇੱਕਸੁਰਤਾ ਲਈ ਸਲਾਨਾ ਜੋੜ ਮੇਲਾ ਕਰਨ ਦਾ ਇਰਾਦਾ ਬਣਾਇਆ ਸੀ ਤਾਂ ਉਨ੍ਹਾਂ ਨੇ ਵੈਸਾਖੀ ਦਾ ਦਿਨ ਹੀ ਨੀਯਤ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖੀ ਦੇ ਪ੍ਰਚਾਰ, ਕੌਮੀ ਪਹਿਚਾਣ ਤੇ ਸੁਰਖਿਆ ਦੇ ਦ੍ਰਿਸ਼ਟੀਕੋਣ ਤੋਂ ਖ਼ਾਲਸਾ ਜਥੇਬੰਦੀ ਕਾਇਮ ਕਰਨ ਦਾ ਇਰਾਦਾ ਬਣਾਇਆ ਤਾਂ ਉਨ੍ਹਾਂ ਨੇ ਵੀ ਸੰਨ 1699 ਨੂੰ ਵੈਸਾਖੀ ਦਾ ਦਿਹਾੜਾ ਹੀ ਚੁਣਿਆ ਸੀ। ਦਸਮ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਉਪਰੰਤ ਵੀ ਖ਼ਾਲਸਾ ਪੰਥ ਆਪਣੇ ਵਿਸ਼ੇਸ਼ ਕੌਮੀ ਇਕੱਠ ਵੈਸਾਖੀ ਨੂੰ ਹੀ ਬਲਾਉਂਦਾ ਰਿਹਾ ਹੈ। ਕਿਉਂਕਿ ਗੁਰੂ ਸਾਹਿਬਾਨ ਅਤੇ ਅਠਾਰਵੀਂ ਸਦੀ ਦੇ ਪੰਥਕ ਆਗੂ ਜਾਣਦੇ ਸਨ ਕਿ ਵੈਸਾਖੀ ਸਿੱਖੀ ਦੇ ਮੋਢੀ ਗੁਰੂ ਦਾ ਪ੍ਰਕਾਸ਼ ਦਿਹਾੜਾ ਹੈ, ਜਿਹੜੇ ਅਕਾਲ ਪੁਰਖ ਦੇ ਹੁਕਮ ਵਿੱਚ ਧੁਰ ਤੋਂ ਹੀ ਗੁਰੂ ਸਥਾਪਿਤ ਹੋਏ ਸਨ। ਮਿਸਟਰ ਮੈਕਾਲਿਫ਼ ਤਾਂ ਦਸਦੇ ਹਨ ਕਿ ਕੱਤਕ ਦੀ ਪੂਰਨਮਾਸ਼ੀ ਨੂੰ ਰਾਮ ਤੀਰਥ (ਅੰਮ੍ਰਿਤਸਰ) ਦਾ ਮੇਲਾ ਹੋਣ ਕਰਕੇ ਸਾਰੇ ਸਿੱਖ ਓਧਰ ਚਲੇ ਜਾਂਦੇ ਸਨ। ਸਿੱਖਾਂ ਨੇ ਕੱਤਕ ਦੀ ਪੂਰਨਮਾਸ਼ੀ ਨੂੰ ਆਦਿ ਸਤਿਗੁਰੂ ਜੀ ਦੇ ਪਰਗਟ ਹੋਣ ਦਾ ਗੁਰਪੁਰਬ ਮਨਾਉਣਾ ਆਰੰਭ ਕਰ ਦਿੱਤਾ। ਗਿਆਨੀ ਗਿਆਨ ਸਿੰਘ ਜੀ ਦੀਆਂ ਲਿਖਤਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼' ਤੇ 'ਤਵਾਰੀਖ਼ ਗੁਰੂ-ਖ਼ਾਲਸਾ" ਨੇ ਵੀ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਉਭਾਰਿਆ। ਇਸ ਪ੍ਰਕਾਰ ਦੇ ਪ੍ਰਚਾਰ ਪ੍ਰਭਾਵ ਅਧੀਨ ਸਭ ਥਾਈਂ ਕੱਤਕ ਦੀ ਪੂਰਨਮਾਸ਼ੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਵਜੋਂ ਮਨਾਈ ਜਾਣ ਲੱਗੀ।

**ਸ਼ਤਾਬਦੀ ਪੁਰਬ**: ਸਿੱਖ ਪੰਥ ਵਿਚ ਸ਼ਤਾਬਦੀ ਪੁਰਬ ਮਨਾਉਣ ਦਾ ਉਪਰਾਲਾ ਮੁੱਖ ਰੂਪ ਵਿਚ ਆਜ਼ਾਦ ਭਾਰਤ ਵਿਚ ਆਰੰਭ ਹੋਇਆ। 1966 ਈ: ਵਿਚ ਗੁਰੂ ਗੋਬਿੰਦ ਸਿੰਘ ਦੀ ਜਨਮ ਸ਼ਤਾਬਦੀ ਮਨਾਈ ਗਈ। 1969 ਨੂੰ ਗੁਰੂ ਨਾਨਕ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ, ਜਿਸ ਨੂੰ ਸਮਰਪਿਤ ਸਿੱਖ ਪੰਥ ਨੇ ਕਈ ਵਿਦਿਅਕ ਅਦਾਰੇ ਸਥਾਪਤ ਕੀਤੇ। ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਸ਼ਤਾਬਦੀ ਪੁਰਬ 1975 ਈ: ਨੂੰ ਮਨਾਇਆ ਗਿਆ। ਵਿਸ਼ੇਸ਼ ਸਮਾਗਮ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਕੀਤਾ ਗਿਆ, ਜਿਸ ਵਿਚ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ

ਗਾਂਧੀ ਸ਼ਾਮਲ ਹੋਈ ਸੀ। ਖਾਲਸਾ ਪੰਥ ਦੀ ਸਿਰਜਨਾ ਸ਼ਤਾਬਦੀ ਅਪ੍ਰੈਲ 1999 ਈ: ਸੰਸਾਰ ਪੱਧਰ 'ਤੇ ਆਨੰਦਪੁਰ ਸਾਹਿਬ ਵਿਚ ਮਨਾਈ ਗਈ, ਜਿਸ ਵਿਚ ਵੱਡੀ ਪਧੱਰ ਤੇ ਧਰਮ ਪ੍ਰਚਾਰ ਅਤੇ ਪ੍ਰਸਾਰ ਦੇ ਕਾਰਜ ਕੀਤੇ ਗਏ ਸਨ। ਤਤਕਾਲੀ ਡੀ.ਸੀ.ਕੁਲਬੀਰ ਸਿੰਘ ਨੇ ਇਕ ਵਿਸ਼ੇਸ਼ ਮੁਲਾਕਾਤ ਵਿਚ ਦਸਿਆ ਕਿ:

> " ਖਾਲਸਾ ਪੰਥ ਤਿੰਨ ਸੌ ਸਾਲ ਦਾ ਪੰਧ ਤਹਿ ਕਰਕੇ ਨਾ ਸਿਰਫ ਇੱਕਵੀਂ ਸਦੀ ਵਿਚ ਦਾਖਲ ਹੋ ਰਿਹਾ ਹੈ, ਬਲਕਿ ਸਮੁੱਚੇ ਮਨੁੱਖੀ ਭਾਈਚਾਰੇ ਦੇ ਨਾਲ ਉਹ ਇਕ ਨਵੇਂ ਮਿਲੈਨੀਅਮ ਦੀ ਵੀ ਸ਼ਰੂਆਤ ਕਰ ਰਿਹਾ ਹੈ। ਬੀਤੀਆਂ ਤਿੰਨ ਸਦੀਆਂ ਵਿਚ ਖਾਲਸਾ ਪੰਥ ਨੇ ਬਥੇਰੇ ਹੁਨਾਲ-ਸਿਆਲ ਆਪਣੇ ਪਿੰਡੇ ਤੇ ਹੰਢਾਏ ਹਨ। ਕੁੱਪਰਹੀੜੇ ਵਿਚ ਪੰਜਾਹ ਹਜ਼ਾਰ ਸਿੱਖਾਂ ਦੀ ਕੁਰਬਾਨੀ ਲੈਣ ਵਾਲਾ ਮੈਦਾਨ, ਇਤਿਹਾਸ ਦੀਆਂ ਸ਼ਾਨਦਾਰ ਗਵਾਹੀਆਂ ਹਨ। ਪੰਜਾਬ ਸਰਕਾਰ ਨੇ ਸ਼ਤਾਬਦੀ ਪੁਰਬ ਮਨਾਉਂਦਿਆਂ ਵੱਡੇ ਘੱਲੂਘਾਰੇ ਦੀ ਯਾਦਗਾਰ ਸਥਾਪਤ ਕੀਤੀ।"[42]

ਇਹਨਾਂ ਕੁਰਬਾਨੀਆਂ ਦੀ ਬਦੌਲਤ ਹੀ ਖਾਲਸਾ ਜਮਨਾ ਤੋਂ ਜਮਰੌਦ ਤੱਕ ਦੇ ਵਿਸ਼ਾਲ ਰਾਜ ਦਾ ਸਵਾਮੀ ਬਣਿਆ ਸੀ। ਮੁਕਤਸਰ ਵਿਚ ਚਾਲੀ ਮੁਕਤਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਸ਼ਤਾਬਦੀਆਂ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਵਿਖੇ ਮਨਾਈਆਂ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਸਥਾਪਨਾ ਪੁਰਬ ਦੀਆਂ ਸ਼ਤਾਬਦੀਆਂ ਬਹੁਤ ਸ਼ਾਨੋ-ਸ਼ੌਕਤ ਨਾਲ ਮਨਾਈਆਂ ਗਈਆਂ ਹਨ। ਬਿਹਾਰ ਸਰਕਾਰ ਦੀ ਸਰਪ੍ਰਸਤੀ ਵਿਚ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਪਟਨਾ ਵਿਖੇ ਅੰਤਰ ਰਾਸ਼ਟਰੀ ਪੱਧਰ 'ਤੇ ਮਨਾਇਆ ਗਿਆ, ਇਸ ਬਾਰੇ ਤਰਲੋਚਨ ਸਿੰਘ ਸਾਬਕਾ ਮੈਬਰ ਲੋਕ ਸਭਾ ਨੇ ਇਕ ਵਿਸ਼ੇਸ਼ ਵਾਰਤਾਲਾਪ ਵਿਚ ਸਾਨੂੰ ਦਿੱਲੀ ਵਿਚ ਜਾਣਕਾਰੀ ਦਿਤੀ ਕਿ:

---

42 *ਮੁਲਾਕਾਤ*, ਕੁਲਬੀਰ ਸਿੰਘ ਸਿਧੂ, ਸਾਬਕਾ ਡਿਪਟੀ ਕਮਿਸ਼ਨਰ, ਜਿਲ੍ਹਾ ਰੂਪਨਗਰ, ਮਾਰਚ 2014.

ਇਸ ਪੁਰਬ ਵਿਚ ਵਿਚ ਸੰਸਾਰ ਭਰ ਤੋਂ ਸਿੱਖ ਸੰਗਤ ਲੱਖਾਂ ਦੀ ਗਿਣਤੀ ਵਿਚ ਸ਼ਾਮਲ ਹੋਈ। ਇਸ ਪੁਰਬ ਵਾਸਤੇ ਪੰਜਾਬ ਸਮੇਤ ਵੱਖ ਵੱਖ ਪ੍ਰਾਂਤਾਂ ਤੋਂ ਭਾਰਤੀ ਰੇਲਵੇ ਵਿਭਾਗ ਨੇ ਯਾਤਰੀਆਂ ਲਈ ਵਿਸ਼ੇਸ਼ ਰੇਲ ਗੱਡੀਆਂ ਦਾ ਪ੍ਰਬੰਧ ਕੀਤਾ। ਵਿਦੇਸ਼ਾਂ ਦੀ ਸੰਗਤ ਵਾਸਤੇ ਹਵਾਈ ਵਿਭਾਗ ਨੇ ਵਿਸ਼ੇਸ਼ ਹਵਾਈ ਉਡਾਣਾਂ ਨਿਸ਼ਚਤ ਕੀਤੀਆਂ।[43]

ਇਸ ਸੇਵਾ ਦੇ ਕਾਰਜ ਵਾਸਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸਿੱਖ ਜਗਤ ਵਲੋਂ ਭਰਪੂਰ ਪ੍ਰਸੰਸਾ ਕੀਤੀ ਗਈ।

ਉਪਰੋਕਤ ਸ਼ਤਾਬਦੀਆਂ ਦੀ ਪ੍ਰਕ੍ਰਿਤੀ ਅਤੇ ਸਰੂਪ ਲਗ-ਭਗ ਮਿਲਦੇ ਜੁਲਦੇ ਹਨ।ਹਰ ਸ਼ਤਾਬਦੀ ਤੋਂ ਪਹਿਲਾਂ ਵੱਖ - ਵੱਖ ਨਗਰਾਂ ਤੋਂ ਵੱਡੇ - ਵੱਡੇ ਚੇਤਨਾ ਮਾਰਚ, ਸ੍ਰੀ ਗੁਰੂ ਗ੍ਰੰਥ ਜੀ ਦੀ ਅਗਵਾਈ ਵਿਚ ਆਯੋਜਿਤ ਕੀਤੇ ਜਾਂਦੇ ਹਨ। ਰਸਤੇ ਵਿਚ ਆਉਣ ਵਾਲੇ ਨਗਰਾਂ ਦੀਆਂ ਸੰਗਤਾਂ ਵਲੋਂ ਸਵਾਗਤ ਕੀਤਾ ਜਾਂਦਾ ਹੈ। ਇਸ ਮਾਰਚ ਵਿਚ ਗੱਡੀਆਂ ਦੇ ਵੱਡੇ ਕਾਫਲੇ ਹੁੰਦੇ ਹਨ। ਉਹਨਾਂ ਦੇ ਲੰਗਰ ਪਾਣੀ ਦੇ ਪ੍ਰਬੰਧ ਗੁਰਦੁਆਰਾ ਕਮੇਟੀਆਂ ਅਤੇ ਸਮਾਜ ਸੇਵੀ ਸਭਾਵਾਂ ਕਰਦੀਆਂ ਹਨ। ਕੁਲਬੀਰ ਸਿੰਘ ਅਨੁਸਾਰ "300 ਸਾਲਾ ਖਾਲਸਾ ਸਿਰਜਣਾ ਸਮਾਰੋਹਾਂ ਸਮੇਂ ਮੈਨੂੰ ਬਤੌਰ ਡਿਪਟੀ ਕਮਿਸ਼ਨਰ, ਰੂਪਨਗਰ ਹੋਣ ਵਜੋਂ ਜਦੋਂ ਸੇਵਾ ਦਾ ਮੌਕਾ ਮਿਲਿਆ ਤੇ ਉਦੋਂ ਦਸ਼ਮੇਸ ਪਿਤਾ ਜੀ ਦੇ ਆਸ਼ੀਰਵਾਦੀ ਮੰਡਲ ਵਿਚੋਂ  ਮੈਨੂੰ ਸੰਗਤਾਂ ਦੀ ਸੇਵਾ ਹਿਤ ਕੰਮ ਕਰਦੇ ਹੋਏ ਆਤਮਕ ਸਕੂਨ ਮਿਲਿਆ।"[44] ਉੱਚ ਕੋਟੀ ਦੇ ਸਿੱਖਾਂ ਨੂੰ ਨਿਸ਼ਾਨ-ਏ-ਖਾਲਸਾ ਐਵਾਰਡ ਨਾਲ ਮੁੱਖ ਮੰਤਰੀ ਪੰਜਾਬ ਵੱਲੋਂ ਸਨਮਾਨਿਤ ਕੀਤਾ ਗਿਆ। ਦੋ ਸਾਲ ਪਿੱਛੋਂ ਅੰਮ੍ਰਿਤਸਰ ਸਾਹਿਬ ਵਿਖੇ ਸੰਨ 2001 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਤਾਜ਼ਪੋਸ਼ੀ ਦਾ 200 ਸਾਲਾ ਜਸ਼ਨ ਮਨਾਇਆ ਗਿਆ। ਇਸ ਪੁਰਬ ਵਿਚ ਭਾਰਤੀ ਫ਼ੌਜ ਅਤੇ ਰੱਖਿਆ ਮੰਤਰੀ ਨੇ ਸਲਾਮੀ ਦਿੱਤੀ। ਬੜਾ ਹੀ ਸ਼ਾਨਦਾਰ ਨਜ਼ਾਰਾ ਸੀ। ਉਸ ਪਿੱਛੋਂ ਸ੍ਰੀ ਗੁਰੂ

---

43 *ਮੁਲਾਕਾਤ* , ਤਰਲੋਚਨ ਸਿੰਘ, ਸਾਬਕਾ ਮੈਂਬਰ ਲੋਕ ਸਭਾ, ਜਨਵਰੀ 2017.

44 ਕੁਲਬੀਰ ਸਿੰਘ, *ਮਾਨਵਤਾ ਦਾ ਪ੍ਰਣਾਮ ਸਰਬੰਸਦਾਨੀ ਦੇ ਨਾਮ,* ਕੁਲਬੀਰ ਸਿੰਘ, ਮੋਹਾਲੀ, 2008. 2007, ਪੰ. 5-6.

ਗ੍ਰੰਥ ਸਾਹਿਬ ਜੀ ਦਾ 400 ਸਾਲਾ ਸਥਾਪਨਾ ਦਿਵਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਨ 2004 ਈ: ਵਿਚ ਮਨਾਇਆ ਗਿਆ। ਡਾ: ਮਨਮੋਹਨ ਸਿੰਘ ਪ੍ਰਧਾਨ ਮੰਤਰੀ ਆਪ ਆਏ। ਲੱਖਾਂ ਲੋਕਾਂ ਨਾਲ ਪੰਡਾਲ ਭਰਿਆ ਹੋਇਆ ਸੀ। ਸੰਨ 2007 ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਇਕ ਅਦੁੱਤੀ ਸਮਾਗਮ ਹੋਇਆ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਸੌਂਪਣ ਦਾ ਦਿਵਸ ਮਨਾਇਆ ਗਿਆ। ਸਨ। ਗੁਰੂ ਅੰਗਦ ਦੇਵ ਜੀ ਦੀ 400 ਸਾਲਾ (ਜਨਮ ਸ਼ਤਾਬਦੀ) ਗੁਰਪੁਰਬ 18 ਅਪ੍ਰੈਲ 2004 ਨੂੰ ਖਡੂਰ ਸਾਹਿਬ ਮਨਾਈ ਗਈ ਸੀ।

# ਅਧਿਆਇ-2

# ਸਿੱਖ ਪੁਰਬਾਂ ਦੇ ਸਥਾਨ ਅਤੇ ਇਹਨਾਂ ਦਾ ਮਹੱਤਵ

ਇਸ ਅਧਿਆਇ ਵਿਚ ਸਿੱਖ ਪੁਰਬਾਂ ਦੇ ਪਵਿੱਤਰ ਸਥਾਨਾਂ ਦੇ ਮਹੱਤਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਪੁਰਬ ਲਈ ਸਥਾਨ ਇਸ ਕਰਕੇ ਮੱਹਤਵਪੂਰਨ ਹੁੰਦਾ ਹੈ ਕਿਉਂਕਿ ਪੁਰਬ ਇਕ ਪਵਿੱਤਰ ਜਗ੍ਹਾ 'ਤੇ ਹੁੰਦਾ ਹੈ। ਦਰਅਸਲ, ਸਥਾਨ ਦੀ ਪਵਿੱਤਰਤਾ ਸ਼ਰਧਾਲੂਆਂ ਦੇ ਮਨਾਂ ਵਿਚ ਆਕਰਸ਼ਣ ਪੈਦਾ ਕਰਦੀ ਹੈ ਅਤੇ ਪਵਿੱਤਰ ਸਥਾਨ ਨਾਲ ਸ਼ਰਧਾਲੂਆਂ ਦੇ ਜਜ਼ਬਾਤ ਅਤੇ ਵਿਸ਼ਵਾਸ਼ ਜੁੜੇ ਹੁੰਦੇ ਹਨ। ਪ੍ਰਸਿਧ ਧਰਮ ਸ਼ਾਸਤਰੀ ਇਲਾਡੇ ਅਨੁਸਾਰ;

> "ਧਾਰਮਿਕ ਸਥਾਨਾਂ ਅਤੇ ਯਾਦਗਾਰਾਂ ਨੂੰ ਸੰਸਾਰ ਦਾ ਕੇਂਦਰ ਇਸ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਇਹ ਪਵਿੱਰਤਾ ਦੇ ਕੇਂਦਰ ਹੁੰਦੇ ਹਨ। ਪਵਿੱਤਰਤਾ ਦੇ ਕੇਂਦਰ ਵਜੋਂ ਧਾਰਮਕ ਵਿਸ਼ਵਾਸ਼ਾਂ ਨੂੰ ਦ੍ਰਿੜ ਕਰਵਾਉਂਦੇ ਅਤੇ ਪਵਿੱਤਰ ਯਾਦਾਂ ਨੂੰ ਤਾਜਾ ਰੱਖਦੇ ਹਨ। ਇਹਨਾਂ ਦੇ ਵਿਸ਼ਵਾਸ਼ ਰਾਹੀਂ ਲੋਕ ਸਰੱਖਿਅਤ ਮਹਿਸੂਸ ਕਰਦੇ ਹਨ ਕਿ ਪਵਿੱਤਰਤਾ ਉਹਨਾਂ ਦੇ ਸੰਸਾਰ ਦੇ ਕੇਂਦਰ ਵਿਚ ਸਥਿਤ ਹੈ। ਪਵਿੱਤਰਤਾ ਦੀ ਇਸ ਭਾਵਨਾ ਨਾਲ ਬ੍ਰਹਿਮੰਡੀ ਮੰਦਰਾਂ (ਧਾਰਮਿਕ ਸਥਾਨਾ) ਦੇ ਪਹਾੜਾਂ ਖਾਸ ਕਰਕੇ ਧਰਤੀ ਅਤੇ ਸਵਰਗ ਵਿਚ ਕਿਰਿਆਤਮਕ ਸੰਬੰਧ ਆਤਮਸਾਤ ਕੀਤੇ ਜਾਂਦੇ ਹਨ। ਬੇਬੀਲੋਨੀਅਨ ਦੀਆਂ ਯਾਦਗਾਰਾਂ ਆਪਣੀ ਗੁਵਾਹੀ ਖੁਦ ਦਿੰਦੀਆਂ ਹਨ। ਇਹਨਾਂ ਨੂੰ ਪਹਾੜਾਂ ਦਾ ਘਰ, ਸਭ ਧਰਤੀਆਂ ਦੇ ਪਹਾੜਾਂ ਦਾ ਘਰ, ਝੱਖੜਾਂ ਦੇ ਪਹਾੜਾਂ ਦਾ ਘਰ, ਧਰਤੀ ਅਤੇ ਸਵਰਗ ਦੇ ਵਿਚੋਲੇ ਆਦਿ ਕਿਹਾ ਜਾਂਦਾ ਹੈ। ਇਸ ਸੰਬੰਧ ਵਿਚ ਇਲਾਡੇ ਦੀ ਧਾਰਨਾ ਹੈ ਕਿ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਧਾਰਮਕ ਮਨੁੱਖ ਜਿੰਨਾਂ ਸੰਭਵ ਹੋ ਸਕੇ ਸੰਸਾਰ ਦੇ ਕੇਂਦਰ ਨੇੜੇ ਰਹਿਣਾ ਪਸੰਦ ਕਰਦਾ ਹੈ। ਉਹ ਜਾਣਦਾ ਹੈ ਕਿ ਉਸਦਾ ਦੇਸ਼, ਧਰਤੀ ਦੇ ਵਿਚਕਾਰਲੇ ਬਿੰਦੂ 'ਤੇ ਸਥਿਤ ਹੈ। ਉਹ ਇਹ ਵੀ ਜਾਣਦਾ ਹੈ ਕਿ ਉਸਦਾ ਸ਼ਾਹਿਰ ਵਿਸ਼ਵ ਦਾ ਕੇਂਦਰੀ ਧੁਰਾ ਹੈ"।[1]

---

1 ਮਰਸੀ ਇਲਾਡੇ, ਪਵਿੱਤਰਤਾ ਦਾ ਵਿਖਿਆ- ਸ਼ਾਸ਼ਤਰ, *ਧਰਮ ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ* ,ਪੰ,151.

ਇਸ ਖੋਜ ਵਿਚ ਅਧਿਐਨ ਲਈ ਚੁਣੇ ਪੰਜ ਪੁਰਬਾਂ ਦੇ ਸਥਾਨਾਂ ਦਾ ਇਤਿਹਾਸਕ ਅਤੇ ਅਧਿਆਤਮਿਕ ਮਹੱਤਵ ਹੈ। ਸਿੱਖ ਪੰਥ ਵਿਚ ਅੰਮ੍ਰਿਤਸਰ ਦੀ ਦੀਵਾਲੀ ਦਾ ਵਿਸ਼ੇਸ਼ ਸਥਾਨ ਹੈ। ਅੰਮ੍ਰਿਤਸਰ ਸ਼ਹਿਰ ਗੁਰੂ ਸਹਿਬ ਨੇ ਖੁਦ ਵਸਾਇਆ। ਇਸ ਨਗਰ ਸਿੱਖ ਜਗਤ ਲਈ ਕੇਂਦਰੀ ਤੀਰਥ ਦਾ ਰੁਤਬਾ ਰੱਖਦਾ ਹੈ। ਅਨੰਦਪੁਰ ਸਾਹਿਬ ਖਾਲਸਾ ਪੰਥ ਦੀ ਜਨਮ ਭੂੰਮੀ ਹੈ,ਜਿਥੇ ਖਾਲਸਾ ਪੰਥ ਦੀ ਸਿਰਜਨਾ ਹੋਈ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚੜ੍ਹਦੀ ਕਲਾ ਦਾ ਪ੍ਰਤੀਕ ਹੋਲੇ ਮੱਹਲੇ ਦਾ ਪੁਰਬ ਮਨਾਉਣ ਦੀ ਪ੍ਰਥਾ ਆਰੰਭ ਕੀਤੀ ਗਈ। ਇਹ ਪੁਰਬ ਸਿੱਖ-ਪੰਥ ਲਈ ਕੌਮੀ ਪੱਧਰ 'ਤੇ ਮੱਹਤਤਾ ਰੱਖਦਾ ਹੈ। ਗੁਰੂ ਅਤੇ ਸਿੱਖਾਂ ਦੇ ਆਪਸੀ ਰਿਸਤਿਆਂ ਨੂੰ ਬਿਆਨ ਕਰਦਾ ਖਿੱਤਰਾਣੇ ਦਾ ਧਰਮ-ਯੁੱਧ ਅਤੇ ਸਿੱਖ ਅਰਦਾਸ ਵਿਚ ਸ਼ਾਮਿਲ ਚਾਲੀ ਮੁਕਤਿਆਂ ਦੀ ਪਵਿੱਤਰ ਧਰਤੀ ਮੁਕਤਸਰ ਸਾਹਿਬ ਵਿਖੇ ਮਾਘੀ ਦੇ ਪੁਰਬ ਦੀ ਸਿੱਖ ਸਮਾਜ ਵਿਚ ਧਾਰਮਿਕ ਮਹੱਤਤਾ ਹੈ। ਗੁਰੂ ਕੀ ਕਾਸ਼ੀ ਦਾ ਰੁਤਬਾ ਰੱਖਣ ਵਾਲੇ ਨਗਰ ਤਲਵੰਡੀ ਸਾਬੋ ਦਮਦਮਾ ਸਾਹਿਬ ਦੇ ਵਿਸਾਖੀ ਦੇ ਪੁਰਬ ਨਾਲ ਸਬੰਧਿਤ ਵਿਸਾਖੀ ਭਾਵੇਂ ਮੌਸਮੀ ਮੇਲਾ ਮੰਨਿਆ ਜਾਂਦਾ ਹੈ। ਪਰੰਤੂ ਖਾਲਸੇ ਦੀ ਸਿਰਜਨਾ ਤੋਂ ਪਿਛੋਂ ਵਿਸਾਖੀ ਦਾ ਪੁਰਬ ਸਿੱਖ ਪਛਾਣ ਵਿਸ਼ੇਸ਼ ਕਰਕੇ ਸਿੱਖਾਂ ਦੇ ਇਕ ਜਗ੍ਹਾ ਇੱਕਤਰ ਹੋਣ ਦਾ ਆਧਾਰ ਬਣਿਆ ਹੈ। ਮਰਸੀ ਇਲਾਡੇ ਦੀ ਧਾਰਨਾ ਹੈ ਕਿ ਕਿ ਪਵਿੱਤਰਤਾ ਨੂੰ ਸ਼ਬਦਾਂ ਰਾਹੀਂ ਬਿਆਨ ਕਰਨਾ ਅਤਿ ਕਠਿਨ ਹੈ ਕਿਉਕਿ ਇਹ ਰਹੱਸਮਈ ਅਨੁਭਵ ਹੁੰਦਾ ਹੈ,ਇਸ ਨਾਲ ਜੁੜ ਕੇ ਜਾਂ ਇਸ ਵਿਚ ਸ਼ਾਮਲ ਹੋ ਕੇ ਇਸ ਨੂੰ ਸਮਝਿਆ ਜਾ ਸਕਦਾ ਹੈ। ਸਿੱਖ ਪੁਰਬਾਂ ਦੇ ਸਾਰੇ ਇਤਿਹਾਸਕ ਅਸਥਾਨ ਇਸ ਦ੍ਰਿਸ਼ਟੀ ਤੋਂ ਵਿਸ਼ੇਸ਼ ਮੱਹਤਵ ਰੱਖਦੇ ਹਨ। ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਫਤਿਹਗੜ੍ਹ ਵਿਖੇ ਮਨਾਏ ਜਾਂਦੇ ਸ਼ਹੀਦੀ ਪੁਰਬ ਲਈ ਇਥੇ ਸ਼ਹੀਦੀ ਸਭਾ ਜੁੜਦੀ ਹੈ। ਮਾਨਵਤਾ ਦੇ ਕਲਿਆਣ ਹਿਤ ਮਹਾਨ ਤੀਰਥ ਹੈ, ਜਿਥੇ ਸ਼ਹਾਦਤ ਸਿਧਾਂਤ ਵਿਆਖਿਆ ਕੀਤੀ ਗਈ। ਇਨ੍ਹਾਂ ਪਵਿੱਤਰ ਸਥਾਨਾਂ ਦਾ ਅਸੀਂ ਕਰਮਵਾਰ ਅਧਿਐਨ ਕੀਤਾ ਹੈ।

## ਦਿਵਾਲੀ ਦਾ ਪੁਰਬ ਸ੍ਰੀ ਅੰਮ੍ਰਿਤਸਰ

**ਨਗਰ ਦਾ ਪਿਛੋਕੜ**: ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਕੇਂਦਰੀ ਧਾਰਮਿਕ ਸਥਾਨ ਹੈ। ਅੰਮ੍ਰਿਤਸਰ ਸ਼ਹਿਰ ਦੀ ਨੀਂਹ 1577 ਵਿੱਚ ਗੁਰੂ ਰਾਮਦਾਸ ਜੀ ਨੇ ਪਵਿੱਤਰ

ਸਰੋਵਰ ਨੂੰ ਟੱਕ ਲਾ ਕੇ ਰਖੀ। ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਅਮਰਦਾਸ ਦੇ ਸਮੇਂ ਮੁਗਲ ਸਮਰਾਟ ਅਕਬਰ ਬਾਦਸ਼ਾਹ ਨੇ ਇਹ ਜ਼ਮੀਨ ਬੀਬੀ ਭਾਨੀ ਨੂੰ ਉਨ੍ਹਾਂ ਦੀ ਗੁਰੂ ਰਾਮਦਾਸ ਨਾਲ ਸ਼ਾਦੀ ਸਮੇਂ ਤੁਹਫੇ ਵਜੋਂ ਦਿਤੀ ਸੀ। ਜੋ ਇਸ ਸਰੋਵਰ ਆਲੇ ਦੁਆਲੇ ਨਗਰ ਵਸਿਆ ਉਸ ਦਾ ਸ਼ੁਰੂ ਵਿੱਚ ਨਾਂ ਰਾਮਦਾਸਪੁਰ, ਚੱਕ ਰਾਮਦਾਸ ਪਿਆ। ਗੁਰੂ ਗ੍ਰੰਥ ਵਿਸ਼ਵਕੋਸ਼ ਵਿਚ ਦਿਤੀ ਹੋਈ ਜਾਣਕਾਰੀ ਅਨੁਸਾਰ

> " ਸਿੱਖਾਂ ਲਈ ਇਸ ਨਗਰ ਦਾ ਉਤਨਾਂ ਹੀ ਮਹੱਤਵ ਹੈ ਜਿਤਨਾ ਮੁਸਲਮਾਨਾ ਲਈ ਮੱਕਾ, ਹਿੰਦੂ ਲਈ ਕਾਸ਼ੀ ਅਤੇ ਬੋਧੀਆਂ ਲਈ ਬੋਧ-ਗਯਾ। ਗੁਰੂ ਸਾਹਿਬਾਨ ਨੇ ਸੰਤੋਖਸਰ ਤੇ ਰਾਮਸਰ ਦੇ ਤਾਲ ਖੁਦਵਾਏ ਅਤੇ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਬਣਵਾਇਆ। ਇਸ ਦੀ ਨੀਹ ਪੱਥਰ ਰਖਣ ਦੀ ਘਟਨਾ-ਨਾਲ ਸਾਈਂ ਮੀਆਂ ਮੀਰ ਦਾ ਸੰਬੰਧ ਜੁੜਦਾ ਹੈ।" [2]

ਗੁਰੂ ਰਾਮਦਾਸ ਜੀ ਨੇ ਇਥੇ ਵੱਡੇ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ ਜਿਸ ਦੇ ਵਿਚਕਾਰ ਹਰਿਮੰਦਰ ਸਾਹਿਬ ਦਾ ਸੰਕਲਪ ਸੀ। ਇਸ ਸਥਾਨ ਬਾਰੇ ਲੋਕ ਵਿਸ਼ਵਾਸ਼ ਹੈ ਕਿ ਇਸ ਸਰੋਵਰ ਦਾ ਪਵਿੱਤਰ ਜਲ ਬਹੁਤ ਸਾਰੇ ਤਨ ਅਤੇ ਦੀਆਂ ਬਿਮਾਰੀਆਂ ਨੂੰ ਦੂਰ ਕਰਦਾ ਹੈ। ਪ੍ਰੋ.ਪੂਰਨ ਸਿੰਘ ਅਨੁਸਾਰ:

> "ਅੰਮ੍ਰਿਤਸਰ ਦਾ ਸ਼ਹਿਰ ਸਾਰੇ ਪ੍ਰਾਂਤ ਵਿਚ ਉਦਯੋਗ ਤੇ ਵਪਾਰ ਦਾ ਕੇਂਦਰ ਬਣ ਗਿਆ। ਸਾਰੇ ਆਲ ਦੁਆਲੇ ਦੇ ਪਿੰਡਾਂ ਨਾਲੋਂ ਇਸ ਦੀ ਭੂਮੀ ਤੇ ਜਲ ਵਾਯੂ ਏਨੀ ਭਿੰਨ ਤੇ ਉਪਜਾਊ ਹੈ ਕਿ ਇਥੇ ਕਸ਼ਮੀਰ ਦੀਆਂ ਨਾਸ਼ਪਤੀਆਂ ਕੋਇਟੇ ਦੇ ਆੜੂ ਤੇ ਅਰਧ-ਪਹਾੜੀ ਪ੍ਰਦੇਸਾਂ ਦੇ ਕਈ ਫਲ ਫੁਲ ਉਗਾਏ ਜਾ ਸਕਦੇ ਹਨ।"[3]

ਇਹ ਨਗਰ ਸੰਤਰਿਆਂ ਤੇ ਹੋਰ ਫਲਦਾਰ ਬੂਟਿਆਂ ਬਾਗਾਂ ਨਾਲ ਭਰਿਆ ਹੋਇਆ ਹੈ। ਇਸ ਨਗਰ ਦੀ ਫਲ ਮੰਡੀ ਦੇ ਫਲ ਦੇਸ਼ ਦੇ ਦੂਜਿਆਂ ਰਾਜਾਂ ਵਿਚ ਭੇਜੇ ਜਾਂਦੇ ਹਨ। ਗੁਰੁ ਰਾਮਦਾਸ ਜੀ ਨੇ

---

2 ਰਤਨ ਸਿੰਘ ਜੱਗੀ ,ਗੁਰੂ ਗ੍ਰੰਥ ਵਿਸ਼ਵਕੋਸ਼ ਭਾਗ ,ਯੂਨੀਵਰਸਿਟੀ ਪਟਿਆਲਾ ਪੰਜਾਬੀ ,ਪਹਿਲਾ.110 ਪੰ .2002 ,

3 ਪੂਰਨ ਸਿੰਘ, *ਦਸ ਗੁਰ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ 56.

ਅੰਮ੍ਰਿਤਸਰ ਸ਼ਾਹਿਰ ਨੂੰ ਪੂਰੀ ਵਿਉਂਤਬੰਦੀ ਨਾਲ ਵਿਕਸਿਤ ਕੀਤਾ ਸੀ। ਇਥੇ ਵੱਖ-ਵੱਖ ਕਿੱਤਿਆਂ ਅਤੇ ਵਪਾਰਾਂ ਨਾਲ ਜੁੜੇ ਲੋਕਾਂ ਨੂੰ ਵਸਾਇਆ ਗਿਆ ਅਤੇ ਗੁਰੂ ਕੇ ਬਾਜ਼ਾਰ ਦੀ ਉਸਾਰੀ ਕਰਵਾਈ।

> "ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਐਸੇ ਢੰਗ ਨਾਲ ਕਰਵਾਈ ਕਿ ਇਸ ਦੀਆਂ ਰਿਹਾਇਸ਼ੀ ਗਲੀਆਂ ਉਨ੍ਹਾਂ ਬਾਜ਼ਾਰਾਂ ਵਿਚ ਖੁੱਲ੍ਹਦੀਆਂ ਸਨ, ਜੋ ਸਿੱਧੇ ਦਰਬਾਰ ਸਾਹਿਬ ਪਹੁੰਚਦੇ ਸਨ। ਦਰਬਾਰ ਸਾਹਿਬ ਦੇ ਅਹਾਤੇ ਵਿਚ ਆਉਣ ਲਈ ਕਈ ਰਸਤੇ ਸਨ ਤਾਂ ਜੁ ਪਾਣੀ ਕਿਸੇ ਤੋਂ ਦੂਰ ਨਾ ਰਹੇ। ਸਿੱਖ ਮਿਸਲਾਂ ਦੇ ਰਾਜ ਵਿਚ ਬੂੰਗੇ ਅਤੇ ਕਟੜੇ ਉਸਾਰ ਕੇ ਇਸ ਨਗਰ ਦਾ ਵਿਕਾਸ ਕੀਤਾ ਗਿਆ।"[4]

ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰੂ ਪਿਤਾ ਦੇ ਆਦੇਸ਼ਾਂ ਅਨੁਸਾਰ ਹਰਿਮੰਦਰ ਸਾਹਿਬ ਜੀ ਦੇ ਕਾਰਜ ਸੰਪੂਰਨ ਕੀਤਾ। ਗੁਰਮਤਿ ਦੇ ਆਦਰਸ਼ ਦੀ ਪੂਰਤੀ ਹਿਤ ਗੁਰਬਾਣੀ ਦੇ ਸੰਗ੍ਰਹਿ ਨੂੰ ਸ਼ਬਦ ਗੁਰੂ ਦਾ ਨਾਂ ਦਿੱਤਾ ਅਤੇ ਇਸੇ ਨੂੰ ਪਿਛੋਂ ਸ੍ਰੀ ਗੁਰੂ ਗ੍ਰੰਥ ਜੀ ਦੀ ਪਦਵੀ ਬਖ਼ਸ਼ ਕੇ ਇਸ ਨੂੰ ਹਰਿਮੰਦਰ ਵਿਚ ਪ੍ਰਕਾਸ਼ ਕਰ ਦਿਤਾ। ਇਹ ਮਨੁੱਖਤਾ ਲਈ ਪਵਿੱਤਰ ਤੀਰਥ ਅਸਥਾਨ ਬਣ ਗਿਆ।

18ਵੀਂ ਸਦੀ ਵਿੱਚ ਕਈ ਉਤਾਰ ਚੜਾਉ ਸ਼ਹਿਰ ਵਿੱਚ ਹੋਏ । 1765 ਵਿੱਚ ਮਿਸਲਾਂ ਦੀ ਸਰਦਾਰੀ ਕਾਇਮ ਹੋਣ ਉਪਰੰਤ ਕਈ ਮਿਸਲ ਸਰਦਾਰਾਂ ਨੇ ਅੰਮ੍ਰਿਤਸਰ ਦਾ ਪ੍ਰਬੰਧ ਸੰਭਾਲਿਆ । ਵੱਖ ਵੱਖ ਸਰਦਾਰਾਂ ਨੇ ਪਵਿੱਤਰ ਸਰੋਵਰ ਦੇ ਆਲੇ ਦੁਆਲੇ ਆਪਣੇ ਬੁੰਗੇ ਕਾਇਮ ਕੀਤੇ ਅਤੇ ਬਾਹਰਵਾਰ ਕਟੜੇ ਯਾ ਹਲਕੇ ਕਾਇਮ ਕੀਤੇ ਜੋਕਿ ਵਪਾਰੀਆਂ ਤੇ ਦਸਤਕਾਰਾਂ ਦੀ ਤਰੱਕੀ ਤੇ ਵਾਧੇ ਲਈ ਸਨ । ਅਹਿਮ ਫ਼ੈਸਲੇ ਲੈਣ ਲਈ ਅੰਮ੍ਰਿਤਸਰ ਵਿੱਚ ਸਰਬੱਤ ਖਾਲਸਾ ਦੀਵਾਨ ਕੀਤੇ ਜਾਂਦੇ ਸਨ। ਇਸ ਤਰਾਂ ਇਹ ਸ਼ਹਿਰ ਖਾਲਸੇ ਦੀ ਰਾਜਧਾਨੀ ਦੇ ਰੂਪ ਵਿੱਚ ਸਾਹਮਣੇ ਆਇਆ । 18ਵੀਂ ਸਦੀ ਦੇ ਅੰਤ ਤਕ ਅੰਮ੍ਰਿਤਸਰ ਪੰਜਾਬ ਦਾ ਇੱਕ ਉੱਘਾ ਵਪਾਰਕ ਕੇਂਦਰ ਬਣ ਚੁੱਕਾ ਸੀ । 1820 ਅੰਮ੍ਰਿਤਸਰ ਰਣਜੀਤ ਸਿੰਘ ਦੇ ਪ੍ਰਬੰਧ ਹੇਠ ਆ ਗਿਆ। ਉਸ ਦੇ ਸਮੇਂ ਕਿਲਾ ਗੋਬਿੰਦ ਗੜ੍ਹ

---

4 ਸੁਰਜੀਤ ਸਿੰਘ ਭਾਟੀਆ, *ਨਿਰਭਉ ਤੇ ਨਿਰਵੈਰ ਸਮਾਜ*, ਗੁਰੂ ਨਾਨਕ ਫਾਉਂਡੇਸ਼ਨ, ਦਿਲੀ, 1985, ਪੰ.100.

ਬਣਵਾਇਆ ਗਿਆ, ਰਾਮ ਬਾਗ਼ ਲਵਾਇਆ। ਵਰਤਮਾਨ ਸਮੇਂ ਵਿਚ ਇਹ ਨਗਰ ਅੰਤਰ –ਰਾਸ਼ਟਰੀ ਪੱਧਰ ਤੇ ਪ੍ਰਸਿੱਧ ਹੋ ਗਿਆ ਹੈ, ਜੋ ਭਾਰਤ ਦਾ ਦਰਵਾਜ਼ਾ ਮੰਨਿਆ ਜਾ ਸਕਦਾ ਹੈ। ਵਿਸ਼ਵ ਭਰ ਵਿਚ ਵਸਦੇ ਸਿੱਖ ਨਿਤਨੇਮ ਦੀ ਅਰਦਾਸ ਵੇਲੇ ਅੰਮ੍ਰਿਤਸਰ ਦੇ ਦਰਸ਼ਨ ਦੀਦਾਰੇ ਲਈ ਬੇਨਤੀਆਂ ਕਰਦੇ ਹਨ।

**ਦਰਬਾਰ ਸਾਹਿਬ**: ਗੁਰੂ ਅਰਜਨ ਸਾਹਿਬ ਨੇ ਸਿੱਖਾਂ ਵਾਸਤੇ ਇਕ ਕੇਂਦਰੀ ਅਸਥਾਨ ਦਰਬਾਰ ਸਾਹਿਬ ਦੀ ਭਵਨ ਉਸਾਰੀ ਦਾ ਖਾਕਾ ਖੁਦ ਬਣਾਇਆ। ਗੁਰੂ ਅਮਰਦਾਸ ਜੀ ਨੇ ਪਵਿੱਤਰ ਸਰੋਵਰ 'ਅੰਮ੍ਰਿਤਸਰ'ਨੂੰ ਖੁਦਵਾਉਣ ਦੀ ਯੋਜਨਾ ਬਣਾਈ ਸੀ, ਅਤੇ ਇਸਨੂੰ ਗੁਰੂ ਰਾਮਦਾਸ ਸਾਹਿਬ ਦੁਆਰਾ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਤਿਆਰ ਕੀਤਾ ਗਿਆ ਸੀ। ਇਸ ਲਈ 1570 ਈਵਿਚ : ਸਰੋਵਰ ਅਤੇ ਨਗਰ'ਤੇ ਕਾਰਜ ਨਾਲ ਨਾਲ ਸ਼ੁਰੂ ਹੋਇਆ।- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਧਕਾਰਿਤ ਵੈਬ ਸਾਇਟ ਅਨੁਸਾਰ

> "ਗੁਰੂ ਅਰਜਨ ਸਾਹਿਬ ਨੇ ਇਸ ਦੀ ਨੀਂਹ 1 ਮਾਘ 1645 ਬਿਕਰਮੀ ਸੰਮਤ ਵਿਚ ਮੁਸਲਮਾਨ ਫਕੀਰ ਹਜ਼ਰਤ ਮੀਆਂ ਮੀਰ ਜੀ ਤੋਂ ਰਖਵਾਈ ਜੋ ਕਿ ਲਾਹੌਰ ਦੇ ਰਹਿਣ ਵਾਲੇ ਸਨ। ਰਚਨਾ ਕਾਰਜ ਗੁਰੂ ਅਰਜਨ ਸਾਹਿਬ ਦੀ ਪ੍ਰਤੱਖ ਰੂਪ-'ਚ ਕੀਤੀ ਨਿਗਰਾਨੀ 'ਚ ਹੋਇਆ ਅਤੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਸਾਲ੍ਹੋ ਜੀ ਅਤੇ ਇਸ ਪਵਿੱਤਰ ਕਾਰਜ ਵਿਚ ਕਈ ਹੋਰ ਸਮਰਪਿਤ ਸਿੱਖਾਂ ਦੁਆਰਾ ਵੀ ਮਦਦ ਕੀਤੀ ਗਈ "। [5]

ਹਰਿਮੰਦਰ ਸਾਹਿਬ ਨੂੰ ਸਰੋਵਰ ਦੇ ਵਿਚਕਾਰ 67 ਫੁੱਟ ਵਰਗਾਕਾਰ ਮੰਚ 'ਤੇ ਬਣਾਇਆ ਗਿਆ ਹੈ। ਇਹ ਆਪਣੇ ਆਪ ਵਿਚ 40.5 ਫੁੱਟ ਵਰਗਾਕਾਰ ਹੈ ਅਤੇ ਇਸ ਦੀਆਂ ਪੂਰਬ, ਪੱਛਮ, ਉੱਤਰ ਅਤੇ ਦੱਖਣ ਦਿਸ਼ਾਵਾਂ ਵਿਚ ਇਕ ਇਕ ਦਰਵਾਜਾ ਹੈ। ਦਰਸ਼ਨੀ ਡਿਊੜੀ ਇਕ ਚਾਪ ਦੀ ਸ਼ਕਲ 'ਚ ਕੇਂਦਰ

5 ਹਰਿਮੰਦਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਅਧਕਾਰਿਤ ਵੈਬ ਸਾਇਟ

ਅਸਥਾਨ ਨੂੰ ਲਿਜਾਣ ਵਾਲੇ ਪੁਲ ਦੇ ਕੰਢੇ ਸਥਿਤ ਹੈ। ਇਸਦੇ ਦਰਵਾਜੇ ਦੀ ਬਣਤਰ ਲੱਗਭਗ 10 ਫੁੱਟ ਉੱਚੀ ਅਤੇ 8 ਫੁੱਟ ਛੇ ਇੰਚ ਚੌੜੀ ਹੈ। ਦਰਵਾਜੇ ਦੇ ਚੌਖਟੇ ਮਨਮੋਹਣੇ ਢੰਗ ਨਾਲ ਸਜੇ ਹੋਏ ਹਨ। ਦਰਸ਼ਨੀ ਡਿਉੜੀ ਅਤੇ ਸ੍ਰੀ ਹਰਿਮੰਦਰ ਸਾਹਿਬ ਦਰਮਿਆਨ ਬਣੇ ਪੁਲ ਦੀ ਲੰਬਾਈ 202 ਫੁੱਟ ਅਤੇ ਚੌੜਾਈ 21 ਫੁੱਟ ਹੈ। ਇਹ ਪੁਲ 13 ਫੁੱਟ ਚੌੜੀ ਪਰਿਕਰਮਾ ਮਾਰਗ ਨਾਲ ਜੁੜਿਆ ਹੋਇਆ ਹੈ। ਹਰਿਮੰਦਰ ਸਾਹਿਬ  ਹੈ ਫਰਾਂਸੀਸੀ ਚਿੱਤਰਕਾਰ ਐਮ ਜੈਰਲ ਦਾ ਕਥਨ ਹੈ:

> " ਹਰਿਮੰਦਰ ਸਾਹਿਬ ਦੇ ਸੁਨਿਹਰੀ ਗੁੰਬਦ ਦੇ ਅੰਦਰ ਵਾਰੋਂ ਪ੍ਰਕਾਸ਼ ਝਰਦਾ ਪ੍ਰਤੀਤ ਹੁੰਦਾ ਹੈ।  ਇਹ ਅੰਦਰਲੀ ਰੋਸ਼ਨੀ ਆਪਣੇ ਦੁਆਲੇ ਦੇ ਸਾਰੇ ਵਾਤਾਵਰਣ ਨੂੰ ਜਗਾ ਦਿੰਦੀ ਹੈ।  ਅਕਾਸ਼ ਇਸ ਦੀ ਛੱਤ ਹੈ ਤੇ ਚਾਰ ਦਿਸ਼ਾਵਾਂ ਇਸ ਦੇ ਬੂਹੇ।  ਪਵਿੱਤਰ ਜਲ ਇਸ ਦੀਆਂ ਦੀਵਾਰਾਂ ਨੂੰ ਧੋਦਾ ਹੈ, ਅਤੇ ਇਹ ਮਾਇਆ ਦੇ ਸਾਗਰ ਵਿਚ ਅਡੋਲ ਖੜਾ ਹੈ। "[6]

ਇਹ ਉਸਾਰੀ ਇਸਲਾਮੀ ਭਵਨ ਕਲਾ ਅਤੇ ਹਿੰਦੂ ਭਵਨ ਕਲਾਵਾਂ ਦਾ ਇਕ ਅਦੁੱਤੀ ਸੁਮੇਲ ਪੇਸ਼ ਕਰਦੀ ਹੈ ।  ਇਸ ਉਸਾਰੀ ਨੇ ਵਿਸ਼ਵ ਦੇ ਅੰਦਰ ਭਵਨ ਕਲਾ ਦੇ ਇਤਿਹਾਸ 'ਚ ਉਸਾਰੀ ਕਲਾ ਦਾ ਇਕ ਆਜ਼ਾਦ ਸਕੂਲ ਸਥਾਪਤ ਦਿੱਤਾ ਹੈ। ਹਿੰਦੂ ਭਵਨ ਉਸਾਰੀ ਨਿਯਮ ਅਨੁਸਾਰ ਮੰਦਰ ਉਚਾਈ ਵਾਲੇ ਹੁੰਦੇ ਹਨ,ਜਿਥੇ ਸ਼ਰਧਾਲੂ ਪੌੜੀਆਂ ਚੜ੍ਹ ਕੇ ਉਚਾਈ ਵਲ ਜਾਂਦੇ ਹਨ ਪ੍ਰੰਤੂ ਇਹ ਨੀਵੇਂ ਸਥਾਨ 'ਤੇ ਉਸਾਰਿਆ ਹੈ ਜੋ ਨਿਰਮਾਣਤਾ ਦਾ ਪ੍ਰਤੀਕ ਹੈ।

**ਸ੍ਰੀ ਅਕਾਲ ਤਖਤ** : ਗੁਰੂ ਅਰਜਨ ਦੇਵ ਜੀ ਦੇ ਆਦੇਸ਼ ਅਨੁਸਾਰ ਗੁਰੂ ਹਰਿਗੋਬਿੰਦ ਜੀ ਨੇ ਸਿੱਖ-ਪੰਥ ਦੇ ਰਾਜਸੀ ਕੇਂਦਰ ਅਕਾਲ ਬੂੰਗੇ ਦੀ ਸਿਰਜਨਾ ਕੀਤੀ, ਜੋ ਮੀਰੀ ਦਾ ਪ੍ਰਤੀਕ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਰ ਦੇ ਸਾਹਮਣੇ ਅਕਾਲ ਬੂੰਗਾ 1606 ਈ. ਨੂੰ ਬਣਵਾਇਆ।

6 ਐਮ ਜੈਰਲ, ਦਸ ਗੁਰ ਦਰਸ਼ਨ, ਪੂਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ 63.

ਇਸ ਤਖਤ ਦੇ ਨਾਂ ਦੀ ਚੋਣ ਅਕਾਲ ਪੁਰਖ ਨੇ ਆਪ ਕੀਤੀ।ਇਸ ਬਾਰੇ ਸੋਹਨ ਕਵੀ ਨੇ ਇਸ ਪ੍ਰਕਾਰ ਜਾਣਕਾਰੀ ਦਿਤੀ ਹੈ:

"ਤਾਂਤੇ ਇਹ ਠਾਂ ਤਖਤ ਸਵਾਰੋ। ਮੇਰੋ ਨਾਮ ਤਾਂਹਿ ਮੈ ਧਾਰੋ।

ਤਖਤ ਅਕਾਲ ਨਾਮ ਤਿੱਹ ਕੀਜੈ। ਤਾਂਹਿ ਬੈਠ ਪਿਤ ਬਦਲਾ ਲੀਜੈ।

ਮੀਰੀ ਪੀਰੀ ਦੋਓ ਧਾਰੋ। ਧਰਾ ਭਾਰ ਸਭ ਦੂਰ ਨਿਵਾਰੋ।

ਅਸ ਕਹਿ ਪ੍ਰਭ ਭਏ ਅੰਤ੍ਰ ਧਿਆਨਾ। ਤਬ ਸਭ ਮੈਂ ਬਿਸਮੈਂ ਠਾਨਾ।"[7]

ਅਕਾਲ ਤਖਤ ਦੀ ਸਾਰੀ ਮਰਿਆਦਾ ਵੀ ਗੁਰੂ ਹਰਿਗੋਬਿੰਦ ਜੀ ਨੇ ਖੁਦ ਨਿਸਚਿਤ ਕੀਤੀ ਅਕਾਲ ਤਖਤ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਭਾਈ ਗੁਰਦਾਸ ਜੀ ਨੇ ਕੀਤਾ ਸੀ ਗੁਰ ਬਿਲਾਸ ਅਨੁਸਾਰ:

"ਕਰ ਇਸ਼ਨਾਨ ਸਭੀ ਇਕ ਠਾਏ। ਦਿਵਾਨ ਲਾਇ ਨਿਸ ਜਾਮ ਰਹਾਏ।

ਸ੍ਰੀ ਗੁਰ ਤਬ ਗੁਰਦਾਸ ਕੋ ਕਹਾ। ਲਿਆਵੋ ਗੁਰੂ ਗ੍ਰੰਥ ਸੁਖ ਲਹਾ।

ਗੁਰੂ ਗ੍ਰੰਥ ਕੀ ਕੋਠੜੀ ਭਾਈ ਤਹਿਤੇ ਲਯਾਇ। ਗੁਰੂ ਗ੍ਰੰਥ

ਧਰ ਤਖਤ ਪਰ ਨਿਜ ਸੀਸ ਝੁਕਾਇ ।"[8]

ਜਿਸ ਨਾਲ ਸਿੱਖ ਇਤਹਾਸ ਚ ਭਗਤੀ ਅਤੇ ਸ਼ਕਤੀ ਦਾ ਸਿਧਾਂਤ ਆਇਆ ਤੇ ਸਿੱਖਾਂ ਨੇ ਹਥਿਆਰ ਧਾਰਨੇ ਵੀ ਸ਼ੁਰੂ ਕਰ ਦਿੱਤੇ ਜਸਪਾਲ ਸਿੰਘ ਅਨੁਸਾਰ

"ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਧਾਰਨ ਕਰਨ ਸਮੇਂ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਲਈਆਂ ਅਤੇ ਹੋਰ ਬਹੁਤ ਸਾਰੇ ਰਾਜਸੀ ਚਿਹਨਾਂ ਨੂੰ ਅਪਣਾ ਲਿਆ, ਪਰ ਅਕਾਲ ਤਖਤ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੀ

---

7 ਕਵੀ ਸੋਹਨ, *ਗੁਰ ਬਿਲਾਸ ਪਤਾਸ਼ਾਹੀ ਸੰਪ.* ਗਿ.ਇੰਦਰ ਸਿੰਘ, ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ 1969, ਪੰ 225.

8 ਉਹੀ, ਪੰ. 226.

> ਸਭ ਤੋਂ ਵੱਡਮੁੱਲੀ ਉਪਲਬਧੀ ਸੀ। ਅਸਲ ਵਿਚ ਅਕਾਲ ਤਖਤ ਦੀ ਸਿਰਜਨਾ ਨਾਲ ਅਤੇ ਫਿਰ ਅਕਾਲ ਤਖਤ ਉਤੇ ਹੋਣ ਵਾਲੀਆਂ ਗਤੀਵਿਧੀਆਂ ਨਾਲ ਸਿੱਖ ਪੰਥ ਸਿਧੇ ਰੂਪ ਵਿਚ ਰਾਜਨਿਕ ਇਕਾਈ ਬਣ ਗਿਆ।"[9]

17ਵੀਂ ਅਤੇ 18ਵੀਂ ਸਦੀ ਦੇ ਜ਼ਾਬਰ ਹਾਕਮਾਂ ਦੇ ਜ਼ੁਲਮ ਅਤੇ ਬੇਰਹਿਮੀ ਦੇ ਖਿਲਾਫ ਰਾਜਨੀਤਕ ਅਤੇ ਫੌਜੀ ਪ੍ਰਤੀਰੋਧ ਦੇ ਪ੍ਰਤੀਕ ਵਜੋਂ ਉਜਾਗਰ ਹੋਇਆ। 18ਵੀਂ ਸਦੀ ਵਿੱਚ, ਅਹਮਦ ਸ਼ਾਹ ਅਬਦਾਲੀ ਅਤੇ ਮੱਸੇ ਰੰਘੜ ਨੇ ਅਕਾਲ ਤਖ਼ਤ ਉੱਤੇ ਹਮਲਿਆਂ ਦੀ ਅਗਵਾਈ ਕੀਤੀ ਸੀ। ਗੁਰਬਾਣੀ ਵਿਆਖਿਆਕਾਰ ਭਾਈ ਗੁਰਦਾਸ ਜੀ ਨੂੰ ਅਕਾਲ ਬੂੰਗੇ ਦੇ ਨਿਗਰਾਨ ਨਿਯੁਕਤ ਕੀਤਾ ਗਿਆ ਸੀ। ਗੰਡਾ ਸਿੰਘ ਅਨੁਸਾਰ

> "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਅਤੇ ਭਾਈ ਦਿਆਲਾ ਜੀ ਆਦਿਕ ਸਿੱਖਾਂ ਨੂੰ ਗੁਰਪੁਰਬ ਮਨਾਉਣ ਲਈ, ਦਸਵੰਧ ਇਕੱਤਰ ਕਰਨ ਲਈ ਅਤੇ ਸ਼ਬਦ ਕੀਰਤਨ ਸੰਗਤੀ ਰੂਪ ਵਿਚ ਕਰਨ ਦੇ ਸੰਕੇਤ ਦਿੱਤੇ ਸਨ।"[10]

ਭਾਈ ਗੁਰਦਾਸ ਜੀ ਨੂੰ ਅਕਾਲ ਬੂੰਗੇ ਦੇ ਨਿਗਰਾਨ ਨਿਯੁਕਤ ਕੀਤਾ ਗਿਆ ਸੀ। 1699 ਵਿੱਚ ਖਾਲਸਾ ਪੰਥ ਦੀ ਸਿਰਜਨਾ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਭੇਜਿਆ। 1716 ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਦ ਹਰਿਮੰਦਰ ਸਾਹਿਬ ਦਾ ਸਰੋਵਰ ਤੇ ਅਕਾਲ ਤਖਤ ਸਿਖਾਂ ਲਈ ਪ੍ਰੇਰਨਾ ਤੇ ਰੂਹਾਨੀ ਆਨੰਦ ਦੇ ਮੁੱਖ ਸਰੋਤ ਰਹੇ ਹਨ। ਦਿਵਾਲੀ ਤੇ ਵਿਸਾਖੀ ਨੂੰ ਇਥੇ ਸਰਬੱਤ ਖਾਲਸਾ ਦੀਵਾਨ ਸਜਦੇ ਤੇ ਗੁਰਮਤੇ ਰਾਹੀਂ ਗੰਭੀਰ ਪੰਥਕ ਮਸਲਿਆਂ ਤੇ ਫੈਸਲੈ ਲਏ ਜਾਂਦੇ। ਉਦਾਹਰਣ ਦੇ ਤੌਰ ਤੇ 4 ਅਕਤੂਬਰ 1745 ਨੂੰ ਗੁਰਮਤਾ ਕਰਕੇ ਖਾਲਸੇ ਦੀ 25 ਜੱਥਿਆਂ ਵਿੱਚ

---

9 ਜਸਪਾਲ ਸਿੰਘ , *ਰਾਜ ਦਾ ਸਿੱਖ ਸੰਕਲਪ,* ਨਵਜੁਗ ਪਬਲਿਸ਼ਰ, ਦਿਲੀ, 2009,ਪੰ. 223.

10 ਗੰਡਾ ਸਿੰਘ, *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ ਪਟਿਆਲਾ,1999, ਪੰ. 52.

ਵੰਡ ਕੀਤੀ ਗਈ। 19 ਮਾਰਚ 1748 ਦੀ ਵਿਸਾਖੀ ਵਾਲੇ ਦਿਨ 11 ਮਿਸਲਾਂ ਬਣਾਉਣ ਦਾ ਗੁਰਮਤਾ ਕੀਤਾ ਗਿਆ। 10 ਅਪ੍ਰੈਲ1673 ਨੂੰ ਗੁਰਮਤਾ ਕਰਕੇ ਇੱਕ ਬ੍ਰਾਹਮਣ ਦੀ ਉਸ ਦੀ ਅਗਵਾ ਕਰ ਲਈ ਗਈ ਪਤਨੀ ਦੀ ਮਦਦ ਕਰਨ ਦਾ ਫੈਸਲਾ ਕੀਤਾ ਗਿਆ। ਦਸੰਬਰ 1674 ਭਾਈ ਗੁਰਬਖ਼ਸ਼ ਸਿੰਘ 30 ਸਿਖਾਂ ਦੀ ਅਗਵਾਈ ਵਿੱਚ ਵਿਚ ਅਹਿਮਦ ਸ਼ਾਹ ਦੁਰਾਨੀ ਤੋਂ ਅਕਾਲ ਬੁੰਗੇ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਏ। ਬੁਰਜੀ ਤੇ ਇਮਾਰਤ ਪੂਰੀ ਤਰਾਂ ਢਾਹ ਦਿਤੀ ਗਈ। । ਜਸਬੀਰ ਸਿੰਘ ਭੱਲਾ ਅਨੁਸਾਰ;

> "ਗੁਰੂ ਗ੍ਰੰਥ ਅਤੇ ਪੰਥ ਦੀ ਰਹਿਨੁਮਾਈ ਹੇਠ ਸਰਬੱਤ ਖਾਲਸਾ ਕੀਤਾ ਗਿਆ, ਜਿਸਦੇ ਫਲਸਰੂਪ ਸਿੱਖ ਪੰਥ ਦੀ ਨਵੀਂ ਸੰਸਥਾ "ਗੁਰਮਤਾ" ਹੋਂਦ ਵਿਚ ਆਈ। ਇਥੇ ਸਿੱਖ ਰਾਜ ਦੀ ਸਥਾਪਤੀ ਨੂੰ ਮੁੱਖ ਰੱਖਦੇ ਹੋਏ ਵੱਡੇ-ਵੱਡੇ ਗੁਰਮਤੇ ਪਾਸ ਕੀਤੇ ਗਏ। ਇਹ ਮਤੇ ਪੰਚ ਪ੍ਰਧਾਨੀ ਮਰਿਆਦਾ ਅਨੁਸਾਰ ਪਰਵਾਨ ਕਰਕੇ ਅਕਾਲ ਤਖਤ ਦੇ ਜੱਥੇਦਾਰ ਦੁਆਰਾ ਜਾਰੀ ਕੀਤੇ ਜਾਂਦੇ ਹਨ। ਇਸ ਸਥਾਨ ਤੋਂ ਜਾਰੀ ਹੋਏ ਗੁਰਮਤੇ ਸਾਰੇ ਸਿੱਖ ਜਗਤ ਉਤੇ ਲਾਗੂ ਹੁੰਦੇ ਹਨ।"[11]

10 ਅਪ੍ਰੈਲ1765 ਨੂੰ ਵਿਸਾਖੀ ਵਾਲੇ ਦਿਨ ਸਰਬਤ ਖਾਲਸਾ ਦੇ ਮੌਕੇ ਵਿੱਚ ਦਰਬਾਰ ਸਾਹਿਬ ਦੀ ਮੁੜ ਉਸਾਰੀ ਦਾ ਗੁਰਮਤਾ ਪਾਸ ਕੀਤਾ ਗਿਆ।

**ਸਾਕਾ ਜੂਨ 1984:** ਜੂਨ 1984 ਵਿਚ ਭਾਰਤੀ ਹਕੂਮਤ ਵੱਲੋਂ ਅਕਾਲ ਤਖਤ ਦੀ ਇਮਾਰਤ ਨੂੰ ਢਾਹ ਦਿੱਤਾ ਗਿਆ ਸੀ ਅਤੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਸ਼ਹੀਦੀ ਸਾਕੇ ਨੇ ਦੁਨੀਆਂ ਭਰ ਵਿਚ ਵਸਦੇ ਸਿੱਖ ਜਗਤ ਨੂੰ ਪ੍ਰਭਾਵਤ ਕੀਤਾ। ਇਹ ਸ਼ਹੀਦੀ ਸਾਕਾ ਹਰ ਸਾਲ ਜੂਨ ਮਹੀਨੇ ਦੇ ਪਹਿਲੇ ਹਫਤੇ ਅਕਾਲ ਤਖਤ ਵਿਖੇ ਮਨਾਇਆ ਜਾਂਦਾ ਹੈ। ਜੂਨ ਦੇ ਇਸ ਹਫਤੇ

---

11 ਜਸਬੀਰ ਸਿੰਘ ਭੱਲਾ, *ਇਤਿਹਾਸਕ ਗੁਰਦੁਆਰੇ ਇਕ ਸਰਵੇਖਣ*, ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਜਲੰਧਰ 2001,ਪੰ. 32.

ਵਿਚ ਦੇਸ਼ ਵਿਦੇਸ਼ ਦੇ ਗੁਰਦੁਆਰਿਆਂ ਵਿਚ ਸ਼ਹੀਦੀ ਸਮਾਗਮ ਕੀਤੇ ਜਾਂਦੇ ਹਨ। ਪਤਵੰਤ ਸਿੰਘ ਅਨੁਸਾਰ; " ਸਾਕਾ ਜੂਨ 1984 ਵਿਚ 5000 ਸਿੱਖ ਸ਼ਹੀਦ ਹੋਏ ਸਨ।"[12]

ਇਹ ਸਾਕਾ 2 ਜੂਨ 1984 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਵਾਪਰਿਆ ਸੀ। ਜਸਪਾਲ ਸਿੰਘ ਸਿੱਧੂ ਅਨੁਸਾਰ:

> "ਭਾਰਤੀ ਫੌਜ ਨੇ ਆਪਣੇ ਹੀ ਦੇਸ਼ ਦੀ ਘੱਟਗਿਣਤੀ ਕੌਮ ਦੇ ਕੇਂਦਰੀ ਅਸਥਾਨ 'ਤੇ ਭਾਰੀ ਫੌਜ ਅਤੇ ਟੈਂਕਾਂ ਤੋਪਾਂ ਨਾਲ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਮੇਤ 36 ਇਤਿਹਾਸਕ ਗੁਰਦੁਆਰਿਆਂ 'ਤੇ ਹਮਲਾ ਕੀਤਾ ਸੀ, ਜਿਸ ਦੇ ਵਿਰੋਧ ਵਿਚ ਭਗਤ ਪੂਰਨ ਸਿੰਘ, ਖੁਸ਼ਵੰਤ ਸਿੰਘ ਅਤੇ ਜਨਰਲ ਜਗਜੀਤ ਸਿੰਘ ਅਰੋੜਾ ਨੇ ਪਦਮਸ੍ਰੀ ਸਨਮਾਨ ਵਾਪਸ ਕਰ ਦਿਤੇ ਸਨ। ਤਤਕਾਲੀ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਨੇ ਕਾਰਵਾਈ ਦਾ ਵਿਰੋਧ ਕਰਦਿਆਂ ਛੁੱਟੀ ਤੇ ਜਾਣ ਦਾ ਫੈਸਲਾ ਕੀਤਾ ਸੀ। ਭਾਈ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਅਤੇ ਜਰਨਲ ਸੁਬੇਗ ਸਿੰਘ ਆਪਣੇ ਸਾਥੀਆਂ ਸਮੇਤ ਸ਼ਹੀਦ ਹੋਏ।"[13]

ਸਾਕਾ ਜੂਨ 1984 ਵਿਸ਼ਵ ਭਰ ਵਿਚ ਵਸਦੇ ਸਿੱਖਾਂ ਲਈ ਵਿਸ਼ੇਸ਼ ਮੱਹਤਵ ਰੱਖਦਾ ਹੈ। ਹਰ ਸਾਲ ਜੂਨ ਦਾ ਪਹਿਲੇ ਹਫਤੇ ਇਸ ਸਾਕੇ ਦੀ ਯਾਦ ਵਿਚ ਅੰਤਰ ਰਾਸ਼ਟਰੀ ਪੱਧਰ 'ਤੇ ਸਮਾਗਮ ਕੀਤੇ ਜਾਂਦੇ ਹਨ।

ਇਸ ਸਾਕੇ ਨੂੰ ਤੀਜਾ ਘੱਲੂਘਾਰਾ ਕਿਹਾ ਜਾਂਦਾ ਹੈ। ਇਸ ਪੁਰਬ ਨੂੰ ਵੀ ਸੰਸਾਰ ਪੱਧਰ ਤੇ ਮਨਾਇਆ ਜਾਂਦਾ ਹੈ। ਦਲਬੀਰ ਸਿੰਘ ਅਨੁਸਾਰ:

> "ਨੀਲਾ ਤਾਰਾ ਕਾਰਵਾਈ ਵਿਚ ਭਸਮ ਕੀਤੇ ਗਏ ਅਕਾਲ ਤਖਤ ਸਾਹਿਬ ਤੇ ਸ਼ਹੀਦ ਕੀਤੇ ਸਿੰਘਾਂ ਦੀ ਯਾਦ ਰੱਖਣੀ ਵੀ ਜ਼ਰੂਰੀ ਸੀ।"[14]

---

12 ਪਤਵੰਤ ਸਿੰਘ, *ਦੀ ਸਿੱਖਸ*, ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2009, ਪੰ.223.

13 ਜਸਪਾਲ ਸਿੰਘ ਸਿਧੂ, *1984 ਦੀ ਪਤੱਰਕਾਰੀ*,ਸਿੰਘ ਬ੍ਰਦਰਜ਼ ਅੰਮ੍ਰਿਤਸਰ,2016,ਪੰ.112.

14 ਦਲਬੀਰ ਸਿੰਘ, *ਮੇਰੀ ਹੱਡ ਬੀਤੀ-ਜਗ ਬੀਤੀ, ਪੰਥ ਖਾਲਸਾ ਪ੍ਰਕਾਸ਼ਨ ਗੰਨਾ ਪਿੰਡ ਫਿਲੌਰ, 2015.*,ਪੰ 159.

ਇਸ ਸ਼ਹੀਦੀ ਸਾਕੇ ਨੇ ਦੁਨੀਆਂ ਭਰ ਵਿਚ ਵਸਦੇ ਸਿੱਖ ਜਗਤ ਨੂੰ ਪ੍ਰਭਾਵਤ ਕੀਤਾ। ਇਹ ਸ਼ਹੀਦੀ ਸਾਕਾ ਹਰ ਸਾਲ 6 ਜੂਨ ਨੂੰ ਅਕਾਲ ਤਖਤ ਵਿਖੇ ਮਨਾਇਆ ਜਾਂਦਾ ਹੈ। ਜੂਨ ਦੇ ਪਹਿਲੇ ਹਫਤੇ ਵਿਚ ਦੇਸ਼ ਵਿਦੇਸ਼ ਦੇ ਗੁਰੂ ਘਰਾਂ ਵਿਚ ਸ਼ਹੀਦੀ ਸਮਾਗਮ ਕੀਤੇ ਜਾਂਦੇ ਹਨ। ਇਸ ਸਾਕੇ ਬਾਰੇ ਵਰਤਮਾਨ ਸਿੱਖ ਲੀਡਰਸ਼ਿਪ ਦੀ ਭੂਮਿਕਾ ਵੀ ਸ਼ੱਕੀ ਰਹੀ ਹੈ। ਪੰਥਕ ਸਮਾਗਮਾਂ ਵਿਚ ਉਸ ਸਮੇਂ ਦੇ ਸਾਰੇ ਗੁਪਤ ਦਸਤਾਵੇਜ਼ਾਂ ਨੂੰ ਜਨਤਕ ਕਰਨ ਦੀ ਮੰਗ ਬਹੁਤ ਪ੍ਰਭਾਸ਼ਾਲੀ ਢੰਗ ਨਾਲ ਕੀਤੀ ਜਾ ਰਹੀ ਹੈ।

**ਹੋਰ ਗੁਰਦੁਆਰੇ**: ਅੰਮ੍ਰਿਤਸਰ ਨੂੰ ਗੁਰੂ ਕੀ ਨਗਰੀ ਹੋਣ ਦਾ ਮਾਣ ਹੈ। ਇਥੇ ਵੱਡੀ ਗਿਣਤੀ ਵਿਚ ਇਤਿਹਾਸਕ ਗੁਰਧਾਮ ਹਨ। ਗੁਰਦੁਆਰਾ ਸੰਤੋਖਸਰ ਸੰਤੋਖੇ ਜੋਗੀ ਦੀ ਯਾਦ ਨਾਲ ਸਬੰਧਤ ਹੈ। ਗੁਰਦੁਆਰਾ ਦੁਖ-ਭੰਜਨੀ ਬੇਰੀ ਪੱਟੀ ਦੇ ਸ਼ਾਹੂਕਾਰ ਦੁਨੀ ਚੰਦ ਦੀ ਲੜਕੀ ਬੀਬੀ ਰਜਨੀ ਦੀ ਸਾਖੀ ਨਾਲ ਸੰਬਧਿਤ ਹੈ। ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ, ਜਿਥੇ ਬਹੁਤ ਪੁਰਾਣੇ ਸਮੇਂ ਤੋਂ ਕਥਾ ਕੀਤੀ ਜਾਂਦੀ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਗੁਰਦੁਆਰਾ ਬਹੁਤ ਪ੍ਰਸਿੱਧ ਹੈ। ਕਿਲ੍ਹਾ ਲੋਹਗੜ੍ਹ ਸਾਹਿਬ ਦਾ ਨਿਰਮਾਣ ਛੇਵੀਂ ਪਾਤਸ਼ਾਹੀ ਨੇ ਜੰਗ ਫਤਹਿ ਦੀ ਖੁਸ਼ੀ ਵਿਚ ਕਰਵਾਇਆ ਸੀ।

**ਗੁਰਦੁਆਰਾ ਰਾਮਸਰ ਸਾਹਿਬ:** ਇਹ ਗੁਰਦੁਆਰਾ ਚਾਟੀਵਿੰਡ ਗੇਟ ਦੇ ਅੰਦਰ ਰਾਮਸਰ ਦੇ ਕੰਢੇ, ਚਾਰ ਦੀਵਾਰੀ ਸ਼ਹਿਰ ਦੇ ਦੱਖਣ ਪੂਰਬ ਵੱਲ ਸਥਿਤ ਹੈ। ਹਰਿਮੰਦਰ ਸਾਹਿਬ ਨੂੰ ਮੁਕੰਮਲ ਕਰਨ ਤੋਂ ਬਾਅਦ ਗੁਰੂ ਅਰਜਨ ਸਾਹਿਬ ਨੇ 'ਆਦਿ-ਗ੍ਰੰਥ' (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਦਾ ਕਾਰਜ ਇਸੇ ਥਾਂ ਕੀਤਾ ਸੀ। ਇਸ ਕੰਮ ਲਈ ਗੁਰੂ ਸਾਹਿਬ ਨੇ ਇਕਾਂਤ ਥਾਂ ਚੁਣੀ ਜੋ ਸ਼ਹਿਰ ਦੀ ਚਹਿਲ-ਪਹਿਲ ਤੋਂ ਇਕ ਕਿਲੋਮੀਟਰ ਦੂਰ ਸੀ। ਇਸ ਦੇ ਆਸ-ਪਾਸ ਨੂੰ ਹੋਰ ਰਮਣੀਕ ਬਣਾਉਣ ਵਾਸਤੇ ਗੁਰੂ ਅਰਜਨ ਸਾਹਿਬ ਨੇ 1602 ਵਿਚ ਸਰੋਵਰ ਤਿਆਰ ਕਰਵਾਇਆ। ਇਸ ਸਰੋਵਰ ਦਾ ਨਾਂ 'ਗੁਰੂ ਰਾਮਦਾਸ ਸਾਹਿਬ' ਦੇ ਨਾਂ 'ਤੇ 'ਰਾਮਸਰ' ਰੱਖਿਆ ਗਿਆ। ਪਹਿਲਾਂ ਇਸ ਅਸਥਾਨ 'ਤੇ ਪੰਚਵਟੀ (ਬੇਰੀ, ਬੋਹੜ, ਪਿੱਪਲ, ਟਾਹਲੀ ਅਤੇ ਅੰਬ) ਦੇ ਦਰਖਤ ਹੁੰਦੇ ਸਨ। ਗੁਰੂ ਸਾਹਿਬ ਨੇ ਬੇਰੀ ਦੇ ਦਰਖਤ ਹੇਠਾਂ ਹੀ ਮੰਜੀ ਸਾਹਿਬ ਵਾਲੀ ਥਾਂ 'ਤੇ ਬਾਣੀ ਦਾ ਉਚਾਰਨ ਕੀਤਾ ਸੀ।'ਆਦਿ-ਗ੍ਰੰਥ' ਸਾਹਿਬ ਦੀ 1603-04 ਵਿਚ ਸੰਪਾਦਨਾ ਇਸੇ ਥਾਂ ਹੋਈ ਸੀ।

**ਗੁਰਦੁਆਰਾ ਸ਼ਹੀਦ ਗੰਜ (ਬਾਬਾ ਦੀਪ ਸਿੰਘਜੀ):** ਇਹ ਗੁਰਦੁਆਰਾ ਚਾਟੀਵਿੰਡ ਗੇਟ ਕੋਲ, ਸ਼ਹਿਰ ਦੀ ਦੀਵਾਰ ਅੰਦਰ ਹੈ। ਇਹ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦੀ ਯਾਦ ਵਿਚ ਬਣਿਆ ਹੈ ਜਿਥੇ ਸ਼ਹੀਦ ਮਿਸਲ ਦੇ ਬਾਬਾ ਦੀਪ ਸਿੰਘ, ਦਮਦਮਾ ਸਾਹਿਬ (ਤਲਵੰਡੀ ਸਾਬੋ) ਜ਼ਿਲ੍ਹਾ ਬਠਿੰਡਾ ਤੋਂ ਆ ਕੇ ਦਰਬਾਰ ਸਾਹਿਬ ਨੂੰ ਅਫਗਾਨ ਹਮਲਾਵਰਾਂ ਕੋਲੋਂ ਆਜ਼ਾਦ ਕੀਤਾ, ਜਿਨ੍ਹਾਂ ਅਫਗਾਨੀਆਂ ਨੇ ਹਮਲਾ ਕਰਕੇ ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਸੀ। ਗੁਰਦੁਆਰਾ ਕੋਸ਼ ਵਿਚ ਦਿੱਤੀ ਜਾਣਕਾਰੀ ਅਨੁਸਾਰ

> " ਇਥੇ ਹੀ ਬਾਬਾ ਦੀਪ ਸਿੰਘ ਜੀ 11 ਨਵੰਬਰ 1757 ਨੂੰ ਸਖਤ ਜ਼ਖਮੀ ਹੋਏ ਸਨ। ਬਾਬਾ ਜੀ ਬਹੁਤ ਸਾਰੀਆਂ ਜ਼ਬਾਨਾਂ ਦੇ ਵਿਦਵਾਨ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਕੇ ਸਾਰੇ ਤਖਤਾਂ ਉਤੇ ਪ੍ਰਚਾਰ ਲਈ ਭੇਜੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਨਾਲ ਯੁੱਧਾਂ ਵਿਚ ਮੋਢੇ ਨਾਲ ਮੋਢਾ ਲਾ ਕੇ ਜੂਝਦੇ ਰਹੇ। ਇਕ ਰਵਾਇਤ ਅਤੇ ਇਤਿਹਾਸਕ ਪ੍ਰਪੇਖ ਵਿਚ ਬਾਬਾ ਦੀਪ ਸਿੰਘ ਜੀ ਨੇ ਆਪਣਾ ਦੋ ਧਾਰਾ ਖੰਡਾ ਵਾਹਿਆ, ਯੁੱਧ ਸਮੇਂ ਗੋਹਲਵੜ ਵਿਖੇ ਮੁਕਾਬਲੇ ਵਿਚ ਬਾਬਾ ਜੀ ਦਾ ਸੀਸ ਧੜ ਤੋਂ ਵੱਖ ਹੋ ਗਿਆ"।[15]

ਹੁਣ ਇਥੇ ਗੁਰਦੁਆਰਾ ਟਾਹਲਾ ਸਾਹਿਬ ਹੈ। ਕਹਿੰਦੇ ਹਨ, ਬਾਬਾ ਜੀ ਨੇ ਆਪਣਾ ਸੀਸ ਖੱਬੇ ਹੱਥ ਦੀ ਤਲੀ 'ਤੇ ਰੱਖ ਲਿਆ, ਖੰਡਾ ਵਾਹੁੰਦੇ ਅਤੇ ਵਧਦੇ ਹੋਏ ਚਾਟੀਵਿੰਡ ਤਕ ਪਹੁੰਚ ਗਏ।ਦੁਸ਼ਟ ਦੁਸ਼ਮਣਾਂ ਦੇ ਘੇਰੇ ਵਿਚ ਜਕੜ ਗਏ ਤਾਂ ਆਪਣਾ ਸੀਸ ਹਰਿਮੰਦਰ ਸਾਹਿਬ ਵੱਲ ਭੇਟ ਕੀਤਾ ਅਤੇ 11 ਨਵੰਬਰ, 1757 (1706) ਨੂੰ ਸ਼ਹੀਦੀ ਜਾਮ ਪੀਤਾ। ਚਾਟੀਵਿੰਡ ਦੇ ਅਸਥਾਨ ਉਤੇ ਬਾਬਾ ਦੀਪ ਸਿੰਘ ਦੇ ਧੜ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ।

ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਬਾਬਾ ਦੀਪ ਸਿੰਘ ਯਾਦਗਾਰ ਕਾਇਮ ਕੀਤੀ ਜਿਸ ਨੂੰ ਬਾਅਦ ਵਿਚ ਅਕਾਲੀ ਫੂਲਾ ਸਿੰਘ ਨੇ ਗੁਰਦੁਆਰਾ ਸਾਹਿਬ ਬਣਾਇਆ। ਇਹ ਗੁਰਦੁਆਰਾ 1924 ਵਿਚ

15 ਜਸਬੀਰ ਸਿੰਘ ਸਰਨਾ ਤੇ ਦਿਲਜੀਤ ਸਿੰਘ ਬੇਦੀ, ਗੁਰਦੁਆਰਾ ਕੋਸ਼, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ,2013, ਪੰ.48.

ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹਾ ਗਿਆ।ਇਸ ਗੁਰਦੁਆਰੇ ਦੇ ਆਸ-ਪਾਸ ਸ. ਜੱਸਾ ਸਿੰਘ ਰਾਮਗੜ੍ਹੀਏ ਦੀ ਵੰਸ਼ ਨੇ ਸਾਰੀ ਮਲਕੀਤੀ ਜ਼ਮੀਨ ਜਾਇਦਾਦ ਗੁਰਦੁਆਰਾ ਸ਼ਹੀਦ ਗੰਜ ਨੂੰ ਦੇ ਦਿੱਤੀ। ਇਸ ਨੂੰ 'ਗੁਰਦੁਆਰਾ ਸ਼ਹੀਦਾਂ' ਦੇ ਨਾਂ ਨਾਲ ਵੀ ਪ੍ਰਸਿੱਧੀ ਮਿਲੀ ਹੈ। 1978 ਦੀ ਵਿਸਾਖੀ ਸਮੇਂ ਸੂਰਬੀਰ ਭਾਈ ਫੌਜਾ ਸਿੰਘ ਸਮੇਤ 12 ਹੋਰ ਸਿੰਘ ਸ਼ਹੀਦ  ਹੋਏ ਸਨ, ਉਨ੍ਹਾਂ ਦਾ ਸਸਕਾਰ ਇਸ ਦੇ ਨਜ਼ਦੀਕ ਬਿਬੇਕਸਰ ਵਾਲ ਥਾਂ ਉਤੇ ਕੀਤਾ ਗਿਆ ਸੀ।ਇਥੇ ਹੋਰ ਮੁੱਖ ਗੁਰਦੁਆਰੇ ਬਾਬਾ ਅਟੱਲ ਰਾਏ, ਕੌਲਸਰ, ਬਿਬੇਕਸਰ, ਥੜ੍ਹਾ ਸਹਿਬ, ਬੁਰਜ ਅਕਾਲੀ ਫੂਲਾ ਸਿੰਘ ਅਤੇ ਸਾਰਾ ਗੜ੍ਹੀ ਪ੍ਰਸਿੱਧ ਹਨ। ਇਸ ਦਿਨ ਹਜ਼ਾਰਾਂ ਸ਼ਰਧਾਲੂ ਹਰਿਮੰਦਰ ਸਾਹਿਬ ਦੀ ਦੀਪਮਾਲਾ ਦਾ ਆਲੌਕਿਕ ਆਨੰਦ ਮਾਣਦੇ ਹਨ।

ਵਿਸ਼ਵ ਭਰ ਵਿਚ ਅੰਮ੍ਰਿਤਸਰ ਦੀ ਦੀਵਾਲੀ,ਪ੍ਰਸਿਧ ਹੈ ਜੋ, ਹਰਿਮੰਦਰ ਸਾਹਿਬ ਵਿਖੇ ਮਨਾਈ ਜਾਂਦੀ ਹੈ। ਪੰਜਾਬੀਆਂ ਦਾ ਮਸ਼ਹੂਰ ਮੁਹਾਵਰਾ ਹੈ ਕਿ "ਰੋਟੀ ਆਪਣੇ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।" ਧਾਰਮਿਕ ਅਸਥਾਨਾਂ ਉਤੇ ਦੀਪਮਾਲਾ ਕੀਤੀ ਜਾਂਦੀ ਹੈ। ਖਾਲਸਾ ਰਾਜ ਵੇਲੇ ਅੰਮ੍ਰਿਤਸਰ ਦੀ ਦੀਵਾਲੀ ਪੁਰਬ ਦੇ ਬਾਰੇ ਸੁਖਦੇਵ ਮਾਦਪੁਰੀ ਲਿਖਦੇ ਹਨ ਕਿ

> "ਮਹਾਰਾਜਾ ਰਣਜੀਤ ਸਿੰਘ ਆਪ ਵੀ ਇਸ ਤਿਉਹਾਰ ਵਿੱਚ ਸ਼ਾਮਿਲ ਹੋਇਆ ਕਰਦਾ ਸੀ। ਉਸ ਨੇ 1833 ਈ. ਵਿੱਚ ਅੰਮ੍ਰਿਤਸਰ ਵਿੱਚਲੀ ਆਪਣੀ ਸਾਰੀ ਫੌਜ ਨੂੰ ਦੀਵਾਲੀ ਵਾਲੇ ਦਿਨ ਸ਼ਰਾਬ ਨਾ ਪੀਣ ਦੀ ਹਦਾਇਤ ਕੀਤੀ ਸੀ ਅਤੇ ਬੈਂਡ ਬਾਜਿਆਂ ਨਾਲ ਚੋਬਾਂ ਵਾਲਾ ਅਤਿ ਸੁੰਦਰ ਤੰਬੂ ਵੀ ਦਰਬਾਰ ਸਾਹਿਬ ਭੇਂਟ ਕੀਤਾ ਸੀ। 1836 ਈ. ਦੀ ਦੀਵਾਲੀ ਸਮੇਂ ਵੀ ਮਹਾਰਾਜਾ ਰਣਜੀਤ ਸਿੰਘ ਨੇ 511 ਸੋਨੇ ਦੀਆਂ ਮੋਹਰਾਂ ਹਰਿਮੰਦਰ ਸਾਹਿਬ ਦੀ ਭੇਟਾ ਚੜ੍ਹਾਈਆਂ ਸਨ।"[16]

---

16 ਸੁਖਦੇਵ ਮਾਦਪੁਰੀ, *ਵਿਰਾਸਤੀ ਮੇਲੇ ਤੇ ਤਿਉਹਾਰ*, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ- 2013, ਪੰ. 57.

ਅੰਮ੍ਰਿਤਸਰ ਦੀ ਇਹ ਦੀਵਾਲੀ ਦਾ ਜੋੜ ਮੇਲਾ ਹਰ ਸਾਲ ਮਨੁੱਖਤਾ ਲਈ ਖੁਸ਼ੀਆਂ ਦਾ ਪੈਗਾਮ ਲੈ ਕੇ ਆਉਂਦਾ ਹੈ ਉਥੇ ਸਿੱਖ ਜਗਤ ਲਈ ਚੈਲਿੰਜ ਵੀ ਬਣਦਾ ਹੈ। ਸਿੱਖ ਸਮਾਜ ਦੀ ਜੀਵਨ ਸ਼ੈਲੀ ਗੁਰਮਤਿ ਸਭਿਆਚਾਰ ਤੋਂ ਅਵੇਸਲੀ ਹੋ ਰਹੀ ਹੈ। ਸਿੱਖ-ਪੰਥ ਦੀ ਸ਼ਹੀਦੀ ਤਵਾਰੀਖ ਨੇ ਇਸ ਤਿਉਹਾਰ ਨੂੰ ਸੱਭਿਆਚਾਰਕ ਤਿਉਹਾਰ ਤੋਂ ਇਤਿਹਾਸਕ ਪੁਰਬ ਦੇ ਸਰੂਪ ਵਿਚ ਬਦਲ ਦਿਤਾ। ਗੁਰਸਿੱਖਾਂ ਵਾਂਗ ਜੁਲਮ ਵਿਰੁੱਧ ਜੂਝਦਿਆਂ ਗੁਲਾਮੀ ਦੇ ਬੰਧਨ ਤੋੜਨੇ ਹਨ ਅਤੇ ਭਾਈ ਮਨੀ ਸਿੰਘ ਵਾਂਗ ਹੱਕ-ਸੱਚ ਦੇ ਪ੍ਰਸਾਰ ਲਈ ਆਪਾ ਨਿਛਾਵਰ ਕਰਨਾ ਹੈ।

ਦਿਵਾਲੀ ਦਾ ਪੁਰਬ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ






ਸ੍ਰੀ ਅਕਾਲ ਤਖਤ ਸਾਹਿਬ

**ਹੋਲੇ ਮਹੱਲੇ ਦਾ ਪੁਰਬ ਅਨੰਦਪੁਰ ਸਾਹਿਬ**

**ਨਗਰ ਦਾ ਪਿਛੋਕੜ**: ਇਹ ਨਗਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ 1665 ਵਿਚ ਵਸਾਇਆ ਤੇ ਇਸ ਨੂੰ ਚੱਕ ਨਾਨਕੀ ਦਾ ਨਾਮ ਦਾ ਦਿੱਤਾ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸੇ ਆਨੰਦਪੁਰ ਸਾਹਿਬ ਦੀ ਸਿੱਖ ਪੰਥ ਦੀ ਇਤਿਹਾਸਕ ਮਹੱਤਤਾ ਹੈ। ਆਨੰਦਪੁਰ ਸਾਹਿਬ ਦੀ ਸਥਾਪਨਾ 19 ਜੂਨ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਭੋਰਾ ਸਾਹਿਬ ਦੇ ਸਥਾਨ ‘ਤੇ ਸਮੇਂ ਦੀ ਪਰੰਪਰਾ ਅਨੁਸਾਰ ਮੋੜ੍ਹੀ ਗੱਡ ਕੇ ਰੱਖੀ ਗਈ ਸੀ। ਪਿੰਸੀਪਲ ਤੇਜਾ ਸਿੰਘ ਅਨੁਸਾਰ:

> "ਗੁਰੂ ਤੇਗ ਬਹਾਦਰ ਜੀ ਇਕ ਸੁਹਾਵਣੇ ਪਹਾੜੀ ਸਥਾਨ 'ਤੇ ਚਲੇ ਗਏ, ਜੋ ਕੀਰਤਪੁਰ ਦੇ ਉੱਤਰ ਪੱਛਮ ਵਿਚ ਪੰਜ ਮੀਲ ਦੀ ਵਿੱਥ ਤੇ ਸੀ। ਉਨ੍ਹਾਂ ਨੇ ਕਹਿਲੂਰ ਦੇ ਰਾਜੇ ਪਾਸੋਂ 500/- ਰੁਪਏ ਵਿਚ ਇਕ ਜ਼ਮੀਨ ਦਾ ਟੁਕੜਾ ਖਰੀਦ ਕੇ ਨਵੇਂ ਨਗਰ ਦੀ ਨੀਂਹ ਰੱਖੀ ਸੀ, ਜਿਸ ਦਾ ਨਾਂ ਅਨੰਦਪੁਰ ਰੱਖਿਆ ਗਿਆ।"[17]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜ ਸਾਲ ਦੀ ਉਮਰ ਵਿਚ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਆਏ ਸਨ। ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵੇਲੇ ਗੁਰੂ ਗੋਬਿੰਦ ਸਿੰਘ ਜੀ 9 ਸਾਲ ਦੀ ਉਮਰ ਸੀ। ਜਦੋਂ ਇਥੋਂ ਹੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਧਰਮ ਦੀ ਆਜ਼ਾਦੀ ਦੀ ਰਾਖੀ ਲਈ ਸ਼ਹੀਦ ਹੋਣ ਲਈ ਦਿੱਲੀ ਭੇਜਿਆ। ਇਸ ਪਵਿੱਤਰ ਸਥਾਨ 1699 ਦੀ ਵਿਸਾਖੀ ਦੇ ਪੁਰਬ ਮੌਕੇ ਖਾਲਸਾ ਪੰਥ ਦੀ ਸਿਰਜਨਾਂ ਕੀਤੀ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਸਮਾਜ ਵਿਚ ਸ਼ੂਦਰ ਵਰਗ ਲਈ ਰਾਖਵੇਂ ਕੀਤੇ ਹੋਲੀ ਦਾ ਤਿਉਹਾਰ ਜੋ ਨਿਮਾਣਿਆ ਤੇ ਨਿਤਾਣਿਆਂ ਲੋਕਾਂ ਲਈ ਮਾਨਸਿਕ ਗੁਲਾਮੀ ਦਾ ਪ੍ਰਤੀਕ ਸੀ ਉਸ ਨੂੰ ਹੋਲੇ ਦੇ ਰੂਪ ਵਿਚ ਤਬਦੀਲ ਕੀਤਾ। ਹੋਲਾ ਚੜਦੀਕਲਾ ਦੀ ਭਾਵਨਾਂ ਨੂੰ ਪ੍ਰਗਟ ਕਰਦਾ ਹੋਇਆ, ਸਮਾਜਕ ਸੁਰੱਖਿਆ ਕੇਂਦਰ ਬਣ ਗਿਆ। ਹਰਜਿੰਦਰ ਸਿੰਘ ਦਿਲਗੀਰ ਅਨੁਸਾਰ;

---

**17** ਤੇਜਾ ਸਿੰਘ- ਗੰਡਾ ਸਿੰਘ, *ਸੰਖੇਪ ਸਿੱਖ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, **pM.51.**

"ਅਨੰਦਪੁਰ ਸਹਿਬ ਦਾ ਹੋਲਾ ਮਹੱਲਾ ਦੁਨੀਆਂ ਭਰ ਵਿਚ ਮਸ਼ਹੂਰ ਹੈ। ਗੁਰੂ ਸਹਿਬਾਨ ਨੇ ਰੰਗ ਪਾਉਣ ਦੀ ਬੇ-ਮਾਇਨਾ ਰਸਮ ਤੋਂ ਸਿੱਖਾਂ ਨੂੰ ਹਟਾਉਣ ਵਾਸਤੇ ਇਸ ਦਿਨ ਨੂੰ ਹੋਲਾ ਮਹੱਲਾ ਸ਼ੁਰੂ ਕੀਤਾ। ਇਸ ਦਿਨ ਸਿੱਖ ਸ਼ਸਤਰ ਚਲਾਉਣ ਅਤੇ ਮਾਰਸ਼ਲ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ ਕਰਦੇ ਸਨ।"[18]

ਨਵਰਤਨ ਕਪੂਰ ਅਨੁਸਾਰ:"ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਸੰਤ ਰਾਗ ਦੀ ਬਾਣੀ ਪੜ੍ਹ ਕੇ ਹੋਲਾ ਆਰੰਭ ਕੀਤਾ ਅਤੇ ਅਨੰਦਪੁਰ ਦੇ ਸੀਸ ਗੰਜ ਗੁਰਦੁਆਰੇ ਵਿਚ ਮੱਥਾ ਟੇਕ ਕੇ ਕੜਾਹ ਪ੍ਰਸ਼ਾਦ ਨੂੰ ਭੋਗ ਲਾ ਕੇ ਛਕਿਆ ਅਤੇ ਇਸ ਸਮਾਗਮ ਦੀ ਸਮਾਪਤੀ ਹੋਈ।"[19]

**ਤਖਤ ਸ੍ਰੀ ਕੇਸਗੜ੍ਹ ਸਾਹਿਬ**: ਸੰਨ 1699 ਈ. (1756 ਬਿ.) ਦੀ ਵੈਸਾਖੀ ਵਾਲੇ ਦਿਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਖਾਲਸੇ ਦੀ ਸਾਜਨਾ ਕੀਤੀ ਸੀ। ਰਤਨ ਸਿੰਘ ਜੱਗੀ ਅਨੁਸਾਰ:

"ਖਾਲਸੇ ਦੀ ਸਾਜਨਾ ਦੇ ਇਸ ਇਤਿਹਾਸਿਕ ਮੌਕੇ ਤੇ ਗੁਰੂ ਜੀ ਨੇ ਨਿਰਾਕਾਰ ਇਸ਼ਟ ਵਿਚ ਯਕੀਨ ਰਖਣ, ਜਾਤਿ ਭੇਦ-ਭਾਵ ਮਿਟਾ ਕੇ ਮਨੁੱਖਤਾ ਨੂੰ ਇਕ ਸਮਾਨ ਸਮਝਣ, ਆਤਮ-ਗੌਰਵ ਦੀ ਭਾਵਨਾ ਨੂੰ ਸਦਾ ਕਾਇਮ ਰਖਣ ਅਤੇ ਧਰਮ ਯੁੱਧ ਲਈ ਸਦਾ ਤਤਪਰ ਰਹਿਣ ਦਾ ਉਪਦੇਸ਼ ਦਿਤਾ।"[20]

ਸਦੀਆਂ ਤੋਂ ਗੁਲਾਮੀ ਦੀ ਜ਼ਲਾਲਿਤ ਭਰੀ ਜੀਵਨ ਸ਼ੈਲੀ ਦੀ ਧਾਰਨੀ ਮਨਸਿਕਤਾ ਨੂੰ ਇਨਕਲਾਬੀ ਪ੍ਰਕਾਸ਼ ਦੀਆਂ ਕਿਰਨਾਂ ਦੇ ਦਰਸ਼ਨ ਹੋਏ। ਆਜ਼ਾਦੀ ਦੀ ਆਸ ਵਿਚ ਅਭਿਲਾਸ਼ੀਆਂ ਦੇ ਹੜ੍ਹ ਅਨੰਦਪੁਰ ਦੀ ਧਰਤੀ ਵੱਲ ਹੋ ਤੁਰੇ। ਤਖਤ ਸ੍ਰੀ ਕੇਸਗੜ੍ਹ ਖਾਲਸੇ ਦੀ ਜਨਮ ਭੂਮੀ ਹੈ। ਕਿਲਾ ਕੇਸਗੜ੍ਹ ਧਾਰਮਿਕ ਪ੍ਰਪੱਕਤਾ ਦਾ ਪ੍ਰਤੀਕ ਚਿੰਨ੍ਹ ਹੈ। ਅਨੰਦਪੁਰ ਦੀ ਗਿਆਨ ਤੇ ਸਾਹਿਤ ਵਿਚ ਦੇਣ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ:

---

18 ਹਰਜਿੰਦਰ ਸਿੰਘ ਦਿਲਗੀਰ, ਅਨੰਦਪੁਰ ਸਾਹਿਬ, ਸ਼੍ਰੋਮਣੀ ਗੁਰਦੁਆਰਾਪ੍ਰਬੰਧਕ ਕਮੇਟੀ, ਅੰਮ੍ਰਿਤਸਰ-1998 ਪੰਨਾ 95.

19 ਨਵਰਤਨ ਕਪੂਰ,*ਸ੍ਰੀ ਅਨੰਦਪੁਰ ਸਾਹਿਬ*, ਭਾਸ਼ਾ ਵਿਭਾਗ,ਪੰਜਾਬ,2015,ਪੰ.44.

20 ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਭਾਗ ਪਹਿਲਾ, ਪਟਿਆਲਾ,2002, ਪੰ.367

"ਨਿਰਮਲਿਆਂ ਨੇ ਵਿੱਦਿਆ ਤੇ ਗਿਆਨ ਲਈ ਆਪਣੇ ਆਪ ਨੂੰ ਸਮਰਪਣ ਕਰ ਦਿਤਾ। ਉਨਾਂ ਨੇ ਸੰਸਕ੍ਰਿਤ ਤੇ ਵੇਦਾਂਤ ਦਾ ਅਧਿਐਨ ਕੀਤਾ ਅਤੇ ਸਾਰੇ ਦੇਸ਼ ਵਿਚ ਅਨੰਦਪੁਰ ਵਿਖੇ ਰਚੇ ਗਏ ਸਾਹਿਤ ਦੇ ਗਿਆਨ ਦਾ ਵਿੱਦਿਆ ਰਾਹੀਂ ਪ੍ਰਚਾਰ ਕੀਤਾ।"[21]

ਕੇਸਗੜ੍ਹ ਨੇ ਸਿੱਖ ਪੰਥ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੰਗਰੇਜ਼ ਕਾਲ ਤੱਕ ਇਹ ਸਥਾਨ ਸਿੱਖ ਸਾਹਿਤ ਦਾ ਪ੍ਰਸਿਧ ਕੇਂਦਰ ਸੀ।

**ਕਿਲ੍ਹਾ ਅਨੰਦਗੜ੍ਹ:** ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿੱਚ ਸਭ ਤੋਂ ਪਹਿਲਾ ਕਿਲ੍ਹਾ ਆਨੰਦਗੜ੍ਹ ਸਾਹਿਬ ਹੀ ਉਸਾਰਿਆ ਸੀ। ਕਿਲਾ ਅਨੰਦਗੜ੍ਹ ਖਾਲਸਾ ਪੰਥ ਲਈ ਸਦੀਵੀ ਅਨੰਦ ਦਾ ਪ੍ਰਤੀਕ ਹੈ। ਇਹ ਅਪਰੈਲ 1689 ਵਿੱਚ ਬਣਨਾ ਸ਼ੁਰੂ ਹੋਇਆ ਸੀ। ਇਹ ਕਿਲਾ ਸਭ ਤੋਂ ਮਜ਼ਬੂਤ ਅਤੇ ਉੱਚਾ ਮੰਨਿਆ ਜਾਂਦਾ ਸੀ। ਇਥੇ ਜੰਗੀ ਵਿਉਂਤ ਅਨੁਸਾਰ ਪੰਜ ਕਿਲਿਆਂ ਦੀ ਉਸਾਰੀ ਕੀਤੀ ਗਈ। ਗੁਰਦੁਆਰਾ ਕਿਲਾ ਅਨੰਦਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਸ਼ਹਿਰ ਦੇ ਵਿਚਕਾਰ ਸਥਿਤ ਹੈ। ਇਹ ਇਕ ਨਵੀਂ ਨਿਰਮਾਣ ਕੀਤੀ ਗਈ ਇਮਾਰਤ ਹੈ। ਹਾਲਾਂਕਿ, ਪੁਰਾਣੇ ਅਸਲੀ ਬਣਤਰ ਦੇ ਚਿੰਨ੍ਹ ਅਜੇ ਵੀ ਲੱਭੇ ਜਾ ਸਕਦੇ ਹਨ। ਇਹ ਪੰਜ ਕਿਲਿਆਂ ਵਿਚੋਂ ਸਭ ਤੋਂ ਮਜ਼ਬੂਤ ਹੈ। ਗੁਰਦੁਆਰਾ ਸਾਹਿਬ ਦੇ ਅਧੀਨ ਇਕ ਪਵਿੱਤਰ ਬਾਉਲੀ ਸਾਹਿਬ ਵੀ ਹੈ। ਇਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੱਖਣ ਪੂਰਬ ਵੱਲ ਸਥਿਤ ਹੈ। ਸਾਰਾ ਸਿੱਖ ਜਗਤ ਆਨੰਦਪੁਰ ਉਮੜ ਆਉਂਦਾ ਹੈ। ਦੀਵਾਨ ਸਜਦੇ ਹਨ ਤੇ ਆਖ਼ਰੀ ਦਿਨ ਸ਼ਾਨਾਮੱਤਾ 'ਮਹੱਲਾ' ਖ਼ਾਲਸਾਈ ਰਵਾਇਤਾਂ ਮੁਤਾਬਕ ਕੱਢਿਆ ਜਾਂਦਾ ਹੈ ਚਰਨ ਗੰਗਾ ਕਿਨਾਰੇ ਜਾ ਕੇ ਨਿਹੰਗ ਸਿੰਘ ਰਵਾਇਤੀ ਖ਼ਾਲਸਾਈ ਬਾਣੇ ਵਿੱਚ ਖ਼ਾਲਸਾਈ ਖੇਡਾਂ ਦਾ ਅਦਭੁੱਤ ਪ੍ਰਦਰਸ਼ਨ ਕਰਦੇ ਹਨ ।

**ਕਿਲ੍ਹਾ ਤਾਰਾਗੜ੍ਹ:** ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ ਹੈ। ਇਥੇ ਸਿੱਖ ਫੌਜ ਦੇ ਕਮਾਂਡਰ ਸਾਹਿਬਜ਼ਾਦਾ ਅਜੀਤ ਸਿੰਘ ਸਨ। ਉਹਨਾਂ ਨੇ 29 ਅਗਸਤ 1700 ਈ: ਨੂੰ

---

21 ਪੂਰਨ ਸਿੰਘ, *ਦਸ ਗੁਰ ਦਰਸ਼ਨ.* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ.114.

ਹਮਲਾਵਰ ਰਾਜੇ ਅਜਮੇਰ ਚੰਦ ਨੂੰ ਭਾਂਜ ਦਿਤੀ ਸੀ। ਇਥੇ ਪਹਾੜੀ ਸੈਨਾ ਦਾ ਮੁੱਖੀ ਘਮੰਡ ਚੰਦ ਮਾਰਿਆ ਗਿਆ ਅਤੇ ਭਾਈ ਈਸ਼ਰ ਸਿੰਘ, ਭਾਈ ਮੰਗਤ ਸਿੰਘ, ਭਾਈ ਕਲਿਆਣ ਸਿੰਘ ਜੀ ਧਰਮ ਯੁੱਧ ਵਿਚ ਸ਼ਹੀਦ ਹੋਏ।ਇਸ ਸਥਾਨ ਬਾਰੇ ਜਸਬੀਰ ਸਿੰਘ ਸਰਨਾ ਲਿਖਦੇ ਹਨ ਕਿ

> "ਇਥੇ ਪੁਰਣੀ ਬਾਉਲੀ ਦੇ ਨਾਲ ਜੋ ਇਕ ਛੋਟੀ ਨਦੀ ਦਾ ਕਿਨਾਰਾ ਹੈ,ਭਾਈ ਘਨੱਈਆ ਜੀ ਦੀ ਸਮਾਧ ਹੈ,ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪਾਣੀ ਅਤੇ ਮੱਲ੍ਹਮ ਪੱਟੀ ਦੀ ਸੇਵਾ ਦੋਸਤ ਜਾ ਦੁਸ਼ਮਣਾਂ ਜ਼ਖਮੀ ਫੌਜੀਆਂ ਨੂੰ ਕਰਦੇ ਸਨ।"[22]

ਸਿੱਖ ਪੰਥ ਲਈ ਇਸ ਕਿਲ੍ਹੇ ਦੀ ਬਹੁਤ ਮਤੱਤਤਾ ਹੈ। ਆਨੰਦਪੁਰ ਦੇ ਜੰਗ ਵੇਲੇ ਇਸ ਸਥਾਨ ਤੋਂ ਸ਼ਾਹਿਰ ਦੀ ਸੁਰੱਖਿਆ ਦੇ ਕਾਰਜ ਕੀਤੇ ਜਾਂਦੇ ਸਨ। ਜੋੜ-ਮੇਲਿਆਂ ਸਮੇਂ ਲੱਖਾਂ ਦੀ ਗਿਣਤੀ ਵਿਚ ਸੰਗਤ ਨਤਮਸਤਕ ਹੁੰਦੀਆਂ ਹਨ।

**ਲੋਹਗੜ੍ਹ ਕਿਲ੍ਹਾ**: ਇਹ ਸ਼ਹਿਰ ਦੇ ਦੱਖਣੀ ਪਾਸੇ 'ਤੇ ਹੈ। ਇਥੇ, ਹਥਿਆਰ ਦੇ ਨਿਰਮਾਣ ਲਈ ਇਕ ਫੈਕਟਰੀ ਦੀ ਸਥਾਪਨਾ ਕੀਤੀ ਸੀ। ਅਨੰਦਪੁਰ ਸਾਹਿਬ ਤੇ ਪਹਾੜੀ ਫ਼ੌਜ ਨੇ ਕਈ ਵਾਰ ਹਮਲਾ ਕੀਤਾ । ਪਰ, ਕਿਉਂਕਿ ਇਸ ਦੀ ਗੇਟ ਨੂੰ ਤੋੜਿਆ ਨਹੀ ਕੀਤਾ ਜਾ ਸਕਦਾ ਹੈ, ਜੋ ਕਿਲਾ ਤੇ ਹਮਲਾ ਕਰਨ ਤੋਂ ਝਿਜਦੇ ਸਨ। ਇਹ ਕਿਲ੍ਹਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਇੱਕ ਅੱਧੇ ਕਿਲੋਮੀਟਰ ਦੱਖਣ, ਅਨੰਦਪੁਰ ਦੇ ਨਦੀ ਨਗਰ ਦੀ ਰੱਖਿਆ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ ਸੀ। ਪਹਾੜੀ ਰਾਜਿਆਂ ਨੇ, 1700 ਈ.ਵਿਚ ਅਨੰਦਪੁਰ ਦੇ ਘੇਰੇ ਦੌਰਾਨ, ਇਸ ਨੂੰ ਕਿਲੇ ਦਾ ਗੇਟ ਨੂੰ ਤੋੜਨ ਲਈ ਮਸਤ ਹਾਥੀ ਭੇਜਿਆ ਸੀ। ਇਥੇ ਭਾਈ ਬਚਿੱਤਰ ਸਿੰਘ ਨੇ ਮਸਤ ਹਾਥੀ ਦਾ ਸਾਹਮਣਾ ਕੀਤਾ। ਇਹ ਇਤਿਹਾਸਕ ਸਥਾਨ ਖਾਲਸਾ ਪੰਥ ਦੀ ਸੈਨਿਕ ਸਮਰੱਥਾ ਦਾ ਪ੍ਰਤੀਕ ਹੈ, ਜਿਥੇ ਸਿੱਖ ਫੌਜੀਆਂ ਨੂੰ ਦੋ ਦਲਾਂ ਵਿਚ ਵੰਡ ਕੇ ਯੁੱਧ ਅਭਿਆਸ ਕਰਵਾਏ ਜਾਂਦੇ ਸਨ। ਲੋਹਗੜ੍ਹ ਦੇ ਕਿਲੇ ਉਪਰ ਕਬਜ਼ਾ ਕਰਨ ਦਾ ਜੰਗੀ ਅਭਿਆਸ ਕਰਵਾਇਆ ਜਾਂਦਾ ਸੀ।

---

22 ਜਸਬੀਰ ਸਿੰਘ ਸਰਨਾ, *ਗੁਰਦੁਆਰਾ ਕੋਸ਼,* ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, 2013, ਪੰ.221.

**ਕਿਲਾ ਹੋਲਗੜ੍ਹ:** ਇਹ ਸਥਾਨ ਗੁਰੂ ਜੀ ਨੇ ਸਿੱਖ ਫੌਜੀਆਂ ਨੂੰ ਜੰਗ ਦਾ ਅਭਿਆਸ ਕਰਵਾਉਣ ਹਿਤ ਤਿਆਰ ਕੀਤਾ ਸੀ। ਹੋਲਾ ਮੂਲ ਰੂਪ ਵਿਚ ਫਾਰਸੀ ਸ਼ਬਦ ਹੈ, ਜਿਸ ਦਾ ਭਾਵ ਅਰਥ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ

> "ਅਨੰਦਪੁਰ ਦੇ ਇਸ ਕਿਲੇ ਵਿਚ ਦਸ਼ਮੇਸ਼ ਦੀਵਾਨ ਲਗਾ ਕੇ ਸੰਮਤ 1757 ਚੇਤਵਦੀ 1 ਨੂੰ ਹੋਲ੍ਹਾ ਮਹੱਲਾ ਖੇਡਣ ਦੀ ਰੀਤ ਚਲਾਈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸਾਸਤਰ ਅਤੇ ਯੁੱਧ-ਵਿਦਿਆ ਵਿਚ ਨਿਪੁਨ ਕਰਨ ਲਈ ਇਹ ਰੀਤ ਚਲਾਈ,ਅਤੇ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ ਕਬਜਾ ਕਰਨਾ। ਕਲਗੀਧਰ ਆਪ ਮਸਨੂਈ ਜੰਗਾਂ ਦੇ ਕਰਤਵ ਦੇਖਦੇ ਸਨ। ਇਥੇ ਹੋਲੇ ਦੇ ਪੁਰਬ ਮੌਕੇ ਘੋੜ-ਸਵਾਰੀ, ਨੇਜ਼ਾਬਾਜ਼ੀ, ਤਲਵਾਰਬਾਜ਼ੀ, ਗਤਕਾ ਅਤੇ ਕੁਸਤੀਆਂ ਦੇ ਮੁਕਾਬਲੇ ਹੋਇਆ ਕਰਦੇ ਸਨ।"[23]

ਵਰਤਮਾਨ ਸਮੇਂ ਵਿਚ ਇਕ ਵਿਸ਼ਾਲ ਨਗਰ ਕੀਰਤਨ ਜਲੂਸ ਦੀ ਸ਼ਕਲ ਵਿਚ ਆਨੰਦਪੁਰ ਤੋਂ ਅਰੰਭ ਹੋ ਕੇ ਹੋਲਗੜ੍ਹ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘਾਂ ਦੇ ਵੱਖ-ਵੱਖ ਜਥੇ ਮਸਨੂਹੀ ਜੰਗ ਦੇ ਦਿਲਕਸ਼ ਅਤੇ ਖੂਬਸੂਰਤ ਨਜ਼ਾਰੇ ਪੇਸ਼ ਕਰਦੇ ਹਨ। ਹੋਲੇ ਦੇ ਪੁਰਬ ਮੌਕੇ ਸੰਗਤ ਵਾਸਤੇ ਇਸ ਗੁਰੂ ਦੇ ਚਰਨ ਛੋਹ ਨਿਸ਼ਾਨੀ ਵਿਸ਼ੇਸ਼ ਅਧਿਆਤਮਕ ਮੱਹਤਵ ਰੱਖਦੀ ਹੈ।

**ਕਿਲਾ ਫਤਹਿਗੜ੍ਹ:** ਜਦੋਂ ਗੁਰਦੁਆਰਾ ਕਿਲਾ ਫਤਿਹਗੜ੍ਹ ਸਾਹਿਬ ਦਾ ਨਿਰਮਾਣ ਕੀਤਾ ਜਾ ਰਿਹਾ ਸੀ, ਤਾਂ ਸਾਹਿਬਜ਼ਾਦਾ ਫਤਿਹ ਸਿੰਘ ਜੀ ਦਾ ਜਨਮ ਹੋਇਆ ਸੀ ਇਸ ਲਈ ਇਸਦਾ ਨਾਂ ਕਿਲਾ ਫਤਿਹਗੜ੍ਹ ਦੇ ਰੂਪ ਵਿਚ ਉਨ੍ਹਾਂ ਦੇ ਸਨਮਾਨ ਵਿਚ ਰੱਖਿਆ ਗਿਆ ਸੀ। ਗੁਰਦੁਆਰਾ ਦੋ ਮੰਜ਼ਲਾ ਗੁੰਬਦਦਾਰ ਇਮਾਰਤ ਹੈ. ਇਸ ਦੇ ਸਾਹਮਣੇ ਇਕ ਪੁਰਾਣਾ ਖੂਹ ਹੈ ਜਿਸ ਨੇ ਇਕ ਵਾਰ ਫਤਿਹਗੜ੍ਹ ਕਿਲੇ ਦੀਆਂ ਲੋੜਾਂ ਪੂਰੀਆਂ ਕੀਤੀਆਂ। ਇਹ ਸਥਾਨ ਅਨੰਦਪੁਰ ਦੀ ਸੁੱਰਖਿਆ ਹਿਤ ਗੁਰੂ ਗੋਬਿੰਦ

---

23 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ,ਪਟਿਆਲਾ.1970,ਪੰ,950.


ਸਿੰਘ ਜੀ ਨੇ ਤਿਆਰ ਕਰਵਾਇਆ, ਜੋ ਮਾਨਵਤਾ ਲਈ ਸਦੀਵੀ ਆਜ਼ਾਦੀ ਦਾ ਪ੍ਰਤੀਕ ਹੈ। ਇਥੇ ਪਹਾੜੀ ਰਾਜੇ ਅਜਮੇਰ ਚੰਦ ਨਾਲ ਜੰਗ ਹੋਈ। ਇਸ ਜੰਗ ਵਿਚ ਖਾਲਸਾ ਪੰਥ ਦੀ ਜਿੱਤ ਹੋਈ ਅਤੇ ਭਾਈ ਬਾਘ ਸਿੰਘ (ਭਤੀਜਾ ਭਾਈ ਮਨੀ ਸਿੰਘ) ਭਾਈ ਦਰਬਾਰਾ ਸਿੰਘ ਸ਼ਹੀਦ ਹੋਏ ਸਨ।
ਹੋਲੇ ਮਹੱਲੇ ਦਾ ਮੁੱਖ ਆਕਰਸ਼ਨ ਨਿਹੰਗ ਸਿੰਘਾਂ ਦੇ ਜੱਥਿਆਂ ਵੱਲੋ ਕੱਢਿਆ ਜਾਂਦਾ ਮਹੱਲਾ ਹੁੰਦਾ ਹੈ। ਇਹ ਮੱਹਲਾ ਕਿਲ੍ਹਾ ਕੇਸਗੜ੍ਹ ਤੋਂ ਆਰੰਭ ਹੋ ਕੇ ਕਿਲ੍ਹਾ ਹੋਲਗੜ੍ਹ ਵਿਖੇ ਸਮਾਪਤ ਹੁੰਦਾ ਹੈ। ਇਸ ਮੱਹਲੇ ਵਿਚ ਨਿਹੰਗ ਸਿੰਘ ਦਲ ਆਪਣੇ ਰਿਵਾਇਤੀ ਬਾਣੇ ਅਤੇ ਸ਼ਾਸਤਰਾਂ ਨਾਲ ਘੋੜਿਆਂ ਉਤੇ ਸਵਾਰ ਹੋ ਕੇ ਸ਼ਾਮਿਲ ਹੁੰਦੇ ਹਨ, ਜੋ ਚੜ੍ਹਦੀ ਕਲਾ ਨਾਲ ਸਿੱਖ ਸਭਿਆਚਾਰ ਨੂੰ ਪੇਸ਼ ਕਰਦੇ ਹਨ। ਅਖੀਰ ਵਿਚ ਨਿਹੰਗ ਸਿੰਘ ਅਤੇ ਅਕਾਲੀ ਸਿੰਘ ਆਪਣੇ ਆਪਣੇ ਨਿਸ਼ਾਨ ਸਾਹਿਬ ਸਮੇਤ ਨਗਾਰੇ ਵਜਾਉਂਦੇ ਹੋਏ ਵਾਪਸ ਆਪਣੀ ਜਗਾਹ ਤੇ ਚਲੇ ਜਾਂਦੇ ਹਨ। ਇਸ ਮਗਰੋਂ ਮੇਲਾ ਘਟਣਾ ਸ਼ੁਰੂ ਹੋ ਜਾਂਦਾ ਹੈ।

ਹੋਲਾ ਮਹੱਲਾ ਮਨਾਏ ਜਾਣ ਦੀ ਇਤਿਹਾਸਕ ਅਤੇ ਸਭਿਆਚਾਰਕ ਮਹੱਤਤਾ ਹੈ। ਇਹ ਇਕ ਬਲਵਾਨ ਚਿੰਤਨ ਅਤੇ ਸੋਚ ਦੀ ਦੇਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਇਕ ਮਹਾਨ ਯੋਧੇ ਸਨ, ਉਹ ਇਕ ਪ੍ਰਬੋਧ ਵਿਦਵਾਨ, ਵਿਚਾਰਵਾਨ ਅਤੇ ਚਿੰਤਕ ਵੀ ਸਨ। ਸ਼ੇਰ ਸਿੰਘ ਕੰਵਲ ਅਨੁਸਾਰ

> "ਅਸਲ ਵਿਚ ਇਹ ਤਿਉਹਾਰ ਹਿੰਦੂ ਸਮਾਜ ਜੀ ਵਰਣ-ਵੰਡ ਦੀ ਪੈਦਾਵਾਰ ਸੀ। ਹਿੰਦੂ ਵਰਣ- ਆਸ਼ਰਮ ਪ੍ਰਧਾਨ ਸਮਾਜ ਵਿਚ ਹਰ ਮਨੁੱਖ ਨੂੰ ਹਰ ਤਿਉਹਾਰ ਮਨਾਉਣ ਦੀ ਅਜਾਦੀ ਨਹੀ ਸੀ। ਮਸਲਨ ਸ਼ਾਵਣੀ ਸਿਰਫ਼ ਬ੍ਰਾਹਮਣਾਂ ਲਈ ਰਾਖਵੀਂ ਸੀ। ਦੁਸ਼ਹਿਰਾ ਸਿਰਫ਼ ਖੱਤਰੀਆਂ ਲਈ ਰਾਖਵਾਂ ਸੀ। ਦੀਵਾਲੀ ਸਿਰਫ਼ ਵੈਸ਼ਵਾਂ ਲਈ ਤੇ ਹੋਲੀ ਸਿਰਫ਼ ਸ਼ੂਦਰਾਂ ਲਈ ਰਾਖਵਾਂ ਤਿਉਹਾਰ ਸੀ।"[24]

24 ਸ਼ੇਰ ਸਿੰਘ ਕੰਵਲ, *ਪੰਜਾਬ ਦੇ ਮੇਲੇ,* ਤਰਲੋਚਨ ਪਬਲਿਸ਼ਰ, ਚੰਡੀਗੜ੍ਹ,2013. ਪੰ 66.

ਸੈਂਕੜੇ ਵਰ੍ਹਿਆਂ ਤੋਂ ਸਮਾਜਿਕ, ਰਾਜਸੀ ਅਤੇ ਮਾਨਸਿਕ ਗ਼ੁਲਾਮੀ ਭੋਗ ਰਹੀ ਜਨਤਾ ਦੀ ਮਾਨਸਿਕਤਾ ਨੂੰ ਬਦਲ ਕੇ ਉਨ੍ਹਾਂ ਵਿੱਚ ਸਵੈ-ਵਿਸ਼ਵਾਸ, ਆਤਿਮ ਨਿਰਭਰਤਾ, ਨਿਡਰਤਾ, ਅਣਖ, ਸਵੈਮਾਨ ਅਤੇ ਮਨੋਬਲ ਨੂੰ ਬਲਵਾਨ ਰੱਖਣ ਦੀ ਭਾਵਨਾ ਨੂੰ ਸੰਚਾਰ ਕਰਨ ਦਾ ਅਹਿਮ ਸਰੋਕਾਰ ਸੀ। ਗੁਰੂ ਜੀ ਨੇ ਉਹਨਾਂ ਦੀ ਸੋਚ ਅਤੇ ਗ਼ੁਲਾਮਾਂ ਵਾਲੀ ਮਾਨਸਿਕਤਾ ਨੂੰ ਬਦਲਣ ਲਈ ਕਈ ਇਕ ਇਤਿਹਾਸਕ ਅਤੇ ਇਨਕਲਾਬੀ ਕਦਮ ਚੁੱਕੇ। ਖਾਲਸਾ ਪੰਥ ਦੀ ਸਾਜਨਾ ਉਨ੍ਹਾਂ ਵੱਲੋਂ ਪੁੱਟਿਆ ਗਿਆ ਪਹਿਲਾ ਇਤਿਹਾਸਕ ਕਦਮ ਸੀ। ਇਹ ਸੰਸਾਰ ਦੇ ਇਤਿਹਾਸ ਵਿੱਚ ਵਾਪਰੀ ਮਹੱਤਵਪੂਰਨ ਘਟਨਾ ਹੈ। ਹੋਲਾ ਮਹੱਲਾ ਹੋਲੀ ਦੇ ਬਰਾਬਰ ਉਸਰਿਆ ਹੈ। ਹੋਲੀ ਜਾਤਾਂ ਵਿਚ ਵੰਡੀ ਹੋਈ ਸੀ, ਇਕ ਜਾਤ ਦੇ ਲੋਕ ਆਪਣੀ ਜਾਤ ਵਿਚ ਹੋਲੀ ਖੇਡਦੇ ਸਨ, ਜਦੋਂ ਕਿ ਹੋਲੇ ਮਹੱਲੇ ਵਿਚ ਸਭ ਜਾਤਾਂ ਦੇ ਲੋਕ ਇਕੱਠੇ ਇਕ ਦੂਜੇ 'ਤੇ ਰੰਗ ਸੁੱਟਦੇ ਸਨ।



ਹੋਲਾ ਮੱਹਲਾ ਆਨੰਦਪੁਰ ਸਾਹਿਬ

**ਮਾਘੀ ਦਾ ਪੁਰਬ ਮੁਕਤਸਰ**

**ਨਗਰ ਦਾ ਪਿਛੋਕੜ:** ਪੁਰਾਤਨ ਕਸਬੇ ਜਲਾਲਾਬਾਦ ਦੇ ਤਿੰਨ ਖੱਤਰੀ ਭਰਾ ਸਨ ਜੋ ਅਮੀਰ ਹੋਣ ਦੇ ਨਾਲ ਨਾਲ ਧਾਰਮਿਕ ਬਿਰਤੀ ਵਾਲੇ ਵੀ ਸਨ। ਇਹ ਤਿੰਨੇ ਸ਼ਿਵ ਦੇ ਪੱਕੇ ਉਪਾਸ਼ਕ ਸਨ। ਇਹਨਾਂ ਦੇ ਨਾਂ ਸਨ ਖਿਦਰਾਣਾ ਕਿੱਲਤ ਹਮੇਸ਼ਾਂ ਦੀ ਪਾਣੀ ਵਿਚ ਇਲਾਕੇ ਇਸ ਸੀ। ਰੁਪਾਣਾ ਅਤੇ ਧਿੰਗਾਣਾ , ਇਹ ਸਮੇਂ ਕਿਸੇ ਮੁਤਾਬਕ ਇਤਿਹਾਸ ਪੁਰਾਤਨ ਕਿਉਂਕਿ ਸੀ ਰਹਿੰਦੀਖੇਤਰ ਰਜਿਸਤਾਨ ਦੇ ਮਾਰੂਥਲ ਦਾ ਹਿੱਸਾ ਸੀ। ਰੇਤਲਾ ਇਲਾਕਾ ਅਤੇ ਪਾਣੀ ਦੀ ਥੁੜ੍ਹ ਕਾਰਨ ਹੀ ਤਿੰਨਾਂ ਭਰਾਵਾਂ ਨੇ ਇਥੇ ਤਿੰਨ ਢਾਬਾਂ ਖੁਦਵਾਈਆਂ। ਲੋਕ ਇਸ ਪਾਣੀ ਦੀ ਵਰਤੋਂ ਪਸ਼ੂਆਂ ਦੇ ਪੀਣ ਅਤੇ ਆਪਣੇ ਪੀਣ ਲਈ ਕਰਦੇ। ਇਹਨਾਂ ਤਿੰਨਾਂ ਢਾਬਾਂ ਦੁਆਲੇ ਪਿੰਡ ਧਿੰਗਾਣਾ ਗਏ। ਵਸ ਖਿਦਰਾਣਾ ਅਤੇ ਰੁਪਾਣਾ,

**ਮਾਘੀ ਦਾ ਪਿਛੋਕੜ**:ਗੁਰੂ ਕਾਲ ਵਿਚ ਮਾਘੀ ਦਾ ਪੁਰਬ ਸਿੱਖ ਸੰਗਤ ਗੁਰੂ ਆਦੇਸ਼ ਅਨੁਸਾਰ ਮਨਾਇਆ ਜਾਂਦਾ ਸੀ। ਗੁਰੂ ਸਾਹਿਬਾਨ ਨੇ ਮੌਸਮੀ ਤਿਉਹਾਰਾਂ ਨੂੰ ਗੁਰਮਤਿ ਦੇ ਪ੍ਰਚਾਰ ਹਿਤ ਤਬਦੀਲ ਕਰ ਲਿਆ ਸੀ। ਇਸ ਪੁਰਬ ਦਾ ਪਿਛੋਕੜ ਰਾਜਵੰਤ ਕੌਰ ਅਨੁਸਾਰ

> ਆਖਰਲੇ ਦੇ ਮਹੀਨੇ ਪੋਹ ਯਾਨੀ ਸ਼ਾਮ ਪੂਰਵਲੀ ਤੋਂ ਤੀਸੰਕਰਾਂ ਮਕਰ ਵਿਚ ਪੰਜਾਬ" ਮਨਾਈ ਲੋਹੜੀ ਦਿਨਜਾਂਦੀ ਹੈ। ਅਗਲੇ ਦਿਨ ਭਾਵ ਮਕਰ ਸੰਕਰਾਂਤੀ ਵਾਲੇ ਦਿਨ ਸ਼ੁਭ ਨੂੰ ਮਾਘ ਵਿਚ ਮਹਿਨਿਆਂ ਦੇਸੀ ਹੈ। ਹੁੰਦਾ ਮੇਲਾ ਜੋੜ ਦਾ ਮਾਘੀ ਨੂੰ ਪਹਿਲੀਮਾਘ ਆਉਂਦੇ ਤਿਉਹਾਰ ਤੇ ਪੁਰਬ ਅਨੇਕ ਵੀ ਹੋਰ ਵਿਚ ਮਹੀਨੇ ਇਸ ਹੈ। ਹਾਸਲ ਸਥਾਨ (ਮੱਸਿਆ ਮੋਨੀ) ਮੱਸਿਆ ਮਾਘੀ ,ਪੂਰਨਿਮਾ ਮਾਘੀ ,ਸਪਤਮੀ ਅਚਲਾ ਹਨ।ਇਸ ਮਹੀਨੇ ਦੇ ਪੂਰਬ ਤੇ ਤਿਉਹਾਰ ਹਨ। ਪੰਜਾਬੀ ਇਸ ਦਿਨ ਨੂੰ ਸਭ ਤੋਂ ਠੰਡਾ ਦਿਨ ਮੰਨਦੇ ਹਨ। ਠੰਡੀਆਂ ਹਵਾਵਾਂ ਤੋਂ ਬਚਣ ਖਾਤਰ ਅੱਗ ਦੁਆਲੇ ਨੱਚਦੇ ਤੇ ਭੰਗੜਾ ਪਾਉਂਦੇ ਹਨ ਅਤੇ ਮੂੰਗਫਲੀ ਰਿਊੜੀਆਂ ਤੇ ਗੱਚਕ ਖਾਂਦੇ ਹਨ ।"[25]

---

25 ਰਾਜਵੰਤ ਕੌਰ ,*ਮਾਘੀ ਦਾ ਦਿਹਾੜਾ*ਅਜੀਤ ,ਮੈਗਜੀਨ ,ਐਤਵਾਰ ,14 ਜਨਵਰੀ, 2018.

ਖਿੱਦਰਾਣੇ ਦਾ ਇਸ ਰੇਤਲੇ ਇਲਾਕੇ ਵਿਚ ਪਾਣੀ ਦਾ ਸੋਮਾ ਮਨੁੱਖੀ ਜਿੰਦਗੀ ਅਤੇ ਪਸ਼ੂਆਂ ਲਈ ਵਰਦਾਨ ਸੀ। ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਨੀਤੀ ਅਨੁਸਾਰ ਪਾਣੀ ਦੀ ਢਾਬ ਨੂੰ ਕਬਜ਼ੇ ਵਿਚ ਲਿਆ ਅਤੇ ਮੁਗਲ ਸੈਨਾ ਨੂੰ ਇਸ ਧਰਤੀ 'ਤੇ ਜੰਗ ਵਿਚ ਭਾਂਜ ਦਿੱਤੀ ਸੀ। ਇਸ ਜੰਗ ਵਿਚ ਚਾਲੀ ਸਿੰਘ ਸ਼ਹੀਦ ਹੋਏ ਸਨ, ਜਿਨ੍ਹਾਂ ਨੂੰ ਚਾਲੀ ਮੁਕਤਿਆਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਹਰਿੰਦਰ ਸਿੰਘ ਮਹਿਬੂਬ ਅਨੁਸਾਰ:

> "ਉਹ ਭਾਗੋ ਸੀ, ਮਾਝੇ ਦੀ ਸਿੰਘਣੀ, ਜੋ ਇਹਨਾਂ ਚਾਲੀ ਸ਼ਹੀਦਾਂ ਨਾਲ ਇਸ ਤਰ੍ਹਾਂ ਆਈ ਸੀ, ਜਿਵੇਂ ਮਾਂ ਬੱਚਿਆਂ ਨੂੰ ਲੈ ਕੇ ਆਵੇ। ਉਸ ਨੇ ਇਹਨਾਂ ਸ਼ਹੀਦਾਂ ਦੀ ਉਦਾਸ ਕਹਾਣੀ ਗੁਰੂ ਜੀ ਨੂੰ ਮੁੱਢ ਤੋਂ ਸੁਣਾਈ। ਗੁਰੂ ਜੀ ਨੇ ਇਹਨਾਂ ਸ਼ਹੀਦਾਂ ਦਾ ਸੰਸਕਾਰ ਉਸ ਸੁੱਕੇ ਛੰਭ ਵਿਚ ਹੀ ਕੀਤਾ ਅਤੇ ਉਸ ਦਾ ਨਾਂ ਮੁਕਤਸਰ ਰੱਖਿਆ।[26]"

**ਗੁਰਦੁਆਰਾ ਟੁੱਟੀ ਗੰਢੀ ਸਾਹਿਬ:** ਇਸ ਨਗਰ ਦਾ ਕੇਂਦਰੀ ਸਥਾਨ ਗੁਰਦੁਆਰਾ ਦਰਬਾਰ ਸਾਹਿਬ ਹੈ। ਇਹ ਸਥਾਨ ਸ਼ਹੀਦ ਭਾਈ ਮਹਾਂ ਸਿੰਘ ਅਤੇ ਉਸਦੇ ਸਾਥੀ ਚਾਲੀ ਮੁਕਤਿਆਂ ਦੀ ਯਾਦ ਵਿਚ ਉਸਾਰਿਆ ਗਿਆ ਹੈ। ਇਸ ਸਥਾਨ ਤੇ ਅਨੰਦਪੁਰ ਦੀ ਜੰਗ ਵਿਚ ਬੇਦਾਵਾ ਦੇ ਕੇ ਆਏ ਚਾਲੀ ਸਿੱਖ ਗੁਰੂ ਦੀ ਸ਼ਰਨ ਵਿਚ ਆਏ। ਪੂਰਨ ਸਿੰਘ ਅਨੁਸਾਰ:

> ਗੁਰੂ ਜੀ ਇਸ ਸਥਾਨ ‘ਤੇ ਪੁੱਜੇ ਅਤੇ ਵੇਖਿਆ ਕਿ ਦੁਸ਼ਮਣ ਉਤੇ ਹੱਲਾ ਉਨ੍ਹਾਂ ਦੇ ਆਪਣੇ ਪੁਰਾਣੇ ਸੇਵਕਾਂ ਨੇ ਕੀਤਾ ਸੀ। ਉਹ ਹਰੇਕ ਨੂੰ ਪਿਤਰੀ ਭਾਵ ਵਿਚ ਚੁੱਕਕੇ ਉਸ ਦਾ ਸਿਰ ਆਪਣੀ ਗੋਦ ਵਿਚ ਲੈ ਕੇ ਮੂੰਹ ਪੂੰਝਦੇ ਗਏ ਅਤੇ ਅਸ਼ੀਰਵਾਦ ਦੇਂਦੇ ਗਏ। ਕੇਵਲ ਭਾਈ ਮਹਾਂ ਸਿੰਘ ਜੀਊਂਦਾ ਸੀ। ਗੁਰੂ ਜੀ ਨੇ ਉਸ ਨੂੰ ਆਪਣੀ ਗੋਦ ਵਿਚ ਲਿਆ।”[27]

---

26 ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖ਼ਾਲਸਾ*, ਸਵੈ ਪ੍ਰਕਾਸ਼ਿਤ ਗੜ੍ਹਦੀਵਾਲਾ, 1988 ਪੰ. 432.

27 ਪੂਰਨ ਸਿੰਘ, *ਦਸ ਗੁਰ ਦਰਸ਼ਨ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964,ਪੰਨੇ 127-28.

ਗੁਰੂ ਜੀ ਨੇ ਮਹਾਂ ਸਿੰਘ ਦੀ ਅੰਤਿਮ ਇਛਾ ਤੇ ਤ੍ਰਿਸ਼ਨਾ ਬਾਰੇ ਪੁੱਛਿਆ ਉਤਰ ਵਿਚ ਕੇਵਲ ਭਾਈ ਮਹਾਂ ਸਿੰਘ ਨੇ ਬੇਦਾਵਾ ਪੱਤਰ ਪਾੜਨ ਦੀ ਬੇਨਤੀ ਕੀਤੀ,ਜਿਸ ਨੂੰ ਗੁਰੂ ਸਾਹਿਬ ਨੇ ਪ੍ਰਵਾਨ ਕਰ ਕੇ ਟੁੱਟੀ ਗੰਢੀ ਦਾ ਇਤਿਹਾਸ ਸਿਰਜਿਆ। ਜੋ ਮੁਕਤਸਰ ਦੀ ਜੰਗ ਵਿਚ ਸ਼ਹੀਦੀਆਂ ਪ੍ਰਾਪਤ ਕਰਕੇ ਮੁਕਤਿਆਂ ਦੇ ਰੂਪ ਵਿਚ ਸਿੱਖ ਪੰਥ ਦੀ ਅਰਦਾਸ ਦਾ ਅੰਗ ਬਣੇ। ਇਹਨਾਂ ਸ਼ਹੀਦਾਂ ਦੀ ਯਾਦ ਵਿਚ ਇਹ ਮਾਘੀ ਦਾ ਪੁਰਬ ਮਨਾਇਆ ਜਾਂਦਾ ਹੈ। ਵਣਜਾਰਾ ਬੇਦੀ ਅਨੁਸਾਰ:

> ਮੁਕਤਸਰ ਸਿੱਖ ਮਿਸਲਾਂ ਦੇ ਸਮੇਂ ਸੰਮਤ 1818 ਵਿਚ ਆਬਾਦ ਕੀਤਾ ਗਿਆ। ਸਿੱਖਾਂ ਦਾ ਧਾਰਮਿਕ ਸਥਾਨ ਹੋਣ ਕਰ ਕੇ ਇਸ ਨੂੰ ਪਾਵਨ ਧਰਤੀ ਮੰਨਿਆ ਜਾਂਦਾ ਹੈ। ਇਥੇ ਮਾਘੀ ਦਾ ਜੋੜ ਮੇਲਾ ਭਰਦਾ ਹੈ, ਜਿਸ ਨੂੰ ਸਿੱਖ ਸ਼ਰਧਾ ਨਾਲ ਮਨਾਉਂਦੇ ਹਨ ਅਤੇ ਲੱਖਾਂ ਦੀ ਗਿਣਤੀ ਵਿਚ ਸਿੱਖ ਇਥੇ ਇੱਕਤਰ ਹੁੰਦੇ ਹਨ।"[28]

**ਭਾਈ ਮਹਾਂ ਸਿੰਘ ਦੀਵਾਨ ਹਾਲ**: ਇਹ ਦੀਵਾਨ ਹਾਲ ਮਾਝੇ ਦੇ ਸਿੱਖਾਂ ਦੇ ਜੱਥੇਦਾਰ ਭਾਈ ਮਹਾਂ ਸਿੰਘ ਦੀ ਸ਼ਹੀਦੀ ਨੂੰ ਸਮਰਪਤ ਹੈ। ਮਾਘੀ ਦੇ ਜੋੜ ਮੇਲੇ ਦੇ ਮੌਕੇ ਇਸ ਦੀਵਾਨ ਹਾਲ ਵਿਚ ਧਾਰਮਿਕ ਦੀਵਾਨ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਜੱਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਜਾਂਦਾ ਹੈ। ਢਾਡੀ ਬੀਰ-ਰਸੀ ਵਾਰਾਂ ਦੁਆਰਾ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਾਉਂਦੇ ਹਨ। ਕਵੀ ਦਰਬਾਰ ਹੁੰਦੇ ਹਨ। ਕਵੀਸ਼ਰੀ ਜਥੇ ਵੀ ਇਸ ਦੀਵਾਨ ਹਾਲ ਵਿੱਚ ਸੰਗਤਾਂ ਲਈ ਵਿਸ਼ੇਸ ਖਿੱਚ ਦਾ ਕੇਂਦਰ ਹੁੰਦੇ ਹਨ। ਅਜੋਕੇ ਸੰਚਾਰ ਸਾਧਨ ਇਸ ਦੀਵਾਨ ਦੇ ਪ੍ਰੋਗਰਾਮ ਨੂੰ ਦੁਨੀਆਂ ਭਰ ਦੇ ਦਰਸ਼ਕਾਂ ਲਈ ਸਿੱਧਾ ਪ੍ਰਸਾਰਨ ਕਰਦੇ ਹਨ। ਅਖਬਾਰ ਅਤੇ ਮਾਸਿਕ ਪੱਤਰ ਮੇਲੇ ਦੀਆਂ ਸਰਗਰਮੀਆਂ ਨੂੰ ਪ੍ਰਕਾਸ਼ਿਤ ਕਰਦੇ ਹਨ।

**ਗੁਰਦੁਆਰਾ ਟਿੱਬੀ ਸਾਹਿਬ:** ਇਹ ਗੁਰਦੁਆਰਾ ਉਸ ਸਥਾਨ 'ਤੇ ਸਥਿਤ ਹੈ, ਜਿਥੇ ਇਕ ਰੇਤ ਦੀ ਉਚੀ ਟਿਬੀ ਤੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਵਿਚ ਸਿੱਖ ਫੌਜ ਦੀ ਕਮਾਂਡ ਕੀਤੀ ਸੀ। ਇਸ ਸਥਾਨ ਤੋਂ ਸਾਰਾ ਜੰਗ ਦਾ ਮੈਦਾਨ ਨਜ਼ਰ ਆਉਂਦਾ ਸੀ। ਸੁਖਦੇਵ ਮਾਦਪੁਰੀ ਅਨੁਸਾਰ:

---

**28 soihMdr isMG vxjwrw bydI,*pMjwbI lokDwrw ivSv kos*, ijld-7, pM. 1924.**

"ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਜਿਥੇ ਸਰੋਵਰ ਵਿੱਚ ਇਸ਼ਨਾਨ ਕਰਕੇ ਆਤਮਿਕ ਆਨੰਦ ਪ੍ਰਾਪਤ ਕਰਦੀਆਂ ਹਨ, ਉੱਥੇ ਉਹ ਸ਼ਹੀਦ ਗੰਜ, ਟਿੱਬੀ ਸਾਹਿਬ ਅਤੇ ਤੰਬੂ ਸਾਹਿਬ ਆਦਿ ਗੁਰਦੁਆਰਿਆਂ ਦੇ ਦਰਸ਼ਨ ਦੀਦਾਰੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਭੇਂਟ ਕਰਦੀਆਂ ਹਨ। ਇਥੇ ਗੁਰਦੁਆਰਿਆਂ ਵਿੱਚ ਸਜੇ ਦੀਵਾਨਾਂ ਵਿੱਚ ਗੁਰਬਾਣੀ ਦਾ ਰਸ ਭਿੰਨਾਂ ਕੀਰਤਨ ਸ਼ਰਧਾਲੂਆਂ ਨੂੰ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ ਅਤੇ ਢਾਡੀਆਂ ਤੇ ਕਵੀਸ਼ਰਾਂ ਵੱਲੋਂ ਗਾਈਆਂ ਜਾਂਦੀਆਂ ਬੀਰ-ਰਸੀ ਵਾਰਾਂ ਉਹਨਾਂ ਨੂੰ ਹੱਕ ਸੱਚ ਲਈ ਜੂਝਣ ਅਤੇ ਅਨਿਆਂ ਵਿਰੁੱਧ ਡੱਟਣ ਲਈ ਪ੍ਰੇਰਦੀਆਂ ਹਨ।"[29]

**ਗੁਰਦੁਆਰਾ ਰਕਾਬਗੰਜ ਸਾਹਿਬ**: ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ ਰਕਾਬ ਨਾਲ ਸਬੰਧਿਤ ਹੈ ਜੋ ਗੁਰਦੁਆਰਾ ਟਿਬੀ ਸਾਹਿਬ ਤੋਂ 200 ਮੀਟਰ ਦੀ ਦੂਰੀ ਤੇ ਸੁਸ਼ੋਭਤ ਹੈ। ਇਸ ਦੀ ਇਮਾਰਤ ਦਾ ਨਿਰਮਾਣ ਜਨਰਲ ਬਘੇਲ ਸਿੰਘ ਨੇ ਕਰਵਾਇਆ ਸੀ।ਇਥੇ ਬਹੁਤ ਸੁੰਦਰ ਸਰੋਵਰ ਹੈ। ਗੁਰੂ ਸਾਹਿਬ ਜੀ ਜਦੋਂ ਆਪਣੀ ਯਾਤਰਾ ਆਰੰਭ ਕਰਨ ਲਗੇ ਤਾਂ ਉਹਨਾਂ ਦੇ ਘੋੜੇ ਦੀ ਰਕਾਬ ਫਸ ਗਈ ਸੀ। ਇਥੇ ਗੁਰੂ ਜੀ ਨੇ ਕਿੱਕਰ ਦੇ ਰੁੱਖ ਦੀ ਦਾਤਣ ਕੀਤੀ ਸੀ।

**ਮੀਨਾਰੇ ਸ਼ਹੀਦਾਂ**: ਪੰਜਾਬ ਸਰਕਾਰ ਵਲੋਂ ਮੁੱਕਤਸਰ ਦੀ ਜੰਗ ਦੀ 300 ਸਾਲਾ ਸ਼ਤਾਬਦੀ ਨੂੰ ਸਮਰਪਤ ਇਕ ਵਿਰਾਸਤੀ ਯਾਦਗਰ ਦਾ ਨਿਰਮਾਣ ਕਰਵਾਇਆ। ਪਰਮਜੀਤ ਸਿੰਘ ਢੀਂਗਰਾ ਅਨੁਸਾਰ:

ਸਾਲ  ਕੁੱਜ ਸਮੇਂ ਹੈ।ਇਸ  ਗਈ। ਮਨਾਈ ਸਤਾਬਦੀ ਤੀਜੀ ਦੀ ਮੁਕਤਸਰ ਵਿਚ 2005 ਇਤਿਹਾਸਕ ਇਮਾਰਤਾਂ ਦੀ ਉਸਾਰੀ ਕਰਵਾਈ ਗਈ।  ਇਹਦੇ ਵਿਚ ਪ੍ਰਸਿਧ ਮੁਕਤੇ- ਦੀ ਇਸ ਉਪਰੋਂ ਹੈ। ਖੰਡਾ ਵਾਲਾ ਮੁੱਠੇ ਦੇ ਫੁੱਟ 11 ਤੇ ਉਚਾ ਫੁੱਟ 81 ਇਹ ਹੈ। ਮੀਨਾਰ ਦੀ ਮੁਕਤਿਆਂ ਚਾਲੀ ਦੁਆਲੇ ਦੇ ਇਸ  ਹੈ। ਫੁੱਟ 13 ਵਿਚਕਾਰੋਂ ਅਤੇ ਫੁੱਟ 16 ਚੋੜਾਈ

---


29 ਸੁਖਦੇਵ ਮਾਦਪੁਰੀ, *ਵਿਰਾਸਤੀ ਮੇਲੇ ਤੇ ਤਿਉਹਾਰ,* ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2013, ਪੰ. 44.

ਬਣਿਆ ਖੰਡਾ ਹੀ ਵਿਚ ਕੜਿਆਂ ਇਹਨਾ ਅਤੇ ਹਨ ਕੜੇ ਵੱਡੇ ਚਾਲੀ ਵਿਚ ਯਾਦ ਹੋਇਆ ਹੈ। ਇਸ ਤੋਨ ਇਲਾਵਾ ਇਸ ਮੌਕੇ ਮੁਕਤਸਰ ਦੇ ਆਲੇ ਦੁਆਲੇ ਜਾਂਦੀਆਂ ਸਵਕਾਂ ਹਨ। ਗਏ ਬਣਾਏ ਗੇਟ ਸ਼ਾਨਦਾਰ ਵੱਡੇ ਸੱਤ ਤੇ'[30]

**ਮਾਘੀ ਦਾ ਜੋੜ-ਮੇਲਾ**: ਮਾਘੀ ਦੇ ਪੁਰਬ 'ਤੇ ਸਾਰੇ ਦੇਸ਼ ਵਿਚ ਪਵਿੱਤਰ ਨਦੀਆਂ, ਦਰਿਆਵਾਂ ਅਤੇ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਪ੍ਰਥਾ ਹੈ। ਮੁਕਤਸਰ ਸਿੱਖ ਪੰਥ ਲਈ ਵੱਡਾ ਤੀਰਥ ਅਸਥਾਨ ਹੈ, ਜੋ ਸਿੱਖ ਸੰਗਤਾਂ ਲਈ ਨਿੱਤਨੇਮ ਦੀ ਅਰਦਾਸ ਦਾ ਹਿੱਸਾ ਹੈ। ਇਥੇ ਹਰ ਸਾਲ ਦੇਸੀ ਸਾਲ ਦੇ ਮਾਘ ਮਹੀਨੇ ਦੀ ਪਹਿਲੀ ਤਾਰੀਕ (14 ਜਨਵਰੀ ) ਨੂੰ ਮਾਘੀ ਦਾ ਜੋੜ-ਮੇਲਾ ਭਰਦਾ ਹੈ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸਰੋਵਰਾਂ ਵਿਚ ਇਸ਼ਨਾਨ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਰ ਦਿਤਾ ਸੀ ਕਿ ਜਿਹੜਾ ਸਿੱਖ ਸ਼ਰਧਾਲੂ ਇਸ ਪਾਵਨ ਸਰੋਵਰ ਵਿੱਚ ਇਸ਼ਨਾਨ ਕਰੇਗਾ, ਉਸ ਦੀ ਪਾਪਾਂ ਦੀ ਮੈਲ ਧੋਤੀ ਜਾਵੇਗੀ। ਮਾਘੀ ਵਾਲੇ ਦਿਨ ਇਸ ਸਰੋਵਰ ਵਿੱਚ ਇਸ਼ਨਾਨ ਕਰਨ ਦਾ ਵਿਸ਼ੇਸ਼ ਮਹਾਤਮ ਹੈ ਤੇ ਖੂਬ ਮੇਲੇ ਦੀ ਰੌਣਕ ਬਣਦੀ ਹੈ। ਇਸ਼ਨਾਨ ਕਰਨ ਦੀ ਇਸ ਧਾਰਨਾ ਪਿਛੇ ਇਕ ਤੱਥ ਇਹ ਵੀ ਹੈ ਕਿ ਪੋਹ ਦਾ ਮਹੀਨਾ ਦਲਿੱਦਰ ਦਾ ਮਹੀਨਾ ਸਮਝਿਆ ਜਾਂਦਾ ਹੈ। ਏਸ ਮਹੀਨੇ ਸਰਦੀ ਵੀ ਹੱਡ-ਠਾਰਵੀਂ ਪੈਂਦੀ ਹੈ, ਜਿਸ ਕਰਕੇ ਆਮ ਲੋਕ ਨਹਾਉਣ ਤੋਂ ਕੰਨੀ ਕਤਰਾਉਂਦੇ ਹਨ ਤੇ ਲੰਮਾਂ ਸਮਾਂ ਇਸ਼ਨਾਨ ਨਾ ਕਰਕੇ ਦਲਿੱਦਰੀ ਬਣੇ ਰਹਿੰਦੇ ਹਨ। ਪੁਰਾਣੇ ਸਮਿਆਂ ਵਿੱਚ ਤਾਂ ਘਰਾਂ ਵਿੱਚ ਨਹਾਉਣ ਦਾ ਪ੍ਰਬੰਧ ਅੱਜ ਕੱਲ੍ਹ ਵਾਂਗ ਨਹੀਂ ਸੀ ਹੁੰਦਾ-ਨਾ ਨਲਕੇ ਹੁੰਦੇ ਸਨ ਨਾ ਪਾਣੀ ਵਾਲੀਆਂ ਟੂਟੀਆਂ। ਲੋਕਾਂ ਨੂੰ ਘਰਾਂ ਤੋਂ ਜਾ ਕੇ ਖੂਹਾਂ ਟੋਭਿਆਂ ਤੇ ਹੀ ਇਸ਼ਨਾਨ ਕਰਨਾ ਪੈਂਦਾ ਸੀ। ਮਾਘੀ ਨੂੰ ਦਿਨ ਵੱਡੇ ਹੋ ਜਾਂਦੇ ਹਨ ਤੇ ਪਾਲਾ ਘਟ ਜਾਂਦਾ ਹੈ। ਪੰਜਾਬੀਆਂ ਦਾ ਮਨਮੋਹਕ ਤਿਉਹਾਰ ਲੋਹੜੀ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਇਆ ਜਾਂਦਾ ਹੈ ਤੇ ਉਸ ਤੋਂ ਅਗਲੇ ਦਿਨ ਮਾਘੀ ਦਾ ਪੁਰਵ ਖੁਸ਼ੀਆਂ-ਖੇੜਿਆਂ ਦਾ ਢੋਲਾ ਲੈ ਕੇ ਲੋਕ ਮਨਾਂ ਵਿੱਚ ਨਵੀਂ ਚੇਤਨਾ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ।

---

30 ਪਰਮਜੀਤ ਸਿੰਘ ਢੀਂਗਰਾ, ਮੁਕਤਸਰ ਦਾ ਇਤਿਹਾਸ ਤੇ ਵਰਤਮਾਨ, ਅਜੀਤ ਮੈਗਜੀਨ 14, ਐਤਵਾਰ, ਜਨਵਰੀ, 2018.



**ਮਾਘੀ ਪੁਰਬ ਮੁਕਤਸਰ ਸਾਹਿਬ**

**ਵਿਸਾਖੀ ਦਾ ਪੁਰਬ ਤਖਤ ਸ੍ਰੀ ਦਮਦਮਾਂ ਸਾਹਿਬ**

**ਤਲਵੰਡੀ ਸਾਬੋ ਦਾ ਪਿਛੋਕੜ:** ਬਠਿੰਡੇ ਤੋਂ 17 ਮੀਲ ਦਖਣ ਵਲ ਇਕ ਤਲਵੰਡੀ ਸਾਬੋ ਨਾਮ ਦਾ ਨਗਰ ਹੈ। ਇਸ ਨਗਰ ਦੇ ਪੁਰਾਣੇ ਇਤਿਹਾਸ ਬਾਰੇ ਦਸਿਆ ਜਾਂਦਾ ਹੈ ਕਿ ਪਹਿਲਾਂ ਇਹ ਲਖੀ ਜੰਗਲ ਦਾ ਇਲਾਕਾ ਦਿੱਲੀ ਦੇ ਬਾਦਸ਼ਾਹ ਸ਼ਮਸਉਦੀਨ ਵੇਲੇ ਹਿੰਦੂ ਗੁਜਰਾਂ ਦੇ ਕਬਜ਼ੇ ਵਿਚ ਸੀ। ਉਨ੍ਹਾਂ ਦੀ ਇਥੇ ਵੱਡੀ ਚੌਧਰ ਹੇਠਾਂ  ਪਿੰਡ 48 ਸਨ ਜੋ ਉਨ੍ਹਾਂ ਨੇ ਮੁਸਲਮਾਨ ਬਣਕੇ ਉਸਦੀ ਲੜਕੀ 'ਸਾਬੋ' ਜਾਂ ਸਹਾਬੋ ਚੌਧਰਾਣੀ ਬਣੀ, ਜਿਸਨੇ ਆਪਣੇ ਨਾਮ ਉਤੇ ਇਸ ਤਲਵੰਡੀ ਕਸਬੇ ਨੂੰ ਇਸ ਰਿਆਸਤ ਦੀ ਰਾਜਧਾਨੀ ਬਣਾ ਕੇ ਰੌਣਕ ਬਖਸ਼ੀ! ਇਉਂ ਇਸ ਕਸਬੇ ਦਾ ਨਾਮ ਤਲਵੰਡੀ ਸਾਬੋ ਪਸਿਧ ਹੋਇਆ। ਬਠਿੰਡੇ ਦੇ ਆਸ ਪਾਸ ਬਰਾੜਾਂ ਦਾ ਜ਼ੋਰ ਵਧ ਜਾਣ ਤੇ ਉਨ੍ਹਾਂ ਦੇ ਗੁਜਰਾਂ ਨਾਲ ਕਈ ਭੇੜ ਹੋਏ ਅਤੇ ਗੁੱਜਰਾਂ ਨੂੰ ਕੱਢ ਕੇ ਬਰਾੜਾਂ ਨੇ ਇਸ ਇਲਾਕੇ ਉਤੇ ਕਬਜ਼ਾ ਕਰ ਲਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਇਲਾਕੇ ਦੀ ਚੌਧਰ ਚੌਧਰੀ ਸਲੇਮ ਦੇ ਪੁਤਰ ਡੱਲੇ ਪਾਸ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਮੇਲ ਤੋਂ ਅੰਮਿਤ ਛਕ ਕੇ ਡੱਲਾ ਸਿੰਘ ਸਜਿਆ, ਜਿਸ ਦੇ ਖ਼ਾਨਦਾਨ ਵਿੱਚੋਂ ਅੱਜ ਕਸਬੇ ਦੇ ਮੁਖੀ ਚਲੇ ਰਹੇ ਹਨ।  ਰਤਨ ਸਿੰਘ ਭੰਗੂ ਅਨੁਸਾਰ:

> "ਭਾਈ ਭਗਤੂ ਦੇ ਪੋਤੇ ਫਤੈ ਸਿੰਘ ਅਤੇ ਭਾਈ ਰੂਪ ਚੰਦ ਦੇ ਪੋਤੇ ਭਾਈ ਕਰਮ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰਕੇ  ਇਸ ਤੀਰਥ ਨੂੰ ਗੁਰੂ ਕਾਸ਼ੀ ਦਾ ਖਿਤਾਬ ਦਿੱਤਾ ਸੀ।"[31]

ਅਤਰ ਸਿੰਘ ਦੀ ਸੰਪਾਦਤ ਕੀਤੀ '*ਸਫਰਾਂ ਦੀ ਸਾਖੀ*' ਵਿਚ ਦਿੱਤੀ ਗਈ ਜਾਣਕਾਰੀ ਅਨੁਸਾਰ ਗੁਰੂ ਤੇਗ ਬਹਾਦਰ ਜੀ ਦਾ ਇਕ ਅਸਥਾਨ ਵੱਡੇ ਸਰੋਵਰ ਦੇ ਕੰਢੇ ਉਤੇ, ਦੂਜਾ ਦਮਦਮੇ ਤੇ ਤਖ਼ਤ ਵਾਲੇ ਅਸਥਾਨ ਦੇ ਵਿਚਕਾਰ ਕਰਨੇ ਮੌਜੂਦ ਹੈ।ਇਸ ਸਾਖੀ ਅਨੁਸਾਰ

---

31 ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 1999, ਪੰਨੇ 113-14.

"ਗੁਰੂ ਗੋਬਿੰ ਸਿੰਘ ਜੀ ਮਹਾਰਾਜ ਜੀ ਜਿਸ ਵੇਲੇ ਦਮਦਮੇ ਸਾਹਿਬ ਪਹੁੰਚੇ ਕਮਰਕਸਾ ਖੋਲਣ ਤੋਂ ਪਹਿਲਾਂ ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਨੂੰ ਮੱਥਾ ਟੇਕਿਆ। ਫੇਰ ਨਾਲ ਲਗਦੀ ਤਖ਼ਤ ਵਾਲੀ ਜਗ੍ਹਾ ਉਤੇ ਤੰਬੂ ਲਗਾਇਆ ਜਿਸ ਵਿਚ ਆਪਣੀ ਰਿਹਾਇਸ਼ ਰੱਖੀ ਤੇ ਓਸ ਵੇਲੇ ਹੀ ਇਕ ਉਚੀ ਵਰਸੀ ਦੀ ਟੀਸੀ ਨੂੰ ਬੈਠਣ ਯੋਗ ਬਨਾਉਣ ਲਈ ਕਿਹਾ: ''ਇਹ ਤਾਂ ਸਾਡਾ ਅਨੰਦਪੁਰ ਵਾਲਾ ਦਮਦਮਾ ਹੈ।''

**ਤਲਵੰਡੀ ਸਾਬੋ ਨਗਰ**: ਤਲਵੰਡੀ ਸਾਬੋ ਬਠਿੰਡੇ ਜ਼ਿਲੇ ਦਾ ਪ੍ਰਸਿੱਧ ਕਸਬਾ ਹੈ, ਜਿਸ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਦਾ ਹੈ, ਜੋ ਮੁਕਤਸਰ ਦੀ ਜੰਗ ਤੋਂ ਬਆਦ ਭਾਈ ਡੱਲੇ ਚੌਧਰੀ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਇਸ ਅਸਥਾਨ 'ਤੇ ਪਧਾਰੇ ਸਨ। ਗਿਆਨੀ ਗਿਆਨ ਸਿੰਘ ਅਨੁਸਾਰ:

"ਇਥੇ ਵਡੇ ਪੈਮਾਨੇ ਤੇ ਕੜਾਹਿਆਂ ਵਿਚ ਅੰਮ੍ਰਿਤ ਤਿਆਰ ਕੀਤਾ ਗਿਆ, ਜਿਸ ਵਿਚ ਫੂਲਕੀਆਂ ਰਿਆਸਤਾਂ ਦੇ ਬਾਬਾ ਰਾਮਾ ਤੇ ਤਿਲੋਕਾ ਸਿੰਘ ਸਜੇ, ਡੱਲੇ ਨੇ ਵੀ ਅੰਮ੍ਰਿਤ ਛਕਿਆ।"[32]

ਇਸ ਸਥਾਨ 'ਤੇ ਬਾਬਾ ਦੀਪ ਸਿੰਘ ਜੀ ਦੀ ਨਿਗਰਾਨੀ ਵਿੱਚ ਦਮਦਮੀ ਬੀੜ ਨੂੰ ਤਿਆਰ ਕੀਤਾ ਗਿਆ, ਉਤਾਰੇ ਕੀਤੇ ਗਏ ਅਤੇ ਗੁਰੂ ਜੀ ਨੇ ਇਸ ਸਥਾਨ ਨੂੰ ਗੁਰੂ ਕੀ ਕਾਂਸ਼ੀ ਹੋਣ ਦਾ ਖਿਤਾਬ ਦਿੱਤਾ।ਪਹਿਲਾਂ ਇਹ ਨਗਰ ਪਟਿਆਲਾ ਰਿਆਸਤ ਦੇ ਬਰਨਾਲਾ ਪਰਗਨੇ ਦਾ ਹਿੱਸਾ ਸੀ। ਹੁਣ ਵਰਤਮਾਨ ਸਮੇਂ ਦੌਰਾਨ ਇਹ ਬਠਿੰਡੇ ਜ਼ਿਲੇ ਦੀ ਪ੍ਰਸਿੱਧ ਤਹਿਸੀਲ ਹੈ ਅਤੇ ਇਹ ਸਥਾਨ ਮਾਲਵੇ ਦਾ ਪ੍ਰਸਿੱਧ ਧਾਰਮਿਕ ਕੇਂਦਰੀ ਸਥਾਨ ਹੈ। ਇਸ ਬਾਰੇ ਸੰਗਤ ਸਿੰਘ ਲਿਖਦੇ ਹਨ:

"ਗੁਰੂ ਜੀ ਹੁਣ ਤਲਵੰਡੀ ਸਾਬੋ ਆ ਗਏ ਜਿੱਥੇ ਉਹ ਨੌ ਮਹੀਨੇ ਤੋਂ ਵੱਧ ਸਮਾਂ ਰਹੇ। ਹੁਕਨਾਮੇ ਜਾਰੀ ਹੋਣ ਕਰਕੇ ਸੰਨ 1706 ਈ: ਦੀ ਵਿਸਾਖੀ ਨੂੰ ਬਹੁਤ ਭਾਰੀ ਇਕੱਠ ਹੋਇਆ, ਜਦੋਂ ਗੁਰੁ ਜੀ ਨੇ ਮਾਲਵਾ, ਮਾਝਾ, ਪਠੋਹਾਰ ਅਤੇ ਕਾਬਲ ਤੋਂ ਆਏ ਲਗਭਗ

32 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970 ਪੰ. 60.

125000 ਸ਼ਰਧਾਲੂਆਂ ਨੂੰ ਅੰਮ੍ਰਿਤ ਛਕਾਇਆ। ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਦੇ ਉਤਾਰੇ ਵੱਡੀ ਗਿਣਤੀ ਵਿਚ ਕਰਵਾ ਕੇ ਸਿੱਖ ਸੰਗਤਾਂ ਵਿਚ ਵੰਡੇ।"[33]

**ਤਖਤ ਸ੍ਰੀ ਦਮਦਮਾਂ ਸਾਹਿਬ:** 1762 ਸੰਮਤ ਵਿਚ ਮੁਕਤਸਰ ਦਾ ਯੁੱਧ ਲੜ ਕੇ ਲੱਖੀ ਜੰਗਲ ਬਠਿੰਡੇ ਵਿਚ ਦੀ ਹੁੰਦੇ ਹੋਏ ਸ੍ਰੀ ਦਸਮੇਸ਼ ਜੀ ਇਥੇ ਪੁਜੇ ਤਾਂ ਨਗਰ ਤੋਂ ਬਾਹਰ ਡੱਲੇ ਨੇ ਹੋਰ ਲੋਕਾਂ ਨੂੰ ਨਾਲ ਲੈ ਕੇ ਗੁਰੂ ਜੀ ਦਾ ਸਵਾਗਤ ਕੀਤਾ। ਸੋਢੀ ਤੇਜਾ ਸਿੰਘ ਅਨੁਸਾਰ;

"ਭਾਈ ਡੱਲੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ! ਇਹਨਾਂ ਸਾਡੀਆਂ ਮਾਤਾਵਾਂ ਜੀ ਨੂੰ ਅੰਦਰ ਕਿਲ੍ਹੇ ਵਿਚ ਭੇਜ ਦਿਓ, ਮੈ ਇਹਨਾਂ ਵਾਸਤੇ ਇਕ ਵਖਰਾ ਘਰ ਖਾਲੀ ਕਰ ਦਿਤਾ ਹੈ। ਕਿਲ੍ਹੇ ਤੋਂ ਬਾਹਰ ਦਾ ਵਾਸਾ ਠੀਕ ਨਹੀਂ ਹੈ। ਗੁਰੂ ਜੀ ਨੇ ਮਾਤਾਵਾਂ ਨੂੰ ਰਾਏ ਡੱਲਾ ਦੀ ਬੇਨਤੀ ਤੇ ਉਸ ਦੇ ਘਰ ਠਹਿਰਨ ਲਈ ਕਿਹਾ, ਪਰ ਸੁੰਦਰੀ ਜੀ ਅਤੇ ਸਾਹਿਬ ਦੇਵੀ ਜੀ ਨੇ ਗੁਰੂ ਚਰਨਾਂ ਵਿਚ ਹੀ ਰਹਿਣ ਦਾ ਫੈਸਲਾ ਕੀਤਾ।[34]

ਆਪ ਗੁਰੂ ਜੀ ਸਿੰਘਾਂ ਦੇ ਦਲ ਸਮੇਤ ਬਾਹਰ ਹੀ ਤੰਬੂ ਤੇ ਕਨਾਤਾਂ ਲਗਵਾ ਕੇ ਇਸ ਦੇ ਆਸ ਪਾਸ ਟਿਕ ਗਏ, ਜਿਸ ਥਾਂ ਤੇ ਹੁਣ ਦਮਦਮਾ ਸਾਹਿਬ ਹੈ। ਇਸ ਅਸਥਾਨ 'ਤੇ ਪਹਿਲਾਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਜਸਬੀਰ ਸਿੰਘ ਸਰਨਾ ਅਨੁਸਾਰ

"ਗੁਰੂ ਤੇਗਬਾਹਦਰ ਸਾਹਿਬ ਨੇ ਤਲਵੰਡੀ ਸਾਬੋ ਨੂੰ ਗੁਰੂ ਕੀ ਕਾਂਸ਼ੀ ਆਖਿਆ, ਜਿਥੇ ਬਹੁਤ ਸਾਰੇ ਸਕਾਲਰ ਫਿਲਾਸਫਰ, ਗਿਆਨੀ, ਲਿਖਾਰੀ ਅਤੇ ਵਿਦਵਾਨ ਆ ਕੇ ਇਸ ਨਗਰ ਵਿਚ ਰਹਿਣਗੇ।" [35]

---

33 ਸੰਗਤ ਸਿੰਘ, *ਇਤਿਹਾਸ ਵਿਚ ਸਿੱਖ,* ਸਿੰਘ ਬ੍ਰਦਰਜ ਅੰਮ੍ਰਿਤਸਰ, 2002, ਪੰ. 85.

34 ਸੋਢੀ ਤੇਜਾ ਸਿੰਘ, *ਸ੍ਰੀ ਦਸਮ ਗੁਰੂ ਚਮਤਕਾਰ,*ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010, ਪੰ.529.

35 ਜਸਬੀਰ ਸਿੰਘ ਸਰਨਾ, *ਗੁਰਦੁਆਰਾ ਸ਼ਬਦ ਕੋਸ਼,* ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, 2013, ਪੰ. 229.

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਜਿਸ ਵੇਲੇ ਦਮਦਮੇ ਸਾਹਿਬ ਪਹੁੰਚੇ ਕਮਰਕਸਾ ਖੋਲਣ ਤੋਂ ਪਹਿਲਾਂ ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਨੂੰ ਮੱਥਾ ਟੇਕਿਆ। ਉਸ ਦਿਨ ਤੋਂ ਇਸ ਅਸਥਾਨ ਦਾ ਨਾਮ 'ਦਮਦਮਾ ਸਾਹਿਬ' ਪਸਿਧ ਹੋਇਆ। ਗੁਰਬਿਲਾਸ ਵਿਚ ਭਵਿੱਖ ਵਾਕ ਦੇ ਰੂਪ ਵਿਚ ਦਸ਼ਮੇਸ਼ ਜੀ ਦੇ ਉਚਾਰੇ ਬਚਨਾਂ ਨੂੰ ਕਵੀ ਜੀ ਨੇ ਇਸ ਸਵੱਯੇ ਵਿਚ ਅੰਕਿਤ ਕੀਤਾ ਹੈ:

"ਸੁਣ ਕੇ ਹਮ ਤਾਹਿ ਕੇ ਬੈਨਨ ਕੋ ਦਮਦਮਾ ਸੁ ਮਾਲਵੇ ਬੀਚ ਸਧਾਰੋ।
ਢਿਗ ਤਾਹਿ ਤਲਵੰਡੀ ਕੇ ਕਾਂਸ਼ੀ ਰਚੋਂ ਜਹਿ ਬੈਲ ਪੜ੍ਹੇ ਹੋਇ ਬੁਧ ਉਦਾਰੋ।
ਗ੍ਰੰਥ ਉਚਾਰ ਕਰੋਂ ਤਹਾਂ ਬੈਠ ਕੇ ਬੀੜ ਸੋਊ ਜਗ ਮਾਹਿ ਬਿਥਾਰੋ।
ਅਖਰ ਏਕ ਦਾ ਭੇਦ ਧਰੋ ਹਮ ਦਾਸ, ਗੁਰੂ ਸਮਰਥ ਬਿਚਾਰੋ।[36]'

**ਬੂੰਗਾ ਬਾਬਾ ਦੀਪ ਸਿੰਘ ਜੀ:** ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਬੂੰਗਾ ਸਿੱਖ ਸੰਗਤਾਂ ਲਈ ਖਿੱਚ ਦਾ ਕੇਂਦਰ ਹੁੰਦਾ ਹੈ। ਇਥੇ ਬਾਬਾ ਜੀ ਨੇ ਆਪਣੇ ਜੀਵਨ ਦਾ ਬਹੁਤ ਸਮਾਂ ਗੁਜ਼ਾਰਿਆ। ਇਸ ਜਗ੍ਹਾ ਉਤੇ ਬਾਬਾ ਜੀ  ਨੇ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਵਿਚ ਇਕ ਸੰਪੂਰਨ ਅਤੇ ਪ੍ਰਮਾਣੀਕ ਬੀੜ ਦੀ ਰਚਨਾ ਕੀਤੀ। ਇਸ ਸਬੰਧੀ ਗਿਆਨੀ ਗਿਆਨ ਸਿੰਘ ਲਿਖਦੇ ਹਨ;

"ਮਿਸਲਾਂ ਵਿੱਚੋਂ ਇੱਕ ਸ਼ਹੀਦ ਦੀ ਮਿਸਲ ਪਸਿੱਧ ਹੋਈ ਜਿਸਦੇ ਮੁਖੀ ਬਾਬਾ ਦੀਪ ਸਿੰਘ ਜੀ ਸ਼ਹੀਦ ਮੰਨੇ ਗਏ। ਇਸ ਮਿਸਲ ਦਾ ਮੁਖ ਕੇਂਦਰ ਤਖ਼ਤ ਦਮਦਮਾ ਸਾਹਿਬ ਹੀ ਰਿਹਾ। ਦੂਜੀਆਂ ਮਿਸਲਾਂ ਦੇ ਮੁਖੀ ਆਪੋ ਆਪਣੇ ਰਾਜ ਸਥਾਪਨ ਕਰਨ ਲਈ ਲੜਦੇ ਸਨ ਪਰੰਤੂ ਸ਼ਹੀਦਾਂ ਦੀ ਮਿਸਲ ਦਾ ਇਹ ਮੁਖ ਅਸੂਲ ਸੀ ਕਿ ਓਸ ਨੇ ਕਿਸੇ ਤਰਾਂ ਆਪਣਾ ਰਾਜ ਕਾਇਮ ਕਰਨ ਲਈ ਯੁੱਧ ਨਹੀਂ ਕਰਨਾ ਅਤੇ ਜਿੱਥੇ ਵੀ ਦੁਸ਼ਟਾਂ ਨੂੰ ਸੋਧਣ ਲਈ ਪੰਥ ਨੂੰ ਲੋੜ ਹੋਵੇ ਸਾਰੀਆਂ ਮਿਸਲਾਂ ਨੂੰ ਆਪਣੀ ਸੇਵਾ ਹਰ ਵੇਲੇ ਦਿੰਦੇ ਰਹਿਣ ਦਾ ਪੱਕਾ ਵਿਸ਼ਵਾਸ਼ ਦਿੱਤਾ ਹੋਇਆ ਸੀ, ਜਿਸ ਕਾਰਨ ਦੂਜੀਆਂ ਮਿਸਲਾਂ ਵਾਲੇ

36 *ਗੁਰ ਬਿਲਾਸ ਪ: ੬* ਇਹ ਸਵੱਯਾ ਤਖ਼ਤ ਸੀ ਦਮਦਮਾ ਸਾਹਿਬ ਦੇ ਸਿਲੇਖ ਹੇਠ ਸਾਹਮਣੇ ਦਰਵਾਜ਼ੇ ਉਪਰ ਖੁਦਿਆ ਹੋਇਆ ਹੈ।

ਇਸ ਮਿਸਲ ਦੀ ਇਸ ਪਵਿਤਰ ਮਰਯਾਦਾ ਨੂੰ ਮੁਖ ਰਖਦਿਆਂ ਹੋਇਆਂ ਆਪਣੀਆਂ ਜਗੀਰਾਂ ਤੇ ਰਿਆਸਤਾਂ ਵਿੱਚੋਂ ਕਈ ਪਿੰਡ ਸ਼ਹੀਦ ਦੀ ਮਿਸਲ ਤੇ ਤਖ਼ਤ ਦਮਦਮਾ ਸਾਹਿਬ ਦੇ ਨਾਮ ਕਰਵਾ ਦਿੰਦੇ ਸੀ।"[37]

ਲੰਗਰ ਆਦਿ ਲਈ ਜਿਸ ਭਾਂਤ ਦੇ ਖਰਚ ਦੀ ਲੋੜ ਹੁੰਦੀ, ਭਿਜਵਾ ਦਿੱਤਾ ਜਾਂਦਾ ਸੀ। ਪਹਿਲਾਂ ਖਾਲਸਾ ਦਲ ਨੇ ਵਖੋ ਵਖਰੀਆਂ ਮਿਸਲਾਂ ਤੋਂ ਮਾਇਆ ਇਕੱਤਰ ਕਰਕੇ ਇਸ ਗੁਰ ਅਸਥਾਨ ਨੂੰ ਪੱਕਾ ਕਰ ਦਿੱਤਾ। ਓਸ ਵੇਲੇ ਦੇ ਬਣੇ ਹੋਏ ਬਾਬਾ ਦੀਪ ਸਿੰਘ ਜੀ ਦਾ ਬੁਰਜ ਤੇ ਤਖ਼ਤ ਸਾਹਿਬ ਦਾ ਗੁਰਦੁਆਰਾ ਕਾਇਮ ਹਨ।

**ਹਵੇਲੀ ਭਾਈ ਡੱਲਾ ਜੀ:** ਇਸ ਇਲਾਕੇ ਦੇ ਪ੍ਰਸਿੱਧ ਚੌਧਰੀ ਭਾਈ ਡੱਲੇ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਮਿਲਾਪ ਭੇਂਟ ਤੋਂ ਬਾਅਦ ਭਾਈ ਡੱਲੇ ਨੇ ਗੁਰੂ ਕੋਲ ਆਪਾ ਸਮਰਪਣ ਕਰ ਦਿੱਤਾ ਸੀ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਕੇ ਵੱਡੀ ਗਿਣਤੀ ਵਿਚ ਮਾਲਵੇ ਦੇ ਸਿੱਖਾਂ ਨੂੰ ਸਿੰਘ ਸਜਾਇਆ ।

**ਇਤਿਹਾਸਿਕ ਸਸ਼ਤਰ ਬਸਤਰ**: ਵਿਸਾਖੀ ਪੁਰਬ ਮੌਕੇ ਸ਼ਾਮਲ ਸੰਗਤਾਂ ਇਸ ਵਿਸ਼ੇਸ ਦਿਨ ਨੂੰ ਗੁਰੂ ਸਹਿਬਾਨ ਜੀ ਦੇ ਵੇਲੇ ਦੇ ਇਤਿਹਾਸਿਕ ਸਸ਼ਤਰਾਂ, ਬਸਤਰਾਂ ਅਤੇ ਸ਼ਹੀਦ ਸਿੰਘਾਂ ਦੇ ਜੀਵਨ ਨਾਲ ਸਬੰਧਤ ਹੋਰ ਦਸਤਾਵੇਜ਼ ,ਇਤਿਹਾਸਕ ਗ੍ਰੰਥਾਂ ਦੇ ਦਰਸ਼ਨ ਪ੍ਰੇਮ ਅਤੇ ਸ਼ਰਧਾ ਨਾਲ ਕਰਦੀਆਂ ਹਨ।

**ਗੁਰਦੁਆਰਾ ਲਿਖਣਸਰ**: ਇਸ ਅਸਥਾਨ 'ਤੇ ਸੰਗਤਾਂ ਆ ਕੇ ਵਿਦਿਆ ਦੇ ਦਾਨ ਲਈ ਅਰਦਾਸ ਕਰਦੀਆਂ ਹਨ, ਜਿਸ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਖੇਤਰ ਦੇ ਵਿਦਿਅਕ ਪੱਖੋਂ ਪਿਛੜੇ ਹੋਏ ਇਲਾਕੇ ਨੂੰ ਧਿਆਨ ਵਿੱਚ ਰਖਦੇ ਹੋਏ ਗੁਰੂ ਕਾਸ਼ੀ ਦਾ ਖਿਤਾਬ ਦਿੱਤਾ ਸੀ।

---

37 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰ. 60.

**ਦੀਵਾਨ ਹਾਲ ਭਾਈ ਡੱਲਾ**: ਵਿਸਾਖੀ ਦੇ ਜੋੜ ਮੇਲੇ ਵਿੱਚ ਧਾਰਮਿਕ ਦੀਵਾਨ ਭਾਈ ਡੱਲਾ ਜੀ ਦੀਵਾਨ ਹਾਲ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਪੰਥ ਦੇ ਪ੍ਰਸਿੱਧ ਰਾਗੀ ਜੱਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਜਾਂਦਾ ਹੈ। ਢਾਡੀ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਾਉਂਦੇ ਹਨ। ਇਸ ਦੀਵਾਨ ਦੇ ਪ੍ਰੋਗਰਾਮਾਂ ਨੂੰ ਦੁਨੀਆਂ ਭਰ ਦੇ ਦਰਸ਼ਕਾਂ ਲਈ ਸੰਚਾਰ ਸਾਧਨਾਂ ਰਾਹੀਂ ਸਿੱਧਾ ਪ੍ਰਸਾਰਤ ਕੀਤਾ ਜਾਂਦਾ ਹੈ।

**ਗੁਰੂ ਕੀ ਕਾਂਸ਼ੀ**: ਵਿਦਿਆ ਦੇ ਖੇਤਰ ਵਿਚ ਪਛੜੇ ਇਲਾਕੇ ਦੇ ਇਸ ਤੀਰਥ ਅਸਥਾਨ ਨੂੰ ਗੁਰੂ ਕੀ ਕਾਸ਼ੀ ਦਾ ਰੂਪ ਦੇਣ ਲਈ ਪਹਿਲੇ ਯਤਨ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਗੁਰਮਤਿ ਸੰਗੀਤ ਵਿਦਿਆਲਿਆ ਖੋਲ੍ਹ ਕੇ ਅਰੰਭ ਕੀਤੇ ਸਨ। ਖੇਮ ਸਿੰਘ ਗਿੱਲ ਅਨੁਸਾਰ:

"ਬਾਬਾ ਜੀ ਨੇ ਦਮਦਮਾ ਸਾਹਿਬ ਸਰੋਵਰ ਅਤੇ ਅਸਥਾਨ ਦੀ ਵੀ ਮਹਾਨ ਸੇਵਾ ਕਰਵਾਈ।"[38]

**ਸ਼੍ਰੋਮਣੀ ਬੁੱਢਾ ਦਲ ਦੀ ਮੁੱਖ ਛਾਉਣੀ:** ਵਿਸਾਖੀ ਪੁਰਬ ਵਿਚ ਨਿੰਹਗ ਸਿੰਘ ਜੱਥੇਬੰਦੀਆਂ ਦੀਆਂ ਸਰਗਰਮੀਆਂ ਬਹੁਤ ਮਹੱਤਵ ਰੱਖਦੀਆਂ ਹਨ। ਇਹ ਸਿੱਖ ਸਮਾਜ ਦੀਆਂ ਪ੍ਰੰਪਰਾਵਾਂ ਦੀ ਤਰਜਮਾਨੀ ਕਰਦੀਆਂ ਹਨ। ਸਿੱਖ ਸਮਾਜ ਵਿਚ ਇਹ ਬਹੁਤ ਸਤਿਕਾਰਤ ਵਿਰਾਸਤੀ ਜੱਥੇਬੰਦੀਆਂ ਮੰਨੀਆਂ ਜਾਂਦੀਆ ਹਨ। ਇਹਨਾਂ ਦਾ ਬਾਣਾ ਅਤੇ ਬਾਣੀ ਪ੍ਰਾਚੀਨ ਸਿੱਖ ਸਮਾਜ ਨੂੰ ਪ੍ਰਸਤੁਤ ਕਰਦੇ ਹਨ। ਇਨ੍ਹਾਂ ਨੂੰ ਸਿੱਖ ਸਮਾਜ ਵਿਚ ਬਹੁਤ ਸਤਿਕਾਰ ਦਿਤਾ ਜਾਂਦਾ ਹੈ। ਇਸ ਜੱਥੇ ਦਾ ਮੁੱਖ ਕੇਂਦਰ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਹੈ।

ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਅਨੁਸਾਰ:

"ਪੰਜਾਬੀਆਂ ਦਾ ਕੌਮੀ ਤਿਉਹਾਰ ਵਿਸਾਖੀ ਉਨ੍ਹਾਂ ਦੀ ਖੁਸ਼ਹਾਲੀ ਦਾ ਬੋਧਿਕ ਹੈ। ਇਸ ਦਿਨ ਪੰਜਾਬੀਆਂ ਦਾ ਜਲੌ ਤੇ ਭੱਖਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ। ਵਿਸਾਖੀ

---

38 ਖੇਮ ਸਿੰਘ,ਸੰਤ ਅਤਰ ਸਿੰਘ ਜੀ, *ਪ੍ਰਮੁੱਖ ਸਿੱਖ ਸ਼ਖਸ਼ੀਅਤਾਂ*, ਸੰਪਾ. ਰੂਪ ਸਿੰਘ,.ਪੰ.236.

ਕਿਸਾਨ ਦੇ ਜੀਵਨ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਰੁੱਤੇ ਹਾੜ੍ਹੀ ਦੀ ਫਸਲ ਪੱਕ ਚੁੱਕੀ ਹੁੰਦੀ ਹੈ। ਕਿਸਾਨ ਵਾਢੀ ਕਰਕੇ ਵਰ੍ਹੇ ਦੀ ਕਰੜੀ ਘਾਲਣਾ ਦਾ ਫਲ ਪ੍ਰਾਪਤ ਕਰ ਰਹੇ ਹੁੰਦੇ ਹਨ। ਇਸ ਲਈ ਪਿੰਡ-ਪਿੰਡ ਵਿਚ ਮੇਲੇ ਜੁੜਦੇ ਤੇ ਉਨ੍ਹਾਂ ਵਿੱਚ ਪੰਜਾਬੀ ਆਪਣੇ ਮੱਚ ਮੱਚ ਪੈਂਦੇ ਜਜ਼ਬਿਆਂ ਨੂੰ ਭੰਗੜਿਆਂ ਦੀ ਧਮਕ ਤੇ ਬੋਲੀਆਂ ਦੀ ਲੈਅ ਵਿੱਚ ਪ੍ਰਗਟ ਕਰਦੇ ਹਨ।"[39]

ਇਸ ਤਿਉਹਾਰ ਦਾ ਇਤਿਹਾਸਕ ਮਹੱਤਵ ਇਸ ਪੱਖ ਤੋਂ ਵੀ ਮੰਨਿਆ ਜਾਂਦਾ ਹੈ ਕਿ ਇਸ ਦਿਨ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਤੇ ਪੰਜ ਪਿਆਰੇ ਸਾਜ ਖਾਲਸਾ ਪੰਥ ਦੀ ਨੀਂਹ ਰੱਖੀ ਸੀ ਅਤੇ ਦੋ ਕ੍ਰਾਂਤੀਕਾਰੀ ਕਾਰਜ ਕਰ ਦਿਖਾਏ ਸਨ। ਪਹਿਲਾ ਖਾਲਸਾ ਪੰਥ ਸਾਜ ਕੇ ਦੂਜਾ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਇਹ ਕ੍ਰਾਂਤੀਕਾਰੀ ਕਾਰਜ ਕਰ ਦਿਖਾਇਆ ਸੀ।

ਪੰਜਾਬ ਦੀ ਲੋਕਧਾਰਾ ਦਾ ਅਧਾਰ ਕਿਰਸਾਨੀ 'ਤੇ ਆਧਾਰਿਤ ਹੈ। ਰੁੱਤਾਂ ਦੀ ਤਬਦੀਲੀ ਨਾਲ ਖੇਤੀਬਾੜੀ ਦੇ ਰੋਜ਼ਗਾਰ ਸਬੰਧਤ ਹਨ। ਫਸਲਾਂ ਦੀ ਕਟਾਈ ਵਢਾਈ ਸਾਡੇ ਜੀਵਨ ਦੀ ਆਰਥਕਤਾ ਨੂੰ ਪ੍ਰਭਾਵਿਤ ਕਰਦੇ ਹਨ। ਸਾਡੇ ਸਮਾਜਕ ਕਾਰਜ ਵਿਹਾਰ ਖੇਤੀ ਆਧਾਰਤ ਆਮਦਨੀ ਤੇ ਨਿਰਭਰ ਕਰਦਾ ਹੈ। ਖੁਸ਼ੀਆਂ ਵਾਸਤੇ ਖਰੀਦਦਾਰੀ ਵੀ ਮੇਲਿਆਂ ਅਤੇ ਤਿਉਹਾਰਾਂ ਨਾਲ ਜੁੜ ਜਾਂਦੀ ਹੈ। ਪਰਿਵਾਰਾਂ ਨਾਲ ਜੋੜ ਮੇਲਿਆਂ ਵਿਚ ਸ਼ਾਮਲ ਹੋਣ ਦਾ ਨਿਵੇਕਲਾ ਅਨੁਭਵ ਹੈ। ਇਹਨਾਂ ਪੁਰਬਾਂ ਦਾ ਪੱਖ ਬਹੁਤ ਲਾਭਕਾਰੀ ਹੈ ਕਿ ਇਹ ਇਕਸੁਰਤਾ ਅਤੇ ਅੰਖਡਤਾਂ ਦੇ ਪ੍ਰਤੀਕ ਹਨ।ਇਨ੍ਹਾਂ ਮੇਲਿਆਂ ਵਿਚ ਹਰ ਜਾਤੀ ਅਤੇ ਧਰਮ ਦੇ ਲੋਕ ਸ਼ਾਮਲ ਹੁੰਦੇ ਹਨ।ਇਹ ਜੋੜ ਮੇਲੇ ਪੁਰਾਤਨ ਵਿਰਾਸਤ ਨੂੰ ਸੁਰਜੀਤ ਕਰਦੇ ਹੋਏ ਤਵਾਰੀਖ ਦੀ ਜਾਣਕਾਰੀ ਦਾ ਮਾਧਿਅਮ ਬਣਦੇ ਹਨ।

---

39 ਸੋਹਿੰਦਰ ਸਿੰਘ ਵਣਜਾਰਾ ਬੇਦੀ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*,ਨੈਸ਼ਨਲ ਬੁਕ ਸ਼ਾਪ ਦਿਲੀ, 2013, ਪੰ.2107.







**ਵਿਸਾਖੀ ਪੁਰਬ ਦਮਦਮਾ ਸਾਹਿਬ**

**ਸ਼ਹੀਦੀ ਪੁਰਬ ਫਤਹਿਗੜ੍ਹ ਸਾਹਿਬ**

**ਸਰਹੰਦ ਦਾ ਪਿਛੋਕੜ**: ਸਰਹਿੰਦ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਮੁਗਲ ਹੁਕੂਮਤ ਵੇਲੇ ਲਾਹੋਰ ਅਤੇ ਦਿਲੀ ਵਿਚਕਾਰ ਸਤਾ ਦਾ ਸ਼੍ਰੋਮਣੀ ਕੇਂਦਰ ਸੀ। ਇਸ ਨਗਰ ਵਿੱਚ 360 ਮਸਜਿਦਾਂ, ਮਕਬਰੇ, ਸਰਾਵਾਂ ਤੇ ਖੂਹ ਸਨ। ਅਕਬਰ ਦੇ ਸਮੇਂ ਪ੍ਰਸਿੱਧ ਹੋਏ ਸਰਹਿੰਦ ਦੇ ਕਵੀ ਨਾਸਿਰ ਅਲੀ ਸਰਹਿੰਦੀ ਵੱਲੋਂ ਫ਼ਾਰਸੀ ਵਿੱਚ ਲਿਖੀ ਇੱਕ ਪੁਸਤਕ ਮੁਤਾਬਕ ਹੰਸਲਾ ਨਦੀ ਦੇ ਕਿਨਾਰੇ 'ਤੇ ਇਹ ਨਗਰ ਤਿੰਨ ਕੋਹ ਤੱਕ ਵਸਿਆ ਹੋਇਆ ਸੀ। ਉੱਚੀਆਂ ਕੰਧਾਂ ਨਾਲ ਘਿਰੇ ਇਸ ਨਗਰ ਦੇ ਚਾਰ ਵੱਡੇ ਅਤੇ ਚਾਰ ਛੋਟੇ ਦਰਵਾਜ਼ੇ ਸਨ। ਦਰਿਆ ਦੇ ਕਿਨਾਰੇ ਬਣਿਆ ਕਿਲ੍ਹਾ ਸ਼ਹਿਰ ਦੇ ਬਿਲਕੁਲ ਵਿਚਕਾਰ ਸੀ ਜੋ ਸੁਰੰਗ ਨਾਲ ਸ਼ਾਹੀ ਬਾਗ਼ ਨਾਲ ਜੁੜਿਆ ਹੋਇਆ ਸੀ। ਚੀਨ ਦਾ ਬਣਿਆ ਸਮਾਨ ਇੱਥੋਂ ਦੇ ਬਾਜ਼ਾਰਾਂ ਵਿੱਚ ਵਿਕਦਾ ਸੀ। ਇਸ ਦੇ ਦੋ ਚੌਂਕ ਅਤੇ ਵੀਹ ਮੁਹੱਲੇ ਸਨ।[40] ਸਰਹੰਦ ਸ਼ਹਿਰ ਨੂੰ ਮੁਗਲ ਹਕੂਮਤ ਦੀ ਸਰਪ੍ਰਸਤੀ ਹੇਠ ਧਾਰਮਿਕ ਵਿੱਦਿਆ ਦੇ ਕੇਂਦਰ ਵੱਜੋਂ ਸਥਾਪਿਤ ਕੀਤਾ ਗਿਆ ਸੀ। ਇਸ ਸ਼ਹਿਰ ਵਿਚ ਬਹੁਤ ਸਿਆਣੇ ਧਾਰਮਿਕ ਵਿਦਵਾਨ ਨਿਵਾਸ ਕਰਦੇ ਸਨ। ਇਸਲਾਮ ਧਰਮ ਦਾ ਜਗਤ ਪ੍ਰਸਿੱਧ ਵਿਆਖਿਆਕਾਰ ਅਹਿਮਦ ਸ਼ੇਖ ਸਰਹੰਦੀ ਇੱਥੇ ਹੀ ਵਸਦਾ ਸੀ। ਹੰਸਲਾ ਨਦੀ ਹੁਣ ਸਰਹਿੰਦ ਚੋਅ ਵਿੱਚ ਬਦਲ ਚੁੱਕੀ ਹੈ। ਕਿਲ੍ਹੇ ਦੀ ਥਾਂ 'ਤੇ ਹੁਣ ਇੱਕ ਥੇਹ ਹੈ। ਪ੍ਰਸਿਧ ਇਤਿਹਾਸਕਾਰ ਮੇਜਰ ਜ਼ੇਮਜ਼ ਬ੍ਰਾਊਨ ਅਨੁਸਾਰ:

> "ਸਰਹੰਦ ਨੂੰ ਇੱਟ ਇੱਟ ਕਰਕੇ ਮਲਬੇ ਦਾ ਢੇਰ ਬਣਾਇਆ ਗਿਆ। ਇਹ ਉਹ ਅਭਾਗੀ ਤੇ ਪਾਪਾਂ ਰੁੰਨੀ ਥਾਂ ਸੀ, ਜਿਥੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਿਆ ਗਿਆ ਸੀ ਤੇ ਫਿਰ ਹਲਾਲ ਕਰ ਕੇ ਕੁਹਣ ਦਾ ਮਹਾਂ ਪਾਪ ਹੋਇਆ ਸੀ। ਇਸ ਸ਼ਹਾਦਤ ਵਾਲੀ ਥਾਂ ਦੀ ਪੂਰੀ ਪੂਰੀ ਤਸਦੀਕ ਕਰ ਕੇ ਯਾਦਗਾਰ ਵਜੋਂ ਇਕ ਚਬੂਤਰਾ ਬਣਾਇਆ ਗਿਆ ਤੇ ਗੁਰੂ ਗ੍ਰੰਥ ਸਾਹਿਬ ਦਾ ਤੁਰੰਤ ਪਾਠ ਆਰੰਭਿਆ ਗਿਆ। ਇਸ ਤੋਂ

40 Sirhind Town *(Sahrind) The Imperial Gazetteer of India, v. 23, p. 20.*

ਪਿਛੋਂ ਇਸ ਚਬੂਤਰੇ ਵਾਲੀ ਥਾਂ 'ਤੇ ਗੁਰਦੁਆਰਾ ਉਸਾਰਿਆ ਗਿਆ ਤੇ ਉਸ ਦਾ ਨਾਉਂ 'ਫਤਹਿਗੜ੍ਹ ਸਾਹਿਬ ਰੱਖਿਆ ਗਿਆ।"[41]

ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਨੂੰ ਹੁਣ ਵੀ ਸਭਾ ਕਿਹਾ ਜਾਂਦਾ ਹੈ। ਸਭਾ ਦਾ ਅਰਥ ਸੀ ਕਿ ਸੋਗ ਦੀ ਇਕੱਤਰਤਾ। ਫਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲਾ ਅਸਲ ਵਿੱਚ ਸੋਗ ਸਭਾ ਹੈ। ਕਈ ਸਾਲਾਂ ਤੋਂ ਇੱਥੇ ਸ਼ਰਧਾਲੂ ਪੁੱਜ ਕੇ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਅਤੇ ਸਮੂਹ ਪਰਿਵਾਰ ਨੂੰ ਨਤਮਸਤਕ ਹੁੰਦੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਆ ਰਹੇ ਹਨ। ਸ੍ਰੀ ਫਤਿਹਗੜ੍ਹ ਸਾਹਿਬ ਦੇ ਇਸ ਸ਼ਹੀਦੀ ਪੁਰਬ ਨੂੰ ਵੀ ਕਈ ਪੜਾਵਾਂ ਵਿੱਚੋਂ ਦੀ ਗੁਜ਼ਰਨਾ ਪਿਆ ਹੈ। ਪੁਰਾਣੇ ਸਮੇਂ ਵਿੱਚ ਫਤਿਹਗੜ੍ਹ ਦਾ ਜੋੜ ਮੇਲਾ ਨਿਰੋਲ ਸੋਗ ਸਭਾ ਹੁੰਦੀ ਸੀ, ਜਿੱਥੇ ਰਾਗੀਆਂ ਦੁਆਰਾ ਕਰੁਣਾਮਈ ਕੀਰਤਨ, ਕਵੀਸ਼ਰਾਂ ਦੁਆਰਾ ਕਵੀਸ਼ਰੀ ਕਰਕੇ ਸ਼ਰਧਾ ਦੇ ਫੁੱਲ ਭੇਂਟ ਕਰਨ ਆਇਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ ਜਾਂਦਾ ਸੀ। ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਫਤਿਹਗੜ੍ਹ ਸਾਹਿਬ ਵਿਖੇ ਬਹੁਤ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ। ਸੁਖਦੇਵ ਮਾਦਪੁਰੀ ਅਨੁਸਾਰ:

"ਗੁਰਦੁਆਰਾ ਫਤਹਿਗੜ੍ਹ ਸਾਹਿਬ, ਜਿਥੇ ਹਰ ਵਰ੍ਹੇ 25,26 ਅਤੇ 27 ਦਸੰਬਰ ਨੂੰ ਬੜਾ ਭਾਰੀ ਜੋੜ ਮੇਲਾ ਲਗਦਾ ਹੈ। ਇਸ ਜੋੜ ਮੇਲੇ ਵਿੱਚ ਲੱਖਾਂ ਸੰਗਤਾਂ ਸ਼ਾਮਿਲ ਹੋ ਕੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀਆਂ ਭੇਟ ਕਰਦੀਆਂ ਹਨ। ਦੀਵਾਨ ਸਜਦੇ ਹਨ, ਜਿਨ੍ਹਾਂ ਵਿੱਚ ਢਾਡੀ ਅਤੇ ਕਵੀਸ਼ਰ ਸਿੱਖ ਇਤਿਹਾਸ ਦੀਆਂ ਬੀਰ-ਰਸੀ ਵਾਰਾਂ ਗਾ ਕੇ ਅਤੇ ਇਤਿਹਾਸਕ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹਨ। ਪਹਿਲੇ ਸਮਿਆਂ ਵਿੱਚ ਸ਼ਹੀਦੀ ਜੋੜ ਮੇਲਿਆਂ ਦੇ ਦਿਨਾਂ ਵਿੱਚ ਇਸ ਇਲਾਕੇ ਦੇ ਲੋਕ ਇਸ ਨੂੰ ਸੋਗ ਦੇ ਮਹੀਨੇ ਵਜੋਂ ਮਨਾਉਂਦੇ ਸਨ। ਨਾ ਕੋਈ ਵਿਆਹ ਦਾ ਸਮਾਗਮ ਹੁੰਦਾ ਸੀ, ਨਾ ਕੋਈ ਹੋਰ ਖੁਸ਼ੀ ਦਾ ਸਮਾਗਮ ਰਚਾਇਆ ਜਾਂਦਾ ਸੀ। ਲੋਕਾਂ

41 Major James Brown, Histry of the Origin And Pragress of Sikhs in India, Part 2, 1788, p. 24.

ਵਿੱਚ ਐਨੀ ਸ਼ਰਧਾ ਸੀ ਕਿ ਲੋਕ ਮੰਜਿਆਂ ਦੀ ਥਾਂ ਧਰਤੀ ਤੇ ਸੌਂ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਸਨ।"[42]

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦੀ ਜਾਮ ਪੀ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾ ਕੇ ਸੇਵਕ ਲੈ ਗਏ। ਸਿੱਖ ਪੰਥ ਲਈ ਸ਼ਹੀਦੀ ਦੇਣ ਵਾਲੇ ਗੁਰੂ ਪਰਿਵਾਰ ਦੇ ਅਫ਼ਸੋਸ ਵਿੱਚ ਹਰ ਵਰ੍ਹੇ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪੁਰਾਣੇ ਸਮਿਆਂ ਤੋਂ ਹੀ ਜੋੜ ਮੇਲਾ ਲੱਗ ਰਿਹਾ ਹੈ। ਸਮੇਂ ਦੀ ਰਫ਼ਤਾਰ ਤੇ ਬਦਲਦੇ ਹਾਲਾਤ ਨਾਲ ਇਹ ਸ਼ਹੀਦੀ ਪੁਰਬ ਵੀ ਮੇਲਾ ਬਣ ਗਿਆ ਹੈ। ਇਸ ਮੇਲੇ ਨੇ ਕਈ ਰੂਪ ਬਦਲੇ। ਭਾਈ ਅਸ਼ੋਕ ਸਿੰਘ ਬਾਗੜੀਆਂ ਇਸ ਸ਼ਹੀਦੀ ਪੁਰਬ ਦੇ ਸਰੂਪ ਦੀ ਬਦਲ ਰਹੀ ਤਸਵੀਰ ਬਾਰੇ ਲਿਖਦੇ ਹਨ ਕਿ:

"ਸਿੱਖ ਇਤਿਹਾਸ ਵਿਚ ਅਜੀਬੋ ਗਰੀਬ ਸ਼ਹਾਦਤਾਂ ਨੂੰ ਸਿੱਖ ਬਹੁਤ ਹੀ ਸੰਜੀਦਗੀ ਔਰ ਸ਼ਰਧਾ ਨਾਲ ਮਨਾਉਂਦੇ ਆਏ ਹਨ। ਇਹ ਦਿਨ ਸਭਾ ਦੇ ਦਿਨ ਕਰਕੇ ਮਨਾਏ ਜਾਂਦੇ। ਉਹ ਵੀ ਸਮਾਂ ਸੀ ਜਦੋਂ ਇਸ ਇਲਾਕੇ ਦੇ ਅਤੇ ਹੋਰ ਦੂਰੋਂ ਪਾਰੋਂ ਆਏ ਲੋਕ ਇਹਨਾਂ ਦਿਨਾਂ ਵਿਚ ਚਾਰਪਾਈ ਉਤੇ ਨਹੀਂ ਸਨ ਸੌਂਦੇ, ਸਭ ਭੁੰਜੇ ਪਰਾਲਿ ਵਿਛਾ ਕੇ ਆਪਣੀ ਸ਼ਰਧਾ ਅਤੇ ਅਫਸੋਸ ਦਾ ਦਿਲੋਂ ਕਰਦੇ ਸਨ। ਰਫਤਾ ਰਫਤਾ ਇਹ ਸਭਾ ਇਕ ਮੇਲੇ ਦੀ ਸ਼ਕਲ ਧਾਰ ਗਈ।"[43]

ਸਿਆਸੀ ਪਾਰਟੀਆਂ ਸਟੇਜਾਂ ਤੇ ਇਸ ਸੋਗ ਦੇ ਸਮੇਂ ਦੇ ਆਪਣਾ ਰਾਗ ਅਲਾਪਣ ਲੱਗੀਆਂ। ਲੋਕਾਂ ਵੱਲੋਂ ਵਿਰੋਧ ਕਰਨ 'ਤੇ ਚੰਡੋਲ ਆਦਿ ਬੰਦ ਹੋ ਗਏ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਇਸ ਹੱਦ ਤਕ ਮਨੋਂ ਵਿਸਾਰ ਦਿੱਤਾ ਹੈ ਕਿ ਇਸ ਸ਼ਰਧਾ ਵਾਲੇ ਦਿਨ ਨੂੰ ਵੀ ਅਸੀਂ ਕਿਸੇ ਸਾਧਾਰਨ ਮੇਲੇ ਵਾਂਗ ਬਣਾ ਕੇ ਰੱਖ ਦਿੱਤਾ ਹੈ। ਇਸ ਦਿਨ ਤਾਂ ਚਾਹੀਦਾ ਹੈ ਕਿ ਸਿਰਫ਼ ਸਿੱਖ ਇਤਿਹਾਸ ਬਾਰੇ ਗੱਲ ਹੋਵੇ। ਇਹ ਸਾਕਾ ਮੁਗਲ ਹਕੂਮਤ ਦੇ ਜ਼ਬਰ ਦੀ ਮਿਸਾਲ ਪੇਸ਼ ਕਰਦਾ

---

42 ਸੁਖਦੇਵ ਮਾਦਪੁਰੀ, ਵਿਰਾਸਤੀ ਮੇਲੇ ਤੇ ਤਿਉਹਾਰ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ- 2013, ਪੰ.43.

43 ਭਾਈ ਅਸ਼ੋਕ ਸਿੰਘ ਬਾਗੜੀਆਂ, *ਵਕਤ ਵਿਚਾਰ ਮੰਗਦਾ ਹੈ*, #1557 ਸੈਕਟਰ -36 ਡੀ ,ਚੰਡੀਗੜ੍ਹ,2017,ਪੰ 92.

ਹੈ ਪ੍ਰੰਤੂ ਸਿੱਖ ਸਮਾਜ ਇਸ ਸਾਕੇ ਤੋਂ ਨਿਰਾਸ਼ ਹੋਣ ਦੀ ਥਾਂ ਕੌਮ ਲਈ ਚੜ੍ਹਦੀ ਕਲਾ ਦੀਆਂ ਸੰਭਾਵਨਾਵਾ ਨੂੰ ਪੇਸ਼ ਕਰਦਾ ਹੈ।

**ਗੁਰਦੁਆਰਾ ਭੋਰਾ ਸਾਹਿਬ**: ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਾ ਸ਼ਹੀਦੀ ਸਥਾਨ ਹੈ। ਇਥੇ ਉਹ ਦੀਵਾਰ ਮੌਜੂਦ ਹੈ, ਜਿਥੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ। ਜਸਬੀਰ ਸਿੰਘ ਸਰਨਾ ਅਨੁਸਾਰ

ਇਹ ਗੁਰਦੁਆਰਾ ਪੁਰਾਣੀ ਯਾਦਗਰ ਉਪਰ ਬਣਿਆ ਹੈ।, ਜੋ ਮਾਹਰਾਜਾ ਕਰਮ ਸਿੰਘ (1798-1845) ਪਟਿਆਲਾ ਨੇ ਦੁਬਾਰਾ ਬਣਾਇਆ ਸੀ। ਉਸ ਨੇ ਹੀ ਸਰਹਿੰਦ ਨਿਜ਼ਾਮਤ ਦਾ ਫਤਹਿਗੜ੍ਹ ਸਾਹਿਬ ਨਾਮ ਰੱਖਿਆ ਸੀ"। [44]

**ਗੁਰਦੁਆਰਾ ਠੰਢਾ ਬੁਰਜ ਸਾਹਿਬ:** ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਗ੍ਰਿਫਤਾਰੀ ਉਪਰੰਤ ਮੁਗਲ ਸੂਬੇਦਾਰ ਵਜ਼ੀਰ ਖਾਂ ਨੇ ਕੈਦ ਕਰਕੇ ਠੰਢ ਵਿਚ ਤਸੀਹੇ ਦਿਤੇ ਸਨ। ਇਹ ਗੁਰਦੁਆਰਾ ਭੋਰਾ ਸਾਹਿਬ ਦੇ ਨੇੜੇ ਸਥਿਤ ਹੈ। ਇਥੇ ਮਾਤਾ ਜੀ ਨੇ ਆਪਣੇ ਨਿੱਕੇ ਪੋਤਿਆਂ ਨੂੰ ਗੁਰਮਤਿ ਅਨੁਸਾਰ ਸਿੱਖਿਆ ਦਿਤੀ ਸੀ। ਅਮਰਜੀਤ ਸਿੰਘ ਅਨੁਸਾਰ:

"ਇਸ ਬਿਖੜੇ ਸਮੇਂ ਜਦੋਂ ਮਾਤਾ ਜੀ ਨੂੰ ਕੋਮਲ ਜਿੰਦੜੀਆਂ 7 ਤੋਂ 9 ਸਾਲ ਦੇ ਪੋਤਰਿਆਂ ਨੂੰ ਧਰਮ ਦੇ ਇਮਤਿਹਾਨ ਵਿਚੋਂ ਲੰਘਣ ਲਈ ਤਿਆਰ ਕਰਨਾ ਪਿਆ ਤਾਂ ਆਪ ਨੇ ਕਮਜ਼ੋਰੀ ਨਹੀਂ ਦਿਖਾਈ।"[45]

**ਗੁਰਦੁਆਰਾ ਬਿਬਾਨਗੜ੍ਹ ਸਾਹਿਬ**: ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਨੂੰ ਸ਼ਹੀਦ ਕਰਕੇ ਮੁਗਲ ਸੂਬੇਦਾਰ ਵਜ਼ੀਰ ਖਾਂ ਨੇ ਮਿਰਤਕ ਸਰੀਰ ਜੰਗਲੀ ਜਾਨਵਰਾਂ ਦੇ ਖਾਣ ਲਈ ਜ਼ਮੀਨ ਉਤੇ ਬਰਸਾਤੀ ਨਾਲੇ ਦੇ ਕਿਨਾਰੇ ਜੰਗਲ ਵਿਚ ਸੁਟਵਾ ਦਿਤਾ ਸੀ। ਸ਼ੇਰ ਸਿੰਘ ਕੰਵਲ ਅਨੁਸਾਰ:

---

44 ਜਸਬੀਰ ਸਿੰਘ ਸਰਨਾ, ਗੁਰਦੁਆਰਾ ਸ਼ਬਦ ਕੋਸ਼, ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ- 2013.ਪੰ. 285.

45 ਅਮਰਜੀਤ ਸਿੰਘ,ਮਾਤਾ ਗੁਜਰੀ ਜੀ, *ਪ੍ਰਮੁੱਖ ਸਿੱਖ ਸ਼ਖਸ਼ੀਅਤਾਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ *ਪੰ.55.*

"ਇਥੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਸਰੀਰ ਫਤਿਹਗੜ੍ਹ ਤੋਂ ਲਿਆ ਕੇ ਰਾਤ ਭਰ ਰੱਖੇ ਗਏ ਸਨ"[46]।

ਇਸ ਗੁਰਦੁਆਰੇ ਦਾ ਪ੍ਰਬੰਧ ਨਿੰਹਗ ਸਿੰਘਾਂ ਵਲੋਂ ਕੀਤਾ ਜਾ ਰਿਹਾ ਹੈ।

**ਟੋਡਰ ਮੱਲ ਦੀਵਾਨ ਹਾਲ**: ਮੇਲੇ ਵਿਚ ਪੰਥ ਦੀਆਂ ਵੱਖ ਵੱਖ ਜੱਥੇਬੰਦੀਆਂ ਅਤੇ ਸਭਾ ਸੋਸਾਇਟੀਆਂ ਵੱਲੋਂ ਸੰਗਤਾਂ ਵਿਚ ਆਪਣੀ ਹਾਜ਼ਰੀ ਲਾਉਣ ਹਿੱਤ ਧਾਰਮਿਕ ਦੀਵਾਨਾਂ ਦਾ ਆਯੋਜਨ ਕੀਤਾ ਜਾਂਦਾ ਹੈ। ਫਤਹਿਗੜ੍ਹ ਸਾਹਿਬ ਦੇ ਦੀਵਾਨ ਹਾਲ ਟੋਡਰ ਮੱਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੁਖ ਦੀਵਾਨ ਆਯੋਜਿਤ ਕੀਤਾ ਜਾਂਦਾਂ ਹੈ, ਜੋ ਲਗਾਤਾਰ ਤਿੰਨ ਦਿਨ ਤੱਕ ਚਲਦਾ ਹੈ। ਮੇਲੇ ਦੇ ਦਿਨਾਂ ਵਿਚ ਸਰਦੀ ਦਾ ਜ਼ੋਰ ਹੋਣ ਕਰਕੇ ਆਮ ਤੌਰ ਤੇ ਮੌਸਮ ਖਰਾਬ ਹੋ ਜਾਂਦਾ ਹੈ, ਜਿਸ ਕਰਕੇ ਸੰਗਤਾਂ ਇਸ ਪੱਕੇ ਦੀਵਾਨ ਹਾਲ ਵਿਚ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੀਆਂ ਹਨ। ਇਸ ਦੀਵਾਨ ਵਿਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਅਤੇ ਗੁਰੂ ਇਤਿਹਾਸ ਤੋਂ ਜਾਣੂ ਕਰਵਾਉਂਦੇ ਹਨ। ਕਲਾਕਾਰ ਸਮਾਜ ਸੇਵਾ ਕਰਦੇ ਹੋਏ ਆਪਣੇ ਦੇਸ਼ ਦੇ ਇਤਿਹਾਸ ਬਾਬਤ ਕਵੀਸ਼ਰਾਂ,ਢਾਡੀਆਂ ਅਤੇ ਫਨਕਾਰਾਂ,ਨਾਟਕਾਂ ਅਤੇ ਪ੍ਰਦਰਸ਼ਨੀਆਂ ਦੁਆਰਾ ਅਗਲੀਆਂ ਨਸਲਾਂ ਨੂੰ ਜਾਗ੍ਰਿਤ ਕਰਦੇ ਆ ਰਹੇ ਹਨ।

**ਗੁਰਦੁਆਰਾ ਜੋਤੀ ਸਰੂਪ ਸਾਹਿਬ**: ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਉਪਰੰਤ ਇਨ੍ਹਾਂ ਦੇ ਸੰਸਕਾਰ ਲਈ ਗੁਰੂ ਘਰ ਦੇ ਸੇਵਕ ਸ਼ਾਹੂਕਾਰ ਟੋਡਰਮਲ ਨੇ ਮੁਗਲ ਸੂਬੇਦਾਰ ਵਜੀਰ ਖਾਂ ਤੋਂ ਮੋਹਰਾਂ ਵਿਛਾ ਕੇ ਜ਼ਮੀਨ ਮੁੱਲ ਲਈ ਸੀ। ਜੋਤੀ ਸਰੂਪ ਥਾਂ ਦੁਨੀਆਂ ਦੀ ਸਭ ਤੋਂ ਮਹਿੰਗੀ ਅਤੇ ਪਵਿੱਤਰ ਜਗ੍ਹਾ ਹੈ।

**ਜਹਾਜ਼ੀ ਹਵੇਲੀ ਟੋਡਰ ਮੱਲ**: ਗੁਰੂ ਘਰ ਦੇ ਸ਼ਰਧਾਲੂ ਜੌਹਰੀ ਟੋਡਰ ਮੱਲ ਦੀ ਹਵੇਲੀ ਇਸ ਨਗਰ ਦੇ ਪ੍ਰਾਚੀਨ ਭਵਨਾਂ ਵਿਚੋਂ ਇਕ ਹੈ। ਸ਼ੇਰ ਸਿੰਘ ਕੰਵਲ ਅਨੁਸਾਰ:

---

46 ਸ਼ੇਰ ਸਿੰਘ ਕੰਵਲ *ਸ਼ੇਰ ਸਿੰਘ ਕੰਵਲ ਵਿਚਾਰਧਾਰਾ ਤੇ ਮੂਲ ਪਾਠ*, ਪੰ. 698.

"ਸਰਹੰਦ 'ਤੇ ਹਮਲੇ ਸਮੇਂ ਸੇਠ ਟੋਡਰ ਮੱਲ ਜੀ ਦੇ ਗੁਰੂ ਪਿਆਰ ਤੇ ਭੂਮਿਕਾ ਨੂੰ ਧਿਆਨ ਵਿਚ ਰਖਦਿਆਂ ਸਤਿਕਾਰ ਵਜੋਂ ਉਨ੍ਹਾਂ ਦੀ ਰਿਹਾਇਸ਼ੀ ਹਵੇਲੀ ਨੂੰ ਕੋਈ ਆਂਚ ਨਹੀਂ ਸੀ ਆਉਣ ਦਿਤੀ ਗਈ ਭਾਵ ਇਸ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ।"[47]

**ਗੁਰਦੁਆਰਾ ਮੋਤੀ ਰਾਮ ਮਹਿਰਾ ਸਾਹਿਬ**: ਇਹ ਸਥਾਨ ਗੁਰੂ ਘਰ ਨੂੰ ਪਿਆਰ ਕਰਨ ਵਾਲੇ ਮੋਤੀ ਮਹਿਰਾ ਦੀ ਨਿਸ਼ਕਾਮ ਸੇਵਾ ਨੂੰ ਸਮਰਪਤ ਹੈ, ਜਿਸਨੇ ਲੰਗਰ ਛਕਾਉਣ ਦੀ ਸੇਵਾ ਬਹੁਤ ਵੱਡੇ ਖਤਰੇ ਨੂੰ ਅਣਡਿਠ ਕਰਕੇ ਕੀਤੀ। ਸਾਹਿਬਜ਼ਾਦਿਆਂ ਨੂੰ ਸਿੱਖ ਸੰਗਤਾਂ ਬਾਬੇ ਹੋਣ ਦਾ ਰੁਤਬਾ ਦਿੰਦੀਆਂ ਹਨ। ਸੰਸਾਰ ਲਈ ਭਾਵੇਂ ਇਹ ਸ਼ਹੀਦ ਉਮਰ ਕਰਕੇ ਬੱਚੇ ਹੀ ਹਨ। ਲੋਕ ਵਿਸ਼ਵਾਸ਼ ਅਨੁਸਾਰ ਸਰਹੰਦ ਨੂੰ ਗੁਰੂ ਮਾਰੀ ਸਰਹੰਦ ਵੀ ਕਿਹਾ ਜਾਂਦਾ ਹੈ। ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲਾ ਮੁਹਾਵਰਾ ਪੰਜਾਬ ਦੀ ਲੋਕ ਭਾਵਨਾ ਦਾ ਹਿੱਸਾ ਬਣਿਆ ਹੋਇਆ ਹੈ। ਸਰਹੰਦ ਦੀਆਂ ਨੀਹਾਂ ਸਿੱਖ ਪੰਥ ਲਈ ਆਪਣਾ ਸਭ ਕੁਝ ਪੰਥ ਤੋਂ ਨਿਛਾਵਰ ਕਰਨ ਲਈ ਪ੍ਰੇਰਨਾ ਸ੍ਰੋਤ ਪ੍ਰਤੀਤ ਹੁੰਦੀਆਂ ਹਨ। ਸ਼ਹੀਦੀ ਜੋੜ ਮੇਲਾ ਸਿੱਖ ਸੰਗਤਾਂ ਲਈ ਧਾਰਮਿਕ ਸੰਸਕਾਰ ਅਤੇ ਵਿਸ਼ਵਾਸ਼ ਦਾ ਪ੍ਰਗਟਾਵਾ ਕਰਦਾ ਹੈ। ਇਹ ਸ਼ਹੀਦੀ ਜੋੜ ਮੇਲਾ ਪੰਜਾਬ ਦੀ ਧਰਤੀ ਤੇ ਆਯੋਜਿਤ ਮੇਲਿਆਂ ਵਿਚੋਂ ਸ਼੍ਰੋਮਣੀ ਜੋੜ-ਮੇਲਾ ਹੈ। ਇਸ ਸ਼ਹੀਦੀ ਸਮਾਗਮ ਵਿਚ ਸੰਸਾਰ ਭਰ ਵਿਚੋਂ ਸੰਗਤਾਂ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੀਆਂ ਹਨ। ਇਸ ਪੁਰਬ ਉਤੇ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਆਪਣਾ ਸ਼ਕਤੀ ਪ੍ਰਦਰਸ਼ਨ ਕਰਦੀਆਂ ਹਨ। ਭਾਈ ਦੁੱਨਾ ਸਿੰਘ ਹੁੰਡੂਰੀਆ ਅਨੁਸਾਰ:

"ਜੋਤੀ ਜੋਤਿ ਸਮਾਇ, ਗਏ ਸੁ ਸੁਧ ਸਰੂਪ ਮੈ। ਪੁਹਪ ਦੇਵ ਬਰਖਾਇ ਜੈ ਜੈ ਸ਼ਬਦ ਕਰਤੇ ਭਏ।103। ਤੁਰਕਨ ਕੀ ਜੜ ਕਾਟਿ, ਗਏ ਸੁ ਸਾਚੈ ਖੰਡ ਮੈਂ। ਜਸ ਕੇ ਭਰੇ ਸੁ ਮਾਟ, ਧਰਮ ਰਾਖਿ ਧਰ ਤੇ ਗਏ।"[48]

---

47 *ਉਹੀ,* ਪੰ. 699.

48 ਭਾਈ ਦੁੱਨਾ ਸਿੰਘ ਹੁੰਡੂਰੀਆ, *ਚਾਰ ਸਾਹਿਬਜ਼ਾਦੇ* , ਸੰਪ. ਪਿਆਰਾ ਸਿੰਘ ਪਦਮ, ਪੰ. 35.




ਸ਼ਹੀਦੀ ਪੁਰਬ ਫਤਿਹਗੜ੍ਹ ਸਾਹਿਬ

# ਅਧਿਆਇ-3

# ਸਿੱਖ ਪੁਰਬਾਂ ਦੀਆਂ ਪ੍ਰਮੁੱਖ ਗਤੀਵਿਧੀਆਂ

ਇਸ ਅਧਿਆਇ ਵਿਚ ਸਿੱਖ ਪੁਰਬਾਂ ਦੀਆਂ ਮੁੱਖ ਗਤੀਵਿਧੀਆਂ ਦਾ ਅਧਿਐਨ ਗਿਆ ਹੈ। ਸਿੱਖ ਜਗਤ ਵਿਚ ਇਹਨਾਂ ਪੁਰਬਾਂ ਦੀ ਤਿਆਰੀ ਅਤੇ ਉਨ੍ਹਾਂ ਵਿਚ ਸ਼ਾਮਿਲ ਹੋਣ ਲਈ ਪਵਿਤਰ ਯਾਤਰਾ ਦੇ ਧਾਰਮਿਕ ਮਹੱਤਵ ਨੂੰ ਵਿਸ਼ੇਸ਼ ਤੌਰ ‘ਤੇ ਸਮਝਣ ਦਾ ਯਤਨ ਕੀਤਾ ਗਿਆ ਹੈ। ਪੁਰਬਾਂ ਸਮੇਂ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਨ ਦੇ ਮਨੋਰਥਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਸਿੱਖ ਧਰਮ ਵਿਚ ਸਰੋਵਰ ਇਸ਼ਨਾਨ, ਸੇਵਾ, ਸੰਗਤ ਅਤੇ ਗੁਰੂ ਕੇ ਲੰਗਰ ਦੇ ਅਧਿਆਤਮਿਕ ਮਹੱਤਵ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਸ ਕਰਕੇ ਵਿਸ਼ੇਸ਼ ਤੌਰ ‘ਤੇ ਸਿੱਖ ਪੁਰਬਾਂ ਮੌਕੇ ਸੰਗਤ ਦੁਆਰਾ ਕੀਤੇ ਜਾਂਦੇ ਨਿਸ਼ਕਾਮ ਸੇਵਾ ਦੇ ਕੰਮਾਂ ਦਾ ਨਿਰੀਖਣ ਕੀਤਾ ਗਿਆ ਹੈ। ਇਹਨਾਂ ਪੁਰਬਾਂ ਮੌਕੇ ਗੁਰਮਤਿ ਪ੍ਰਸਾਰ ਦੀਆਂ ਗਤੀਵਿਧੀਆਂ ਸਬੰਧੀ ਪ੍ਰਾਪਤ ਕੀਤੀ ਜਾਣਕਾਰੀ ਦਿੱਤੀ ਗਈ ਹੈ।

ਪੁਰਬ ਦੇ ਅਰੰਭ ਤੋਂ ਲੈ ਕੇ ਸਮਾਪਤੀ ਤਕ ਦੀਆਂ ਗਤੀਵਿਧੀਆਂ ਵਿਚ ਹਰ ਕਾਰਜ ਪੂਰੀ ਤਰਤੀਬ ਨਾਲ ਕੀਤਾ ਜਾਂਦਾ ਹੈ। ਪੁਰਬਾਂ ਦਾ ਪ੍ਰਬੰਧ ਭਾਵੇਂ ਵਿਖਾਈ ਨਹੀਂ ਦਿੰਦਾ ਪ੍ਰੰਤੂ ਇਸ ਵਿਚ ਸੰਗਤ ਦੀ ਸ਼ਮੂਲੀਅਤ ਕਰਨ ਵਾਲੇ ਲੋਕਾਂ ਦੇ ਅਵਚੇਤਨ ਵਿਚ ਹਰ ਪ੍ਰਕਾਰ ਦੇ ਕਾਰਜ ਦਾ ਖਾਕਾ ਬਣਿਆ ਹੁੰਦਾ ਹੈ। ਇਹ ਕਾਰਜ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਤੋਂ ਸਿੱਖਦੀ ਹੈ। ਪੁਰਬਾਂ ਵਿਚ ਬੱਚੇ, ਨੌਜਵਾਨ, ਬਜ਼ੁਰਗ ਹਰ ਉਮਰ ਦੇ ਲੋਕ ਸ਼ਾਮਲ ਹੁੰਦੇ ਹਨ। ਇਹਨਾਂ ਲੋਕਾਂ ਦਾ ਜ਼ਾਬਤਾ ਅਤੇ ਖੁੱਲ੍ਹ/ਆਜ਼ਾਦੀ ਪੁਰਬਾਂ ਨੂੰ ਵਿਲੱਖਣ ਪਛਾਣ ਦਿੰਦੀ ਹੈ। ਸੰਗਤ ਅਤੇ ਪੰਗਤ ਦੀ ਰੀਤ ਨੇ ਸੇਵਾ ਦਾ ਘੇਰਾ ਵਿਸ਼ਾਲ ਕੀਤਾ ਹੈ। ਸੰਗਤ ਵਲੋਂ ਕੀਤੀ ਜਾਂਦੀ ਪਵਿੱਤਰ ਅਸਥਾਨਾ ਦੀ ਯਾਤਰਾ ਉਹਨਾਂ ਦੇ ਸਮਾਜਕ ਜੀਵਨ ਵਿਚ ਬਹੁਤ ਮਹੱਤਵ ਰੱਖਦੀ ਹੈ। ਸਿੱਖ ਪੁਰਬਾਂ ਨੂੰ ਸਮਝਣ ਲਈ ਇਹਨਾਂ ਦੀਆਂ ਗਤੀਵਿਧੀਆਂ ਦਾ ਅਧਿਐਨ ਜ਼ਰੂਰੀ ਹੈ। ਸਿੱਖ ਪੁਰਬਾਂ ਦੇ ਸਮਾਜਕ ਅਧਿਐਨ ਨਾਲ ਵਿਰਾਸਤ ਦੀ ਅਹਿਮੀਅਤ ਦੀ ਜਾਣਕਾਰੀ ਹੋਵੇਗੀ।

**ਪੁਰਬਾਂ ਤੇ ਜਾਣ ਦੀ ਤਿਆਰੀ** : ਸਿੱਖ ਪੁਰਬਾਂ ਦੀ ਤਿਆਰੀ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਉਸ ਨਗਰ ਦੇ ਵਸਨੀਕ ਹੁੰਦੇ ਹਨ, ਜਿਥੇ ਪੁਰਬ (ਜੋੜ ਮੇਲਾ) ਮਨਾਇਆ ਜਾਂਦਾ ਹੈ। ਨਗਰ ਨਿਵਾਸੀ ਪੁਰਬ ਦੇ ਨਿਸ਼ਚਿਤ ਦਿਨ ਤੋਂ ਪਹਿਲਾਂ ਹੀ ਤਿਆਰਾਂ ਅਰੰਭ ਕਰ ਦਿੰਦੇ ਹਨ। ਉਹ ਆਪਣੇ ਗੁਰਦੁਆਰੇ, ਧਰਮਸ਼ਾਲਾ, ਮਹਿਮਾਨ ਘਰ ਅਤੇ ਹੋਰਨਾਂ ਜਨਤਕ ਸਥਾਨਾਂ ਦੀ ਸਾਫ ਸਫਾਈ ਸਮੂਹਿਕ ਤੌਰ ਤੇ ਕਾਰ ਸੇਵਾ ਦੇ ਰੂਪ ਵਿੱਚ ਕਰਦੇ ਹਨ। ਇਸ ਤੋਂ ਇਲਾਵਾ ਨਗਰ ਨਿਵਾਸੀ ਅਤੇ ਇਲਾਕੇ ਭਰ ਦੇ ਲੋਕ ਆਪਣੇ ਘਰਾਂ ਅਤੇ ਦੁਕਾਨਾਂ ਦੀ ਵੀ ਖਾਸ ਰੂਪ ਵਿੱਚ ਤਿਆਰੀ ਕਰਦੇ ਹਨ। ਨਗਰ ਨਿਵਾਸੀਆਂ ਵਿੱਚ ਪੁਰਬ ਨੂੰ ਲੈ ਕੇ ਬੇਅੰਤ ਉਤਸ਼ਾਹ ਅਤੇ ਖੁਸ਼ੀ ਵੇਖੀ ਜਾ ਸਕਦੀ ਹੈ। ਮੇਲੇ ਤੋਂ ਪਹਿਲਾਂ ਲੋੜੀਂਦੇ ਰਾਸ਼ਨ ਜਾਂ ਹੋਰ ਸਾਮਾਨ ਲਈ ਦਸਵੰਧ ਦੇ ਰੂਪ ਵਿੱਚ ਮਾਇਆ ਇਕੱਤਰ ਕੀਤੀ ਜਾਂਦੀ ਹੈ, ਜਿਸ ਨੂੰ ਆਮ ਭਾਸ਼ਾ ਵਿੱਚ ਉਗਰਾਹੀ ਕਿਹਾ ਜਾਂਦਾ ਹੈ। ਇਸ ਕਾਰਜ ਵਿਚ ਹਰ ਜਾਤ, ਧਰਮ ਅਤੇ ਬਰਾਦਰੀ ਦੇ ਲੋਕ ਸਵੈ ਇਛਾ ਨਾਲ ਹਿੱਸਾ ਪਾਂਉਦੇ ਹਨ। ਬੀਬਾ ਰਮਨਜੀਤ ਕੌਰ ਨਿਵਾਸੀ ਭਾਈ ਬਖਤੌਰ ਨੇ ਦਮਦਮਾ ਸਾਹਿਬ ਦੀ 2017 ਦੀ ਵਿਸਾਖੀ ਪੁਰਬ ਮੌਕੇ ਇਕ ਮੁਲਾਕਾਤ ਵਿਚ ਦਸਿਆ ਕਿ;

> "ਇਹਨਾਂ ਪੁਰਬਾਂ ਮੌਕੇ ਸਥਾਨਕ ਵਾਸੀਆਂ ਦੇ ਰਿਸ਼ਤੇਦਾਰ ਤੇ ਸੱਜਣ ਮਿਤੱਰ ਆਮ ਕਰਕੇ ਜੋੜ ਮੇਲੇ 'ਤੇ ਆਉਣ ਬਾਰੇ ਅਗਾਊਂ ਸੂਚਨਾ ਭੇਜ ਦਿੰਦੇ ਹਨ, ਜਿਸ ਦੇ ਫਲਸਰੂਪ ਮਹਿਮਾਨ ਨਿਵਾਜ਼ੀ ਦੇ ਕਾਰਜਾਂ ਦੀ ਤਿਆਰੀ ਕੀਤੀ ਜਾਂਦੀ ਹੈ। ਮਹਿਮਾਨਾਂ ਵਾਲੇ ਕਮਰਿਆਂ ਦੀ ਸਫਾਈ ਕਈ ਦਿਨ ਪਹਿਲਾਸ਼ੁਰੂ ਕਰ ਦਿਤੀ ਜਾਂਦੀ ਹੈ। ਇਸ ਪਵਿੱਤਰ ਮੌਕੇ 'ਤੇ ਆਏ ਮਹਿਮਾਨਾਂ ਦੀ ਸੇਵਾ ਗੁਰੂ ਘਰ ਦੀਆਂ ਖੁਸ਼ੀਆਂ ਲੈਣ ਖਾਤਰ ਵੀ ਕੀਤੀ ਜਾਂਦੀ ਹੈ, ਜੋ ਉਹਨਾਂ ਲਈ ਧਾਰਮਿਕ ਮਹੱਤਤਾ ਰੱਖਦੀ ਹੈ।"[1]

ਪੰਜਾਬ ਦੀ ਲੋਕਧਾਰਾ ਵਿਚ ਮਹਿਮਾਨ ਨਿਵਾਜ਼ੀ ਦੀ ਭਾਵਨਾ ਸਮਾਜਕ ਵਰਤਾਰੇ ਦਾ ਅਟੁੱਟ ਅੰਗ ਹੈ। ਲੋਕ ਭਾਸ਼ਾ ਵਿਚ ਮਹਿਮਾਨ ਨੂੰ ਭਗਵਾਨ ਦਾ ਰੂਪ ਮਨਿਆ ਗਿਆ ਹੈ। ਗੁਰੂ ਸਾਹਿਬਾਨ ਦੇ

---

1 *ਮੁਲਾਕਾਤ* ,ਬੀਬਾ ਰਮਨਜੀਤ ਕੌਰ, ਨਿਵਾਸੀ ਭਾਈ ਬਖਤੌਰ, ਦਮਦਮਾ ਸਾਹਿਬ, ਵਿਸਾਖੀ ਪੁਰਬ, 2017.

ਸਮਾਜਕ ਸੇਵਾ ਕਾਰਜਾਂ ਨੇ ਇਸ ਭਾਵਨਾ ਨੂੰ ਹੋਰ ਪ੍ਰਚੰਡ ਕੀਤਾ ਹੈ। ਸਿੱਖ ਪੁਰਬਾਂ ਸਮੇਂ ਆਈ ਸੰਗਤ ਗੁਰੂ ਦਾ ਸਰੂਪ ਮੰਨੀ ਜਾਂਦੀ ਹੈ, ਜਿਸਦਾ ਸਵਾਗਤ ਵੱਧ ਚੜ੍ਹ ਕੇ ਕੀਤਾ ਜਾਂਦਾ ਹੈ।

ਦੂਜੇ ਭਾਗ ਵਿੱਚ ਉਹ ਲੋਕ ਸ਼ਾਮਲ ਕੀਤੇ ਜਾ ਸਕਦੇ ਹਨ, ਜੋ ਬਾਹਰਲੇ ਸਥਾਨਾਂ ਤੋਂ ਮਹਿਮਾਨਾਂ ਦੇ ਰੂਪ ਵਿੱਚ ਸ਼ਾਮਲ ਹੁੰਦੇ ਹਨ। ਉਹ ਆਪਣੀ ਯਾਤਰਾ ਲਈ ਰੇਲ ਗੱਡੀ ਜਾਂ ਹਵਾਈ ਜਹਾਜ਼ ਦੀਆਂ ਅਗਾਊਂ ਰਾਖਵੀਆਂ ਸੀਟਾਂ ਬੁੱਕ ਕਰਵਾਉਂਦੇ ਹਨ। ਨਿਵਾਸ ਲਈ ਹੋਟਲਾਂ ਦੇ ਕਮਰੇ ਵੀ ਬੁੱਕ ਕਰਵਾਏ ਜਾਂਦੇ ਹਨ। ਕੁੱਝ ਲੋਕਾਂ ਵੱਲੋਂ ਮੌਸਮ ਅਨੁਸਾਰ ਖਾਸ ਕੱਪੜੇ ਲੀੜੇ ਵੀ ਤਿਆਰ ਕਰਵਾਏ ਜਾਂਦੇ ਹਨ। ਨਿਸ਼ਚਿਤ ਪੁਰਬਾਂ ਦੀਆਂ ਤਾਰੀਖਾਂ ਤੋਂ ਪਹਿਲਾਂ ਹੀ ਤਿਆਰੀਆਂ ਆਰੰਭ ਹੋ ਜਾਂਦੀਆਂ ਹਨ। ਪ੍ਰੋਫੈਸਰ ਪਰਮਜੀਤ ਕੌਰ ਨੇ ਮਾਰਚ 2016 ਵਿਚ ਆਨੰਦਪੁਰ ਹੋਲੇ ਮੱਹਲੇ ਦੇ ਪੁਰਬ ਮੌਕੇ ਇਕ ਮੁਲਾਕਾਤ ਵਿਚ ਦਸਿਆ ਕਿ;

> "ਪੁਰਾਣੇ ਸਮੇਂ ਵਿੱਚ ਟੌਰ੍ਹੇ ਵਾਲੀ ਪੱਗ ਅਤੇ ਰਵਾਇਤੀ ਕੁੜਤਾ ਪਜਾਮਾ ਸਿਲਵਾਇਆ ਜਾਂਦਾ ਸੀ। ਔਰਤਾਂ ਵੱਲੋ ਪੁਰਬਾਂ 'ਤੇ ਜਾਣ ਲਈ ਸਲਵਾਰ ਕਮੀਜ਼ ਜਾਂ ਰੰਗਦਾਰ ਘੱਗਰਾ ਆਦਿ ਸਿਲਵਾਇਆ ਜਾਂਦਾ ਸੀ। ਦੁਪੱਟਾ, ਪਰਾਂਦਾ ਅਤੇ ਕਢਾਈ ਵਾਲੀਆਂ ਜੁੱਤੀਆਂ ਤਿਆਰ ਕਰਵਾਈਆਂ ਜਾਂਦੀਆਂ ਸਨ। ਮਹਿਮਾਨਾਂ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ ਸਥਾਨਕ ਨਿਵਾਸੀਆਂ ਵੱਲੋ ਜੋੜ ਮੇਲੇ ਦੀ ਤਿਆਰੀ ਕਈ ਦਿਨ ਪਹਿਲਾਂ ਆਰੰਭ ਕਰ ਦਿੱਤੀ ਜਾਂਦੀ ਹੈ।"[2]

ਪੁਰਾਣੇ ਸਮਿਆਂ ਵਿਚ ਗੱਡੀਆ ਅਤੇ ਪਸ਼ੂਆਂ ਨੂੰ ਮੇਲੇ ਦੀ ਯਾਤਰਾ ਤੋਂ ਪਹਿਲਾਂ ਵਿਸ਼ੇਸ਼ ਰੂਪ ਵਿੱਚ ਸ਼ਿੰਗਾਰਿਆ ਜਾਂਦਾ ਸੀ। ਆਵਾਜਾਈ ਦੇ ਸਾਧਨਾਂ ਵਿਚ ਬਦਲਾਅ ਆ ਚੁੱਕਿਆ ਹੈ। ਸੜਕਾਂ ਦੇ ਨਿਰਮਾਣ ਅਤੇ ਆਵਾਜਾਈ ਦੇ ਸਾਧਨਾਂ ਵਿੱਚ ਆਏ ਸੁਧਾਰ ਕਾਰਨ ਹੁਣ ਮੀਲਾਂ ਦੀ ਦੂਰੀ ਦਾ ਸਫਰ ਮਿੰਟਾਂ ਵਿੱਚ ਤੈਅ ਕੀਤਾ ਜਾ ਸਕਦਾ ਹੈ। ਹੁਣ ਕਾਰਾਂ, ਬੱਸਾਂ, ਟਰੈਕਟਰ ਟਰਾਲੀਆਂ ਅਤੇ ਟਰੱਕਾਂ ਨੂੰ

---

2 *ਪ੍ਰੋਫੈਸਰ ਪਰਮਜੀਤ ਕੌਰ,* ਅੰਗਰੇਜੀ ਵਿਭਾਗ, ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26 ਚੰਡੀਗੜ੍ਹ।

ਆਵਾਜਾਈ ਲਈ ਵਰਤਿਆ ਜਾ ਰਿਹਾ ਹੈ।ਲੋਕ ਆਪਣੇ ਆਪਣੇ ਸਾਧਨਾਂ ਨੂੰ ਪੁਰਬ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਚੰਗੀ ਤਰ੍ਹਾਂ ਸਾਫ ਕਰਦੇ ਹਨ। ਮੋਟਰਸਾਇਕਲਾਂ, ਕਾਰਾਂ, ਬਸਾਂ ਟਰੱਕਾਂ ਅਤੇ ਟਰੈਕਟਰ ਟਰਾਲੀਆਂ ਨੂੰ ਧੋ ਕੇ ਚਮਕਾਇਆ ਜਾਂਦਾ ਹੈ। ਸ਼ੁੱਧ ਕਰਨ ਦੀ ਭਾਵਨਾ ਨਾਲ ਹਰ ਪੱਖ ਤੋਂ ਸਫਾਈ ਕੀਤੀ ਜਾਂਦੀ ਹੈ। ਇਨ੍ਹਾਂ ਦੀ ਪਹਿਲਾਂ ਸਾਫ-ਸਫਾਈ ਕਰਕੇ ਤਿਆਰੀ ਕੀਤੀ ਜਾਂਦੀ ਹੈ। ਹੁਣ ਲੋਕ ਪੁਰਬ ਵਾਲੇ ਦਿਨ ਹੀ ਆਪਣੇ ਸਾਧਨਾਂ ਰਾਹੀਂ ਆਉਂਦੇ ਹਨ ਅਤੇ ਉਸੇ ਦਿਨ ਘਰ ਵਾਪਸੀ ਕਰ ਜਾਂਦੇ ਹਨ। ਹਰ ਸਾਲ ਦੀ ਯਾਤਰਾ ਉਹਨਾਂ ਲਈ ਅਭੁੱਲ ਯਾਦ ਹੁੰਦੀ ਹੈ। ਸੰਗਤ ਵਲੋਂ ਯਾਤਰਾ ਸਮੇਂ ਕੀਰਤਨ ਕਰਦੇ ਬੀਰ-ਰਸੀ ਗੀਤ, ਬਹਾਦਰ ਨਾਇਕਾਂ ਦੀਆਂ ਸਾਖੀਆਂ ਸੁਣਾਉਣ ਦੀ ਪਹਿਲਾਂ ਤਿਆਰੀ ਕਰ ਲਈ ਜਾਂਦੀ ਹੈ। ਅਜੋਕੀ ਜੀਵਨ ਸੈਲੀ ਦੇ ਕਾਰਨ ਹੁਣ ਇਹ ਦ੍ਰਿਸ਼ ਬਹੁਤ ਤੇਜ਼ੀ ਨਾਲ ਅਲੋਪ ਹੋ ਰਹੇ ਹਨ।

ਤੀਜੇ ਭਾਗ ਵਿਚ ਜੋੜ ਮੇਲੇ ਦੇ ਪ੍ਰਬੰਧ ਹੁੰਦੇ ਹਨ। ਜ਼ਿਲ੍ਹਾ ਪ੍ਰਸਾਸ਼ਨ ਇਨ੍ਹਾਂ ਮੌਕਿਆਂ ‘ਤੇ ਅਗਾਊਂ ਤਿਆਰੀਆਂ ਕਰਦਾ ਹੈ ਜਿਸ ਵਿਚ ਅਮਨ ਕਾਨੂੰਨ ਹਿਤ ਡਿਊਟੀ ਮੈਜਿਸਟਰੇਟ ਨਿਯੁਕਤ ਕੀਤੇ ਜਾਂਦੇ ਹਨ। ਜ਼ਿਲ੍ਹਾ ਪੁਲਿਸ ਮੁਖੀ ਸੁਰੱਖਿਆ ਦੇ ਲੋੜੀਂਦੇ ਪ੍ਰਬੰਧ ਕਰਦਾ ਹੈ। ਆਵਾਜਾਈ ਦੇ ਸੁਚਾਰੂ ਪ੍ਰਬੰਧਾਂ ਲਈ ਨਗਰ ਦੇ ਮੁੱਖ ਰਸਤਿਆਂ ‘ਤੇ ਵਿਸ਼ੇਸ਼ ਨਾਕੇ ਲਗਾਏ ਜਾਣ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ। ਜ਼ਿਲ੍ਹਾ ਸਿਹਤ ਵਿਭਾਗ ਵਿਸ਼ੇਸ਼ ਮੈਡੀਕਲ ਕੈਂਪਾਂ ਲਈ ਤਿਆਰੀ ਕਰਦਾ ਹੈ। ਜਨਤਾ ਦੀ ਆਮਦ ਦੇ ਮੱਦੇ ਨਜ਼ਰ ਪੀਣ ਲਈ ਸਾਫ ਪਾਣੀ ਅਤੇ ਅਸਥਾਈ ਤੌਰ 'ਤੇ ਗੁਸਲਖਾਨਿਆਂ ਦਾ ਪ੍ਰਬੰਧ ਪਬਲਿਕ ਹੈਲਥ ਵਿਭਾਗ ਕਰਦਾ ਹੈ। ਲੋਕ ਸੰਪਰਕ ਵਿਭਾਗ, ਬਿਜਲਈ ਅਤੇ ਪ੍ਰਿੰਟ ਮੀਡੀਆ ਇਸ ਮੌਕੇ ਦੀਆਂ ਗਤੀਵਿਧੀਆਂ ਦੇ ਪ੍ਰਸਾਰ ਲਈ ਯੋਗ ਪ੍ਰਬੰਧ ਕਰਦਾ ਹੈ।

ਪੰਜ ਪੁਰਬ ਜੋ ਸਾਡੇ ਅਧਿਐਨ ਦਾ ਕੇਂਦਰ ਹਨ, ਇਹ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਾਂ ਹੇਠ ਹਨ। ਜੋੜ ਮੇਲਾ ਆਯੋਜਿਤ ਕਰਨ ਵਾਲੀ ਪ੍ਰਬੰਧਕ ਕਮੇਟੀ ਯਾਤਰੂਆਂ ਲਈ ਨਿਵਾਸ ਸਥਾਨਾਂ ਦਾ ਪ੍ਰਬੰਧ ਵੀ ਕਰਦੀ ਹੈ। ਦਸਬੰਰ, 2017 ਨੂੰ ਫਤਿਹਗੜ੍ਹ

ਸਾਹਿਬ ਦੇ ਸ਼ਹੀਦੀ ਪੁਰਬ ਮੌਕੇ ਪੰਜਾਬ ਦੇ ਸਾਬਕਾ ਮੁੱਖ ਇੰਜੀਨੀਅਰ ਜਗਦੇਵ ਸਿੰਘ ਸੋਢੀ ਨੇ ਮੁਲਾਕਾਤ ਵਿਚ ਦਸਿਆ ਕਿ;

> "ਵੱਡੇ ਨਗਰਾਂ ਵਿੱਚ ਇਹ ਤਿਆਰੀ ਸਰਕਾਰੀ ਅਤੇ ਅਰਧ-ਸਰਕਾਰੀ ਵਿਭਾਗਾਂ ਵੱਲੋ ਕੀਤੀ ਜਾਂਦੀ ਹੈ। ਨਗਰ ਪਾਲਿਕਾ ਅਤੇ ਲੋਕ ਨਿਰਮਾਣ ਵਿਭਾਗ ਵਲੋਂ ਪੁਰਬਾਂ ਦੀ ਤਿਆਰੀ ਵੇਲੇ ਸੜਕਾਂ ਅਤੇ ਰਸਤਿਆਂ ਦੀ ਮੁਰੰਮਤ ਦੇ ਕਾਰਜ ਜੰਗੀ ਪੱਧਰ ਤੇ ਕੀਤੇ ਜਾਂਦੇ ਹਨ।"[3]

ਸ਼ਹੀਦੀ ਪੁਰਬ ਮੌਕੇ ਸੰਗਤ ਦੀ ਸ਼ਰਧਾ ਭਾਵਨਾ ਅਨੁਸਾਰ ਸਰਕਾਰੀ ਅਧਿਕਾਰੀ ਹਰ ਕਿਸਮ ਦੇ ਨਸ਼ਿਆਂ ਦੀ ਵਿਕਰੀ 'ਤੇ ਰੋਕ ਲਗਾਉਂਦੇ ਹਨ। ਸਿੱਖ ਸੰਗਤ ਦੀ ਭਾਰੀ ਗਿਣਤੀ ਵਿਚ ਸ਼ਮੂਲੀਅਤ ਕਾਰਨ ਮੋਟਰਾਂ, ਕਾਰਾਂ, ਬੱਸਾਂ, ਟਰੱਕਾਂ ਅਤੇ ਟਰੈਕਟਰ-ਟਰਾਲੀਆਂ ਦੀ ਗਿਣਤੀ ਬਹੁਤ ਹੋ ਜਾਂਦੀ ਹੈ। ਇਨ੍ਹਾਂ ਦੀ ਪਾਰਕਿੰਗ ਦੀ ਵਿਵਸਥਾ ਲਈ ਆਵਾਜਾਈ ਵਿਭਾਗ ਵਿਸ਼ੇਸ਼ ਸਥਾਨਾਂ ਦਾ ਪ੍ਰਬੰਧ ਕਰਦਾ ਹੈ। ਬਜ਼ੁਰਗਾਂ ਅਤੇ ਅਪਾਹਜਾਂ ਵਾਸਤੇ ਯੋਗ ਵਾਹਨਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

**ਪਵਿੱਤਰ ਯਾਤਰਾ**: ਸਿੱਖ ਧਰਮ ਵਿੱਚ ਯਾਤਰਾ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਵੇਲੇ ਆਰੰਭ ਹੋਈਆਂ ਯਾਤਰਾਵਾਂ ਨੂੰ ਸਾਖੀਕਾਰਾਂ ਨੇ ਉਦਾਸੀਆਂ ਦਾ ਨਾਮ ਦਿੱਤਾ ਹੈ । ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਜੀ ਦੀਆਂ ਸਥਾਪਤ ਕੀਤੀਆਂ ਸੰਗਤਾਂ ਦੇ ਉਧਾਰ ਕਰਨ ਹਿਤ ਯਾਤਰਾ ਕੀਤੀ, ਜਿਸ ਬਾਰੇ ਸਰੂਪ ਦਾਸ ਭੱਲੇ ਦੀ ਰਚਨਾ "ਮਹਿਮਾ ਪ੍ਰਕਾਸ਼" ਵਿਚ ਲਿਖਿਆ ਹੈ;

> "ਸ੍ਰੀ ਸਤਿਗੁਰ ਸਾਹਿਬ ਦਇਆਲ ਮੂਰਤ ਪਰਉਪਕਾਰ ਕੇ ਨਮਿਤ ਹਰਿਦੁਆਰ ਕੋ ਜਾਨੇ ਕੀ ਤਿਆਰੀ ਕਰੀ। ਤਬ ਸਰਬਤ ਸਿੱਖ ਸੰਗਤ ਸਤਿਗੁਰੂ ਕੇ ਚਰਨੋ ਸਾਥ ਚਲੀ। ਪ੍ਰਿਥਮੇ ਕੁਰਛੇਤਰ ਕੋ ਜਾਇ ਪ੍ਰਾਪਤ ਭਏ ਤਾਂ ਸਰਬਤ ਕੋ ਦਰਸ਼ਨ ਭਇਆ।

3 *ਮੁਲਾਕਾਤ,* ਜਗਦੇਵ ਸਿੰਘ ਸੋਢੀ, ਸਾਬਕਾ ਮੁੱਖ ਇੰਜੀਨੀਅਰ ਪੰਜਾਬ, ਦਸਬੰਰ 2015.

ਸਭ ਕ੍ਰਿਤਾਰਥ ਭਈ ਸਾਹਿਬੋ ਕਾ ਦਰਸ਼ਨ ਕਰਕੇ ਸਭ ਨਿਸ਼ਾ ਭਈ। ਤਬ ਆਨੰਦ ਕੀਰਤਨ ਕੀਤੇ। ਵਾਹਿਗੁਰੂ ਕਾ ਜਾਪ ਜਾਪਤੇ ਸਾਹਿਬੋ ਕੇ ਦਰਸ਼ਨ ਕੋ ਸੁਰ ਨਰ ਮੁਨ ਜਨ ਤੀਕ ਲੋਕ ਕੇ ਜਿਤਨੇ ਮਹਾਂਪੁਰਖ ਸਭ ਦਰਸ਼ਨ ਕੋ ਆਏ। ਜਿਨੋ ਦਰਸ਼ਨ ਕੀਆ ਸੋ ਸਭ ਨਿਧਾਨ ਕੋ ਪ੍ਰਾਪਤ ਭਏ ਸਭ ਪਾਪੋਂ ਕਾ ਨਾਸ ਭਇਆ।ਖਟ ਦਰਸਨ ਸਭ ਚਰਚਾ ਕਰ ਕਰ ਆਪਨਾ ਮਨ ਪੋਖਨ ਕੀਆ।"[4]

ਗੁਰੂ ਰਾਮਦਾਸ ਜੀ ਦੇ ਸਮੇਂ ਦੂਰ ਦੂਰ ਤੋਂ ਸਿੱਖ ਸੰਗਤ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੁੰਦੀ ਸੀ। ਯਾਤਰਾ ਵਿਚ ਸ਼ਾਮਲ ਸੰਗਤਾਂ ਦੀ ਅਗਵਾਈ ਮੰਜੀਦਾਰ ਜਾਂ ਮਸੰਦ ਕਰਦੇ ਸਨ। ਗੋਇੰਦਵਾਲ ਵਿਚ ਸਥਾਪਿਤ ਬਾਉਲੀ ਦੀ ਯਾਤਰਾ ਨੇ ਸਿੱਖ ਜਗਤ ਨੂੰ ਬਦਲਵੇਂ ਤੀਰਥ ਦੇ ਦਿੱਤੇ ਸਨ। ਸੰਗਤ ਸਿੰਘ ਅਨੁਸਾਰ;

"ਅੰਮ੍ਰਿਤਸਰ ਸਿੱਖੀ ਦਾ ਰਾਜਸੀ-ਧਾਰਮਿਕ ਕੇਂਦਰ ਬਣ ਗਿਆ। ਅੰਮ੍ਰਿਤਸਰ ਸਰੋਵਰ 'ਚੋਂ ਇਸ਼ਨਾਨ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਸਿੱਖਾਂ ਦੀ ਚੇਤਨਾ ਵਿਚ ਰਚ ਗਿਆ। ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਸਰੋਵਰ 'ਨਾਲ ਪਿਆਰ ਤੇ ਸਤਿਕਾਰ ਨੇ ਸਿੱਖ-ਪੰਥ ਨੂੰ ਅਠਾਰਵੀਂ ਸਦੀ ਦੇ ਕਾਲੇ ਸਮਿਆਂ ਵਿਚ ਚੜ੍ਹਦੀਕਲਾ ਵਿਚ ਰੱਖਿਆ ਅਤੇ ਉਹ ਹਰ ਸ਼ੰਘਰਸ਼ ਲਈ ਇਸ ਤੋਂ ਪ੍ਰੇਰਨਾ ਲੈਂਦਾ ਰਿਹਾ।"[5]

ਗੁਰਬਾਣੀ ਵਿਚ ਗੁਰੂ ਸਾਹਿਬ ਜੀ ਨੇ ਅਧਿਆਤਮਕ ਜੀਵਨ ਦੇ ਸਫਰ ਨੂੰ ਸਚਿਆਰ ਜੀਵਨ ਦਾ ਮੰਤਵ ਦੱਸਿਆ ਹੈ। ਗੁਰਬਾਣੀ ਵਿਚ ਤੀਰਥ ਯਾਤਰਾ ਦੇ ਪ੍ਰਯੋਜਨ ਬਾਰੇ ਗੁਰੂ ਰਾਮਦਾਸ ਜੀ ਤੁਖਾਰੀ ਰਾਗ ਵਿਚ ਦੱਸਦੇ ਹਨ:

---

4 ਸਰੂਪ ਦਾਸ ਭੱਲਾ , *ਮਹਿਮਾਂ ਪ੍ਰਕਾਸ਼,* ਸੰਪਾ.ਕੁਲਵਿੰਦਰ ਸਿੰਘ, ਸਾਖੀ 31 ਅ, ਪੰ.78.

5 ਸੰਗਤ ਸਿੰਘ, *ਇਤਿਹਾਸ'ਚ ਸਿੱਖ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2002,ਪੰ. 101.

"ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ  ਨਿਮਖ ਵਿਖਾ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ॥ ਜਿਨ ਦਰਸੁ ਸਤਿਗੁਰ  ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ॥ ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥੨॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥ ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ॥ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥ ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥੩॥"[6]

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰੂ ਹਰਿਗੋਬਿੰਦ ਜੀ ਨੇ ਕਸ਼ਮੀਰ, ਪੂਰਬ ਦੇ ਦੇਸਾਂ ਦੀ ਪ੍ਰਚਾਰ ਯਾਤਰਾ ਕੀਤੀ। ਅਕਾਲ ਤਖਤ ਦੀ ਸਿਰਜਨਾ ਵੇਲੇ ਸਿੱਖ ਸੰਗਤਾਂ ਦੇ ਯਾਤਰੀ ਜੱਥੇ ਭਾਰੀ ਗਿਣਤੀ ਵਿਚ ਆਉਣ ਲੱਗੇ। ਸਿੱਖ ਪੁਰਬਾਂ ਵਿਚ ਸ਼ਾਮਲ ਹੋਣ ਲਈ ਕੀਤੇ ਜਾਣ ਵਾਲੇ ਸਫਰ ਨੂੰ ਧਾਰਮਿਕ ਭਾਸ਼ਾ ਵਿਚ ਪਵਿੱਤਰ ਯਾਤਰਾ ਕਿਹਾ ਜਾਂਦਾ ਹੈ, ਜੋ ਲੋਕ ਵਿਸ਼ਵਾਸ਼ਾਂ ਅਨੁਸਾਰ ਮਾਨਵੀ ਜੀਵਨ ਦੀ ਹੋਂਦ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਗੁਰੂ ਨਾਨਕ ਜੀ ਨੇ ਤੀਰਥਾਂ ਦੀ ਯਾਤਰਾ ਦੇ ਮਹੱਤਵ ਨੂੰ ਧਿਆਨ ਵਿਚ ਰੱਖਦੇ ਹੋਏ ਅਕਾਲ ਪੁਰਖ ਦੇ ਸੰਦੇਸ਼ ਨੂੰ ਜਗਤ ਵਿਚ ਪ੍ਰਸਾਰਨ ਲਈ ਪੁਰਬਾਂ ਵਿਚ ਸ਼ਾਮਲ ਹੋ ਕੇ ਇੱਕਠ ਦਾ ਸਦ-ਉਪਯੋਗ ਕੀਤਾ ਸੀ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਕਈ ਵਾਰ ਹਿੰਦੂ ਤੀਰਥਾਂ ਦੀ ਯਾਤਰਾ ਕੀਤੀ ਅਤੇ ਮੇਲਿਆਂ ਵਿਚ ਸ਼ਾਮਲ ਹੋ ਕੇ ਸਰੀਰ ਦੇ ਇਸ਼ਨਾਨ ਦੇ ਨਾਲ ਨਾਲ ਗਿਆਨ ਦੇ ਸਰੋਵਰ ਵਿਚ ਨਹਾਉਣ ਦਾ ਸੰਦੇਸ਼ ਦਿੱਤਾ। ਗੁਰੂ

6 *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੁਖਾਰੀ ਰਾਗ,* ਅੰਕ ,1116.

ਤੇਗ ਬਹਾਦਰ ਜੀ ਨੇ ਬਹੁਤ ਸਾਰੇ ਤੀਰਥ ਅਸਥਾਨਾਂ ਦੀਆਂ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਦੂਰ ਦੂਰ ਦੀਆਂ ਸੰਗਤਾਂ ਨੂੰ ਸਿੱਖ-ਪੰਥ ਨਾਲ ਜੋੜਿਆ।

ਸਿੱਖ ਪਰੰਪਰਾ ਵਿਚ ਅੰਮ੍ਰਿਤਸਰ ਦੇ ਦਰਸ਼ਨ ਦਾ ਵਿਸ਼ੇਸ਼ ਮਹੱਤਵ ਹੈ। ਇਥੋਂ ਦੇ ਦਰਸ਼ਨ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਦੀ ਤਾਂਘ ਹਰ ਸਿੱਖ ਅਕਾਲ ਪੁਰਖ ਤੋਂ ਸਵੇਰੇ ਅਤੇ ਸ਼ਾਮ ਨੂੰ ਅਰਦਾਸ ਵਿਚ ਪਰਗਟ ਕਰਦਾ ਹੈ;

> "ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹੁ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਛੌਂਕੇ ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ।"[7]

ਸਿੱਖ ਆਪਣੇ ਗੁਰੂ ਧਾਮਾਂ ਦੀ ਯਾਤਰਾ ਨੂੰ ਅਹਿਮੀਅਤ ਦਿੰਦੇ ਹਨ। ਸਿੱਖ ਆਪਣੇ ਹਰ ਖੁਸ਼ੀ ਦੇ ਕਾਰਜ ਨੂੰ ਗੁਰੂ ਨਾਲ ਜੋੜਦੇ ਹਨ । ਮਲਕੀਤ ਸਿੰਘ ਵਾਸੀ ਬਿਸ਼ਨਪੁਰ ਖੋਖਰ ਨੇ ਦਮਦਮਾ ਸਾਹਿਬ 2016 ਦੀ ਵਿਸਾਖੀ ਮੌਕੇ ਇਕ ਵਿਸ਼ੇਸ਼ ਮੁਲਾਕਾਤ ਵਿਚ ਦਸਿਆ ਕਿ;

> "ਜਦ ਕੋਈ ਸਿੱਖ ਨਵਾਂ ਟ੍ਰੈਕਟਰ ਜਾਂ ਬੱਸ, ਟਰੱਕ ਖਰੀਦਦਾ ਹੈ ਤਾਂ ਪਹਿਲਾਂ ਆਉਣ ਵਾਲੇ ਪੁਰਬ ਮੌਕੇ ਇਲਾਕੇ ਦੀਆਂ ਸੰਗਤਾਂ ਨੂੰ ਆਪਣੇ ਇਨ੍ਹਾਂ ਸਾਧਨਾਂ ਰਾਹੀਂ ਮੁਫਤ ਯਾਤਰਾ ਕਰਵਾਉਂਦਾ ਹੈ। ਨਗਰ ਦੇ ਗੁਰਦੁਆਰਾ ਸਾਹਿਬ ਤੋਂ ਸਪੀਕਰ ਰਾਹੀਂ ਯਾਤਰਾ ਬਾਰੇ ਸੂਚਨਾ ਦਿੱਤੀ ਜਾਂਦੀ ਹੈ। ਇਹ ਕਾਰਜ ਗੁਰੂ ਪਿਆਰ ਵਿਚ ਕੀਤਾ ਜਾਂਦਾ ਹੈ।"[8]

ਦਰਬਾਰ ਸਾਹਿਬ ਅੰਮ੍ਰਿਤਸਰ, ਕੇਸਗੜ੍ਹ ਆਨੰਦਪੁਰ ਸਾਹਿਬ, ਦਮਦਮਾ ਸਾਹਿਬ ਤਲਵੰਡੀ ਸਾਬੋ, ਮੁਕਤਸਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਦੀ ਯਾਤਰਾ ਵਧੇਰੇ ਕਰਕੇ ਪੁਰਬਾਂ (ਜੋੜ ਮੇਲਿਆਂ) ਮੌਕੇ ਕੀਤੀ ਜਾਂਦੀ ਹੈ। ਇਹਨਾਂ ਪੁਰਬਾਂ ਮੌਕੇ ਯਾਤਰੀਆਂ ਵਾਸਤੇ ਸਮਾਜ ਸੇਵਕ ਜਥੇ

---

7 ਨਿਤਨੇਮ ਅਰਦਾਸ, *ਸਿੱਖ ਰਹਿਤ-ਮਰਿਆਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਪੰ.6.

8 ਮੁਲਾਕਾਤ, ਮਲਕੀਤ ਸਿਘ, ਵਾਸੀ ਬਿਸ਼ਨਪੁਰ ਖੋਖਰ, ਤਹਿਸੀਲ ਮੂਨਕ,ਜਿਲ੍ਹਾ ਸੰਗਰੂਰ,2016.

ਰਸਤਿਆਂ ਵਿਚ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕਰਦੇ ਹਨ। ਇਸ ਲੰਗਰ ਦੀ ਤਿਆਰੀ ਨਿਸ਼ਕਾਮ ਸੇਵਕ ਖੁਦ ਕਰਦੇ ਹਨ, ਜਿਸ ਵਿਚ ਨੌਜੁਆਨ ਵਰਗ ਉਤਸ਼ਾਹ ਨਾਲ ਸ਼ਾਮਿਲ ਹੁੰਦਾਂ ਹੈ। ਸਿੱਖ ਸੰਗਤ ਦੀ ਲੋੜ ਦੇ ਮੱਦੇ–ਨਜ਼ਰ ਗੁਰੂ ਧਾਮਾਂ ਦੇ ਦਰਸ਼ਨਾਂ ਲਈ ਰੇਲਵੇ ਵਿਭਾਗ ਨੇ ਵਿਸ਼ੇਸ਼ ਰੇਲ ਗੱਡੀਆਂ ਚਾਲੂ ਕੀਤੀਆਂ ਹਨ। ਆਵਾਜਾਈ ਵਿਭਾਗ ਜੋੜ ਮੇਲਿਆਂ ਵਾਸਤੇ ਵਿਸ਼ੇਸ਼ ਬੱਸਾਂ ਚਲਾਉਂਦਾ ਹੈ।

**ਜੋੜ-ਮੇਲੇ ਵਿਚ ਪੁੱਜਣਾ**: ਜੋੜ-ਮੇਲਿਆਂ ਵਿਚ ਨਿਸ਼ਚਿਤ ਸਥਾਨ ਉੱਤੇ ਪਹੁੰਚਣਾ ਯਾਤਰੀਆਂ ਲਈ ਮਹੱਤਵਪੂਰਨ ਪੜਾਅ ਮੰਨਿਆਂ ਜਾਂਦਾ ਹੈ। ਪੁਰਾਣੇ ਸਮੇਂ ਲੋਕ ਅਵਾਜਾਈ ਦੇ ਸਾਧਨਾਂ ਦੀ ਘਾਟ ਕਰਕੇ ਮੇਲਿਆਂ ਦੇ ਨਿਸ਼ਚਿਤ ਦਿਨਾਂ ਤੋਂ ਕਈ ਦਿਨ ਪਹਿਲਾਂ ਮੇਲਿਆਂ ਦੇ ਸਥਾਨ ਤੇ ਪੁੱਜ ਜਾਂਦੇ ਸਨ। ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਮੌਕੇ ਮਨਜੀਤ ਸਿੰਘ ਨੇ ਮੁਲਾਕਾਤ ਵਿਚ ਦਸਿਆ;

> ‘‘, ਜਦੋਂ ਅਸੀਂ ਆਨੰਦਪੁਰ ਦੀ ਪਵਿੱਤਰ ਧਰਤੀ 'ਤੇ ਪ੍ਰਵੇਸ਼ ਕਰਦੇ ਹਾਂ ਤਾਂ ਹਰ ਮਾਈ ਭਾਈ ਨਤਮਸਤਕ ਹੁੰਦੇ ਹਨ। ਯਾਤਰਾ ਸਫਲਤਾ ਵਾਸਤੇ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਂਦੀ ਹੈ, ਫਿਰ ਆਪਣੇ ਟਰੈਕਟਰ-ਟਰਾਲੀ ਨੂੰ ਆਨੰਦਗੜ੍ਹ ਕਿਲ੍ਹੇ ਦੇ ਸਭ ਤੋਂ ਨੇੜਲੀ ਰਾਖਵੀਂ ਥਾਂ ‘ਤੇ ਖੜ੍ਹਾ ਕੀਤਾ ਜਾਂਦਾ ਹੈ। ਕੀਰਤਪੁਰ ਸਾਹਿਬ ਤੋਂ ਬਾਅਦ ਰਸਤੇ ਵਿਚ ਬਹੁਤ ਭਾਰੀ ਭੀੜ ਹੁੰਦੀ ਹੈ, ਜਿਸ ਕਾਰਨ ਇਹ 10 ਕਿਲੋ ਮੀਟਰ ਦਾ ਰਸਤਾ ਦੋ ਘੰਟੇ ਤੋਂ ਵੱਧ ਸਮੇਂ ਵਿਚ ਤਹਿ ਹੋਇਆ ਹੈ।’’[9]

ਜੋੜ ਮੇਲਿਆਂ ਵਿਚ ਸੰਗਤਾਂ ਦੇ ਪੁੱਜਣ ਦੇ ਦ੍ਰਿਸ਼ ਬਹੁਤ ਯਾਦਗਾਰੀ ਹੁੰਦੇ ਹਨ। ਸਰਕਾਰ ਅਤੇ ਰਾਜਨੀਤਕ ਪਾਰਟੀਆਂ ਵਲੋਂ ਨਗਰ ਦੇ ਸਾਰੇ ਰਸਤਿਆਂ ‘ਤੇ ਵੱਡੇ ਵੱਡੇ ਸੁਆਗਤੀ ਬੋਰਡ ਲਗਵਾਏ ਜਾਂਦੇ ਹਨ। ਇਕ ਵਿਸ਼ੇਸ਼ ਖੇਤਰ ਤੋਂ ਅੱਗੇ ਆਮ ਗੱਡੀਆਂ ਦੇ ਦਾਖਲੇ ‘ਤੇ ਰੋਕ ਹੁੰਦੀ ਹੈ।

---

9 *ਮੁਲਾਕਾਤ* , ਮਨਜੀਤ ਸਿੰਘ ਵਾਸੀ ਮਿਰਜਾਪੁਰ (ਨਰਾਇਣਗੜ੍ਹ), ਆਨੰਦਪੁਰ ਸਾਹਿਬ, ਹੋਲਾ ਮਹੱਲਾ 2017.

**ਪ੍ਰਵੇਸ਼**: ਜਦੋਂ ਸੰਗਤ ਮੇਲੇ ਵਾਲੇ ਨਗਰ ਦੀ ਹੱਦ ਵਿਚ ਦਾਖਲ ਹੁੰਦੀ ਹੈ ਤਾਂ ਉਸ ਮੌਕੇ ਦਾ ਵੱਖਰਾ ਅਹਿਸਾਸ ਹੁੰਦਾ ਹੈ। ਵਿਸ਼ੇਸ਼ ਅਧਿਕਾਰੀਆਂ ਅਤੇ ਲੰਗਰ ਲੈ ਕੇ ਜਾਣ ਵਾਲੀਆਂ ਗੱਡੀਆਂ ਸ਼ਪੈਸ਼ਲ ਪਾਸ ਰਾਹੀਂ ਪ੍ਰਵੇਸ਼ ਕਰਦੀਆਂ ਹਨ। ਇਥੇ ਅਸਥਾਈ ਤੌਰ 'ਤੇ ਬੱਸ ਅੱਡੇ ਤਿਆਰ ਕਰ ਲਏ ਜਾਂਦੇ ਹਨ। ਸਿੱਖ ਵਿਰਾਸਤ ਦੀਆਂ ਪ੍ਰਤੀਕ ਨਿੰਹਗ ਸਿੰਘ ਛਾਉਣੀਆਂ ਕਿਸੇ ਪੁਰਾਣੀ ਇਤਿਹਾਸਕ ਫਿਲਮ ਵਾਂਗ ਦਿਸਦੀਆਂ ਹਨ। ਆਮ ਲੋਕਾਂ ਨਾਲੋਂ ਨਿਹੰਗ ਸਿੰਘਾਂ ਨੇ ਪੁਰਾਤਨ ਸ਼ੈਲੀ ਕਾਇਮ ਰੱਖੀ ਹੋਈ ਹੈ। ਅੱਜ ਵੀ ਨਿਹੰਗ ਸਿੰਘ ਜੱਥੇਬੰਦੀਆਂ ਦੇ ਡੇਰਿਆਂ ਵਿਚ ਪੁਰਾਤਨ ਦ੍ਰਿਸ਼ ਵੇਖੇ ਜਾ ਸਕਦੇ ਹਨ। ਮੇਲਿਆ ਵਿੱਚ ਵੱਖ-ਵੱਖ ਗਤੀਵਿਧੀਆਂ ਲਈ ਵੱਖੋ ਵੱਖਰੇ ਖੇਤਰ ਨਿਸ਼ਚਿਤ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਨੇ ਸ਼ਤਾਬਦੀ ਸਮਾਗਮਾਂ ਮੌਕੇ ਸਾਰੇ ਮੁੱਖ ਰਸਤਿਆਂ ‘ਤੇ ਵੱਡੇ ਗੇਟ ਉਸਾਰੇ ਹਨ, ਜੋ ਸਿੱਖ ਇਤਿਹਾਸ ਦੇ ਨਾਇਕਾਂ ਦੇ ਨਾਮ ਨੂੰ ਸਮਰਪਣ ਕੀਤੇ ਗਏ ਹਨ। ਵਿਸਾਖੀ ਦੇ ਪੁਰਬ ਮੌਕੇ ਜਸਪਾਲ ਸਿੰਘ ਸਿਧੂ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦਸਿਆ ਕਿ;

> “ਪੁਰਾਣੇ ਸਮੇਂ ਵਿਚ ਮੁੱਖ ਰਸਤਿਆਂ ਤੇ ਸੰਗਤ ਦੇ ਸਵਾਗਤ ਵਾਸਤੇ ਕੇਲਿਆਂ ਦੇ ਪੋਦੇ ਵੱਢ ਕੇ ਗੇਟ ਤਿਆਰ ਕੀਤੇ ਜਾਂਦੇ ਸਨ ਜਾਂ ਫਿਰ ਵੱਖ-ਵੱਖ ਰੰਗਾਂ ਦੇ ਝੰਡੇ ਲਗਾਏ ਜਾਂਦੇ ਸਨ। ਹੁਣ ਵੱਡੀਆਂ ਕੰਪਨੀਆਂ ਜਾਂ ਕਾਰਪੋਰੇਟ ਅਦਾਰੇ ਆਪਣੀ ਮਸ਼ਹੂਰੀ ਵਾਸਤੇ ਸਵਾਗਤੀ ਗੇਟ ਤਿਆਰ ਕਰਦੀਆਂ ਹਨ।”[10]

ਇਸ ਨਾਲ ਜੋੜ ਮੇਲਿਆਂ ਦੀ ਹੱਦ ਦੀ ਆਰੰਭਤਾ ਦੇ ਸੰਕੇਤ ਮਿਲ ਜਾਂਦੇ ਹਨ। ਇਥੇ ਸਾਰੇ ਮੁੱਖ ਮਾਰਗਾਂ ‘ਤੇ ਸੰਗਤਾਂ ਦੀ ਭਾਰੀ ਭੀੜ ਵੇਖਣ ਨੂੰ ਮਿਲਦੀ ਹੈ। ਵਧੇਰੇ ਲੋਕ ਸੜਕਾਂ ‘ਤੇ ਪੈਦਲ ਦਿਖਾਈ ਦਿੰਦੇ ਹਨ। ਰਸਤਿਆਂ ਦੇ ਦੋਵੇਂ ਪਾਸੇ ਅਸਥਾਈ ਬਾਜ਼ਾਰ ਲੱਗੇ ਹੁੰਦੇ ਹਨ, ਜੋ ਮੇਲੇ ਦੀ ਤਸਵੀਰ ਸਿਰਜਦੇ ਹਨ। ਸਮਾਜ ਸੇਵੀ ਸਭਾ ਸੋਸਾਇਟੀਆਂ ਇਸ ਸਥਾਨ 'ਤੇ ਸੰਗਤਾਂ ਵਾਸਤੇ ਚਾਹ-ਪਾਣੀ ਦੇ

---

10 *ਮੁਲਾਕਾਤ,* ਜਸਪਾਲ ਸਿੰਘ ਸਿਧੂ,ਸੀਨੀਅਰ ਪੱਤਰਕਾਰ, ਵਾਸੀ ਪਿੰਡ ਪੂਹਲੀ, ਤਹਿਸੀਲ ਨਥਾਣਾ, ਜ਼ਿਲ੍ਹਾ ਬਠਿੰਡਾ, ਅਪ੍ਰੈਲ 2017.

ਲੰਗਰ ਦੀ ਵਿਵਸਥਾ ਕਰਦੀਆਂ ਹਨ। ਇਸ ਕਾਰਜ ਵਿਚ ਸਿੱਖ ਸਮਾਜ ਦਾ ਨੌਜੁਆਨ ਵਰਗ ਵਧੇਰੇ ਗਿਣਤੀ ਵਿਚ ਸ਼ਮੂਲੀਅਤ ਕਰਦਾ ਹੈ।

**ਪਵਿੱਤਰ ਖੇਤਰ** : ਪਵਿੱਤਰ ਖੇਤਰ ਵਿੱਚ ਅਸੀਂ ਗੁਰਦੁਆਰਾ ਸਾਹਿਬਾਨ, ਸਰੋਵਰ, ਇਤਿਹਾਸਕ ਦਰਖਤਾਂ ਆਦਿ ਨੂੰ ਸ਼ਾਮਲ ਕਰਦੇ ਹਾਂ। ਇਕ ਸੇਵਕ ਜੱਥੇ ਦੇ ਮੁੱਖੀ ਮਹਿੰਦਰ ਸਿੰਘ ਨੇ ਸਾਨੂੰ ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਪੁਰਬ ਮੌਕੇ ਦਸਿਆ ਕਿ;

> " ਇਹ ਸਥਾਨ ਜੋੜ ਮੇਲਿਆਂ ਦਾ ਕੇਂਦਰ ਬਿੰਦੂ ਹੁੰਦੇ ਹਨ। ਹਰ ਯਾਤਰੀ ਇਸ ਸਥਾਨ ਦੇ ਦਰਸ਼ਨ ਅਤੇ ਇਸ਼ਨਾਨ ਕਰਨ ਦੀ ਤਾਂਘ ਲੈ ਕੇ ਮੇਲੇ ਵਿੱਚ ਸ਼ਾਮਲ ਹੁੰਦਾ ਹੈ। ਸਿੱਖ-ਪੁਰਬਾਂ ਦਾ ਇਹ ਸਰਬ ਸਾਂਝਾ ਮੰਤਵ ਹੰਦਾ ਹੈ। ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਤਹਾਸਕ ਸ਼ਹੀਦੀ ਦੀਵਾਰ, ਅੰਤਿਮ ਸੰਸਕਾਰ ਵਾਲਾ ਜੋਤੀ ਸਰੂਪ ਸਥਾਨ, ਠੰਢਾ ਬੁਰਜ, ਮੋਤੀ ਮਹਿਰਾ ਦਾ ਗੁਰਦੁਆਰਾ ਆਦਿ ਦੇ ਸ਼ਰਧਾ ਭਾਵਨਾ ਨਾਲ ਦਰਸ਼ਨ ਕਰਦੀਆਂ ਹਨ।"[11]

ਅੰਮ੍ਰਿਤਸਰ ਵਿਖੇ ਦੀਵਾਲੀ ਦੇ ਜੋੜ ਮੇਲੇ ਵਿੱਚ ਦਰਬਾਰ ਸਾਹਿਬ, ਅਕਾਲ ਤਖਤ, ਦੁੱਖ ਭੰਜਨੀ ਬੇਰੀ, ਲਾਚੀ ਬੇਰੀ, ਬੁੰਗਾ ਰਾਮਗੜ੍ਹੀਆ, ਕੇਂਦਰੀ ਸਿਖ ਅਜਾਇਬ ਘਰ ਦੇ ਦਰਸ਼ਨ ਕਰਦੀਆ ਹਨ। ਮੁਕਤਸਰ ਦੇ ਮਾਘੀ ਦੇ ਜੋੜ ਮੇਲੇ ਵਿੱਚ ਸੰਗਤਾਂ ਲਈ ਗੁਰਦੁਆਰਾ ਦਰਬਾਰ ਸਾਹਿਬ, ਸਰੋਵਰ, ਗੁਰਦੁਆਰਾ ਟੁੱਟੀ ਗੰਢੀ ਸੰਗਤਾਂ ਲਈ ਦਰਸ਼ਨ ਦੇ ਕੇਂਦਰ ਹੁੰਦੇ ਹਨ । ਦਮਦਮਾ ਸਾਹਿਬ ਵਿਖੇ ਤਖਤ ਸਾਹਿਬ, ਬੂੰਗਾ ਬਾਬਾ ਦੀਪ ਸਿੰਘ, ਗੁਰੁਦਆਰਾ ਲਿਖਣਸਰ ਸਾਹਿਬ, ਹਵੇਲੀ ਭਾਈ ਡੱਲਾ ਸਿੰਘ ਸੰਗਤਾਂ ਲਈ ਵਿਸ਼ੇਸ ਖਿੱਚ ਦਾ ਕੇਂਦਰ ਹੁੰਦੇ ਹਨ। ਹੋਲੇ ਮਹੱਲੇ ਦੇ ਜੋੜ-ਮੇਲੇ ਆਨੰਦਪੁਰ ਸਾਹਿਬ ਵਿਖੇ ਤਖਤ ਕੇਸਗੜ੍ਹ, ਕਿਲਾ ਤਾਰਾਗੜ੍ਹ, ਕਿਲਾ ਅਨੰਦਗੜ੍ਹ, ਕਿਲਾ ਹੋਲਗੜ੍ਹ ਨੂੰ ਪਵਿੱਤਰ

11 ਮਹਿੰਦਰ ਸਿੰਘ ਰਾਏ, ਕਲਗੀਧਰ ਸੇਵਕ ਜੱਥਾ, ਮੋਰਿੰਡਾ, ਦਸਬੰਰ 2016.

ਖੇਤਰ ਮੰਨਿਆ ਜਾਂਦਾ ਹੈ। ਇਸ ਦੀ ਹੱਦ ਵਿਚ ਸੰਗਤਾਂ ਗੁਰੂ ਭੈਅ ਅਤੇ ਸਤਿਕਾਰ ਵਿਚ ਯਾਤਰਾ ਕਰਦੀਆਂ ਹਨ। ਇਸ ਇਲਾਕੇ ਵਿੱਚ ਕਿਸੇ ਕਿਸਮ ਦੀਆਂ ਅਸੱਭਿਅਕ ਹਰਕਤਾਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ। ਇਹਨਾਂ ਜੋੜ-ਮੇਲਿਆਂ ਵਿਚ ਅੰਮ੍ਰਿਤ ਸੰਚਾਰ ਸਮਾਗਮ, ਧਾਰਮਕ ਦੀਵਾਨ।

**ਗੁਰਧਾਮਾਂ ਦੇ ਦਰਸ਼ਨ:** ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਨੂੰ ਨਮਸਕਾਰ ਕਰਨੀ ਹਰ ਸਿੱਖ ਦੀ ਅਭਿਲਾਸ਼ਾ ਹੁੰਦੀ ਹੈ। ਗੁਰਧਾਮਾਂ 'ਤੇ ਸਿੱਖ ਪੁਰਬਾਂ ਸਮੇਂ ਸਿੱਖ ਸੰਗਤਾਂ ਦੇ ਵੱਡੇ-ਵੱਡੇ ਜੋੜ-ਮੇਲੇ ਲੱਗਦੇ ਹਨ, ਜਿਨ੍ਹਾਂ ਵਿਚ ਦੇਸ਼ਾਂ ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਹਾਜ਼ਰੀ ਭਰਦੀਆਂ ਹਨ। ਓਮ ਪ੍ਰਕਾਸ਼ ਗਾਸੋ ਦੇ ਵਿਚਾਰ ਅਨੁਸਾਰ;

> "ਅਨੁਰਾਗ ਅਤੇ ਅਰਪਣ ਦੀ ਭਾਵਨਾ, ਸੂਖਮਤਾ ਦਾ ਸਾਤਵਿਕ ਸਰੂਪ ਹੁੰਦੀ ਹੈ। ਇਸ ਪ੍ਰਕਾਰ ਦੇ ਸਾਤਵਿਕ ਸਰੂਪ ਦੀ ਆਰਾਧਨਾ ਪੰਜਾਬ ਦੀ ਧਰਤੀ ਉਤੇ ਭਗਤੀ ਲਹਿਰ ਦੀ ਸੱਭਿਆਚਾਰਕ ਅਖੰਡ ਧਾਰਾ ਚੋਂ ਪੈਦਾ ਹੋਈ ਤੇ ਗੁਰੂ ਪ੍ਰੰਪਰਾ ਨਾਲ ਪਰਫੁੱਲਤ ਹੋਈ। ਗੁਰੂ ਸਾਹਿਬਾਨ ਦੀ ਅਧਿਆਤਮਕ ਚਿੰਤਨ ਪ੍ਰਣਾਲੀ ਨੇ ਪੰਜਾਬ ਦੇ ਸੱਭਿਆਚਾਰ ਨੂੰ ਪਵਿੱਤਰਤਾ ਦੀ ਇਕ ਵਿਸ਼ੇਸ਼ ਬਖਸ਼ਿਸ਼ ਦਿੱਤੀ ਹੈ। ਇਸ ਚਿੰਤਨ ਪ੍ਰਣਾਲੀ ਦੁਆਰਾ ਪੰਜਾਬੀਆਂ ਦੀ ਉਪਾਸ਼ਨਾ, ਜੋ ਕਿ ਪੰਜਾਬੀ ਸੱਭਿਆਚਾਰ ਦਾ ਇਕ ਮਹੱਤਵਪੂਰਨ ਅੰਗ ਹੈ। "[12]

ਗੁਰਬਾਣੀ ਵਿਚ ਬਾਰਾਮਾਹ ਬਾਣੀ ਦਾ ਸੰਦੇਸ਼ ਹਰ ਵੇਲੇ ਅਕਾਲ ਪੁਰਖ ਦਾ ਸਿਮਰਨ ਕਰਨ ਲਈ ਪ੍ਰੇਰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫਰਮਾਨ ਹੈ;

> "ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥
> ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥

12 ਓਮ ਪ੍ਰਕਾਸ਼ ਗਾਸੋ, *ਪੰਜਾਬੀ ਸਭਿਆਚਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰ.32.

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥"[13]

ਹਰ ਤਿਉਹਾਰ ਵੇਲੇ ਗੁਰਦੁਆਰਿਆਂ ਵਿਚ ਵਧੇਰੇ ਰੌਣਕ ਹੁੰਦੀ ਹੈ। ਹਰ ਗੁਰਪੁਰਬ ਮੌਕੇ ਇਤਿਹਾਸਕ ਸਥਾਨਾਂ ਵਿਚ ਸੰਗਤ ਅਧਿਆਤਮਕ ਫਰਜ਼ਾਂ ਦੀ ਪੂਰਤੀ ਕਰਦੀ ਹੋਈ ਮਾਨਸਿਕ ਆਨੰਦ ਪ੍ਰਾਪਤ ਕਰਦੀ ਹੈ।

**ਇਸ਼ਨਾਨ:** ਧਰਮ ਦਾ ਸ਼ੁੱਧਤਾ ਜਾਂ ਸੁੱਚ ਨਾਲ ਵਿਸ਼ੇਸ਼ ਸੰਬੰਧ ਹੈ। ਪਵਿੱਤਰ ਸਥਾਨਾਂ 'ਤੇ ਇਸ਼ਨਾਨ ਨਾਲ ਦੇਹੀ ਦਾ ਪਵਿੱਤਰ ਹੋਣਾ ਮੰਨਿਆ ਜਾਂਦਾ ਹੈ। ਬਾਉਲੀਆਂ ਅਤੇ ਸਰੋਵਰਾਂ ਵਿਚ ਵਿਸ਼ੇਸ਼ ਪੁਰਬਾਂ ਮੌਕੇ ਇਸ਼ਨਾਨ ਖਾਸ ਅਰਥ ਗ੍ਰਹਿਣ ਕਰ ਗਿਆ। ਜੋੜ-ਮੇਲੇ ਸਮੇਂ ਸੰਗਤਾਂ ਦੂਰ-ਦੂਰ ਤੋਂ ਗੋਇੰਦਵਾਲ ਆਉਣ ਲੱਗ ਪਈਆਂ ਅਤੇ ਇਹ ਵੱਡੇ ਤੀਰਥ ਦਾ ਰੂਪ ਧਾਰਨ ਕਰ ਗਿਆ ਸੀ। ਅਸ਼ੋਕ ਕੁਮਾਰ ਖੁਰਾਣਾ ਦੇ ਅਨੁਸਾਰ;

"ਕਿਸੇ ਵੀ ਸਮਾਜ ਦੀ ਪ੍ਰਫੁੱਲਤਾ ਲਈ ਕੁਝ ਅਜਿਹੇ ਸਾਂਝੇ ਸਥਾਨਾਂ ਜਾਂ ਕੇਂਦਰਾਂ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ, ਜਿਥੇ ਲੋਕ ਆਪਣੀਆਂ ਸਮਾਜਿਕ, ਸਭਿਆਚਾਰਕ, ਧਾਰਮਿਕ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਲਈ ਇਕੱਤਰ ਹੋ ਸਕਣ। ਭਾਰਤੀ ਸਮਾਜ-ਸਭਿਆਚਾਰ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ ਨਾਮ-ਲੇਵਾ ਸਮਾਜ ਸੱਭਿਆਚਾਰ ਦੀ

---

13 *ਸ੍ਰੀ ਗੁਰੂ ਗ੍ਰੰਥ ਸਾਹਿਬ*, ਬਾਰਾਮਾਹ, ਰਾਗ ਮਾਝ, ਮਹਲਾ ੫, ਪੰ. 136.

ਪ੍ਰਫੁੱਲਤਾ ਲਈ ਗੁਰੂ ਜੀ ਨੇ ਅਨੇਕ ਅਜਿਹੇ ਕੇਂਦਰਾਂ ਦਾ ਨਿਰਮਾਣ ਕਾਰਜ ਕਰਵਾਇਆ, ਜਿਹੜੇ ਅੱਜ ਵਿਸ਼ਵ ਦੇ ਸੱਭਿਆਚਾਰਕ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।"[14]

ਸਰੂਪ ਸਿਘ ਅਲੱਗ ਅਨੁਸਾਰ;

"ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਸੁਸ਼ੋਭਿਤ ਸਿਫ਼ਤੀ ਦਾ ਘਰ ਹਰਿਮੰਦਰ ਰੂਪ ਵਿਚ ਅਕਾਲਪੁਰਖ ਦੀ ਸਦੀਵ ਯਾਦਗਾਰ ਹੈ, ਸਾਰੀ ਪਿਰਥਵੀ ਦਾ ਸਰਬ ਪਰਕਾਰੀ ਕੇਂਦਰ ਹੈ, ਅਧਿਆਤਮਿਕ ਧੁਰਾ ਹੈ, ਰੋਸ਼ਨ ਮੀਨਾਰ ਹੈ, ਖਾਲਸੇ ਦੀ ਚੜ੍ਹਤ ਦਾ ਜੈਕਾਰਾ ਹੈ, ਕੌਮ ਦੀ ਗੌਰਵਮਈ ਹੋਂਦ ਦੀ ਸ਼ਕਤੀਸ਼ਾਲੀ ਤੇ ਸੁਹਿਰਦ ਨਿਸ਼ਾਨੀ ਹੈ ਜਿਸਦੀ ਯਾਤਰਾ ਖੇੜਾ ਤੇ ਖੁਸ਼ੀ ਬਖਸ਼ਦੀ ਹੈ, ਦਰਸ਼ਨ ਪਾਪ ਤੇ ਕਿਲਵਿਖ ਨਸ਼ਟ ਕਰਦੇ ਹਨ, ਕੀਰਤਨ ਤੇ ਇਸ਼ਨਾਨ ਰੋਗ ਮੁਕਤ ਕਰਕੇ ਚੌਰਾਸੀ ਦੇ ਗੇੜੇ ਤੋਂ ਨਿਜਾਤ ਦਵਾਂਦੇ ਹਨ । ਇਥੋਂ ਹਰ ਕਿਸੇ ਨੂੰ ਹਰ ਪ੍ਰਕਾਰ ਦੀ ਅਗਵਾਈ, ਧਰਵਾਸ, ਆਨੰਦ, ਪ੍ਰਗਾਸ, ਉਮਾਹ, ਸ਼ਾਂਤੀ ਤੇ ਹੌਸਲਾ ਮਿਲਦਾ ਹੈ।"[15]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ 'ਜਪੁ' ਵਿਚ ਵੀ ਇਸ਼ਨਾਨ ਕਰਨ ਦੀ ਮਹੱਤਤਾ ਬਾਰੇ ਸੰਕੇਤਕ ਵਰਣਨ ਮਿਲਦਾ ਹੈ। ਅਜਿਹੇ ਧਰਮ ਕਰਮਾਂ ਦਾ ਗੁਰਬਾਣੀ ਵਿਚ ਵਿਸਥਾਰ ਸਹਿਤ ਵਿਸ਼ਲੇਸਣ ਕੀਤਾ ਗਿਆ ਹੈ। ਉਪਰੋਕਤ ਕਰਮਕਾਂਡ ਨੂੰ ਧਰਮ ਸਮਝ ਕੇ ਸਮਾਜ ਦਾ ਵੱਡਾ ਹਿੱਸਾ ਵਿਸ਼ੇਸ਼ ਪੁਰਬਾਂ ਅਤੇ ਮੇਲਿਆਂ ਤੇ ਸ਼ਾਮਲ ਹੁੰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਮੇਲਿਆਂ ਨੂੰ ਆਪਣੇ ਨਿਰਮਲ ਪੰਥ ਦੇ ਸ਼ੰਦੇਸ਼ ਦੇ ਪ੍ਰਸਾਰ ਲਈ ਵਰਤਿਆ। ਗੂਰੁ ਨਾਨਕ ਦੇਵ ਜੀ ਦਾ ਹਰਿਦੁਆਰ ਜਾਣਾ, ਜਗਨਨਾਥ ਪੁਰੀ ਦੀ ਯਾਤਰਾ, ਕੁਰਕਸ਼ੇਤਰ ਦੇ ਕੁੰਭ ਦੇ ਮੇਲੇ ਵਿਚ ਸ਼ਾਮਲ ਹੋ

---

14 ਅਸ਼ੋਕ ਕੁਮਾਰ ਖੁਰਾਣਾ, *ਗੁਰੂ ਅਰਜਨ ਦੇਵ ਵਿਅਕਤਿੱਤਵ ਤੇ ਬਾਣੀ: ਮਾਨਵੀ ਸਮਾਜ-ਸਭਿਆਚਾਰ ਲਈ ਬੇਹਤਰੀਨ ਮਾਡਲ,* ਸਭਿਆਚਾਰ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਨਵਰੀ 2007, ਪੰ. 97.

15 ਸਰੂਪ ਸਿੰਘ ਅਲੱਗ, *ਹਰਿਮੰਦਰ ਦਰਸ਼ਨ,* #593,ਅਰਬਨ ਐਸਟੇਟ ਲੁਧਿਆਣਾ, 2012 ਪੰ 117.

ਕੇ ਗੁਰੂ ਦੇ ਗਿਆਨ ਰਾਹੀਂ ਨਿਰਮਲ ਪੰਥ ਦੇ ਪ੍ਰਚਾਰ ਵਰਗੇ ਮਹੱਤਵਪੂਰਨ ਕਾਰਜ ਕੀਤੇ। ਸਿਖ ਸੰਗਤਾਂ ਆਪਣੇ ਮਾਨਸਿਕ ਅਤੇ ਸਰੀਰਕ ਰੋਗਾਂ ਤੋਂ ਮੁਕਤੀ ਪਾਉਣ ਲਈ ਇਸ਼ਨਾਨ ਕਰਨ ਦੀ ਪ੍ਰਕਿਰਿਆ ਨੂੰ ਜ਼ਰੂਰੀ ਮੰਨਦੀਆਂ ਹਨ। ਪੰਜਾਬ ਦੇ ਸਭਿਆਚਾਰ ਵਿਚ ਸਰੀਰਕ ਸਫਾਈ ਦੀ ਜਾਗਰੂਕਤਾ ਦਾ ਰੁਝਾਨ ਰਿਹਾ ਹੈ। ਤਾਰਨ ਸਿੰਘ ਅਨੁਸਾਰ;

> "ਸਰੀਰਕ ਸਫਾਈ ਦਾ ਵੀ ਪੰਜਾਬ ਵਿਚ ਸ਼ੌਕ ਹੈ। ਗੁਰੂ ਸਾਹਿਬਾਨ ਦੇ ਬਣਾਏ ਬਾਉਲੀਆਂ ਤੇ ਸਰੋਵਰਾਂ ਦਾ ਵੀ ਇਹ ਰੁਚੀ ਉਪਜਾਣ ਵਿਚ ਹੱਥ ਹੈ। ਪੰਜਾਬੀ ਇਸ਼ਨਾਨ ਦੇ ਪ੍ਰੇਮੀ ਹਨ ਤੇ ਇਹ ਸਰੀਰਕ ਪਵਿਤਰਤਾ ਆਤਮਕ ਪਵਿਤਰਤਾ ਦੀ ਲਖਾਇਕ ਹੈ। ਇਸ਼ਨਾਨ ਸਭਿਆਚਾਰ ਦੀ ਵੱਡੀ ਨਿਸ਼ਾਨੀ ਹੈ।"[16]

ਗੁਰੂ ਅਰਜਨ ਦੇਵ ਜੀ ਗੁਰਬਾਣੀ ਵਿਚ ਦੱਸਦੇ ਹਨ ਕਿ ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਨੂੰ ਆਪਣੀ ਸੋਚ-ਮੰਡਲ ਵਿਚ ਟਿਕਾ ਕੇ ਆਤਮਕ ਜੀਵਨ ਦੇ ਸਾਰੇ ਗੁਣ ਠੀਕ-ਠਾਕ ਬਚਾ ਲਏ, ਪ੍ਰਭੂ ਨੇ ਉਸ ਦੇ ਹਿਰਦੇ ਵਿਚ ਸਾਰੇ ਆਤਮਕ ਸੁਖ ਆਨੰਦ ਪੈਦਾ ਕਰ ਦਿੱਤੇ। ਜੋ ਮਨੁੱਖ ਸਰੋਵਰ ਵਿਚ ਇਸ਼ਨਾਨ ਕਰਦੇ ਹਨ, ਉਹ ਸਾਧ ਸੰਗਤਿ ਵਿਚ ਹਰਿ-ਨਾਮ-ਜਲ ਨਾਲ ਇਸ਼ਨਾਨ ਕਰ ਕੇ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ। ਉਹਨਾਂ ਦੇ ਪਿਛਲੇ ਕੀਤੇ ਹੋਏ ਸਾਰੇ ਪਾਪ ਲਹਿ ਜਾਂਦੇ ਹਨ। ਜਗਤਾਰ ਸਿੰਘ ਜੋ ਰਾਂਚੀ ਝਾੜਖੰਡ ਤੋਂ ਖਾਸ ਤੌਰ ਤੇ ਦੁੱਖ ਭੰਜਨੀ ਹੇਠ ਇਸ਼ਨਾਨ ਕਰਨ ਵਾਸਤੇ ਆਏ ਸਨ, ਇਕ ਮੁਲਾਕਾਤ ਵਿਚ ਦਸਿਆ ਕਿ;

> "ਅੰਮ੍ਰਿਤਸਰ ਦਰਬਾਰ ਸਾਹਿਬ ਦੇ ਇਸ਼ਨਾਨ ਸੰਗਤ ਵਿਚ ਅਧਿਆਤਮਕ ਵਿਸ਼ੇਸ਼ਤਾ ਰੱਖਦੇ ਹਨ। ਸਿੱਖ ਇਤਿਹਾਸ ਵਿਚ ਅਨੇਕਾਂ ਸਾਖੀਆਂ ਇਸ ਸਰੋਵਰ ਦੇ ਇਸ਼ਨਾਨ ਨਾਲ ਲੋਕ ਭਾਸ਼ਾ ਵਿਚ ਪ੍ਰਚਲਿਤ ਹਨ। ਸਿੱਖ ਹਲਤ ਪਲਤ ਦੇ ਦੁੱਖਾਂ ਦੀ ਨਵਿਰਤੀ ਲਈ ਸ਼ਰਧਾ ਭਾਵਨਾ ਅਧੀਨ ਇਸ਼ਨਾਨ ਕਰਦੇ ਹਨ।"[17]

ਜੋੜ ਮੇਲਿਆਂ ਦੇ ਮੌਕੇ ਵਧੇਰੇ ਸ਼ਰਧਾਲੂ ਸਰੋਵਰ ਜਾਂ ਬਾਉਲੀਆਂ ਵਿਚ ਇਸ਼ਨਾਨ ਕਰਨਾ ਮੁੱਖ ਕਾਰਜ ਮੰਨਦੇ ਹਨ। ਨਵੇਂ ਵਿਆਹੇ ਜੋੜੇ ਜਾਂ ਸੰਤਾਨ ਪ੍ਰਾਪਤੀ ਦੇ ਅਭਿਲਾਸ਼ੀ ਜੋੜੇ ਵਾਰ-ਵਾਰ

---

16 ਤਾਰਨ ਸਿੰਘ, *ਭਗਤੀ ਤੇ ਸ਼ਕਤੀ* , ਸਿੰਘ ਬ੍ਰਦਰਜ਼ ਅੰਮ੍ਰਿਤਸਰ 2005, ਪੰ .154.

17 *ਮੁਲਾਕਾਤ*, ਜਗਤਾਰ ਸਿੰਘ ਵਾਸੀ ਰਾਂਚੀ (ਝਾੜਖੰਡ), ਦੀਵਾਲੀ 2017.

ਇਸ਼ਨਾਨ ਕਰਦੇ ਹਨ। ਸਰੀਰਕ ਬਿਮਾਰੀਆਂ ਦੇ ਪੀੜਤ ਵੀ ਇਸ ਗਤੀਵਿਧੀ ਵਿਚ ਸ਼ਾਮਿਲ ਹੁੰਦੇ ਹਨ। ਗੁਰਬਾਣੀ ਜੀਵ ਦੇ ਹਿਰਦੇ ਨੂੰ ਵਿਕਾਰਾਂ ਤੋਂ ਸਾਫ ਕਰਦੀ ਹੈ। ਪਾਣੀ ਅਕਾਲਪੁਰਖ ਦਾ ਸਾਰਗੁਣ ਸਰੂਪ ਹੋ ਕੇ ਜੀਵਨ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਕਰਦਾ ਹੈ। ਪੁਰਬਾਂ ਵਿਚ ਸ਼ਾਮਿਲ ਹੋਣ ਵਾਲੇ ਲੋਕ ਆਪਣੀ ਆਸਥਾ ਮੁਤਾਬਕ ਸਰੋਵਰ ਇਸ਼ਨਾਨ ਕਰਕੇ ਆਪਣੀ ਹਾਜ਼ਰੀ ਲਗਵਾਉਂਦੇ ਹਨ।

**ਮੱਥਾ ਟੇਕਣਾ**: ਅਧਿਆਤਮਕ ਜਗਤ ਵਿਚ ਗੁਰੂ/ਪੀਰ ਦੇ ਅਦਬ ਸਤਿਕਾਰ ਵਿਚ ਨਤਮਸਤਕ ਹੋਣ ਦੀ ਪ੍ਰਥਾ ਬਹੁਤ ਪੁਰਾਣੀ ਮੰਨੀ ਜਾਂਦੀ ਹੈ। ਗੁਰਬਾਣੀ ਵਿਚ ਮੱਥਾ ਟੇਕਣ ਦੀਆਂ ਕਈ ਵਿਧੀਆਂ ਦੀ ਜਾਣਕਾਰੀ ਮਿਲਦੀ ਹੈ। ਨਤਮਸਤਕ ਹੋਣ ਤੋਂ ਭਾਵ  ਦੋਵੇਂ ਹੱਥ, ਨੱਕ ਅਤੇ ਮਸਤਕ ਆਪਣੇ ਰਹਿਬਰ ਅੱਗੇ ਜ਼ਮੀਨ 'ਤੇ ਰੱਖ ਕੇ ਆਪਾ ਸਮਰਪਣ ਕਰਨਾ ਹੈ। ਸਿਰ ਕੱਜਣਾ ਅਧਿਆਤਮਕ ਕਿਰਿਆ ਹੈ।  ਜੋੜੇ ਉਤਾਰ  ਕੇ ਗੁਰੂ ਦਰਬਾਰ ਵਿਚ ਜਾਣਾ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪੇਸ਼ ਹੋਣ ਦਾ ਪ੍ਰਤੀਕ ਹੈ, ਜਿਸ ਨੂੰ ਅੰਜੁਲੀ ਕਰਨਾ ਵੀ ਕਿਹਾ ਜਾਂਦਾ ਹੇ।  ਗੁਰਬਾਣੀ ਵਿਚ ਗੁਰੂ ਰਾਮਦਾਸ ਦਾ ਫੁਰਮਾਨ ਹੈ;

ਰਾਗੁ ਗਉੜੀ ਪੂਰਬੀ ਮਹਲਾ॥੪॥

> ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥ ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥ ਕਰਿ ਡੰਡਉਤ ਪੁਨੁ ਵਡਾ ਹੇ॥ਰਹਾਉ॥ ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥"[18]

ਗੁਰਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਦਾ ਅਰਥ ਆਪਾ ਸਮਰਪਣ ਕਰਨਾ ਹੈ। ਮਨੁੱਖ ਨੂੰ ਆਪਣੀ ਚਤੁਰਾਈ ਭਰੀ ਮੱਤ ਦਾ ਤਿਆਗ ਕਰਨਾ ਚਾਹੀਦਾ ਹੈ। ਗਿਆਨ ਅਤੇ

---

18 *ਸ੍ਰੀ ਗੁਰੂ ਗ੍ਰੰਥ ਸਾਹਿਬ,* ਗੁਰੂ ਰਾਮ ਦਾਸ ਜੀ, ਰਾਗ ਗਉੜੀ ਪੂਰਬੀ ੪, ਅੰਕ.13.

ਸਿਆਣਪਾਂ ਦੇ ਸਹਾਰੇ ਛੱਡ ਕੇ ਨਿਮਾਣੇ ਤੇ ਨਿਤਾਣੇ ਹੋ ਕੇ ਗੁਰੂ ਅੱਗੇ ਜੋਦੜੀਆਂ ਕਰਨੀਆਂ ਹਨ। ਦਸ਼ਮੇਸ਼ ਪਿਤਾ ਨੇ 1699 ਦੇ ਵਿਸਾਖੀ ਦੇ ਪੁਰਬ ਗੁਰਿਆਈ ਖਾਲਸਾ ਪੰਥ ਨੂੰ ਸੌਂਪ ਦਿੱਤੀ ਅਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਕੇ ਸ਼ਬਦ ਗੁਰੂ ਦਾ ਐਲਾਣ ਤਾ, ਜਿਸ ਉਪਰੰਤ ਸਿੱਖਾਂ ਦੇ ਸਾਰੇ ਸਮਾਗਮ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਕੀਤੇ ਜਾਂਦੇ ਹਨ। ਸਿੱਖ ਪੁਰਬਾਂ ਦਾ ਕੇਂਦਰੀ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਬਾਰ ਹੀ ਬਣਦਾ ਹੈ। ਗੁਰੂ ਕਾਲ ਨਾਲ ਸਬੰਧਿਤ ਇਤਿਹਾਸਕ ਦਸਤਾਵੇਜ਼ (ਨਿਸ਼ਾਨੀਆਂ) ਵੀ ਗੁਰੂ ਦਰਬਾਰ ਵਿਚ ਸੁਸ਼ੋਭਤ ਕੀਤੀਆਂ ਜਾਂਦੀਆਂ ਹਨ। ਸਿੱਖ ਪੁਰਬ ਵਿਚ ਸ਼ਾਮਿਲ ਹੋਣ ਵਾਲੇ ਸ਼ਰਧਾਲੂ ਮੱਥਾ ਟੇਕਣ ਦੀ ਪ੍ਰਥਾ ਨੂੰ ਕੇਂਦਰੀ ਅਤੇ ਜ਼ਰੂਰੀ ਕਾਰਜ ਮੰਨਦੇ ਹਨ। ਉਹ ਮੱਥਾ ਟੇਕਣ ਲਈ ਤਿੰਨ ਘੰਟੇ ਤੋਂ ਵੱਧ ਸਮਾਂ ਲੰਮੀਆਂ ਲਾਇਨਾਂ ਵਿਚ ਖੜ੍ਹੇ ਹੋ ਕੇ ਉਡੀਕ ਕਰਦੇ ਵੇਖੇ ਜਾਂਦੇ ਹਨ। ਮੇਲਿਆਂ ਵਿਚ ਸਭ ਤੋਂ ਵੱਧ ਭੀੜ ਮੱਥਾ ਟੇਕਣ ਵਾਲੇ ਅਸਥਾਨਾਂ ‘ਤੇ ਪਾਈ ਜਾਂਦੀ ਹੈ। ਸ਼ਰਧਾਵਾਨ ਲੋਕ ਆਪਣੀਆਂ ਤਿਲ ਫੁੱਲ ਭੇਟਾਵਾਂ ਮੱਥਾ ਟੇਕਣ ਵੇਲੇ ਭੇਂਟ ਕਰਦੇ ਹਨ। ਗੁਰੂ ਦਰਬਾਰ ਵਿਚ ਮੱਥਾ ਟੇਕਣ ਦੇ ਵਿਹਾਰ ਵੇਲੇ ਧਾਰਮਿਕ ਮਰਿਆਦਾ ਦਾ ਪੂਰਨ ਖਿਆਲ ਰੱਖਿਆ ਜਾਂਦਾ ਹੈ। ਮੱਥਾ ਟੇਕਣ ਦੇ ਪਵਿੱਤਰ ਕਾਜ ਨਾਲ ਸਿੱਖ ਪੁਰਬ ਵਿਚ ਹਾਜ਼ਰੀ ਸੰਪੂਰਨ ਮੰਨੀ ਜਾਂਦੀ ਹੈ।

**ਦੀਵਾਨਾਂ ਵਿਚ ਹਾਜ਼ਰੀ:** ਗੁਰਮਤਿ ਵਿਚ ਸਮਾਜ ਲਈ ਸਤਿ ਸੰਗਤ ਕਰਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਇਸ ਕਾਰਜ ਦਾ ਬਹੁਤ ਵੱਡਾ ਲਾਭ ਦਸਿਆ ਗਿਆ ਹੈ। ਗੁਰੂ ਨਾਨਕ ਜੀ ਵਲੋਂ ਸਥਾਪਤ ਧਰਮਸਾਲ ਵਿਚ ਦੀਵਾਨਾਂ ਦਾ ਪਹਿਲਾ ਸਰੂਪ ਪ੍ਰਗਟ ਹੁੰਦਾ ਹੈ। ਜਨਮ ਸਾਖੀਆਂ ਅਨੁਸਾਰ ਕਰਤਾਰ ਨਗਰ ਵਿਖੇ ਗੁਰੂ ਜੀ ਦੀ ਹਜ਼ੂਰੀ ਵਿਚ ਦੀਵਾਨ ਸਜਦਾ ਸੀ। ਜਦ ਸਿੱਖੀ ਦਾ ਕੇਂਦਰ ਖਡੂਰ ਬਣਿਆ ਤਾਂ ਗੁਰੂ ਅੰਗਦ ਜੀ ਦੀ ਹਜ਼ੂਰੀ ਵਿਚ ਗੁਰਮਤਿ ਦਾ ਦੀਵਾਨ ਹੋਣ ਲਗ ਪਿਆ। ਗੁਰੂ ਦਸ਼ਮੇਸ਼ ਨੇ ਆਨੰਦਪੁਰ ਸਾਹਿਬ ਦੇ ਦੀਵਾਨ ਵਿਚ ਖਾਲਸਾ ਪੰਥ ਸਾਜਿਆ। ਗੁਰੂ ਕਾਲ

ਵਿਚ ਦੀਵਾਨ ਗੁਰੂ ਜੀ ਦੀ ਸ਼ਖਸ਼ੀ ਹਜ਼ੂਰੀ ਵਿਚ ਹੁੰਦੇ ਸਨ। ਗੁਰੂ ਦਰਸ਼ਨ ਦੀ ਅਭਿਲਾਸ਼ਾ ਵਿਚ ਸੰਗਤਾਂ ਦੀਵਨ ਵਿਚ ਹਾਜ਼ਰ ਹੁੰਦੀਆਂ ਸਨ। ਗੁਰੂ ਜੀ ਸੰਗਤਾਂ ਨੂੰ ਲੋਕ-ਪ੍ਰਲੋਕ ਵਿਚ ਸਹਾਇਤਾ ਲਈ ਬਖਸ਼ਿਸ਼ਾਂ ਕਰਦੇ ਸਨ। ਦੀਵਾਨ ਵਿਚ ਸੰਗਤਾਂ ਦੇ ਮਸਲਿਆਂ ਬਾਰੇ ਵਿਚਾਰ ਕੀਤੀ ਜਾਂਦੀ ਸੀ। ਇਹ ਦੀਵਾਨ ਸਿੱਖ ਸਮਾਜ ਲਈ ਬਹੁਤ ਧਾਰਮਿਕ ਮਹੱਤਤਾ ਰਖਦੇ ਸਨ। ਇਸ ਦਾ ਅੰਦਾਜ਼ਾ ਇੱਥੋ ਲਗਦਾ ਹੈ ਕਿ ਪੰਥ ਦੇ ਮਹਾਨ ਜਨਰੈਲ ਬਘੇਲ ਸਿੰਘ ਅਤੇ ਜੱਸਾ ਸਿੰਘ ਵਲੋਂ ਦਿੱਲੀ ਫਤਹਿ ਕਰ ਲੈਣ ਤੋਂ ਬਾਅਦ ਸਾਰੇ ਕਾਰਜ ਅਧੂਰੇ ਛੱਡ ਕੇ ਅੰਮ੍ਰਿਤਸਰ ਵਿਖੇ ਜੋੜ ਮੇਲੇ ਤੇ ਹਾਜ਼ਰੀ ਭਰਨ ਨੂੰ ਪਹਿਲ ਦਿੱਤੀ ਗਈ ਸੀ।

ਦੀਵਾਨਾਂ ਵਿਚ ਰਾਗੀ, ਢਾਡੀ, ਕਵੀਸ਼ਰ ਅਤੇ ਕਵੀ ਸ਼ਾਮਲ ਕੀਤੇ ਜਾਂਦੇ ਹਨ। ਢਾਡੀ ਸਤਪਾਲ ਸਿੰਘ ਮੋਹਨਪੁਰ ਨੇ ਮੁਕਤਸਰ ਵਿਖੇ ਮਾਘੀ ਦੇ ਪੁਰਬ ਮੌਕੇ ਇਕ ਮੁਲਾਕਾਤ ਵਿਚ ਜਾਣਕਾਰੀ ਦਿੱਤੀ ਕਿ;

> "ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਤੋਂ ਲੈ ਕੇ ਮੁਕਤਸਰ ਦੇ ਜੰਗ ਦੇ ਇਤਿਹਾਸਕ ਪਰਸੰਗ ਢਾਡੀ ਰਾਗ ਵਿਚ ਗਾਇਨ ਕੀਤੇ ਜਾਂਦੇ ਹਨ। ਇਨ੍ਹਾਂ ਦੀਵਾਨਾਂ ਵਿਚ ਹਰ ਉਮਰ ਦੇ ਲੋਕ ਸ਼ਰਧਾ ਭਾਵਨਾ ਨਾਲ ਸ਼ਮੂਲੀਅਤ ਕਰਦੇ ਹਨ। ਉਨ੍ਹਾਂ ਦੀਆਂ ਵਾਰਾਂ ਤੋਂ ਖੁਸ਼ ਹੋ ਕੇ ਲੋਕ ਮਾਇਆ ਭੇਟ ਕਰਦੇ ਹਨ, ਜੋ ਉਹਨਾਂ ਦੇ ਜੱਥੇ ਦਾ ਆਰਥਕ ਅਮਦਨ ਦਾ ਅਧਾਰ ਹੈ।"[19]

ਅਜੋਕੇ ਸਮੇਂ ਵਿਚ ਇਨ੍ਹਾਂ ਮੌਕਿਆਂ 'ਤੇ ਸਿੱਖ ਜੱਥੇਬੰਦੀਆਂ ਵਲੋਂ ਦੀਵਾਨ ਆਯੋਜਿਤ ਕੀਤੇ ਜਾਂਦੇ ਹਨ। ਧਾਰਮਿਕ ਦੀਵਨ ਵਿਚ ਸ਼ਾਮਲ ਹੋਣਾ ਹਰ ਸਿੱਖ ਆਪਣਾ ਜ਼ਰੂਰੀ ਕਰਤੱਵ ਮੰਨਦਾ ਹੈ।ਵਰਤਮਾਨ ਸਮੇਂ ਸਾਡੇ ਸਮਾਜ ਵਿਚ ਸ਼ੋਸ਼ਲ ਮੀਡੀਆ ਬਹੁਤ ਪ੍ਰਭਾਵੀ ਹੈ। ਨੌਜੁਆਨ ਵਰਗ ਹਰ ਸਮਾਜਕ ਗਤੀਵਿਧੀ, ਪ੍ਰਚਾਰ ਤੇ ਪ੍ਰਸਾਰ ਆਪਣੇ ਸਮਾਰਟ ਫੋਨ ਦੁਆਰਾ ਫੋਟੋਆਂ, ਵੀਡੀਓ ਅਤੇ ਲਿਖਤੀ

19 *ਮੁਲਾਕਾਤ*, ਸਤਪਾਲ ਸਿੰਘ ਢਾਡੀ, ਵਾਸੀ ਮੋਹਨਪੁਰ (ਤਰਨਤਾਰਨ,) ਮਾਘੀ ਮੁਕਤਸਰ 2018.

ਸੰਦੇਸ਼ ਵਟਸਐਪ ਜਾਂ ਫੇਸਬੁਕ ਰਾਹੀਂ ਕਰਦੇ ਹਨ, ਜਿਸ ਕਰਕੇ ਜੋੜ ਮੇਲਿਆਂ ਦੀਆਂ ਗਤਿਵਿਧੀਆਂ ਸੈਕਿੰਟਾਂ ਵਿਚ ਸੰਸਾਰ ਭਰ ਵਿਚ ਫੈਲ ਜਾਂਦੀਆਂ ਹਨ। ਟੈਲੀਵੀਜਨ ਮੀਡੀਆ ਇਸ ਦੀਵਾਨ ਦੇ ਪ੍ਰੋਗਰਾਮ ਦਾ ਦੁਨੀਆਂ ਭਰ ਦੇ ਦਰਸ਼ਕਾਂ ਲਈ ਸਿੱਧਾ ਪ੍ਰਸਾਰਨ ਕਰਦਾ ਹੈ। ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਮੌਕੇ ਪੰਜਾਬੀ ਅਖਬਾਰ ਦੇ ਪੱਤਰਕਾਰ ਜਰਨੈਲ ਸਿੰਘ ਨੇ ਇਕ ਮੁਲਕਾਤ ਵਿਚ ਜਾਣਕਾਰੀ ਸਾਂਝੀ ਕੀਤੀ ਕਿ;

> "ਬਿਜਲਈ ਮੀਡੀਏ ਦੀਆਂ ਵੈਨਾਂ ਲੋੜੀਂਦੇ ਯੰਤਰਾਂ ਨਾਲ ਜੋੜ ਮੇਲਿਆਂ ਵਿਚ ਘੁੰਮਦੀਆਂ ਦਿਖਾਈ ਦਿੰਦੀਆਂ ਹਨ। ਇਸ ਖਿੱਤੇ ਦੇ ਪ੍ਰਮੁੱਖ ਅਖਬਾਰ ਵੀ ਇਹਨਾਂ ਦੀਵਾਨਾਂ ਦੀ ਰਿਪੋਰਟ ਪ੍ਰਕਾਸ਼ਿਤ ਕਰਦੇ ਹਨ। ਪੰਥ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਗੁਰਬਾਣੀ ਕੀਰਤਨ ਦਾ ਅਨੰਦ ਮਾਣਦਾ ਹੈ। ਇਥੇ ਪੰਥ ਦੇ ਪ੍ਰਸਿੱਧ ਰਾਗੀ ਜੱਥਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਜਾਂਦਾ ਹੈ। ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਟੋਡਰਮੱਲ ਦੀਵਾਨ ਹਾਲ ਵਿਚ ਕਵੀ ਦਰਬਾਰ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿਚ ਜਗਤ ਪ੍ਰਸਿਧ ਕਵੀ ਆਪਣੀਆਂ ਕਵਿਤਾਵਾਂ ਦਾ ਗਾਇਨ ਕਰਦੇ ਹਨ। ਇਹ ਦੀਵਾਨ ਸੰਗਤਾਂ ਲਈ ਵਿਸ਼ੇਸ ਅਧਿਆਤਮਕ ਮੱਹਤਵ ਰੱਖਦੇ ਹਨ।"[20]

ਸ਼ਹੀਦੀ ਜੋੜ ਮੇਲਿਆਂ ਵਿਚ ਸ਼ਮੂਲੀਅਤ ਕਰਨ ਵਾਲੀ ਸੰਗਤ ਦਾ ਅਸਲੀ ਮਨੋਰਥ ਸ਼ਹੀਦਾਂ ਦੀ ਪਵਿੱਤਰ ਧਰਤੀ ਨੂੰ ਨਤਮਸਤਕ ਹੋਣਾ ਅਤੇ ਦੀਵਾਨ ਵਿਚ ਬੈਠ ਕੇ ਸਤਿਸੰਗਤ ਕਰਦੇ ਹੋਏ ਗੁਰੂ ਇਤਿਹਾਸ ਦੀਆਂ ਸਾਖੀਆਂ ਸਰਵਨ ਕਰਨਾ ਹੁੰਦਾ ਹੈ। ਲੋਕ ਵਿਰਾਗਮਈ ਸ਼ਬਦ ਕੀਰਤਨ ਸਰਵਨ ਕਰਕੇ ਮਾਨਸਿਕ ਅਤੇ ਰੂਹਾਨੀ ਤਸੱਲੀ ਮਹਿਸੂਸ ਕਰਦੇ ਹਨ। ਸਖਤ ਮਿਹਨਤ ਤੋਂ ਪੈਦਾ ਹੋਏ ਅਕੇਵੇਂ ਨੂੰ ਦੂਰ ਕਰਨ ਲਈ ਮਨ ਪਰਚਾਵੇ ਦਾ ਸਾਧਨ ਵਧੇਰੇ ਹੁੰਦਾ ਹੈ। ਦੀਵਾਨ ਦੇ ਬਾਹਰ ਸੰਗਤ ਦੀਆਂ ਲੰਮੀਆਂ ਕਤਾਰਾਂ ਇਸ ਦੀ ਮਹੱਤਤਾ ਵਲ ਸੰਕੇਤ ਕਰਦੀਆਂ ਹਨ।

---

20 *ਮੁਲਾਕਾਤ,* ਜਰਨੈਲ ਸਿੰਘ, ਵਾਸੀ ਧੂੰਦਾ, ਸ਼ਹੀਦੀ ਪੁਰਬ, ਫਤਿਹਗੜ੍ਹ ਸਾਹਿਬ, ਦਸਬੰਰ, 2017.

**ਸੇਵਾ**: ਸਿੱਖ ਦੇ ਸਮਾਜਕ ਜੀਵਨ ਵਿਚ ਨਿਸ਼ਕਾਮ-ਸੇਵਾ ਦਾ ਬਹੁਤ ਮਹੱਤਵਪੂਰਨ ਦਰਜਾ ਹੈ। ਗੁਰ ਇਤਿਹਾਸ ਅਤੇ ਗੁਰਬਾਣੀ ਵਿਚ ਸੇਵਾ ਬਾਰੇ ਬਹੁਤ ਸੰਕੇਤ ਮਿਲਦੇ ਹਨ। ਗੁਰੂ ਨਾਨਕ ਜੀ ਨੇ ਸੰਗਤ ਨੂੰ ਕਿਰਤ ਦੇ ਸਿਧਾਂਤ ਨਾਲ ਜੋੜਿਆ। ਭਾਈ ਲਹਿਣਾ ਹਰ ਸੇਵਾ ਦੀ ਪ੍ਰੀਖਿਆ ਵਿਚੋਂ ਪਾਸ ਹੋਏ। ਗੁਰੂ ਅਮਰਦਾਸ ਜੀ ਨੇ ਸੇਵਾ ਦੇ ਸਰੂਪ ਨੂੰ ਉਜਾਗਰ ਕੀਤਾ। ਗੁਰੂ ਰਾਮ ਦਾਸ ਜੀ ਨੇ ਮਨੁੱਖਤਾ ਦੀ ਸੇਵਾ ਲਈ ਅੰਮ੍ਰਿਤਸਰ ਵਿਖੇ ਸੇਵਾ ਕੇਂਦਰ ਸਥਾਪਤ ਕੀਤਾ। ਇਸ ਨਿਸ਼ਕਾਮ ਸੇਵਾ ਨੂੰ ਸਿੱਖੀ ਜੀਵਨ ਦਾ ਮੁੱਖ ਆਧਾਰ ਕਿਹਾ ਜਾਂਦਾ ਹੈ। ਸੇਵਾ ਦੀ ਪਰਿਭਾਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਕਾਰ ਦਿਤੀ ਹੈ:

> "ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥ ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥ ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥ ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥"[21]

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਅਕਾਲ ਬੂੰਗੇ ਦੀ ਉਸਾਰੀ ਦੀ ਸੇਵਾ ਆਪਣੇ ਹੱਥੀਂ ਕੀਤੀ, ਜਿਸ ਦੀ ਜਾਣਕਾਰੀ ਇਤਿਹਾਸਕ ਗ੍ਰੰਥਾਂ ਵਿਚ ਮਿਲਦੀ ਹੈ। ਗੁਰੂ ਹਰਿ ਰਾਏ ਜੀ ਨੇ ਕੀਰਤਪੁਰ ਨਗਰ ਵਿਖੇ ਸੇਵਾ ਨੂੰ ਸਿੱਖ ਸਮਾਜ ਦਾ ਸ਼੍ਰੋਮਣੀ ਕਾਰਜ ਬਣਾਇਆ। ਗੁਰੂ ਦਸ਼ਮੇਸ ਨੇ ਖਾਲਸੇ ਦੀ ਰਹਿਤ ਵਿਚ ਤਨ, ਮਨ, ਧਨ ਨੂੰ ਜ਼ਰੂਰੀ ਫਰਜ਼ ਵਜੋਂ ਸ਼ਾਮਲ ਕੀਤਾ। ਆਨੰਦਪੁਰ ਨਗਰ ਵਿਚ ਸੇਵਾ ਪੰਥੀਆਂ ਦੇ ਮੋਢੀ ਭਾਈ ਘਨੱਈਆ ਦੀ ਸੇਵਾ ਦਾ ਵਿਸ਼ੇਸ਼ ਸਤਿਕਾਰ ਕੀਤਾ। ਇਤਿਹਾਸ ਵਿਚ ਮਿਸਲਾਂ ਦੇ ਦੌਰ ਵਿਚ ਜਦੋਂ ਸਿੱਖ ਪੰਥ ਵੱਖ-ਵੱਖ ਮਿਸਲਾਂ ਵਿਚ ਵੰਡਿਆਂ ਹੋਇਆ ਸੀ, ਤਾਂ ਸਿੱਖ ਆਪਣੇ ਵੱਡੇ-ਵੱਡੇ ਰਾਜਨੀਤਿਕ ਮਤ-ਭੇਦ ਹੋਣ ਦੇ ਬਾਵਜੂਦ ਵੀ ਜੋੜ ਮੇਲਿਆਂ ਤੇ

---

21 *ਸ੍ਰੀ ਗੁਰੂ ਗ੍ਰੰਥ ਸਾਹਿਬ*, ਰਾਗ ਗਾਉੜੀ ਮ.੫, ਅੰਕ. 286.

ਨਿਮਾਣੇ ਸਿੱਖ ਵਜੋਂ ਸ਼ਾਮਿਲ ਹੁੰਦੇ ਸਨ। ਮੈਦਾਨੇ ਜੰਗ ਵਿਚ ਇਹ ਮਤ ਭੇਦ ਹਿੰਸਕ ਵੀ ਹੋ ਜਾਂਦੇ ਸਨ, ਪ੍ਰੰਤੂ ਜੋੜ ਮੇਲਿਆਂ ਵਿਚ ਸਿੱਖ ਹਮੇਸ਼ਾ ਹੀ ਨਿਮਰਤਾ ਦੀ ਭਾਵਨਾ ਨਾਲ ਗੁਰੂ ਦੇ ਚਾਕਰ ਦੇ ਰੂਪ ਵਿਚ ਪੇਸ਼ ਹੁੰਦੇ ਸਨ। ਅਚੇਤ ਅਤੇ ਸੁਚੇਤ ਰੂਪ ਵਿਚ ਕੀਤੀਆਂ ਭੁੱਲਾਂ ਵਾਸਤੇ ਪੰਜ ਪਿਆਰਿਆਂ ਵੱਲੋਂ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਲਗਾਈ ਜਾਂਦੀ ਹੈ, ਜਿਸ ਨਾਲ ਹਉਮੈ ਦਾ ਨਾਸ਼ ਹੁੰਦਾ ਹੈ ਅਤੇ ਜੀਵਨ ਵਿਚ ਨਿਮਰਤਾ ਦੇ ਗੁਣ ਪੈਦਾ ਹੋ ਜਾਂਦੇ ਹਨ।

ਸੁਰਜੀਤ ਸਿੰਘ ਭਾਟੀਆ ਲਿਖਦੇ ਹਨ;

> "ਸੇਵਾ ਤੇ ਸਹਿਕਾਰਤਾ ਗੁਰੂ ਨਾਨਕ ਦੇ ਸਮਾਜ ਉਸਾਰੀ ਦੇ ਪ੍ਰੋਗਰਾਮ ਦੇ ਖਾਸ ਲੱਛਣ ਸਨ। ਇਸ ਨਾਲ ਲਤਾੜੇ ਹੋਏ ਲੋਕਾਂ ਨੂੰ ਉਦਯੋਗ, ਗਰੁਮਤਿ ਸੰਗੀਤ, ਆਵਾਜਾਈ ਤੇ ਢੋਆ ਢੁਆਈ ਖੇਤਰ ਵਿਚ ਸਿਖਲਾਈ ਦੇ ਕੇ ਯੋਗ ਬਣਾਇਆ।"[22]

ਗੁਰਦੁਆਰਿਆਂ ਵਿਚ ਭਵਨ ਨਿਰਮਾਣ ਦੇ ਕਾਰਜ ਸਿੱਖ ਸੰਗਤਾਂ ਦੇ ਸਰੀਰਕ ਸਹਿਯੋਗ ਨਾਲ ਪੂਰਨ ਕੀਤੇ ਜਾਂਦੇ ਹਨ। ਸਿੱਖ ਸੰਗਤਾਂ ਗੁਰਪੁਰਬ ਮੌਕੇ ਕਾਰ ਸੇਵਾ ਕਰਕੇ ਆਪਣਾ ਜਨਮ ਸਫਲਾ ਕਰਦੀਆਂ ਹਨ। ਇਸ ਕਾਰਜ ਵਿਚ ਲੰਗਰ ਵਿਚ ਬਰਤਨ ਸਾਫ ਕਰਨ ਦੀ ਸੇਵਾ, ਪਾਣੀ ਪਿਆਉਣ ਦੀ ਸੇਵਾ ਅਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸੰਗਤਾਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਯਾਤਰੀ ਨਿਵਾਸ, ਗੁਰੂ ਕੇ ਲੰਗਰ, ਸਿਹਤ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਜਾਤ-ਪਾਤ, ਅਮੀਰ-ਗਰੀਬ, ਰੰਗ-ਨਸਲ ਆਦਿਕ ਭੇਦ-ਭਾਵ ਨੂੰ ਅਣਡਿੱਠ ਕਰਕੇ ਹਰ ਵਿਅਕਤੀ ਦੀ ਸੇਵਾ ਕੀਤੀ ਜਾਂਦੀ ਹੈ। ਪੰਜਾਬ ਦੇ ਹਰ ਪਾਸੇ ਇਹਨਾਂ ਮੌਕਿਆਂ ਤੇ ਸਵੈ-ਇੱਛਾ ਅਨੁਸਾਰ ਲੰਗਰ ਆਯੋਜਿਤ ਕੀਤੇ ਜਾਂਦੇ ਹਨ। ਇਹਨਾਂ ਲੰਗਰਾਂ ਵਿਚ ਆਪਣੀ ਕਿਰਤ ਕਮਾਈ ਦੇ ਦਸਵੰਧ ਦਾ ਪ੍ਰਯੋਗ ਕਰਦਿਆਂ ਸੰਗਤਾਂ ਦੇ ਜੂਠੇ ਬਰਤਨਾਂ ਨੂੰ ਸਾਫ ਕਰਨ ਦੀ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ। ਇਹਨਾਂ ਜੋੜ ਮੇਲਿਆਂ ਵਿੱਚ ਵਿਸ਼ਵ ਭਰ ਤੋਂ ਆਏ ਸਿੱਖ ਤੀਰਥ ਯਾਤਰੀ ਨਿਸ਼ਕਾਮ ਸੇਵਾ ਕਰਕੇ ਆਪਣੇ-ਆਪ ਨੂੰ ਵਡਭਾਗੀ ਬਣਾਉਂਦੇ ਹਨ। ਉਹ ਬੱਚਿਆਂ ਸਮੇਤ ਹਾਜ਼ਰੀ ਭਰਦੇ ਹਨ। ਇਹਨਾਂ ਗੁਰਪੁਰਬਾਂ ਉਤੇ

22 ਸੁਰਜੀਤ ਸਿੰਘ ਭਾਟੀਆ, *ਨਿਰਭਉ ਤੇ ਨਿਰਵੈਰ ਸਮਾਜ*, ਗੁਰੂ ਨਾਨਕ ਫਾਉਂਡੇਸ਼ਨ, ਦਿਲੀ, 1985, ਪੰ. 13.

ਨਿਸ਼ਕਾਮ ਸੇਵਾ ਗੁਰੂ ਨੂੰ ਹਾਜ਼ਰ ਮੰਨ ਕੇ ਕੀਤੀ ਜਾਂਦੀ ਹੈ। ਹਰ ਕਾਰਜ ਲਈ ਮਾਇਆ ਦੀ ਲੋੜ ਹੁੰਦੀ ਹੈ। ਹਰ ਧਰਮ ਨੇ ਆਪਣੀਆਂ ਜ਼ਰੂਰਤਾਂ ਲਈ ਵਿਧੀ ਵਿਧਾਨ ਤਿਆਰ ਕੀਤੇ ਹੋਏ ਹਨ। ਸਮਾਜ ਪ੍ਰਤੀ ਆਪਣੀ ਕਿਰਤ ਵਿਚੋਂ ਦਸਵੰਧ ਕੱਢਣਾ ਹਰ ਸਿੱਖ ਦਾ ਜ਼ਰੂਰੀ ਫਰਜ਼ ਹੈ। ਗੁਰੂ ਅਮਰਦਾਸ ਜੀ ਨੇ ਸਿੱਖ ਸਮਾਜ ਨੂੰ ਜਥੇਬੰਦ ਕੀਤਾ ਤਾਂ ਉਸ ਵੇਲੇ ਪੁਰਬਾਂ ਵਿਚ ਮਸੰਦ ਸਿੱਖ ਸੰਗਤਾਂ ਵਲੋਂ ਭੇਂਟ ਕੀਤਾ ਦਸਵੰਧ ਗੁਰੂ ਦਰਬਾਰ ਵਿਚ ਭੇਟ ਕਰਦੇ ਸਨ। ਗੁਰੂ ਦਰਸ਼ਨਾਂ ਦੇ ਅਭਿਲਾਸ਼ੀ ਸਿੱਖ ਇਹਨਾਂ ਮਸੰਦਾਂ ਨਾਲ ਦੀਵਾਲੀ ਜਾਂ ਵੈਸਾਖੀ ਦੇ ਜੋੜ ਮੇਲਿਆਂ ਦੇ ਮੌਕੇ ਗੁਰੂ ਦਰਬਾਰ ਵਿਚ ਹਾਜ਼ਰੀਆਂ ਭਰਦੇ ਸਨ। ਜੋੜ ਮੇਲਿਆਂ ਰਾਹੀਂ ਸਿੱਖ ਪੰਥ ਦੇ ਜਥੇਬੰਦਕ ਢਾਂਚੇ ਨੂੰ ਬਹੁਤ ਲਾਭ ਪ੍ਰਾਪਤ ਹੋਇਆ। ਇਹਨਾਂ ਮਸੰਦਾਂ ਦਾ ਸਿੱਖ ਸੰਗਤਾਂ ਵਲੋਂ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਇਸ ਕਰਕੇ ਇਹਨਾਂ ਦਾ ਜੀਵਨ ਆਰਥਿਕ ਤੌਰ ਤੇ ਮਜ਼ਬੂਤ ਹੋਇਆ। ਬਾਬਾ ਬੰਦਾ ਸਿੰਘ ਜੀ ਨੂੰ ਗੁਰੂ ਦਸ਼ਮੇਸ਼ ਦੇ ਹੁਕਮਾਂ ਅਨੁਸਾਰ ਸਿੱਖ ਪੰਥ ਨੇ ਦਸਵੰਧ ਭੇਟ ਕੀਤਾ। ਜਿਸ ਦੇ ਫਲਸਰੂਪ ਮੁਗਲ ਹਕੂਮਤ ਦਾ ਖਾਤਮਾ ਕੀਤਾ ਗਿਆ। ਭਾਈ ਮਨੀ ਸਿੰਘ ਦੀ ਜਥੇਦਾਰੀ ਵਿਚ ਸਿੱਖ ਪੰਥ ਦੇ ਕੌਮੀ ਕਾਰਜਾਂ ਲਈ ਦਸਵੰਧ ਦਾ ਖਜ਼ਾਨਾ ਪੰਥ ਨੂੰ ਜੱਥੇਬੰਦ ਕਰਨ ਲਈ ਖਰਚ ਕੀਤਾ ਗਿਆ। ਸਾਰੀਆਂ ਸਿੱਖ ਮਿਸਲਾਂ ਨੇ ਕੌਮੀ ਕਾਰਜਾਂ ਲਈ ਆਪਣੀ ਸੇਵਾ ਹਰ ਵੇਲੇ ਦਿੰਦੇ ਰਹਿਣ ਦਾ ਪੱਕਾ ਵਿਸ਼ਵਾਸ਼ ਦਿੱਤਾ ਹੋਇਆ ਸੀ। ਗਿਆਨੀ ਗਿਆਨ ਸਿੰਘ ਅਨੁਸਾਰ;

> "ਜਿਸ ਕਾਰਨ ਮਿਸਲਾਂ ਵਾਲੇ ਇਸ ਫਰਜ਼ ਦੀ ਇਸ ਪਵਿੱਤਰ ਮਰਯਾਦਾ ਨੂੰ ਮੁੱਖ ਰੱਖਦਿਆਂ ਹੋਇਆਂ ਆਪਣੀਆਂ ਜਗੀਰਾਂ ਤੇ ਰਿਆਸਤਾਂ ਵਿੱਚੋਂ ਕਈ ਪਿੰਡ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਨਾਮ ਕਰਵਾ ਦਿੰਦੇ ਸੀ ਅਤੇ ਹੋਰ ਵੀ ਲੰਗਰ ਆਦਿ ਲਈ ਜਿਸ ਭਾਂਤ ਦੇ ਖਰਚ ਦੀ ਲੋੜ ਹੁੰਦੀ, ਭਿਜਵਾ ਦਿੱਤਾ ਜਾਂਦਾ ਸੀ।"[23]

**ਖੰਡੇ ਕੀ ਪਾਹੁਲ ਲੈਣੀ** : ਗੁਰਮਤਿ ਅਨੁਸਾਰ ਗੁਰਮੁੱਖ ਮਨੁੱਖ ਦਾ ਸਮੁੱਚਾ ਜੀਵਨ ਮਾਨਵੀ ਸਮਾਜ ਅਤੇ ਸੱਭਿਆਚਾਰ ਲਈ ਪ੍ਰੇਰਨਾ ਸ੍ਰੋਤ ਹੈ। ਲੋਕ ਮਨਾਂ ਅੰਦਰ ਸ਼ਹਿਨਸ਼ੀਲਤਾ, ਕੁਰਬਾਨੀ ਅਤੇ ਸੇਵਾ ਭਾਵਨਾ ਦਾ ਵਿਕਾਸ ਕਰਦਿਆਂ ਮਨੁੱਖ ਨੇ ਮਾਨਵੀ ਸਮਾਜ ਅਤੇ ਸਭਿਆਚਾਰ ਲਈ ਖਾਸ ਕਾਰਜ

---

23 ਗਿਆਨੀ ਗਿਆਨ ਸਿੰਘ *ਤਵਾਰੀਖ ਗੁਰੂ ਖਾਲਸਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰ. 60.

ਕਰਨੇ ਹਨ। ਕਿਸੇ ਵੀ ਸਮਾਜ ਦੀ ਪ੍ਰਫੁੱਲਤਾ ਲਈ ਕੁਝ ਅਜਿਹੇ ਸਾਂਝੇ ਸਥਾਨਾਂ ਜਾਂ ਸੰਸਥਾਵਾਂ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ, ਜਿਥੇ ਲੋਕ ਆਪਣੀਆਂ ਸਮਾਜਿਕ, ਸਭਿਆਚਾਰਕ, ਧਾਰਮਿਕ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਲਈ ਇਕੱਤਰ ਹੋ ਸਕਣ। ਗੁਰੂ ਸਾਹਿਬਾਨ ਨੇ ਸੰਗਤ, ਪੰਗਤ, ਗੁਰਦੁਆਰਾ ਆਦਿ ਸੰਸਥਾਵਾਂ ਦਾ ਨਿਰਮਾਣ ਕਰਵਾਇਆ, ਜਿਹੜੀਆਂ ਅੱਜ ਵਿਸ਼ਵ ਦੇ ਸੱਭਿਆਚਾਰਕ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ। ਜੋੜ ਮੇਲੇ ਮੌਕੇ ਹਾਜ਼ਰ ਸੰਗਤਾਂ ਇਸ ਸਥਾਨ 'ਤੇ ਗੁਰੂ ਦਰਸ਼ਨ ਕਰਦੀਆਂ ਹਨ। ਇਹਨਾਂ ਵਸਤਾਂ ਦੇ ਦਰਸ਼ਨ ਪ੍ਰਚਾਰ ਵਜੋਂ ਸ਼ਰਧਾ ਅਤੇ ਪ੍ਰੇਮ ਨਾਲ ਕਰਵਾਏ ਜਾਂਦੇ ਹਨ। ਗੁਰਮੀਤ ਸਿੰਘ ਸਿਧੂ ਅਨੁਸਾਰ;

> "ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ੇਸ਼ ਸੱਦੇ 'ਤੇ ਅਨੰਦਪੁਰ ਦੀ ਧਰਤੀ 'ਤੇ 1699 ਦੀ ਵਿਸਾਖੀ ਵਾਲੇ ਦਿਨ ਸਜਾਏ ਵਿਸ਼ਾਲ ਇਕੱਠ ਵਿਚ ਖਾਲਸੇ ਦੀ ਸਿਰਜਨਾਂ ਨਾਲ ਸਿੱਖ ਕੌਮ ਦੀ ਪਛਾਣ ਮੁਕੰਮਲ ਹੋਈ ਹੈ।ਇਸ ਮੌਕੇ 'ਤੇ ਆਪਣੀ ਕੌਮ ਦੀ ਨਿਆਰੀ ਪਛਾਣ ਨੂੰ ਸਦੀਵੀ ਰੂਪ ਦੇਣ ਲਈ ਗੁਰੁ ਗੋਬਿੰਦ ਸਿੰਘ ਜੀ ਨੇ ਪੰਜ ਕਕਾਰ ਭੇਟ ਕੀਤੇ ਸਨ।"[24]

ਖੰਡੇ ਕੀ ਪਾਹੁਲ ਲੈਣ ਦਾ ਅਭਿਲਾਸ਼ੀ ਗੁਰੂ ਨਾਲ ਇਕਰਾਰ ਕਰਦਾ ਹੈ ਕਿ ਹੁਣ ਤੋਂ ਬਾਅਦ ਉਸ ਦਾ ਕੁਲ, ਜਾਤ, ਗੋਤ, ਵਰਣ ਸਭ ਨਾਸ ਹੋ ਗਿਆ ਹੈ। ਉਸਦਾ ਪਿਤਾ ਦਸ਼ਮੇਸ਼ ਹੈ, ਮਾਤਾ ਸਾਹਿਬ ਕੌਰ ਅਤੇ ਉਹ ਆਨੰਦਪੁਰ ਸਾਹਿਬ ਦਾ ਵਾਸੀ ਹੈ। ਉਹ ਖਾਲਸਾ ਪੰਥ ਦਾ ਮੈਂਬਰ ਬਣ ਗਿਆ ਹੈ।

**ਪ੍ਰਕਰਮਾਂ ਕਰਨੀ:** ਧਾਰਮਿਕ ਤੀਰਥ ਅਸਥਾਨਾਂ 'ਤੇ ਪੁਰਬਾਂ ਮੌਕੇ ਪਵਿੱਤਰ ਸਰੋਵਰਾਂ ਦੇ ਦੁਆਲੇ ਪ੍ਰਕਰਮਾਂ ਕਰਨ ਦੀ ਰੀਤ ਪੁਰਾਤਨ ਸਮਿਆਂ ਤੋਂ ਪ੍ਰਚਲਿਤ ਹੈ, ਜੋ ਪਰਮਾਤਮਾ ਦੇ ਸਰਗੁਣ ਸਰੂਪ ਦੀ ਵਿਸ਼ਾਲਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸ ਕਾਰਜ ਨਾਲ ਜੀਵ ਆਪਣੇ ਗਿਆਨ ਅਤੇ

---

24 ਗੁਰਮੀਤ ਸਿੰਘ ਸਿੱਧੂ, *ਕੇਸਾਂ ਦਾ ਮਹੱਤਵ,* ਅਦਬ ਪ੍ਰਕਾਸ਼ਨ ਪਟਿਆਲਾ 2008, ਪੰ.29.

ਮਿਹਨਤ ਨੂੰ ਪ੍ਰਭੂ ਦੇ ਚਰਨਾਂ ਵਿਚ ਸਮਰਪਣ ਕਰਨ ਦਾ ਵਾਅਦਾ ਕਰਦਾ ਹੈ। ਗੁਰੂ ਅਮਰਦਾਸ ਜੀ ਨੇ ਜਦੋਂ ਸਿੱਖ ਸਮਾਜ ਵਾਸਤੇ ਨਵੀਆਂ ਰੀਤੀਆਂ ਦਾ ਆਰੰਭ ਕੀਤਾ ਤਾਂ ਵਿਆਹ ਦੇ ਅਨੰਦ ਕਾਰਜ ਦੀ ਮਰਿਆਦਾ ਵਿਚ ਵੀ ਸ਼ਬਦ-ਗੁਰੂ ਦੁਆਲੇ ਪ੍ਰਕਰਮਾਂ ਕਰਵਾਈਆਂ ਜਾਣ ਦੀ ਪ੍ਰਥਾ ਨੂੰ ਸ਼ਾਮਿਲ ਕੀਤਾ ਸੀ। ਸਿੱਖ ਪੁਰਬਾਂ ਦੇ ਮੌਕੇ ਪਰਿਕਰਮਾਂ ਕਰਨੀ ਜ਼ਰੂਰੀ ਗਤੀਵਿਧੀ ਦੇਖੀ ਜਾਂਦੀ ਹੈ। ਹਰਿੰਦਰ ਕੌਰ ਅਨੁਸਾਰ;

> "ਮੁਕਤਸਰ ਮਾਘੀ ਦੇ ਪੁਰਬ ਮੌਕੇ ਸੰਗਤਾਂ ਦਰਬਾਰ ਸਾਹਿਬ ਵਿਖੇ ਪਹਿਲਾਂ ਆਪਣੀਆਂ ਭੇਟਾਵਾਂ ਸਮੇਤ ਨਤਮਸਤਕ ਹੁੰਦੀਆਂ ਹਨ। ਉਪਰੰਤ ਪਵਿੱਤਰ ਖੇਤਰ ਦੀ ਪਰਿਕਰਮਾਂ ਕੀਤੀ ਜਾਂਦੀ ਹੈ, ਜਿਸ ਵਿਚ ਨਿਸ਼ਾਨ ਸਾਹਿਬ, ਸਰੋਵਰ, ਇਤਿਹਾਸਕ ਰੁੱਖ ਆਦਿਕ  ਸ਼ਾਮਿਲ ਹੁੰਦੇ ਹਨ। ਇਸ ਮੌਕੇ ਤੇ ਪਰਿਕਰਮਾਂ ਦੇ ਕਾਰਜ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਪਰਿਕਰਮਾਂ ਕਰਦੇ ਸਮੇਂ ਸੰਗਤ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੀ ਹੈ।"[25]

ਜੋੜ ਮੇਲਿਆਂ ਵਿਚ ਸ਼ਾਮਿਲ ਸ਼ਰਧਾਲੂਆਂ ਵੱਲੋਂ ਗੁਰਦੁਆਰਿਆਂ ਜਾਂ ਸਰੋਵਰਾਂ ਦੇ ਦੁਆਲੇ ਪੂਰਨ ਚੱਕਰ ਲਗਾਇਆ ਜਾਂਦਾ ਹੈ। ਸੰਗਤ ਇਸ ਗਤੀਵਿਧੀ ਵਿਚ ਵੱਡੀ ਗਿਣਤੀ ਵਿਚ ਭਾਗ ਲੈਂਦੀ ਹੈ। ਕਈ ਸ਼ਰਧਾਲੂ ਗੁਰੂ ਸਾਹਿਬ ਨਾਲ ਸਬੰਧਤ ਦਰਖਤਾਂ ਦੁਆਲੇ ਵੀ ਪ੍ਰਕਰਮਾਂ ਕਰਦੇ ਵੇਖੇ ਜਾਂਦੇ ਹਨ।  ਇਹ ਕਾਰਜ ਗੁਰੂ ਨਾਲ ਸਿੱਖ ਦੇ ਇਕਰਾਰਨਾਮੇ ਵੱਲ ਸੰਕੇਤ ਕਰਦਾ ਹੈ। ਇਹ ਕਰਮ ਸਿੱਖ ਦੇ ਗੁਰੂ ਵਿਸ਼ਵਾਸ ਦਾ ਵੀ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਗੁਰ-ਮਰਿਆਦਾ ਦਾ ਭਾਗ ਹੁੰਦਾ ਹੈ।

**ਦੇਗ-ਪ੍ਰਸ਼ਾਦ**: ਦੇਗ ਤੇਗ ਫਤਹਿ ਸਿੱਖ ਜੀਵਨਧਾਰਾ ਦਾ ਅਹਿਮ ਸਿਧਾਂਤ ਹੈ।  ਸਿੱਖ ਸਮਾਜ ਵਿਚ ਪ੍ਰਸ਼ਾਦ ਲੈਣ ਜਾਂ ਵਰਤਾਉਣ ਦੀ ਬਹੁਤ ਮਹਾਨਤਾ ਹੈ। ਪ੍ਰਸ਼ਾਦ ਸੰਗਤ ਵਿਚ ਵੰਡਿਆ ਜਾਂਦਾ ਹੈ।

---

25 Harinder kaur, *Fairs of the Punjab*,Harman Publishing House,  New Delhi 2004,p 57

ਕਿਰਤ ਕਮਾਈ ਵਿਚੋਂ ਨਾਮ ਦਾ ਤਿਆਰ ਕੀਤਾ ਪ੍ਰਸ਼ਾਦ ਸੰਗਤ ਵਿਚ ਵੰਡਿਆ ਜਾਂਦਾ ਹੈ। ਇਸੇ ਕਰਕੇ ਪ੍ਰਸ਼ਾਦ ਲੈਣਾ ਪਵਿੱਤਰ ਕਾਰਜ ਮੰਨਿਆ ਜਾਂਦਾ ਹੈ। ਸਿੱਖ ਰਵਾਇਤ ਦਸਦੀ ਹੈ ਕਿ ਕੜਾਹ ਪ੍ਰਸ਼ਾਦਿ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ, ਜੇਕਰ ਸਿੱਖ ਦਾ ਕੋਈ ਕੰਮ ਅੜ ਜਾਵੇ ਤਾਂ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਕਰਨੀ, ਸਾਰੇ ਮਨੋਰਥ ਪੂਰਨ ਹੋਣਗੇ। ਗੁਰ-ਮਰਿਆਦਾ ਅਨੁਸਾਰ ਆਟੇ, ਖੰਡ, ਦੇਸੀ ਘਿਓ, ਪਾਣੀ ਆਦਿ ਸਮੱਗਰੀ ਦਾ ਵਿਸ਼ੇਸ ਵਿਧੀ ਅਨੁਸਾਰ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਜਾਂਦਾ ਹੈ। ਇਸ ਪ੍ਰਸ਼ਾਦਿ ਨੂੰ ਤਿਆਰ ਕਰਨ ਉਪਰੰਤ ਅਨੰਦ ਸਾਹਿਬ ਬਾਣੀ ਦੀਆਂ ਛੇ ਪਉੜੀਆਂ ਦਾ ਪਾਠ ਕੀਤਾ ਜਾਂਦਾ ਹੈ। ਫਿਰ ਪ੍ਰਵਾਨਗੀ ਹਿਤ ਅਰਦਾਸ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲੈਣ ਤੋਂ ਬਾਦ ਦੇਗ ਵਿਚ ਕਿਰਪਾਨ ਭੇਂਟ ਕੀਤੀ ਜਾਂਦੀ ਹੈ। ਪੰਜਾਂ ਪਿਆਰਿਆਂ ਦੀ ਯਾਦ ਵਿਚ ਪ੍ਰਸ਼ਾਦਿ ਕੱਢ ਕੇ ਵਰਤਾਇਆ ਜਾਂਦਾ ਹੈ। ਫਿਰ ਸਾਰੀ ਸੰਗਤ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਦੇਗ ਵਰਤਾਈ ਜਾਂਦੀ ਹੈ। ਤਾਰਨ ਸਿੰਘ ਅਨੁਸਾਰ;

> "ਕੜਾਹ ਪ੍ਰਸ਼ਾਦਿ ਦੀ ਦੇਗ ਕਿਰਪਾਨ ਭੇਟ ਕਰਨੀ ਸਿੱਖ ਰਹਿਤ ਮਰਯਾਦਾ ਦਾ ਇਕ ਬੜਾ ਵਿਸਮਾਦੀ ਤੇ ਨਾਟਕੀ, ਰਹਿਸਮਈ ਤੇ ਚਿੰਨਾਤਮਕ ਅੰਗ ਹੈ। ਜਿਵੇਂ ਸਿੱਖ ਧਰਮ ਵਿਚ 'ਰਾਜ ਤੇ ਜੋਗ' ਦੀ ਸੰਧੀ ਹੈ, ਜਿਵੇਂ 'ਸੰਤ ਸਿਪਾਹੀ' ਦਾ ਸੁਮੇਲ ਹੈ, ਜਿਵੇਂ 'ਗਿਆਨ ਤੇ ਕਰਮ' ਦਾ ਮੇਲ ਹੈ। ਜਿਵੇਂ 'ਮੀਰੀ ਤੇ ਪੀਰੀ' ਦੀ ਏਕਤਾ ਹੈ। ਤਿਵੇਂ ਦੇਗ ਤੇ ਤੇਗ ਦਾ ਮਿਲਾਪ ਕੀਤਾ ਹੋਇਆ ਹੈ। ਦੇਗ ਨੂੰ ਤੇਗ ਦੀ ਛੋਹ ਦੇ ਕੇ 'ਕੜਾਹ' ਨੂੰ 'ਪਸ਼ਾਦਿ' ਬਣਾ ਦਿੱਤਾ ਜਾਂਦਾ ਹੈ।"[26]

ਹਰ ਵਿਅਕਤੀ ਦੇਗ ਦੀ ਪ੍ਰਾਪਤੀ ਜ਼ਰੂਰੀ ਲੋਚਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੜਾਹ ਪ੍ਰਸ਼ਾਦ ਛੂਤ ਛਾਤ, ਜ਼ਾਤ ਅਭਿਮਾਨ, ਉਚ-ਨੀਚ, ਗਰੀਬ-ਅਮੀਰ ਦੇ ਭੇਦ –ਭਾਵ ਮਿਟਾ ਕੇ

---

26 ਤਾਰਨ ਸਿੰਘ, *ਸਿੱਖ ਧਰਮ ਦੇ ਰਹਿਸ ਤੇ ਰਮਜ਼* , ਨਿਊ ਬੁੱਕ ਕੰਪਨੀ ਜਲੰਧਰ 2004, ਪੰ.171.

ਸਾਂਝੀਵਾਲਤਾ, ਇਕਸਾਰਤਾ, ਬਰਾਬਰਤਾ ਦਾ ਪ੍ਰਤੀਕ ਹੈ, ਜਿਸ ਨਾਲ ਸਾਡੇ ਜੀਵਨ ਵਿੱਚ ਤਬਦੀਲੀ ਆਉਣੀ ਹੈ।

**ਗੁਰੂ ਕੇ ਲੰਗਰ**: ਸਿੱਖ ਪੰਥ ਦੇ ਮੁੱਢਲੇ ਸਿਧਾਂਤ ਦੇ ਅਨੁਸਾਰ ਸਿੱਖ ਸਮਾਜ ਦੇ ਹਰ ਸਮਾਗਮ ਦਾ ਗੁਰੂ ਕਾ ਲੰਗਰ ਜ਼ਰੂਰੀ ਭਾਗ ਹੁੰਦੇ ਹਨ। ਗੁਰੂ ਕੇ ਲੰਗਰ ਦੀ ਸੰਸਥਾ ਵਰਣ ਵੰਡ ਦੇ ਸਿਧਾਂਤ ਨੂੰ ਮੁੱਢ ਤੋਂ ਰੱਦ ਕਰਦੀ ਹੈ। ਇਹ ਪ੍ਰਥਾ ਭਾਈਚਾਰਕ ਏਕਤਾ ਦੇ ਸਥਾਈ ਅਧਾਰ ਸਿਰਜਦੀ ਹੈ ਸਿੱਖ ਧਰਮ ਅਨੁਸਾਰ ਆਤਮਾ ਦੀ ਭੁੱਖ ਨਾਮ ਨਾਲ ਮਿਟਦੀ ਹੈ ਅਤੇ ਤਨ ਦੀ ਭੁੱਖ ਲੰਗਰ ਨਾਲ ਤ੍ਰਿਪਤ ਹੁੰਦੀ ਹੈ। ਜੋੜ ਮੇਲਿਆਂ ਦੇ ਅਸਥਾਨਾਂ ਵਲ ਜਾਂਦੇ ਰਸਤਿਆਂ ਉੱਤੇ ਲੰਗਰ ਲਗਾਏ ਜਾਂਦੇ ਹਨ। ਇਥੇ ਸ਼ਰਧਾਲੂ ਪ੍ਰੇਮੀ ਸੰਗਤ ਲਈ ਲੰਗਰ ਤਿਆਰ ਕਰਦੇ ਅਤੇ ਵਰਤਾਉਂਦੇ ਹਨ। ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਕੇ ਜੀਵਨ ਸਫਲ ਕਰਦੇ ਹਨ। ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਇਕ ਵਿਸ਼ੇਸ਼ ਗਲਬਾਤ ਵਿਚ ਦਸਿਆ ਕਿ:

> "ਜਥੇਬੰਦੀਆਂ, ਸੰਪਰਦਾਵਾਂ, ਸੰਗਠਨਾਂ ਤੋਂ ਇਲਾਵਾ ਪਿੰਡਾਂ ਅਤੇ ਸ਼ਹਿਰਾਂ ਦੀਆਂ ਸੰਗਤਾਂ ਵੱਲੋਂ ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਮੁਕਤਸਰ, ਫਤਿਹਗੜ੍ਹ ਸਾਹਿਬ ਅਤੇ ਅੰਮ੍ਰਿਤਸਰ ਨੂੰ ਪੁੱਜਦੇ ਹਰ ਰਸਤੇ ਵਿੱਚ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੰਗਤਾਂ ਆਪਣੀ ਕਿਰਤ-ਕਮਾਈ ਦੇ ਦਸਵੰਧ ਨੂੰ ਇਸ ਕਾਰਜ ਲਈ ਸਮਰਪਿਤ ਕਰਕੇ ਆਪਣੇ ਧੰਨ ਭਾਗ ਸਮਝਦੀਆਂ ਹਨ।"[27]

ਗੁਰੂ ਕੇ ਲੰਗਰਾਂ ਵਿਚ ਲੰਗਰ ਤਿਆਰ ਕਰਨ ਵਾਲੇ ਲਾਂਗਰੀ, ਲੰਗਰ ਨੂੰ ਸੰਗਤਾਂ ਵਿਚ ਵਰਤਾਉਣ ਵਾਲੇ ਵਰਤਾਵੇ, ਲੰਗਰਾਂ ਲਈ ਸਮੱਗਰੀ ਇਕੱਤਰ ਕਰਨ ਵਾਲੇ ਸੇਵਾਦਾਰ, ਸਭ ਨਿਸ਼ਕਾਮ ਸੇਵਾ ਕਰਦੇ ਹਨ। ਤਾਰਨ ਸਿਘ ਅਨੁਸਾਰ;

> "ਲੰਗਰ ਦੀ ਪ੍ਰਥਾ ਨੇ ਪੰਜਾਬੀਆਂ ਵਿਚ ਮਨੁੱਖੀ ਸ਼ਖ਼ਸ਼ੀਅਤ ਦਾ ਸਤਿਕਾਰ ਪੈਦਾ ਕੀਤਾ ਹੈ। ਸਫਾਈ ਜ਼ਰੂਰੀ ਹੈ ਪਰ ਜਾਤ ਕਰਕੇ ਕੋਈ ਕਿਸੇ ਸਾਂਝੇ ਭੋਜਨਸ਼ਾਲਾ ਵਿਚੋਂ ਇਥੇ ਛੇਕਿਆ ਨਹੀਂ ਜਾ ਸਕਦਾ। ਲੰਗਰ ਹੀ ਛੂਤ ਛਾਤ ਉਤੇ ਸਭ ਤੋਂ ਕਰੜੀ ਸੱਟ ਹੈ। ਮਨੁੱਖੀ

---

27 ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ,ਤਖਤ ਦਮਦਮਾ ਸਾਹਿਬ, 13, ਅਪ੍ਰੈਲ 2015.

ਸ਼ਖਸ਼ੀਅਤ ਦਾ ਸਤਿਕਾਰ ਤੇ ਮਨੁੱਖੀ ਬਰਾਬਰੀ ਸੱਭਿਆਚਾਰਕਜੀਵਂ ਦੇ ਜ਼ਰੂਰੀ ਅੰਗ ਹਨ। ਲੰਗਰ ਨਾਲ ਹੀ ਸਿੱਖਾਂ ਵਿਚ ਮਹਮਾਨ-ਨਿਵਾਜ਼ੀ ਵੀ ਉਤਪੰਨ ਹੋਈ।"[28]

**ਸਿਹਤ ਸੇਵਾਵਾਂ**: ਸਿੱਖ ਪੁਰਬਾਂ ਦੇ ਮੌਕੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਮਾਜ ਸੇਵੀ ਸੰਸਥਾਵਾਂ ਵਿਸ਼ੇਸ਼ ਕੈਂਪ ਲਗਾ ਕੇ ਮੁਫਤ ਦਵਾਈਆਂ ਮੁਹੱਈਆ ਕਰਵਾਉਂਦੀਆਂ ਹਨ। ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਪੁਰਬ ਮੌਕੇ ਵਿਸ਼ੇਸ਼ ਮੁਲਾਕਾਤ ਦੌਰਾਨ ਡਾ.ਆਦਰਸ਼ ਕੌਰ ਨੇ ਜਾਣਕਾਰੀ ਦਿਤੀ ਕਿ:

"ਸਾਡੀ ਟੀਮ ਪਿਛਲੇ 10 ਸਾਲਾਂ ਤੋਂ ਇਸ ਮੌਕੇ ਵਿਸ਼ੇਸ ਮੈਡੀਕਲ ਕੈਂਪ ਲਗਾ ਰਹੀ ਹੈ, ਜਿਥੇ ਲੋੜਵੰਦ ਰੋਗੀਆਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ। ਇਨ੍ਹਾਂ ਕੈਂਪਾਂ ਵਿਚ ਅੱਖਾਂ ਅਤੇ ਦੰਦਾਂ ਦੀ ਜਾਂਚ ਕੀਤੀ ਜਾਂਦੀ ਹੈ। ਇਹਨਾਂ ਕੈਂਪਾਂ ਵਿਚ ਵੱਡੀ ਗਿਣਤੀ ਵਿਚ ਆਰਥਿਕ ਪੱਖੋਂ ਗਰੀਬ ਲੋਕ ਲਾਭ ਪ੍ਰਾਪਤ ਕਰਦੇ ਹਨ। ਰੋਗੀਆਂ ਲਈ ਦਵਾਈਆਂ ਮੁਫਤ ਦਿਤੀਆਂ ਜਾਂਦੀਆਂ ਹਨ।"[29]

ਸਮਾਜ ਸੇਵੀ ਕਾਰਜਾਂ ਨਾਲ ਮਾਨਸਿਕ ਤਸੱਲੀ ਦਾ ਅਹਿਸਾਸ ਹੁੰਦਾ ਹੈ। ਜੀਵਨ ਵਿੱਚ ਤਾਜ਼ਗੀ ਦਾ ਅਹਿਸਾਸ ਹੁੰਦਾ ਹੈ। ਜੋੜ-ਮੇਲੇ ਅਤੇ ਪੁਰਬ ਸੁਸਤਮਈ ਜਿੰਦਗੀ ਨੂੰ ਉਲਾਸ ਪ੍ਰਦਾਨ ਕਰਦੇ ਹਨ। ਹਰ ਵਰਗ ਦੇ ਮਨੁੱਖ ਦਾ ਦਿਲ ਪੁਰਬਾਂ ਵਾਲੇ ਦਿਨ ਮਾਨਸਿਕ ਆਨੰਦ ਦੇ ਖੇੜੇ ਦਾ ਅਹਿਸਾਸ ਕਰਦਾ ਹੈ। ਧਾਰਮਿਕ ਤੇ ਸਮਾਜਕ ਜੀਵਨ ਦੀ ਸ਼ਕਤੀ ਵਿਸ਼ਵਾਸ ਦੇ ਮਿਆਰ ਉਤੇ ਨਿਰਭਰ ਹੁੰਦੀ ਹੈ। ਪੱਛਮੀ ਵਿੱਦਿਆ ਦੇ ਨਿਰੋਲ ਪਦਾਰਥਵਾਦੀ ਨਾਸਤਕ ਚੇਤਨਾ ਦੇ ਪ੍ਰਚਾਰ ਕਾਰਨ ਸਾਡੇ ਅਧਿਆਤਮਕ ਗਿਆਨ ਵਿਚ ਪੈਦਾ ਹੋਏ ਵਿਰਾਸਤੀ ਮਾਨਵ ਹਿਤੈਸ਼ੀ ਸਿੱਖ ਪੁਰਬਾਂ ਅਤੇ ਜੋੜ-ਮੇਲਿਆਂ, ਧਰਮ ਕਰਮ ਦੇ ਕਾਰਜਾਂ ਨੂੰ ਹੀਣ ਭਵਨਾ ਅਧੀਨ ਅੰਧਵਿਸ਼ਵਾਸ ਮੰਨ ਕੇ ਤਿਆਗਿਆ ਜਾ

28 ਤਾਰਨ ਸਿੰਘ, *ਭਗਤੀ ਤੇ ਸ਼ਕਤੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ 2005, ਪੰ.153.

29 ਆਦਰਸ਼ ਕੌਰ ਡਾਕਟਰ, ਮਨੀਮਾਜਰਾ, ਚੰਡੀਗੜ੍ਹ, 27 ਦਸਬੰਰ 2016.

ਰਿਹਾ ਹੈ। ਗੁਰੂ ਇਤਿਹਾਸ ਸਮਾਜ ਕਲਿਆਣ ਦੇ ਕਾਰਜਾਂ ਲਈ ਉਤਸ਼ਾਹਿਤ ਕਰਦਾ ਹੈ। ਤਾਰਨ ਸਿਘ ਅਨੁਸਾਰ:

> "ਗੁਰੂ ਹਰਿ ਰਾਇ ਸਾਹਿਬ ਨੇ ਐਸਾ ਦਵਾਖਾਨਾ ਬਣਾਇਆ ਕਿ ਦਾਰਾ ਸ਼ਕੋਹ ਦੀ ਬਿਮਾਰੀ ਸਮੇਂ ਸ਼ਾਹ ਜਹਾਨ ਤੀਕ ਨੂੰ ਉਨ੍ਹਾਂ ਪਾਸੋ ਦਵਾਈ ਮੰਗਵਾਣੀ ਪਈ। ਰੋਗੀਆਂ ਦੀ ਸੇਵਾ ਸਭਿਆਚਾਰ ਦਾ ਖਾਸਾ ਹੈ।"[30]

**ਮਹੱਲਾ ਕੱਢਣਾ**: ਆਮ ਭਾਸ਼ਾ ਵਿਚ ਮੱਹਲੇ ਨੂੰ ਜਲੂਸ ਵੀ ਆਖਿਆ ਜਾਂਦਾ ਹੈ, ਸਭ ਤੋਂ ਪਹਿਲਾਂ ਸਥਾਨਕ ਮੁੱਖ ਗ੍ਰੰਥੀ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਇਸ ਕਾਰਜ ਦੀ ਆਰੰਭਤਾ ਲਈ ਅਰਦਾਸ ਕਰਦਾ ਹੈ। ਇਕ ਪਾਲਕੀ ਵਾਲੀ ਗੱਡੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਹੁੰਦੀ ਹੈ। ਨਿਹੰਗ ਸਿੰਘ ਆਪਣੇ ਪ੍ਰੰਪਰਾਗਤ ਪਹਿਰਾਵੇ ਅਤੇ ਹਥਿਆਰਾਂ ਸਮੇਤ ਘੋੜਿਆਂ ਤੇ ਸਵਾਰ ਹੋ ਕੇ ਸ਼ਮੂਲੀਅਤ ਕਰਦੇ ਹਨ। ਪੰਜ ਪਿਆਰੇ ਇਸ ਦੀ ਅਗਵਾਈ ਕਰਦੇ ਹਨ। ਇਹ ਮੱਹਲਾ ਇਕ ਵਿਸ਼ੇਸ਼ ਅਸਥਾਨ ਤੋਂ ਆਰੰਭ ਹੋ ਕੇ ਦੂਜੇ ਇਤਿਹਾਸਿਕ ਸਥਾਨ ਵਿਖੇ ਸਮਾਪਤ ਹੁੰਦਾ ਹੈ। ਨਿਹੰਗ ਸਿੰਘ ਆਪਣੇ ਪੂਰੇ ਸਾਜ਼ੋ-ਸਮਾਨ ਤੇ ਜਾਹੋ ਜਲਾਲ ਨਾਲ ਰਵਾਇਤੀ ਹਥਿਆਰਾਂ ਨਾਲ ਪੂਰੇ ਸਜ ਕੇ ਜੋੜ ਮੇਲਿਆਂ ਵਿਚ ਪਹੁੰਚਦੇ ਹਨ। ਇਨ੍ਹਾਂ ਇਤਿਹਾਸਕ ਅਤੇ ਧਾਰਮਿਕ ਜੋੜ ਮੇਲਿਆਂ 'ਤੇ ਨਿਹੰਗ ਸਿੰਘ ਘੋੜ ਦੌੜ, ਨੇਜ਼ਾ ਬਾਜ਼ੀ, ਗੱਤਕਾ, ਚੱਕਰ ਚਲਾਉਣਾ ਅਤੇ ਤਲਵਾਰਬਾਜ਼ੀ ਦੇ ਜੌਹਰ ਕੋਈ ਨਕਲੀ ਦਿਖਾਵਾ ਨਹੀਂ ਹੁੰਦੇ, ਸਗੋਂ ਇਹ ਅਜਿਹੇ ਦਲੇਰਾਨਾ ਕਰਤੱਵ ਵਿਖਾਉਂਦੇ ਹਨ ਕਿ ਜਿਨ੍ਹਾਂ ਨੂੰ ਵੇਖ ਕੇ ਚੰਗੇ ਭਲੇ ਬੰਦੇ ਦਾ ਦਿਲ ਦਹਿਲਦਾ ਹੈ।ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਨਿਹੰਗ ਸਿੰਘ ਜਿਸ ਜਾਹੋ-ਜਲਾਲ ਨਾਲ ਮਨਾਉਂਦੇ ਹਨ ਉਹ ਸੰਸਾਰ ਪ੍ਰਸਿਧ ਹੈ।

ਇਕ ਪਾਸੇ ਨਿਹੰਗ ਸਿੰਘਾਂ ਦੇ ਜੰਗੀ ਕਰਤੱਵ ਹੁੰਦੇ ਹਨ ਤੇ ਦੂਜੇ ਪਾਸੇ ਇਨ੍ਹਾਂ ਦੀ ਜੀਵਨ ਸ਼ੈਲੀ, ਇਨ੍ਹਾਂ ਦੀ ਚੜ੍ਹਦੀ ਕਲਾ, ਬਿਨੋਦੀ ਸੁਭਾਅ ਤੇ ਸੁਖ-ਨਿਧਾਨ ਦੀਆਂ ਦੇਗ਼ਾਂ ਇਥੇ ਮੂਰਤੀਮਾਨ ਹੁੰਦੀਆਂ ਹਨ। ਨਿੰਹਗ ਸਿੰਘ ਬਾਬਾ ਹਰਜਿੰਦਰ ਸਿੰਘ ਨੇ ਹੋਲੇ ਦੇ ਪੁਰਬ ਮੌਕੇ ਮੁਲਾਕਾਤ ਵਿਚ ਦਸਿਆ ਕਿ:

---

30 ਤਾਰਨ ਸਿੰਘ, *ਭਗਤੀ ਤੇ ਸ਼ਕਤੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2005, ਪੰ.155.

ਹੋਲਾ ਮਹੱਲਾ ਕੱਢਣ ਤੋਂ ਪਹਿਲਾਂ ਨਿਹੰਗ ਸਿੰਘ ਨਗਾਰੇ ਵਜਾਉਂਦੇ ਹਨ। ਇਹ ਨਗਾਰੇ ਤੇ ਦਮਾਮੇ ਘੋੜਿਆਂ 'ਤੇ ਕੱਸੇ ਹੁੰਦੇ ਹਨ। ਫਿਰ ਨਿਹੰਗ ਸਿੰਘਾਂ ਦੇ ਸਾਰੇ ਜੱਥੇ ਛੋਟੇ ਢੋਲ ਭਾਵ ਦਮਾਮੇ ਵਜਾਉਂਦੇ ਮੈਦਾਨ ਖੇਡਣ ਲਈ ਅਰਥਾਤ ਜੰਗੀ ਕਰਤੱਵ ਦਿਖਾਉਣ ਲਈ ਇਕ ਖੁੱਲ੍ਹੇ ਮੈਦਾਨ ਵਿਚ ਇਕੱਠੇ ਹੁੰਦੇ ਹਨ। ਰਣਸਿੰਗੇ ਵੀ ਜੰਗ ਦੀ ਸ਼ੁਰੂਆਤ ਦੇ ਸੰਕੇਤ ਵਜੋਂ ਵਜਾਏ ਜਾਂਦੇ ਹਨ। ਨਿਹੰਗ ਜਥਿਆਂ ਦੇ ਅੱਗੇ ਜੋ ਸ਼ਿੰਗਾਰਿਆ ਹੋਇਆ ਖਾਲੀ ਘੋੜਾ ਚਲ ਰਿਹਾ ਹੁੰਦਾ ਹੈ, ਉਸ ਨੂੰ ਕੋਤਲ ਕਹਿੰਦੇ ਹਨ। ਅੱਜ ਵੀ ਸਭ ਤੋਂ ਵਧੀਆ ਘੋੜੇ ਨੂੰ ਸ਼ਿੰਗਾਰ ਕੇ ਬਿਨਾਂ ਸੁਆਰ ਦੇ ਦਲ ਦੇ ਅੱਗੇ ਰੱਖਿਆ ਜਾਂਦਾ ਹੈ।"[31]

ਇਸ ਤਰ੍ਹਾਂ ਹੀ ਸ਼ਿੰਗਾਰੇ ਹੋਏ ਹਾਥੀ ਨੂੰ ਇਹ ਗੱਜ ਜਾਂ ਐਰਾਵਤ ਕਹਿੰਦੇ ਹਨ। ਇਸ ਸਮੇਂ ਲਾਡਲੀਆਂ ਫੌਜਾਂ ਆਪਣੀ ਮਸਤਾਨੀ ਬਿਰਤੀ ਅਤੇ ਪੂਰਨ ਸੱਜ-ਧੱਜ ਨਾਲ ਦਰਸ਼ਨੀ ਨਜ਼ਾਰਾ ਪੇਸ਼ ਕਰਦੀਆਂ ਹਨ।

**ਮੱਲ ਅਖਾੜੇ**: ਮੱਲ ਅਖੜਿਆਂ ਦੀ ਸ਼ੁਰੂਆਤ ਗੁਰੂ ਅੰਗਦ ਸਾਹਿਬ ਜੀ ਨੇ ਖਾਡੂਰ ਸਾਹਿਬ ਤੋਂ ਕੀਤੀ ਸੀ। ਇਸ ਦਾ ਮੰਤਵ ਸਿੱਖ ਸਮਾਜ ਵਿਚ ਮਾਨਸਿਕ ਅਤੇ ਅਧਿਆਤਮਕ ਕਾਰਜਾਂ ਦੇ ਨਾਲ ਸਰੀਰਕ ਤੌਰ ਤੇ ਬਲਵਾਲ ਬਣਾਉਣਾ ਸੀ। ਇਨ੍ਹਾਂ ਅਖੜਿਆਂ ਵਿਚ ਵਿਰਾਸਤੀ ਖੇਡਾਂ ਸ਼ਾਮਿਲ ਹੁੰਦੀਆਂ ਹਨ। ਸਾਰੀਆਂ ਪ੍ਰਮੁੱਖ ਨਿਹੰਗ ਸਿੰਘ ਜੱਥੇਬੰਦੀਆਂ ਆਪਣੇ ਪ੍ਰੰਪਰਾਗਤ ਘੋੜਿਆਂ, ਹਥਿਆਰਾਂ ਅਤੇ ਪਹਿਰਾਵੇ ਵਿਚ ਇਸ ਜੋੜ ਮੇਲੇ ਦਾ ਸ਼ਿੰਗਾਰ ਬਣਦੀਆਂ ਹਨ। ਇਸ ਮੇਲੇ ਵਿਚ ਸ਼ਾਮਲ ਲੋਕ ਇਹਨਾਂ ਦੇ ਹੈਰਾਨੀ ਭਰੇ ਕਰਤੱਵਾਂ ਦਾ ਅਨੰਦ ਮਾਣਦੇ ਹਨ। ਇਹ ਘੋੜ-ਸਵਾਰੀ ਅਤੇ ਗੱਤਕਾ-ਬਾਜ਼ੀ ਵਿਚ ਭਾਗ ਲੈਂਦੇ ਹਨ। ਨਿਹੰਗ ਸਿੰਘ ਜਥੇਬੰਦੀਆਂ ਦੇ ਫੌਜੀ ਕਰਤੱਵ ਘੋੜ-ਸਵਾਰੀ, ਤਲਵਾਰ-ਬਾਜ਼ੀ, ਗੱਤਕਾ-ਬਾਜ਼ੀ ਅਤੇ ਖੇਡਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਸ਼ੇਰ ਸਿੰਘ ਕੰਵਲ ਅਨੁਸਾਰ;

31 ਮੁਲਾਕਾਤ,ਬਾਬਾ ਹਰਜਿੰਦਰ ਸਿੰਘ ਵਾਸੀ ਹਾਂਡੀ ਖੇੜਾ, ਅੰਬਾਲਾ, ਆਨੰਦਪੁਰ ਸਾਹਿਬ, ਮਾਰਚ 2017.

" ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ, ਮੁਕਤਸਰ ਦੀ ਮਾਘੀ, ਸ੍ਰੀ ਚਮਕੌਰ ਸਾਹਿਬ ਅਤੇ ਫਤਿਗੜ੍ਹ ਸਾਹਿਬ ਦੀਆਂ ਸਭਾਵਾਂ ਅਤੇ ਦਮਦਮਾ ਸਾਹਿਬ ਦੀ ਵਿਸਾਖੀ 'ਤੇ ਸਜੀਲੇ-ਛਬੀਲੇ ਸ਼ਸਤਰਧਾਰੀ ਨਿੰਹਗ-ਸਿੰਘਾਂ ਦੇ ਘੋੜ-ਦੌੜ, ਨੇਜ਼ਾ-ਬਾਜ਼ੀ, ਗੱਤਕਾ-ਬਾਜ਼ੀ ਤੇ ਕਿਰਪਾਨ ਦੇ ਕਰਤੱਵ ਦਰਸ਼ਕਾਂ ਨੂੰ ਕੀਲ ਲੈਂਦੇ ਹਨ।"[32]

ਸਿੱਖ ਪੁਰਬਾਂ ਵਿਚ ਨਿਹੰਗ ਸਿੰਘਾਂ ਦੇ ਕਾਰਨਾਮੇ ਵਿਸ਼ੇਸ਼ ਖਿਚ ਦਾ ਕੇਂਦਰ ਪ੍ਰਤੀਤ ਹੁੰਦੇ ਹਨ। ਖਾਲਸਾਈ ਵਿਰਾਸਤੀ ਬਾਣੇ ਕਿਸੇ ਇਤਿਹਾਸਕ ਫਿਲਮਾਂ ਦੇ ਦ੍ਰਿਸ਼ ਪੇਸ਼ ਕਰਦੇ ਹਨ। ਸਿੱਖ ਫੌਜ ਦੇ ਵਿਰਾਸਤੀ ਹਥਿਆਰ ਸੰਗਤਾਂ ਲਈ ਆਲੌਕਿਕ ਨਜ਼ਾਰੇ ਪ੍ਰਦਰਸ਼ਿਤ ਕਰਦੇ ਹਨ। ਵਰਤਮਾਨ ਸਮੇਂ ਵਿਚ ਸਿੱਖ ਸਮਾਜ ਲਈ ਗੰਭੀਰ ਚੁਣੌਤੀਆਂ ਅਤੇ ਵੰਗਾਰਾਂ ਹਨ। ਅੱਜ ਸਿੱਖ ਸਮਾਜ ਨੇ ਸਿੱਖ ਸਿਧਾਂਤ ਤੋਂ ਅਵੇਸਲੇ ਹੋ ਕੇ ਪੱਛਮ ਦੇ ਵਿਕਾਸ ਮਾਡਲ ਨੂੰ ਆਪਣਾ ਆਦਰਸ਼ ਮੰਨ ਲਿਆ ਹੈ। ਇਸ ਕਾਰਣ ਸਿੱਖ ਪੁਰਬਾਂ ਸਮੇਂ ਸਿੱਖ ਸਮਾਜ ਦੇ ਧਾਰਮਿਕ ਰੀਤੀ ਰਿਵਾਜ਼ ਅਤੇ ਅਧਿਆਤਮਕ ਕਰਮ ਮਰਿਆਦਾ ਆਪਣੀ ਅਸਲੀਅਤ ਨਾਲੋਂ ਟੁੱਟ ਕੇ ਕੇਵਲ ਫੋਕਟ ਕਰਮ ਕਾਂਡ ਵਿਚ ਤਬਦੀਲ ਹੋ ਰਹੇ ਹਨ। ਬਿਪਰਨ ਸੰਸਕਾਰਾਂ ਨੂੰ ਪਹਿਲ ਦੇ ਅਧਾਰ ਉਤੇ ਕਾਰਜਸ਼ੀਲ ਕੀਤਾ ਜਾ ਰਿਹਾ ਹੈ।

**ਸੱਭਿਆਚਾਰ ਦੇ ਸਮਾਗਮ**: ਪਹਿਲਾਂ ਪੁਰਬਾਂ 'ਤੇ ਮਨ ਪ੍ਰਚਾਵੇ ਦੇ ਸਾਧਨ ਸਰਕਸ, ਨਾਟਕ ਆਦਿ ਕੀਤੇ ਜਾਂਦੇ ਸਨ। ਪ੍ਰੰਤੂ ਹੁਣ ਇਹਨਾਂ ਦਾ ਮਹੱਤਵ ਘਟ ਗਿਆ ਹੈ। ਗਾਇਕ ਵੀ ਲੋਕਾਂ ਦੇ ਮਨੋਰੰਜਨ ਲਈ ਗਾਉਂਦੇ ਸਨ। ਲੋਕ ਧਾਰਾ ਤੋਂ ਪਤਾ ਚਲਦਾ ਹੈ ਕਿ ਪਹਿਲਾਂ ਅਜਿਹਾ ਹੁੰਦਾ ਸੀ। ਧਾਰਮਿਕ ਅਤੇ ਸਮਾਜਕ ਲਹਿਰਾਂ ਪੁਰਬਾਂ ਵਿਚ ਸੁਧਾਰ ਲੈ ਕੇ ਆਉਂਦੀਆਂ ਹਨ। ਨਾਮਧਾਰੀ ਲਹਿਰ ਤੋਂ ਪਿਛੋਂ ਲੋਕਧਾਰਾ ਵਿਚ ਵਿਸ਼ੇਸ਼ ਕਰਕੇ ਬੋਲੀ ਪਾਈ ਜਾਂਦੀ ਸੀ।

'ਕੂਕੇ ਗੌਣ ਲਗਣ ਨਾ ਦਿੰਦੇ , ਮੇਲਾ ਮੁਖਤਸਰ ਦਾ'

---

32 ਸ਼ੇਰ ਸਿੰਘ ਕੰਵਲ, *ਸ਼ੇਰ ਸਿੰਘ ਕੰਵਲ ਵਿਚਾਰਧਾਰਾ ਤੇ ਮੂਲ ਪਾਠ,* ਤਰਲੋਚਨ ਪਬਲਿਸ਼ਰ, ਚੰਡੀਗੜ੍ਹ 2014, ਪੰ.8.

ਸਿੱਖ ਪੰਥ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਸਿੱਖ ਅਦਾਰਿਆਂ ਵੱਲੋਂ ਗੁਰਮਤਿ ਅਨੁਸਾਰ ਸੱਭਿਆਚਾਰਕ ਸਮਾਗਮ ਕੀਤੇ ਜਾਂਦੇ ਹਨ। ਵਰਤਮਾਨ ਸਮੇਂ ਵਿਚ ਸਿੱਖ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਆਧਾਰ ਬਣਾ ਕੇ ਨਾਟਕ ਖੇਡੇ ਜਾਂਦੇ ਹਨ, ਜਿਹਨਾਂ ਵਿਚ ਭਰੂਣ ਹੱਤਿਆ,ਅੰਧ ਵਿਸ਼ਵਾਸ਼, ਵਾਤਾਵਰਨ, ਸਮਾਜਕ ਜਾਗ੍ਰਿਤੀ ਲਈ ਵੱਖ-ਵੱਖ ਵਿਸ਼ਿਆਂ ਤੇ ਟੈਲੀ ਅਤੇ ਦਸਤਾਵੇਜ਼ੀ ਫਿਲਮਾਂ ਸੰਗਤਾਂ ਲਈ ਪੇਸ਼ ਕੀਤੀਆਂ ਜਾਂਦੀਆਂ ਹਨ। ਪੰਜਾਬ ਦੇ ਸੱਭਿਆਚਾਰ ਨਾਲ ਸਬੰਧਤ ਮਰਾਸੀ ਅਤੇ ਬਾਜ਼ੀਗਰ ਆਪਣੇ ਹੁਨਰ ਦੀ ਪੇਸ਼ਕਾਰੀ ਕਰਦੇ ਹਨ। ਦਮਦਮਾ ਸਾਹਿਬ ਦੀ ਵਿਸਾਖੀ ਮੌਕੇ ਇਕ ਸਮਾਜ ਸੇਵਕ ਵਕੀਲ ਰਣਜੀਤ ਸਿੰਘ ਨੇ ਵਿਸ਼ੇਸ਼ ਮੁਲਾਕਾਤ ਵਿਚ ਦਸਿਆ ਕਿ;

> "ਮਨੋਰੰਜਨ ਪੰਜਾਬ ਦੀ ਲੋਕ ਧਾਰਾ ਦੇ ਜੀਵਨ ਦਾ ਆਧਾਰ ਹੈ। ਲੋਕ ਵਿਸ਼ੇਸ ਮੌਕਿਆਂ ਉਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ। ਸਿੱਖ ਪੁਰਬਾਂ ਦੇ ਮੌਕੇ ਸੰਗਤਾਂ ਦੇ ਮਨੋਰੰਜਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਵਿਸ਼ਾਲ ਪੰਡਾਲ ਲਗਾ ਕੇ ਸਰਕਸਾਂ ਲਗਾਈਆਂ ਜਾਂਦੀਆਂ ਹਨ। ਇਸ ਵਿਚ ਲੋਕਾਂ ਦੇ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਕੀਤਾ ਹੁੰਦਾ ਹੈ।"[33]

ਸਰਕਸ ਵੇਖਣ ਲਈ ਦਰਸ਼ਕ ਪਹਿਲਾਂ ਟਿਕਟਾਂ ਖ਼੍ਰੀਦਦੇ ਹਨ। ਇਹਨਾਂ ਵਿਚ ਕਲਾਕਾਰਾਂ ਦੁਆਰਾ ਸਰੀਰਕ ਕਲਾਬਾਜ਼ੀਆਂ ਦੁਆਰਾ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ। ਸਰਕਸ ਵਿਚ ਜੋਕਰ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿਚੱਦਾ ਹੈ। ਪਿੰਜਰੇ ਵਿਚ ਬੰਦ ਸ਼ੇਰ, ਚੀਤੇ ਅਤੇ ਹਾਥੀ ਅਦਭੁੱਤ ਕਰਤੱਵ ਕਰਕੇ ਲੋਕਾਂ ਦੀਆਂ ਖੁਸ਼ੀਆਂ ਵਿਚ ਵਾਧਾ ਕਰਦੇ ਹਨ। ਮੌਤ ਦੇ ਖ਼ੂਹ ਵਿਚ ਕਾਰਾਂ ਅਤੇ ਮੋਟਰਸਾਇਕਲ ਚਲਾਏ ਜਾਂਦੇ ਹਨ। ਵੱਡੇ-ਵੱਡੇ ਅਕਾਸ਼ ਨੂੰ ਛੂੰਹਦੇ ਝੂਲੇ, ਜਿਸ ਨੂੰ ਚਰਖੀ ਕਿਹਾ ਜਾਂਦਾ ਹੈ, ਸੰਗਤਾਂ ਦਾ ਭਰਪੂਰ ਮਨੋਰੰਜਨ ਕਰਦੇ ਹਨ। ਲੋਕਾਂ ਦੀ ਭੀੜ ਵਿਚ ਮਦਾਰੀ ਤਮਾਸ਼ੇ ਕਰਕੇ ਮਨੋਰੰਜਨ ਕਰਦਾ ਹੈ।

---

33 *ਮੁਲਾਕਾਤ*, ਰਣਜੀਤ ਸਿੰਘ ਵਕੀਲ, ਦਮਦਮਾ ਸਾਹਿਬ, ਵਿਸਾਖੀ, 2017.

**ਬਜਾਰ**: ਜੋੜ ਮੇਲਿਆਂ ਵਿਚ ਬਾਜ਼ਾਰ ਬਹੁਤ ਖਾਸ ਸਥਾਨ ਰੱਖਦਾ ਹੈ, ਜੋ ਸਾਡੇ ਜੀਵਨ ਵਿਚ ਜ਼ਰੂਰੀ ਲੋੜਾਂ ਦੀ ਉਪਜ ਵਿਚੋਂ ਪੈਦਾ ਹੋਏ ਹਨ। ਅੰਮ੍ਰਿਤਸਰ ਵਿਚ ਸਥਾਪਿਤ ਗੁਰੂ ਕਾ ਬਾਜ਼ਾਰ ਇਸ ਦੀ ਅਹਿਮੀਅਤ ਨੂੰ ਬਿਆਨ ਕਰਦਾ ਹੈ। ਦੀਵਾਲੀ ਦੇ ਮੌਕੇ ਅੰਮ੍ਰਿਤਸਰ ਵਿਚ ਸਜੇ ਬਾਜ਼ਾਰ ਵਿਸ਼ਵ ਪ੍ਰਸਿੱਧ ਹਨ। ਇਸੇ ਤਰ੍ਹਾਂ ਸਾਰੇ ਜੋੜ ਮੇਲੇ ਮੌਕੇ ਮਠਿਆਈਆਂ, ਮਨਿਆਰੀ, ਕਪੜੇ, ਬੱਚਿਆਂ ਦੇ ਖਿਡੌਣੇ, ਬਰਤਨ ਅਤੇ ਫਲਾਂ ਦੀਆਂ ਦੁਕਾਨਾਂ ਦੇ ਬਾਜ਼ਾਰ ਵਿਸ਼ੇਸ਼ ਖਿੱਚ ਪੈਦਾ ਕਰਦੇ ਹਨ। ਹਰਿੰਦਰ ਕੌਰ ਅਨੁਸਾਰ;

> "ਪੰਜਾਬ ਦੇ ਮੇਲਿਆਂ ਵਿਚ ਵੱਡੀ ਗਿਣਤੀ ਵਿਚ ਬਾਹਰਲੇ ਸੂਬਿਆਂ ਤੋਂ ਦੁਕਾਨਦਾਰ ਅਤੇ ਦਸਤਕਾਰ ਆਪਣਾ ਤਿਆਰ ਕੀਤਾ ਮਾਲ ਲੈ ਕੇ ਇਹਨਾਂ ਮੇਲਿਆਂ ਵਿਚ ਸ਼ਮੂਲੀਅਤ ਕਰਦੇ ਹਨ। ਇਥੇ ਪਸ਼ੂ ਵਪਾਰੀ ਮੇਲੇ ਤੋਂ ਕਈ ਦਿਨ ਪਹਿਲਾਂ ਪਹੁੰਚ ਜਾਂਦੇ ਹਨ ਅਤੇ ਆਖਰੀ ਦਿਨ ਤੱਕ ਠਹਿਰਦੇ ਹਨ, ਪਸ਼ੂਆ ਦੀ ਖ੍ਰੀਦ ਵੇਚ ਕਰਦੇ ਹਨ।"[34]

ਵਪਾਰਕ ਗਤੀਵਿਧੀਆਂ ਮੇਲਿਆਂ ਦੇ ਸਰੂਪ ਨੂੰ ਵਿਲੱਖਣ ਦਿੱਖ ਪ੍ਰਦਾਨ ਕਰਦੀਆਂ ਹਨ। ਇਹਨਾਂ ਪੁਰਬਾਂ ਮੌਕੇ ਸੰਗਤਾਂ ਦੀਆਂ ਲੋੜਾਂ ਦੇ ਮਦੇ-ਨਜ਼ਰ ਬਾਜ਼ਾਰ ਸਜਾਏ ਜਾਂਦੇ ਹਨ, ਜਿਨ੍ਹਾਂ ਵਿਚ ਸਿੱਖ ਧਰਮ ਦੇ ਕਕਾਰ, ਕਿਰਪਾਨਾਂ, ਬਰਛੇ, ਨੇਜੇ ਆਦਿ ਹੁੰਦੇ ਹਨ। ਭਾਂਤ-ਭਾਂਤ ਦੀਆਂ ਮਠਿਆਈਆਂ ਦੇ ਸਜੇ ਬਜ਼ਾਰ ਉਤਸਵ ਦੀ ਸ਼ੋਭਾ ਵਿਚ ਵਾਧਾ ਕਰਦੇ ਹਨ। ਮੇਲੇ ਵਿਚ ਸ਼ਾਮਿਲ ਲੋਕ ਆਪਣੇ ਘਰ ਦੇ ਜੀਆਂ ਲਈ ਨਿਸ਼ਾਨੀ ਦੇ ਤੌਰ ਤੇ ਕੁੱਝ ਨਾ ਕੁੱਝ ਜ਼ਰੂਰ ਖਰੀਦ ਕੇ ਲੈ ਜਾਂਦੇ ਹਨ। ਅੰਮ੍ਰਿਤਸਰ ਦੀਆਂ ਵੜੀਆਂ ਅਤੇ ਕੱਪੜੇ ਜਗਤ ਪ੍ਰਸਿੱਧ ਹਨ। ਬਹੁਤ ਸਾਰੇ ਦਸਤਕਾਰ ਆਪਣਾ ਮਾਲ ਤਿਆਰ ਕਰਕੇ ਇਹਨਾਂ ਪੁਰਬਾਂ ਮੌਕੇ ਵੇਚਦੇ ਹਨ। ਸਿਕਲੀਗਰ ਭਾਈਚਾਰੇ ਦੇ ਕਾਰੀਗਰ ਆਪਣੇ ਤਿਆਰ ਕੀਤੇ ਹੋਏ ਸ਼ਸ਼ਤਰਾਂ ਸਮੇਤ ਸ਼ਾਮਿਲ ਹੁੰਦੇ ਹਨ। ਇਹ ਜੋੜ ਮੇਲੇ ਕਿਰਤੀ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮਾਜ ਦੇ ਵਿਕਾਸ ਵਿਚ ਵੀ ਕਿਰਤੀ ਸਭਿਆਚਾਰ ਦਾ ਵੱਡਾ

---

34 Harinder kaur, *Fairs of the Punjab*,Harman Publishing House, New Delhi, 2004,ਪੰ. 65.

ਯੋਗਦਾਨ ਹੁੰਦਾ ਹੈ, ਜਿਸ ਵਿਚ ਉਹ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਸੱਭਿਆਚਾਰ ਰਚਨਾਤਮਕ ਅਤੇ ਸੁਚੇਤ ਕੋਸ਼ਿਸ਼ਾਂ ਦਾ ਨਤੀਜਾ ਹੈ, ਜੋ ਇਹਨਾਂ ਗਤੀਵਿਧੀਆਂ ਦੁਆਰਾ ਭਵਿਖ ਦੀਆਂ ਨਸਲਾਂ ਤੀਕ ਪੁੱਜਦਾ ਹੈ।

**ਸਾਰ**: ਸਿੱਖ ਪੁਰਬਾਂ ਦੀਆਂ ਵੱਖ-ਵੱਖ ਗਤੀਵਿਧੀਆਂ ਦਾ ਅਧਿਐਨ ਕਰਨ ਉਪਰੰਤ ਸਾਡੀ ਰਾਇ ਅਨੁਸਾਰ ਸਿੱਖ ਪੁਰਬ ਸਿੱਖ ਸੰਗਤ ਲਈ ਧਾਰਮਿਕ, ਆਰਥਕ, ਸਮਾਜਕ ਅਤੇ ਰਾਜਨੀਤਕ ਚੇਤਨਾ ਲਈ ਗਤੀਵਿਧੀਆਂ ਦਾ ਵਿਲੱਖਣ ਸ੍ਰੋਤ ਬਣਦੇ ਹਨ। ਨਗਰ ਨਿਵਾਸੀਆਂ ਵਿੱਚ ਪੁਰਬ ਦੀ ਤਿਆਰੀ ਨੂੰ ਲੈ ਕੇ ਬੇਹੱਦ ਖੁਸ਼ੀ ਵੇਖੀ ਜਾਂਦੀ ਹੈ। ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਸਰੋਵਰ 'ਨਾਲ ਪਿਆਰ ਅਤੇ ਸਤਿਕਾਰ ਨੇ ਸਿੱਖ-ਪੰਥ ਨੂੰ ਅਠ੍ਹਾਰਵੀਂ ਸਦੀ ਵਿਚ ਚੜ੍ਹਦੀਕਲਾ ਦੀ ਭਾਵਨਾ ਵਿਚ ਰੱਖਿਆ ਅਤੇ ਸ਼ੰਘਰਸ਼ ਲਈ ਇਸ ਤੋਂ ਪ੍ਰੇਰਨਾ ਲੈਂਦਾ ਰਿਹਾ ਹੈ। ਪੁਰਾਣੇ ਸਮੇਂ ਲੋਕ ਆਵਾਜਾਈ ਦੇ ਸਾਧਨਾਂ ਦੀ ਘਾਟ ਕਰਕੇ ਜੋੜ ਮੇਲਿਆਂ ਦੇ ਨਿਸ਼ਚਿਤ ਦਿਨਾਂ ਤੋਂ ਕਈ ਦਿਨ ਪਹਿਲਾਂ ਮੇਲਿਆਂ ਦੇ ਸਥਾਨ ਤੇ ਪੁੱਜ ਜਾਂਦੇ ਸਨ। ਗੁਰੂ ਸਾਹਿਬਾਨ ਦੀ ਚਰਨ ਛੋਹ ਪਵਿੱਤਰ ਧਰਤੀ ਨੂੰ ਨਮਸਕਾਰ ਕਰਨੀ ਹਰ ਸਿੱਖ ਦੀ ਅਭਿਲਾਸ਼ਾ ਹੁੰਦੀ ਹੈ। ਸਿਖ ਸੰਗਤਾਂ ਆਪਣੇ ਮਾਨਸਿਕ ਅਤੇ ਸਰੀਰਕ ਰੋਗਾਂ ਤੋਂ ਮੁਕਤੀ ਪਾਉਣ ਲਈ ਇਸ਼ਨਾਨ ਕਰਨ ਦੇ ਕਾਰਜ ਨੂੰ ਜ਼ਰੂਰੀ ਮੰਨਦੀਆਂ ਹਨ। ਸਿੱਖ ਪੁਰਬ ਵਿਚ ਸ਼ਾਮਿਲ ਹੋਣ ਵਾਲੇ ਸ਼ਰਧਾਲੂ ਮੱਥਾ ਟੇਕਣ ਦੀ ਪ੍ਰਥਾ ਨੂੰ ਕੇਂਦਰੀ ਅਤੇ ਜ਼ਰੂਰੀ ਕਾਰਜ ਮੰਨਦੇ ਹਨ। ਧਾਰਮਿਕ ਦੀਵਨ ਵਿਚ ਸ਼ਾਮਲ ਹੋਣਾ ਹਰ ਸਿੱਖ ਆਪਣਾ ਜ਼ਰੂਰੀ ਫਰਜ਼ ਸਮਝਦਾ ਹੈ।

ਸਿੱਖ ਦੇ ਸਮਾਜਕ ਜੀਵਨ ਵਿਚ ਗੁਰਪੁਰਬਾਂ ਮੌਕੇ ਨਿਸ਼ਕਾਮ-ਸੇਵਾ ਦਾ ਬਹੁਤ ਮਹੱਤਵਪੂਰਨ ਦਰਜਾ ਹੈ। ਸਿੱਖ ਪੰਥ ਹਜ਼ਾਰਾਂ ਦੀ ਗਿਣਤੀ ਵਿਚ ਇਸ ਜੋੜ ਮੇਲੇ ਵਿਚ ਸ਼ਮਿਲ ਹੋ ਕੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਦਾ ਹੈ। ਜੋੜ ਮੇਲਿਆਂ ਦੇ ਮੌਕੇ ਗੁਰੂ ਕੇ ਲੰਗਰ ਦੀ ਪ੍ਰਥਾ ਮਨੁੱਖੀ ਬਰਾਬਰਤਾ ਦਾ ਸੰਦੇਸ਼ ਦੇਂਦੀ ਹੈ। ਇਸ ਮੌਕੇ 'ਤੇ ਸਮਾਜ ਸੇਵੀ ਸੰਸਥਾਵਾਂ ਵਿਸ਼ੇਸ਼ ਕੈਂਪ ਲਗਾ ਕੇ ਮੁਫਤ ਦਵਾਈਆਂ ਮੁਹੱਈਆ ਕਰਵਾਉਂਦੀਆਂ ਹਨ। ਨਿਹੰਗ ਸਿੰਘ ਆਪਣੇ ਪ੍ਰੰਪਰਾਗਤ ਪਹਿਰਾਵੇ ਅਤੇ ਹਥਿਆਰਾਂ ਸਮੇਤ ਘੋੜਿਆਂ ਤੇ ਸਵਾਰ ਹੋ ਕੇ ਮੱਹਲੇ ਵਿਚ ਸ਼ਮੂਲੀਅਤ ਕਰਦੇ ਹਨ ਅਤੇ ਸਿੱਖ ਪੁਰਬਾਂ ਵਿਚ

ਨਿਹੰਗ ਸਿੰਘਾਂ ਦੇ ਕਾਰਨਾਮੇਂ ਵਿਸ਼ੇਸ਼ ਖਿਚ ਦਾ ਕੇਂਦਰ ਪ੍ਰਤੀਤ ਹੁੰਦੇ ਹਨ। ਖਾਲਸਾਈ ਵਿਰਾਸਤੀ ਬਾਣੇ ਕਿਸੇ ਇਤਿਹਾਸਕ ਫਿਲਮ ਦੇ ਦ੍ਰਿਸ਼ ਪੇਸ਼ ਕਰਦੇ ਹਨ। ਉਪਰੋਕਤ ਗਤੀਵਿਧੀਆਂ ਪੁਰਬਾਂ ਦੇ ਸਰੂਪ ਨੂੰ ਵਿਲੱਖਣ ਦਿੱਖ ਪ੍ਰਦਾਨ ਕਰਦੀਆਂ ਹਨ। ਇਸ ਅਧਿਐਨ ਵਿਚਲੀਆਂ ਨਿਸ਼ਾਨਦੇਹੀਆਂ ਦੀ ਰੋਸ਼ਨੀ ਵਿਚ ਗੁਰੂ ਸਾਹਿਬਾਨ ਦੇ ਸ਼ਖਸ਼ੀਅਤ ਚਿਤਰਣ ਅਤੇ ਸਿੱਖ ਜੀਵਨ- ਜਾਚ ਵਿਚ ਪਰੰਪਰਾਗਤ ਪਹੁੰਚ ਤੋਂ ਬਾਹਰ ਦੇ ਕੁੱਝ ਨਵੇਂ ਪਹਿਲੂਆਂ ਅਤੇ ਅਧਿਐਨ ਵਿਚ ਵਾਧਾ ਹੋਵੇਗਾ।

# ਅਧਿਆਇ-4

# ਸਿੱਖ ਪੁਰਬਾਂ ਦੇ ਵਿਭਿੰਨ ਪੱਖ

ਸਿੱਖ ਪੁਰਬਾਂ ਦੇ ਆਰੰਭ ਵਿਚ ਗੁਰੂ ਸਹਿਬਾਨ ਨੇ ਇਹਨਾਂ ਦਾ ਉਦੇਸ਼ ਧਰਮ ਦਾ ਪ੍ਰਸਾਰ ਅਤੇ ਪ੍ਰਚਾਰ ਹੀ ਨਿਰਧਾਰਿਤ ਕੀਤਾ ਸੀ। ਸਿੱਖ ਪੁਰਬਾਂ ਦੇ ਪਿਛੋਕੜ ਅਤੇ ਵਰਤਮਾਨ ਸਰੂਪ ਨੂੰ ਅਤੇ ਇਹਨਾਂ ਦੇ ਵਿਭਿੰਨ ਪੱਖਾਂ ਨੂੰ ਇਸ ਅਧਿਆਇ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਪੁਰਬਾਂ ਨਾਲ ਸਿੱਖਾਂ ਦੀ ਸ਼ਰਧਾ, ਭਾਵਨਾ, ਗੁਰੂ ਪਿਆਰ, ਸਤਿਕਾਰ ਅਤੇ ਗੁਰਮਤਿ ਸਿਧਾਂਤ ਦੇ ਵਿਸ਼ਵਾਸ਼ ਦਾ ਅਧਿਐਨ ਕੀਤਾ ਗਿਆ ਹੈ। ਗੁਰੂ ਸਾਹਿਬ ਵੇਲੇ ਭਾਈਚਾਰਕ ਸਾਂਝ ਦੀ ਮਜ਼ਬੂਤੀ ਹਿਤ ਕੀਤੇ ਕਾਰਜਾਂ ਦਾ ਇਤਿਹਾਸਕ ਅਧਿਐਨ ਵੀ  ਕੀਤਾ ਗਿਆ ਹੈ। ਸਿੱਖ ਪੁਰਬ ਸਿੱਖ ਜੀਵਨਧਾਰਾ ਦਾ ਮੂਲ ਅਧਾਰ ਹਨ ਜੋ ਉਹਨਾਂ ਦੇ ਅਧਿਆਤਮਕ ਜੀਵਨ ਦਾ ਅਧਾਰ ਵੀ ਹਨ। ਸਿੱਖ ਪੰਥ ਦੇ ਸਮਾਜਕ ਜੀਵਨ ਵਿਚ ਧਾਰਮਿਕ ਰੀਤੀ ਰਿਵਾਜ ਬਹੁਤ ਅਹਿਮੀਅਤ ਰੱਖਦੇ ਹਨ। ਇਹ ਪੁਰਬ ਸਮਾਜਕ ਸੰਸਥਾਵਾਂ ਦੇ ਸੰਪਰਕ ਕੇਂਦਰਾਂ ਵਾਂਗ ਕਾਰਜ ਕਰਦੇ ਹੋਏ ਵੱਡਮੁੱਲਾ ਯੋਗਦਾਨ ਪਾਉਂਦੇ ਹਨ। ਸਿੱਖ ਜੋੜ ਮੇਲੇ ਗਰਮਤਿ ਦੇ ਮੀਰੀ-ਪੀਰੀ ਵਾਲੇ ਸਿਧਾਂਤ ਦੀ ਕਾਰਜਸ਼ਾਲਾ ਦਾ ਕਾਰਜ ਕਰਦੇ ਹਨ। ਸਰਬਤ ਖਾਲਸਾ ਮੌਕੇ ਹੋਏ ਗਰਮਤਿਆਂ ਨੇ ਇਸ ਖਿੱਤੇ ਦੀ ਰਾਜਨੀਤੀ ਨੂੰ ਕਈ ਸਦੀਆਂ ਤੀਕ ਪ੍ਰਭਾਵਤ ਕੀਤਾ ਹੈ। ਸਿੱਖ ਪੁਰਬ ਆਪਣੇ ਆਰੰਭਕ ਦੌਰ ਤੋਂ ਹੀ ਸਿੱਖ ਸਮਾਜ ਲਈ ਆਰਥਕ ਤੌਰ 'ਤੇ ਕੌਮੀ ਖਜ਼ਾਨੇ ਦੇ ਅਹਿਮ ਸਰੋਤ ਬਣੇ ਹੋਏ ਹਨ।

ਸਮੇਂ ਦੇ ਵਿਕਾਸ ਨੇ ਸਿੱਖ ਪੁਰਬਾਂ ਦੇ ਸਰੂਪ ਨੂੰ ਬਹੁਤ ਪੱਖਾਂ ਤੋਂ ਪ੍ਰਭਾਵਤ ਕੀਤਾ ਹੈ। ਪ੍ਰੰਤੂ ਸਿੱਖ ਪੁਰਬਾਂ ਵਿਚ ਸੰਗਤ ਦੀ ਹਰ ਸਾਲ ਵਧ ਰਹੀ ਭੀੜ ਸੰਕੇਤ ਕਰਦੀ ਹੈ ਕਿ ਇਹ ਆਪਣੀ ਪ੍ਰਸੰਗਤਾ ਕਾਇਮ ਰੱਖਣ ਵਿਚ ਕਾਮਯਾਬ ਹੋ ਰਹੇ ਹਨ।

**ਧਾਰਮਿਕ ਪੱਖ:** ਸਿੱਖ ਪੁਰਬਾਂ ਵਿਚ ਭਾਗੀਦਾਰੀ ਦੀ ਤਮੰਨਾ ਗੁਰੂਧਾਮਾਂ ਦੇ ਦਰਸ਼ਨ ਦੀਦਾਰੇ, ਸ਼ੁਕਰਾਨੇ ਦੀ ਅਰਦਾਸ ਜੋਦੜੀ, ਇਸ਼ਨਾਨ ਦਾਨ ਦੀ ਪ੍ਰਥਾ, ਸੇਵਾ ਦੇ ਕਰਜਾਂ ਵਿਚ ਹਿੱਸੇਦਾਰੀ,

ਗੁਰਬਾਣੀ ਕੀਰਤਨ ਅਤੇ ਗੁਰੂ ਇਤਿਹਾਸ ਪ੍ਰਤੀ ਸਨੇਹ, ਨਾਮ ਸਿਮਰਨ ਅਭਿਆਸ ਅਤੇ ਖੰਡੇ ਕੀ ਪਾਹੁਲ ਧਾਰਨ ਕਰਨ ਦਾ ਪਵਿੱਤਰ ਕਾਰਜ ਜੋੜ ਮੇਲਿਆ ਦੇ ਅਧਿਆਤਮਕ ਪੱਖ ਮੰਨੇ ਜਾ ਸਕਦੇ ਹਨ। ਇਹਨਾਂ ਪੁਰਬਾਂ ਦਾ ਅਧਿਆਤਮਿਕ ਪੱਖ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਇਸ ਨਾਲ ਪੁਰਬਾ ਦੇ ਬਾਕੀ ਪੱਕ ਵੀ ਸੰਬੰਧਤ ਹਨ। ਅਸੀਂ ਇਹ ਕਹਿ ਸਕਦੇ ਹਾਂ ਕਿ ਪੁਰਬਾਂ ਦਾ ਕੇਂਦਰੀ ਪੱਖ ਅਧਿਆਤਮਿਕਤਾ ਹੈ। ਗੁਰਪੁਰਬ ਮਨਾਉਣਾ ਸਿੱਖਾਂ ਦਾ ਪਵਿੱਤਰ ਫਰਜ਼ ਹੈ। ਗੁਰੂ ਕਾਲ ਦੌਰਾਨ ਸਿੱਖ ਪੁਰਬਾਂ ਦਾ ਉਥਾਨ ਇਸ ਲਈ ਕੀਤਾ ਗਿਆ ਕਿ ਮਹੀਨੇ ਵਿਚ ਦੋ ਤਿੰਨ ਪੁਰਬ ਮਨਾਉਣ ਕਰਕੇ ਸਿੱਖ ਅਨਮਤਾਂ ਦੇ ਤਿਉਹਾਰਾਂ ਤੋਂ ਬਚਿਆ ਰਹੇਗਾ। ਗੁਰਪੁਰਬ ਸਿੱਖਾਂ ਦੀ ਕੌਮੀ ਜੀਵਨਧਾਰਾ ਦਾ ਅਧਾਰ ਹਨ, ਜੋ ਸਿੱਖ ਦੇ ਧਾਰਮਿਕ ਜੀਵਨ ਦਾ ਆਸਰਾ ਹਨ। ਗੁਰਪੁਰਬ ਸ਼ੁਕਰ-ਗੁਜ਼ਾਰੀ ਦੇ ਰਸਾਂ ਦਾ ਅਨੁਭਵੀ ਸੋਮਾ ਹਨ। ਇਹ ਪੁਰਬ ਸਚਿਆਰ ਪੁਰਖਾਂ ਦੇ ਕੀਤੇ ਪਰਉਪਕਾਰਾਂ ਨੂੰ ਸਿਮਰਤੀਆਂ ਵਿਚ ਵਸਾਉਣ ਦਾ ਕੇਂਦਰੀ ਸ੍ਰੋਤ ਹਨ। ਇਹ ਪੁਰਬ ਅਜਿਹੇ ਸਿਖਲਾਈ ਕੇਂਦਰ ਹਨ, ਜਿਥੇ ਸਮਾਜ ਦੇ ਸਿਖਾਂਦਰੂ ਪ੍ਰਾਣੀ ਧਾਰਮਿਕ ਕਦਰਾਂ ਕੀਮਤਾਂ ਦਾ ਗਿਆਨ ਪ੍ਰਾਪਤ ਕਰਦੇ ਹਨ। ਭਾਈ ਵੀਰ ਸਿੰਘ ਨੇ ਸਿੱਖ ਪੁਰਬਾਂ ਮੌਕੇ ਸਿੱਖਾਂ ਨੂੰ ਇਹ ਕਾਰਜ ਕਰਨ ਲਈ ਅਪੀਲ ਕੀਤੀ ਹੈ;

> "ਲੜੇ ਹੋਏ ਭਰਾਵਾਂ ਦੀ ਸੁਲ੍ਹਾ ਕਰਾਉਣੀ ਚਾਹੀਦੀ ਹੈ। ਦੋ ਟੋਟੇ ਹੋਈਆਂ ਸਭਾਵਾਂ ਨੂੰ ਮਿਲਾਣਾ ਚਾਹੀਦਾ ਹੈ। ਵਿਗੜੀ ਨੂੰ ਸਵਾਰ ਦੇਣਾ ਚਾਹੀਦਾ ਹੈ। ਆਪਣੇ ਨਾਲ ਵਿਗੜਿਆਂ ਤੋਂ ਖਿਮਾਂ ਮੰਗਣੀ ਤੇ ਦੇਣੀ ਚਾਹੀਏ। ਆਪਣੇ ਪ੍ਰਬਲ ਵਿਕਾਰਾਂ ਨੂੰ ਛੱਡਣ ਦਾ ਪ੍ਰਣ ਕਰਨਾ ਚਾਹੀਦਾ ਹੈ। ਅੰਮ੍ਰਿਤ ਛਕਣਾ ਚਾਹੀਦਾ ਹੈ। ਭਜਨ ਸਿਮਰਨ, ਪਾਠ, ਪੁੰਨ, ਭੋਗ, ਜੋੜ-ਮੇਲ, ਦੀਪਮਾਲਾ, ਨੌਕਰਾਂ ਨੂੰ ਇਨਾਮ ਅਤੇ ਮਿੱਤਰਾਂ ਨੂੰ ਤੋਹਫੇ ਦੇਣੇ।"[1]

ਇਥੇ ਗੁਰੂਆਂ ਪੀਰਾਂ ਨੇ ਆਪਣਾ ਕਾਰਜ ਖੇਤਰ ਰੱਖਿਆ ਹੈ। ਸਿੱਖ ਧਰਮ ਲੋਕ ਅਤੇ ਪ੍ਰਲੋਕ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਇਸ ਵਾਸਤੇ ਆਜ਼ਾਦੀ ਦੀ ਚਾਹਤ, ਜੀਵਨ ਵਿਚ ਵੀਰਤਾ ਦੇ ਗੁਣ,

---

1 ਭਾਈ ਵੀਰ ਸਿੰਘ, *ਗੁਰਪੁਰਬ ਗਲਜ਼ਾਰ*, ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿਲੀ, 1998, ਪੰਨੇ 26-27.

ਉਹਨਾਂ ਦੀ ਮਿੱਤਰਤਾਈ, ਮਹਿਮਾਨ-ਨਿਵਾਜ਼ੀ ਦੀ ਭਾਵਨਾ, ਖਾਣ-ਪੀਣ ਦੇ ਸ਼ੌਕ ਅਤੇ ਸੁਹਜ ਕਲਾਵਾਂ ਦੇ ਸਾਰੇ ਰੰਗ ਜੋੜ-ਮੇਲਿਆਂ ਵਿਚ ਦੇਖੇ ਜਾ ਸਕਦੇ ਹਨ। ਤਿਉਹਾਰ ਅਤੇ ਮੇਲੇ ਪੰਜਾਬੀਆਂ ਦੀ ਜੀਵਨ ਧਾਰਾ ਦੇ ਗੁਣਾਂ ਅਤੇ ਲੱਛਣਾਂ ਦੀ ਸਿਰਫ ਪੇਸ਼ਕਾਰੀ ਹੀ ਨਹੀਂ ਕਰਦੇ, ਸਗੋਂ ਅਜਿਹੇ ਸਮੇਂ ਮੇਲ-ਮਿਲਾਪ ਦੇ ਇਹਨਾਂ ਗੁਣਾਂ ਅਤੇ ਲੱਛਣਾਂ ਨੂੰ ਵਧੇਰੇ ਪ੍ਰਪੱਕ ਅਤੇ ਵਿਕਾਸਸ਼ੀਲ ਬਣਾਉਣ ਵਿਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਜੋੜ ਮੇਲਿਆਂ ਮੌਕੇ ਗੁਰਮਤੇ ਕੀਤੇ ਜਾਂਦੇ ਸਨ, ਜਿਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ;

> "ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰੂ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਓ ਗੁਰਮਤਾ ਕਿਹਾ ਜਾਂਦਾ, ਜੋ ਗੁਰਮਤੇ ਦੇ ਵਿਰੁਧ ਕੋਈ ਕੰਮ ਕਰੇ ਉਹ ਤਨਖਹੀਆ ਹੁੰਦਾ ਸੀ, ਖਾਲਸੇ ਦੇ ਗੁਰਮਤੇ ਅਕਾਲ ਬੁੰਗੇ ਸਾਹਿਬ ਦੇ ਦੀਵਾਨ ਵਿਚ ਖਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖਤ ਕੇਸਗੜ੍ਹ ਹੋਇਆ ਕਰਦੇ ਸਨ, ਗੁਰਮਤੇ ਲਈ ਜਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ।"[2]

ਵਿਸ਼ੇਸ਼ ਪੁਰਬਾਂ ਵਾਲੇ ਦਿਨਾਂ ਵਿਚ ਨਗਰਾਂ, ਬਾਜ਼ਾਰਾਂ ਅਤੇ ਧਾਰਮਿਕ ਸਥਾਨਾਂ ਤੇ ਰੌਣਕ ਵਧੇਰੇ ਵੇਖੀ ਜਾਂਦੀ ਹੈ। ਉਹ ਕਿਹੜੀ ਸ਼ਕਤੀ ਹੈ, ਜੋ ਲੋਕਾਂ ਨੂੰ ਅਜਿਹਾ ਕਰਨ ਲਈ ਪ੍ਰੇਰਿਤ ਕਰਦੀ ਹੈ? ਅਸਲ ਵਿਚ ਇਹ ਲੋਕ ਮਾਨਸਿਕਤਾ ਦੀ ਸ਼ਕਤੀ ਹੁੰਦੀ ਹੈ। ਇਹ ਨਿਯਮ ਲੋਕ ਵਿਵਹਾਰ ਦੇ ਨਿਯਮ ਹੁੰਦੇ ਹਨ। ਸਮਾਜ ਦੇ ਹਰ ਛੋਟੇ ਵੱਡੇ ਸਮੂਹ ਵਿਚ ਲੋਕਾਚਾਰ ਦੀ ਭਾਵਨਾ ਹੁੰਦੀ ਹੈ। ਇਹ ਲੋਕਾਚਾਰ ਦੀ ਭਾਵਨਾ ਹੀ ਜੋੜ-ਮੇਲੇ ਅਤੇ ਪੁਰਬਾਂ ਦੇ ਆਯੋਜਨ ਵਿਚ ਸਫਲਤਾ ਦਾ ਕਾਰਨ ਬਣਦੀ ਹੈ। ਮਾਨਸਿਕ ਤਸੱਲੀ ਦਾ ਅਹਿਸਾਸ ਲੋਕਾਚਾਰ ਵਿਚੋਂ ਹੀ ਮਿਲਦਾ ਹੈ।

ਸਿੱਖਾਂ ਦੇ ਧਾਰਮਿਕ ਜੀਵਨ ਵਿਚ ਸੇਵਾ, ਗੁਰ ਵਿਸ਼ਵਾਸ਼, ਸੰਗਤ, ਗੁਰੂ ਕੇ ਲੰਗਰ ਅਤੇ ਨਾਮ-ਦਾਨ ਦਾ ਬਹੁਤ ਮਹੱਤਵ ਹੈ। ਗੁਰ ਇਤਿਹਾਸ ਅਤੇ ਗੁਰਬਾਣੀ ਵਿਚ ਇਹਨਾਂ ਬਾਰੇ ਬਹੁਤ ਸੰਕੇਤ ਮਿਲਦੇ

---

2 ਭਾਈ ਕਾਨ੍ਹ ਸਿੰਘ ਨਾਭਾ, 'ਗੁਰਮਤਾ' *ਮਹਾਨ ਕੋਸ਼,* ਭਾਸ਼ਾ ਵਿਭਾਗ ਪਟਿਆਲਾ 1972, ਪੰਨੇ. 420-21.

ਹਨ। ਗੁਰੂ ਨਾਨਕ ਜੀ ਨੇ ਥਨੇਸਰ ਅਤੇ ਹਰਿਦੁਆਰ ਦੇ ਪ੍ਰਸਿਧ ਮੇਲਿਆਂ ਤੇ ਜਾ ਕੇ ਗਿਆਨ ਨਾਲ ਧਾਰਮਿਕ ਆਗੂਆਂ ਨੂੰ ਸਤਿਕਾਰਯੋਗ ਬਖਸ਼ਿਸ਼ਾਂ ਨਾਲ ਨਿਵਾਜਿਆ। ਜਗਨਨਾਥ ਪੁਰੀ ਦੇ ਮੇਲੇ ਵਿਚ ਸ਼ਾਮਲ ਹੋ ਕੇ ਆਰਤੀ ਦਾ ਗਿਆਨ ਦਿੱਤਾ। ਇਸਲਾਮ ਦੇ ਕੇਂਦਰੀ ਸਥਾਨ ਮੱਕੇ ਮਦੀਨੇ ਜਾ ਕੇ ਹੱਜ ਵਿਚ ਸ਼ਾਮਲ ਹੋਏ ਅਤੇ ਗਿਆਨ ਦਿਤਾ ਕਿ ਅੱਲ੍ਹਾ ਸਭ ਦਿਸ਼ਾਵਾਂ ਵਿਚ ਹਾਜ਼ਰ ਹੈ ।ਗੁਰੂ ਨਾਨਕ ਸਾਹਿਬ ਨੇ ਸਭ ਲੋਕਾਂ ਸਾਂਝੇ ਰੱਬ ਅਤੇ ਉਸਦੇ ਸਿਰਜੇ ਇਨਸਾਨਾ ਵਿਚ ਬਰਾਬਰੀ ਦਾ ਸੰਦੇਸ਼ ਦਿੱਤਾ। ਪੁਰਬਾਂ ਵਿਚ ਧਾਰਮਿਕ ਅਤੇ ਸਮਾਜਕ ਬਰਾਬਰੀ ਦਾ ਸਿਧਾਂਤ ਵਿਵਾਹਰਿਕ ਰੂਪ ਵਿਚ ਲਾਗੂ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਵੇਲੇ ਉਪਰੋਕਤ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ ਗਿਆ। ਗੁਰੂ ਅਮਰਦਾਸ ਜੀ ਨੇ ਵਿਸਾਖੀ ਦੇ ਪੁਰਬ ਮੌਕੇ ਜੋੜ ਮੇਲਿਆਂ ਦੀ ਰੀਤ ਆਰੰਭ ਕਰਕੇ ਗੁਰਮਤਿ ਦੇ ਸਿਧਾਂਤਾਂ ਦੇ ਸਰੂਪ ਨੂੰ ਉਜਾਗਰ ਕੀਤਾ। ਗੁਰੂ ਰਾਮ ਦਾਸ ਜੀ ਨੇ ਮਨੁੱਖਤਾ ਦੀ ਸੇਵਾ ਲਈ ਅੰਮ੍ਰਿਤਸਰ ਵਿਖੇ ਲੰਗਰ, ਸੇਵਾ ਅਤੇ ਨਾਮ-ਦਾਨ ਦੇ ਕੇਂਦਰ ਸਥਾਪਤ ਕੀਤੇ। ਸੇਵਾ ਦੀ ਪਰਿਭਾਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਕਾਰ ਦਿਤੀ ਹੈ;

"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥"[3]

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਅਕਾਲ ਬੂੰਗੇ ਦੀ ਉਸਾਰੀ ਦੀ ਸੇਵਾ ਆਪਣੇ ਹੱਥੀਂ ਕੀਤੀ, ਜਿਸ ਦੀ ਜਾਣਕਾਰੀ ਇਤਿਹਾਸਕ ਗ੍ਰੰਥਾਂ ਵਿਚ ਮਿਲਦੀ ਹੈ। ਗੁਰੂ ਹਰਿ ਰਾਏ ਜੀ ਨੇ ਕੀਰਤਪੁਰ ਨਗਰ

3 *ਸ੍ਰੀ ਗੁਰੂ ਗ੍ਰੰਥ ਸਾਹਿਬ*, ਰਾਗ ਗਾਉੜੀ, ਪੰ.286.

ਵਿਖੇ ਸੇਵਾ ਨੂੰ ਸਿੱਖ ਸਮਾਜ ਦਾ ਸ਼੍ਰੋਮਣੀ ਕਾਰਜ ਬਣਾਇਆ। ਗੁਰੂ ਦਸ਼ਮੇਸ ਨੇ ਖਾਲਸੇ ਦੀ ਰਹਿਤ ਵਿਚ ਤਨ, ਮਨ, ਧਨ ਨੂੰ ਜ਼ਰੂਰੀ ਫਰਜ਼ ਵਜੋਂ ਸ਼ਾਮਲ ਕੀਤਾ। ਆਨੰਦਪੁਰ ਨਗਰ ਵਿਚ ਸੇਵਾ ਪੰਥੀਆਂ ਦੇ ਮੋਢੀ ਭਾਈ ਘਨਈਆ ਦੀ ਸੇਵਾ ਦਾ ਵਿਸ਼ੇਸ਼ ਸਤਿਕਾਰ ਕੀਤਾ। ਖਾਲਸਾ ਪੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਇਕ ਅਕਾਲਪੁਰਖ ਦਾ ਉਪਾਸ਼ਕ ਹੈ ਅਤੇ ਸ਼ਸਤਰ ਵਿਦਿਆ ਨਾਲ ਬਹੁਤ ਪਿਆਰ ਕਰਦਾ ਹੈ। ਖਾਲਸਾ ਪੰਥ ਆਪਣੇ ਸਮੂਹਕ ਉਦੇਸ਼ ਦੀ ਪੂਰਤੀ ਹਿਤ ਸੰਸਾਰਕ ਬੰਧਨਾਂ ਦਾ ਤਿਆਗ ਕਰ ਦਿੰਦਾ ਹੈ। ਇਸ ਦਾ ਸਮੂਹਿਕ ਵਿਅਕਤਿੱਤਵ ਅਦੁੱਤੀ ਹੈ। ਦੋਸਤਾਂ ਦੀ ਸੁਰੱਖਿਆ ਕਰਨਾ ਅਤੇ ਦੁਸ਼ਮਣਾਂ ਦਾ ਨਾਸ਼ ਕਰਨਾ ਖਾਲਸਾ ਪੰਥ ਦਾ ਮੁੱਖ ਕਰਤੱਵ ਹੈ। ਗਿਆਨੀ ਗਿਆਨ ਸਿੰਘ ਅਨੁਸਾਰ;

"ਇਕ ਅਕਾਲ ਕੀ ਕਰਤ ਬੰਦਗੀ। ਸ਼ਸਤ੍ਰ ਬਿਦਿਯਾ ਬਹੁ ਪਸਿੰਦਗੀ।
ਨਾਮ ਸਿੰਘ ਬਨ ਮਜਬ ਖਾਲਸਾ। ਛੋਡ ਦੇਤ ਸਭ ਜਗਤ ਜਾਲਸਾ।"[4]

ਗੁਰਦੁਆਰਿਆਂ ਵਿਚ ਭਵਨ ਨਿਰਮਾਣ ਦੇ ਕਾਰਜ ਸਿੱਖ ਸੰਗਤਾਂ ਦੇ ਸਰੀਰਕ ਸਹਿਯੋਗ ਨਾਲ ਪੂਰਨ ਕੀਤੇ ਜਾਂਦੇ ਹਨ। ਸਿੱਖ ਸੰਗਤਾਂ ਗੁਰਪੁਰਬ ਮੌਕੇ ਕਾਰ ਸੇਵਾ ਕਰਕੇ ਆਪਣਾ ਜਨਮ ਸਫਲਾ ਕਰਦੀਆਂ ਹਨ। ਇਸ ਕਾਰਜ ਵਿਚ ਲੰਗਰ ਵਿਚ ਬਰਤਨ ਸਾਫ ਕਰਨ ਦੀ ਸੇਵਾ, ਪਾਣੀ ਪਿਆਉਣ ਦੀ ਸੇਵਾ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਮਾਘੀ ਦੇ ਪੁਰਬ ਮੌਕੇ ਭਾਈ ਹਰਦੀਪ ਸਿੰਘ ਨੇ ਦਸਿਆ;

"ਗੁਰਪੁਰਬ ਵਿਚ ਸ਼ਾਮਲ ਸੰਗਤ ਨੂੰ ਗੁਰੂ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸੰਗਤਾਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਯਾਤਰੀ ਨਿਵਾਸ, ਗੁਰੂ ਕੇ ਲੰਗਰ, ਸਿਹਤ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਜਾਤ-ਪਾਤ, ਅਮੀਰ-ਗਰੀਬ, ਰੰਗ-ਨਸਲ ਅਦਿਕ ਭੇਦ-ਭਾਵ ਨੂੰ ਅਣਡਿੱਠ ਕਰਕੇ ਹਰ ਵਿਅਕਤੀ ਦੀ ਸੇਵਾ ਕੀਤੀ ਜਾਂਦੀ ਹੈ।"[5]

4 ਗਿਆਨੀ ਗਿਆਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼*, ਭਾਸ਼ਾ ਵਿਭਾਗ ਪਟਿਆਲਾ, 1972, ਪੰ.727.

5 *ਹਰਦੀਪ ਸਿੰਘ,* ਪ੍ਰਧਾਨ, ਰਾਜਸਥਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਗੰਗਾਨਗਰ, 15 ਜਨਵਰੀ, 2016.

ਪੰਜਾਬ ਦੇ ਹਰ ਪਾਸੇ ਇਹਨਾਂ ਮੌਕਿਆਂ ਤੇ ਸਵੈ-ਇੱਛਾ ਅਨੁਸਾਰ ਲੰਗਰ ਆਯੋਜਿਤ ਕੀਤੇ ਜਾਂਦੇ ਹਨ। ਇਹਨਾਂ ਲੰਗਰਾਂ ਵਿਚ ਆਪਣੀ ਕਿਰਤ ਕਮਾਈ ਦੇ ਦਸਵੰਧ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੰਗਤਾਂ ਦੇ ਜੂਠੇ ਬਰਤਨਾਂ ਨੂੰ ਸਾਫ ਕਰਨ ਦੀ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ। ਇਹਨਾਂ ਜੋੜ ਮੇਲਿਆਂ ਵਿੱਚ ਵਿਸ਼ਵ ਭਰ ਤੋਂ ਆਏ ਤੀਰਥ ਯਾਤਰੀ ਨਿਸ਼ਕਾਮ ਸੇਵਾ ਕਰਕੇ ਆਪਣੇ ਆਪ ਨੂੰ ਧੰਨਭਾਗੀ ਬਣਾਉਂਦੇ ਹਨ। ਸਿੱਖ ਸਮਾਜ ਵਿੱਚ ਜਿਨ੍ਹਾਂ ਲੋਕਾਂ ਦੇ ਔਲਾਦ ਨਹੀਂ ਪੈਦਾ ਹੁੰਦੀ, ਉਹ ਗੁਰੂ ਅੱਗੇ ਅਰਦਾਸਾਂ ਕਰਕੇ ਪੁਰਬਾਂ ਮੌਕੇ ਸੇਵਾ ਕਰਦੇ, ਸੁੱਖਾਂ ਸੁਖਦੇ ਹਨ। ਮਨੌਤਾਂ ਪੂਰੀਆਂ ਹੁੰਦੀਆਂ ਹਨ ਅਤੇ ਉਹ ਬੱਚਿਆਂ ਸਮੇਤ ਹਾਜ਼ਰੀ ਭਰਦੇ ਹਨ।

ਗੁਰਮਤਿ ਅਨੁਸਾਰ ਗੁਰਮੁੱਖ ਮਨੁੱਖ ਦਾ ਸਮੁੱਚਾ ਜੀਵਨ ਮਾਨਵੀ ਸਮਾਜ ਅਤੇ ਸੱਭਿਆਚਾਰ ਲਈ ਪ੍ਰੇਰਨਾ ਸ੍ਰੋਤ ਹੈ। ਲੋਕ ਮਨਾਂ ਅੰਦਰ ਸ਼ਹਿਨਸ਼ੀਲਤਾ, ਕੁਰਬਾਨੀ ਅਤੇ ਸੇਵਾ ਭਾਵਨਾ ਦਾ ਵਿਕਾਸ ਕਰਦਿਆਂ ਮਨੁੱਖ ਨੇ ਆਪ ਮਾਨਵੀ ਸਮਾਜ ਅਤੇ ਸਭਿਆਚਾਰ ਲਈ ਖਾਸ ਕਾਰਜ ਕਰਨੇ ਹਨ। ਸਿੱਖ ਪੁਰਬਾਂ ਵਿਚ ਮਰਿਆਦਾ ਬਹੁਤ ਅਹਿਮੀਅਤ ਰਖਦੀ ਹੈ। ਇਹ ਮਰਿਆਦਾ ਕੁਝ ਸਮੇਂ ਪਿਛੋਂ ਕੁੱਝ ਰੀਤੀ ਰਿਵਾਜ ਪੈਦਾ ਕਰਦੀ ਹੈ ਜੋ ਲੋਕ ਵਿਸ਼ਵਾਸ਼ ਦਾ ਰੂਪ ਪ੍ਰਗਟ ਕਰਦੀ ਹੈ। ਅਧਿਆਤਮਕ ਕ੍ਰਮ ਮਰਿਆਦਾ ਆਪਣੀ ਤਾਜ਼ਗੀ ਨਾਲੋਂ ਟੁੱਟ ਕੇ ਕੇਵਲ ਫੋਕਟ ਕਰਮ ਕਾਂਡ ਵਿਚ ਤਬਦੀਲ ਹੋ ਰਹੀ ਹੈ। ਬਿਪਰਨ ਸੰਸਕਾਰਾਂ ਨੂੰ ਪਹਿਲ ਦੇ ਅਧਾਰ ਉਤੇ ਕਾਰਜਸ਼ੀਲ ਕੀਤਾ ਜਾ ਰਿਹਾ ਹੈ। ਡਾ. ਜੋਧ ਸਿੰਘ ਅਨੁਸਾਰ;

"ਸਿੱਖ ਧਰਮ ਮਨੁੱਖ ਦੀ ਸ਼ਖਸੀਅਤ ਦੇ ਅਜਿਹੇ ਕੁਦਰਤੀ ਜੀਵ ਵਿਗਿਆਨਕ ਵਿਕਾਸ ਤੇ ਜ਼ੋਰ ਦਿੰਦਾ ਹੈ, ਜਿਸ ਵਿਚ ਕੁਦਰਤ ਦੇ ਸਾਰੇ ਰੂਪਾਂ ਨਾਲ ਇਕੱਸੁਰਤਾ ਕਾਇਮ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ। ਸਾਰਿਆਂ ਲਈ ਇਕ ਅਨੁਕੂਲ ਚੁਗਿਰਦੇ ਦੀ ਸਿਰਜਣਾਂ ਨੂੰ ਮਨੁੱਖ ਦਾ ਜ਼ਰੂਰੀ ਫਰਜ਼ ਨਿਸ਼ਚਤ ਕੀਤਾ ਗਿਆ ਹੈ। ਗੁਰਬਾਣੀ ਧਰਤੀ 'ਤੇ ਵੱਸਦੇ

> ਮਨੁੱਖ ਨੂੰ ਸਿਰਫ ਦੂਸਰੇ ਮਨੁੱਖਾਂ ਪ੍ਰਤਿ ਹੀ ਨਹੀਂ ਸਗੋਂ ਸਾਰੇ ਜੀਵ ਜੰਤੂਆਂ ਅਤੇ ਬਨਸਪਤੀ ਪ੍ਰਤੀ ਵੀ ਸਹਿਣਸ਼ੀਲ ਹੋਣ ਬਾਰੇ ਪ੍ਰੇਰਦੀ ਹੈ।"[6]

ਮਨੁੱਖੀ ਸੇਵਾ ਦੇ ਪ੍ਰਤੀਕ, ਪੁਰਬਾਂ ਅਤੇ ਜੋੜ-ਮੇਲਿਆਂ, ਤਿਉਹਾਰਾਂ, ਧਰਮ ਕਰਮ ਦੇ ਕਾਰਜਾਂ ਨੂੰ ਹੀਣ ਭਾਵਨਾ ਅਧੀਨ ਫਾਲਤੂ ਦੇ ਅੰਧ-ਵਿਸ਼ਵਾਸ ਮੰਨ ਕੇ ਤਿਆਗਿਆ ਜਾ ਰਿਹਾ ਹੈ। ਲੋਕ ਆਪਣੀ ਪਵਿੱਤਰ ਧਰਤੀ ਦਾ ਕੌਮੀ ਖਜ਼ਾਨਾ ਪਿਛੜੀ ਸੋਚ ਆਖ ਕੇ ਅਚੇਤ ਜਾਂ ਸੁਚੇਤ ਰੂਪ ਵਿਚ ਖਤਮ ਕਰਨ ਲਈ ਉਤਾਵਲੇ ਹਨ। ਪਰ ਉਸ ਦੇ ਬਦਲ ਵਿੱਚ ਅਜਿਹਾ ਕੋਈ ਉਸਾਰੂ ਅਤੇ ਸਾਰਥਿਕ ਵਰਤਾਰਾ ਸਿਰਜਿਆ ਨਹੀਂ ਗਿਆ। ਜਿਸ ਦਾ ਨਤੀਜਾ ਜੀਵਨ ਦੀ ਨਿਰੰਤਰ ਗਤੀ ਬਹੁਤ ਹੱਦ ਤੱਕ ਡਾਵਾਂਡੋਲ ਹੋ ਰਹੀ ਹੈ।

**ਸਿੱਖ ਪੁਰਬਾਂ ਦਾ ਮਾਨਵਵਾਦੀ ਪੱਖ:** ਸਿੱਖ ਧਰਮ ਦਾ ਮੁੱਖ ਉਦੇਸ਼ ਸਰਬੱਤ ਦੇ ਭਲੇ ਲਈ ਕਾਰਜ ਕਰਨਾ ਹੈ। ਸੁਭਾਵਿਕ ਹੀ ਸਰਬੱਤ ਦਾ ਭਲਾ ਨਿੱਜੀ ਹਿਤਾਂ ਨੂੰ ਪਾਸੇ ਰੱਖ ਕੇ ਕੀਤਾ ਜਾਂਦਾ ਹੈ। ਸਿੱਖ ਪੁਰਬਾਂ ਵਿਚ ਜਾਤ, ਧਰਮ, ਨਸਲ, ਲਿੰਗ, ਖੇਤਰੀਵਾਦ ਆਦਿ ਦੇ ਭੇਦ ਭਾਵਾਂ ਤੋਂ ਉਪਰ ਉੱਠ ਕੇ ਕੀਤੀ ਜਾਂਦੀ ਸੇਵਾ ਸਮੁੱਚੀ ਮਨੁੱਖਤਾ ਲਈ ਹੁੰਦੀ ਹੈ। ਇਸ ਦਾ ਕੇਂਦਰੀ ਮਨੋਰਥ ਹਰ ਮਾਨਵ ਲਈ ਸੁਤੰਰਤਤਾ ਅਤੇ ਨਿਆਂ ਦੀ ਰੱਖਿਆ ਕਰਨਾ ਹੈ। ਗੁਰੂ ਸਾਹਿਬ ਦਾ ਸੰਦੇਸ਼ ਹੈ ਕਿ ਮਾਨਵ ਸਰੂਪ ਵਿਚ ਸ਼ਹਿਨਸ਼ੀਲਤਾ ਅਤੇ ਇਰਾਦਾ ਸਾਰੇ ਮਨੁੱਖਾਂ ਨੂੰ ਇਕੋ ਕਰਤੇ ਦੀ ਸੱਚੀ ਸਿਰਜਨਾ ਦੀ ਨਿਸ਼ਨ-ਦੇਹੀ ਕਰਨ ਦੀ ਯੋਗਤਾ ਰੱਖਦੇ ਹਨ। ਇਹ ਚੇਤਨਾ ਦੀ ਅਜਿਹੀ ਵਿਧੀ ਹੈ, ਜਿਸ ਨਾਲ ਲੋਕਾਈ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ ਤੇ ਹੱਲ ਕਰਕੇ ਸਮਾਜਿਕ ਜੀਵਨ ਸੁਖਾਲਾ ਬਣਾਉਣਾ ਹੈ। ਤਾਰਨ ਸਿੰਘ ਅਨੁਸਾਰ;

> "ਗੁਰੂ ਨਾਨਕ ਸਾਹਿਬ ਦਾ ਯਤਨ ਇਕ ਫਿਰਕਾ ਬਣਾਣਾ ਨਹੀਂ ਸੀ। ਉਹ ਮਨੁੱਖ ਦੇ ਮਨ ਦੀ ਇਕ ਖਾਸ ਦਸ਼ਾ ਪੈਦਾ ਕਰਨਾ ਚਾਹੁੰਦੇ ਸਨ, ਫਿਰਕਾ ਭਾਵੇਂ ਉਸਦਾ ਕੋਈ ਹੋਵੇ- ਜੋਗੀ

6 ਜੋਧ ਸਿੰਘ, *ਸਿੱਖ ਭਗਤੀ: ਸਰੂਪ ਤੇ ਅਧਾਰ,* ਪੰ.134.

ਹੋਵੇ, ਮੁਸਲਮਾਨ ਹੋਵੇ, ਹਿੰਦੂ ਹੋਵੇ, ਵੈਸ਼ਨਵ ਹੋਵੇ, ਜੈਨੀ ਹੋਵੇ। ਮਨੁੱਖ ਇਕ ਖਾਸ ਸਦਾਚਾਰਕ ਪੱਧਰ ਵਾਲਾ ਹੋਵੇ, ਕੰਮ ਭਾਵੇਂ ਉਹ ਕੋਈ ਕਰਦਾ ਹੋਵੇ- ਹਾਲੀ ਹੋਵੇ, ਸੌਦਾਗਰ ਹੋਵੇ, ਬਾਦਸ਼ਾਹ ਹੋਵੇ। ਮਨੁੱਖ ਕਿਸੇ ਫਿਰਕੇ ਦਾ ਹੋਵੇ, ਕਿਸੇ ਪੰਥ ਦਾ ਹੋਵੇ, ਕਿਸੇ ਕਿੱਤੇ ਦਾ ਹੋਵੇ, ਗੁਰੂ ਨਾਨਕ ਉਸ ਵਿਚ ਇਕ ਵਿਸ਼ੇਸ਼ ਸਦਾਚਾਰਕ ਦਸ਼ਾ ਜਾਂ ਮਨੁੱਖਤਾ ਵੇਖਣਾ ਚਾਹੁੰਦੇ ਸਨ।"[7]

ਸਾਰੇ ਜਗਤ ਨੂੰ ਮਨੁੱਖ ਦਾ ਘਰ ਮੰਨਦੇ ਹੋਏ, ਮਾਨਵੀ-ਸਦਭਾਵਨਾ ਅਤੇ ਮੇਲ-ਜੋਲ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ। ਸੇਵਾ, ਸਮਰਪਣ, ਸਵੈਮਾਣ, ਗਿਆਨ, ਨਿਮਰਤਾ, ਨਿਰਵੈਰਤਾ, ਨਿਰਭੈਤਾ ਆਦਿਕ ਗੁਣ ਇਸ ਭਾਵਨਾ ਦਾ ਕੇਂਦਰੀ ਅਧਾਰ ਹੁੰਦੇ ਹਨ।

ਸਿੱਖ ਪੁਰਬ ਦਾ ਪ੍ਰਯੋਜਨ ਗੁਰੂ ਨਾਨਕ ਜੀ ਦੇ ਸਿਧਾਂਤ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਸਮਾਜ ਦੇ ਕਲਿਆਣ ਹਿਤ ਪ੍ਰਸਾਰ ਕਰਨਾ ਸੀ। ਸਮਾਜਕ ਬਰਾਬਰੀ ਲਈ ਮਾਨਵੀ ਕਲਿਆਣ ਦੇ ਉਦੇਸ਼ ਮੁਤਾਬਕ ਗੁਰੂ ਸਾਹਿਬਾਨ ਨਵੇਂ ਸਮਾਜ ਦੀ ਸਿਰਜਨਾ ਕੀਤੀ। ਇਸ ਸਿਰਜਨਾ ਵਿਚ ਸਿੱਖ ਪੁਰਬਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਮਾਨਵੀ ਕਲਿਆਣ ਦਾ ਹਿਸਾ ਸੀ ਜਿਸ ਨੂੰ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਵਿਸਾਖੀ ਦੇ ਪੁਰਬ ਤੋਂ ਅਮਲੀ ਰੂਪ ਵਿਚ ਲਾਗੂ ਕੀਤਾ। ਇਸਦੇ ਫਲਸਰੂਪ ਵੱਡੇ-ਵੱਡੇ ਸਮਾਜ ਸੁਧਾਰ ਦੇ ਪ੍ਰੋਗਰਾਮ ਮਾਨਵੀ ਭਾਵਨਾਵਾਂ ਦੀ ਪਰਫੁੱਲਤਾ ਲਈ ਕਾਰਜਸ਼ੀਲ ਹੋਏ। ਡਾ: ਬਲਜੀਤ ਕੌਰ ਅਨੁਸਾਰ"ਮਾਨਵਵਾਦੀ ਆਦਰਸ਼ਾਂ ਦੇ ਆਧਾਰ 'ਤੇ ਸਿੱਖ ਪੰਥ ਵਿਚ ਜਾਤ-ਪਾਤ, ਊਚ-ਨੀਚ ਦਾ ਕੋਈ ਭਿੰਨ-ਭੇਦ ਨਹੀਂ। ਸਾਰੀ ਮਾਨਵ ਜਾਤੀ ਇੱਕ ਹੈ।"[8]

ਗੁਰੂ ਰਾਮਦਾਸ ਜੀ ਵੱਲੋਂ ਅੰਮ੍ਰਿਤਸਰ ਨਗਰ ਵਿਖੇ ਮਨਾਏ ਜਾਂਦੇ ਦਿਵਾਲੀ ਦੇ ਪੁਰਬ ਨੇ ਮਾਨਵੀ ਗੁਣਾਂ ਦੇ ਵਿਕਾਸ ਵਿਚ ਭਾਰੀ ਯੋਗਦਾਨ ਪਾਇਆ। ਗੁਰੂ ਅਰਜਨ ਦੇਵ ਜੀ ਨੇ ਮਾਨਵੀ ਗੁਣਾਂ ਨੂੰ ਸਿੱਖ ਪੰਥ ਦਾ ਸਦੀਵੀ ਅੰਗ ਬਣਾ ਦਿੱਤਾ। ਇਸ ਕਾਰਜ ਨੂੰ ਤਰਨਤਾਨ ਵਿਖੇ ਕੌਮੀ ਪੁਰਬ ਆਯੋਜਿਤ ਕਰਕੇ

---

7 ਤਾਰਨ ਸਿੰਘ, *ਭਗਤੀ ਤੇ ਸ਼ਕਤੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2005, ਪੰ. 120.

8 ਬਲਜੀਤ ਕੌਰ, *ਪੰਥ ਖਾਲਸਾ:ਮਾਨਵੀ ਪ੍ਰਰਿਪੇਖ ਵਿਚ*, ਗੁਰਮਤਿ ਪ੍ਰਕਾਸ਼, ਅਪ੍ਰੈਲ 1994,ਪੰ. 25.

ਨਿਰੰਤਰ ਜਾਰੀ ਰੱਖਿਆ। ਗੁਰੂ ਹਰਿਗੋਬਿੰਦ ਜੀ ਦੇ ਵਕਤ ਇਸ ਵਿਚ ਮਾਨਵੀ ਗੁਣਾਂ ਦੀ ਵਿਰੋਧੀ ਮਾਨਸਿਕ ਗੁਲਾਮੀ 'ਬੰਦੀ ਛੋੜ' ਦੇ ਪ੍ਰਤੀਕ ਵਜੋਂ ਪ੍ਰਕਾਸ਼ਮਾਨ ਹੋਈ। ਗੁਰੂ ਹਰਿਰਾਏ ਜੀ ਨੇ ਕੀਰਤਪੁਰ ਨਗਰ ਵਿਖੇ ਦਵਾਖਾਨਾ (ਹਸਪਤਾਲ) ਖੋਲ੍ਹ ਕੇ ਮਾਨਵੀ ਸੇਵਾ ਦੇ ਵਿਕਾਸ ਵਿਚ ਵੱਡਮੁੱਲਾ ਯੋਗਦਾਨ ਪਾਇਆ, ਜਿਸ ਵਿਚੋਂ ਵਕਤੀ ਗੁਰੂ ਦਰਬਾਰ ਦੇ ਵਿਰੋਧੀ ਜਹਾਂਗੀਰ ਦੀ ਸਿਹਤਯਾਬੀ ਲਈ ਦਵਾਈ ਭੇਜੀ ਗਈ, ਜੋ ਮਾਨਵਤਾ ਲਈ ਅਨੋਖੀ ਮਿਸਾਲ ਹੈ। ਸਿੱਖ ਪੁਰਬਾਂ ਸਮੇਂ ਕੀਰਤਪੁਰ ਸੰਗਤ ਲਈ ਆਧੀਆਂ, ਬਿਆਧੀਆਂ ਅਤੇ ਉਪਾਧੀਆਂ ਦੇ ਪੀੜਤ ਰੋਗੀਆਂ ਲਈ ਤੰਦਰੁਸਤੀ ਦਾ ਵੱਡਾ ਕੇਂਦਰ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਚੇਚਕ ਵਰਗੀਆਂ ਬਿਮਾਰੀਆਂ ਦੀ ਮਹਾਂਮਾਰੀ ਮੌਕੇ ਮਾਨਵਤਾ ਦੀ ਸੇਵਾ ਹਿਤ ਗੁਰੂ ਦਰਬਾਰ ਦੇ ਸਾਰੇ ਆਰਥਿਕ ਸ੍ਰੋਤ ਵਰਤੇ। ਇਸ ਲਈ ਸਿੱਖ ਪੰਥ ਦੇ ਨਿਤਨੇਮ ਦੀ ਅਰਦਾਸ ਵਿਚ ਹਰਿਕ੍ਰਿਸ਼ਨ ਜੀ ਬਾਰੇ ਸਾਰੇ ਦੁੱਖ ਦੂਰ ਹੋਣ ਦਾ ਲੋਕ ਵਿਸ਼ਵਾਸ਼ ਪ੍ਰਸਿੱਧ ਹੈ।ਸਿੱਖ ਨਿਤਨੇਮ ਦੀ ਅਰਦਾਸ ਵਿਚ ਗੁਰੂ ਨੂੰ ਹਾਜ਼ਰ ਜਾਣ ਕੇ ਦ੍ਰਿੜ ਕਰਦੇ ਹਨ,"ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੈ ਸਭ ਦੁਖ ਜਾਇ॥" ਇਸ ਬਾਰੇ ਗਿਆਨੀ ਜਸਵੰਤ ਸਿੰਘ ਪ੍ਰਵਾਨਾ ਲਿਖਦੇ ਹਨ;

> " ਕੁਝ ਸਿਆਣਿਆਂ ਦਾ ਮੱਤ ਹੈ ਕਿ ਮਹਾਂਪੁਰਖ ਜਗਤ ਦੇ ਵਿਚਕਾਰ ਬੈਠ ਕੇ ਸੁੱਖ ਵੰਢਦੇ ਹਨ ਪਰ ਜਗਤ ਦੇ ਦੁੱਖਾਂ ਨੂੰ ਲੈ ਕੇ ਜਗਤ ਤੋਂ ਬਾਹਰਵਾਰ ਕਿਨਾਰੇ ਹੋ ਕੇ ਸਮਾਂ ਬਿਤਾ ਦਿੰਦੇ ਹਨ। ਉਹਨਾਂ ਨੇ ਵੀ ਖੁਸ਼ੀਆਂ ਦਿੱਲੀ ਵਿਚ ਬੈਠ ਕੇ ਵੰਡੀਆਂ ਅਤੇ ਦਿੱਲੀ ਦਾ ਦੁੱਖ ਲੈ ਕੇ ਦਿੱਲੀ ਤੋਂ ਬਾਹਰਵਾਰ ਬਾਲਾ ਸਾਹਿਬ ਜਾ ਕੇ ਸਰੀਰਕ ਚੋਲਾ ਛੱਡ ਦਿੱਤਾ।" [9]

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਾਕੇ ਬਾਰੇ ਕਰਮਜੀਤ ਸਿੰਘ ਲਿਖਦੇ ਹਨ;

> "ਇਹ ਘਟਨਾ ਸਮੁੱਚੀ ਮਾਨਵਤਾ ਦੀ ਸਾਂਝੀ ਵਿਰਾਸਤ ਬਣ ਗਈ ਹੈ। ਸਾਂਝੀ ਵਿਰਾਸਤ ਬਣ ਜਾਣ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਸਾਹਿਬਜ਼ਾਦਿਆਂ ਬਾਰੇ ਸੁੱਚੇ ਹੰਝੂਆਂ ਵਿਚ ਭਿੱਜੀ ਦਰਦਨਾਕ ਕਵਿਤਾ ਹੁਣ ਤੱਕ ਜੇ ਕੋਈ ਲਿਖ ਸਕਿਆ ਹੈ ਤਾਂ

---

9 ਜਸਵੰਤ ਸਿੰਘ ਪ੍ਰਵਾਨਾ, *ਗੁਰਪੁਰਬ ਗਾਥਾਵਾਂ*, ਨਿਊ ਬੁੱਕ ਕੰਪਨੀ ਜਲੰਧਰ,2011,ਪੰ.124.

ਉਹ ਸਿੱਖ ਧਰਮ ਨਾਲ ਸਬੰਧਤ ਨਹੀਂ, ਸਗੋਂ ਇਕ ਮੁਸਲਮਾਨ ਸੂਫ਼ੀ ਸ਼ਾਇਰ ਹਕੀਮ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ ਸੀ।"[10]

ਸਿੱਖ ਜੋੜ ਮੇਲਿਆਂ ਨੇ ਸਮਾਜ ਦੀਆਂ ਕਲਿਆਣਕਾਰੀ ਸੇਵਾਵਾਂ ਵਿਚ ਮਹਤੱਵਪੂਰਨ ਯੋਗਦਾਨ ਪਾਇਆ ਹੈ। ਇਹ ਮੇਲੇ ਸਿੱਖ ਸਿਧਾਂਤਾਂ ਦੀ ਪ੍ਰੋਯਗਸ਼ਾਲਾ ਹਨ, ਜਿਥੇ ਨਾਮ ਅਭਿਆਸੀਆਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਸਿੱਖ ਪੁਰਬਾਂ ਦਾ ਆਯੋਜਨ ਤੇ ਪ੍ਰਯੋਜਨ ਮਾਨਵੀ ਭਲਾਈ ਅਤੇ ਲੋਕ ਹਿਤੈਸ਼ੀ ਕਦਰਾਂ ਕੀਮਤਾਂ ਦੀ ਪ੍ਰਫੁੱਲਤਾ ਵਾਸਤੇ ਹੀ ਹੋਇਆ ਹੈ। ਗੁਰਮਤਿ ਦਾ ਸਿਧਾਂਤ "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥" 'ਤੇ ਸੇਧਤ ਹੈ, ਜੋ ਮਨੁੱਖਾਂ ਤੋਂ ਇਲਾਵਾ ਬਨਸਪਤੀ ਅਤੇ ਜੀਵ ਜੰਤੂਆਂ ਦੇ ਕਲਿਆਣ ਬਾਰੇ ਵੀ ਬਚਨਬੱਧ ਹੋਣ ਲਈ ਜ਼ੋਰ ਦਿੰਦਾ ਹੈ। ਕਰਨਲ ਗੁਰਦੀਪ ਸਿੰਘ ਅਨੁਸਾਰ;

"ਗੁਰੂ ਨਾਨਕ ਫਲਸਫਾ ਮਨੁੱਖ ਨੂੰ ਉਸਦੇ ਫਰਜ਼ਾਂ ਅਤੇ ਹੱਕਾਂ ਬਾਰੇ ਸੁਚੇਤ ਕਰ ਕੇ ਕਾਦਰ ਦੀ ਕੁਦਰਤ ਨਾਲ ਇਕ ਸੁਰ ਹੋ ਕੇ, ਹੁਕਮਿ ਰਜਾਈ ਚਲਣ ਦਾ ਤਰੀਕਾ ਸਮਝਾਉਂਦਾ ਹੈ।"[11]

ਗੁਰੂ ਕਾਲ ਵਿਚ ਗੁਰੂ ਕੀ ਗੋਲਕ' ਦੀ ਵਰਤੋਂ ਮਨੁੱਖਤਾ ਦੀ ਸੇਵਾ ਵਿਚ ਲਗਦੀ ਸੀ। ਜਦੋਂ ਵੀ ਕਾਲ ਜਾਂ ਮਹਾਂਮਾਰੀ ਫੈਲਦੀ ਸੀ ਤਾਂ ਧਾਰਮਿਕ ਕਾਰਜ ਅਧੂਰੇ ਛੱਡ ਕੇ ਸੇਵਾ ਨੂੰ ਪਹਿਲ ਦਿਤੀ ਜਾਂਦੀ ਸੀ। ਅਜਿਹਾ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਵੇਲੇ ਹੋਇਆ ਸੀ। ਇਹਨਾਂ ਜੋੜ ਮੇਲਿਆਂ ਵਿਚ ਸੰਗਤਾਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਸਰੋਵਰਾਂ, ਬਾਉਲੀਆਂ ਅਤੇ ਖੂਹਾਂ ਦਾ ਨਿਰਮਾਣ ਸਮਾਜ ਕਲਿਆਣ ਹਿਤ ਕੀਤਾ ਜਾਂਦਾ ਸੀ। ਇਥੇ ਸੰਗਤਾਂ ਨੂੰ ਅਧਿਆਤਮਕ ਖੁਰਾਕ ਦੇ ਨਾਲ-ਨਾਲ ਸਰੀਰਕ ਖੁਰਾਕ ਵੀ ਦਿੱਤੀ ਜਾਂਦੀ ਸੀ। ਰੋਗੀਆਂ ਦੇ ਮਾਨਸਿਕ ਅਤੇ ਸਰੀਰਕ ਰੋਗਾਂ ਦਾ ਇਲਾਜ ਕੀਤਾ ਜਾਂਦਾ

---

10 ਕਰਮਜੀਤ ਸਿੰਘ, 'ਸਾਕਾ ਸਰਹਿੰਦ' *ਕੌਮੀ ਸਿੰਘ ਸਭਾ ਪਤ੍ਰਿਕਾ*, ਅਪ੍ਰੈਲ 2010, ਪੰ.7.

11 ਗੁਰਦੀਪ ਸਿੰਘ, *ਲਾਸਾਨੀ ਇਨਕਲਾਬ-2 ਗੁਰਦੁਆਰੇ,* ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ 2011, ਪੰ.159.

ਸੀ। ਇਹਨਾਂ ਕਲਿਆਣਕਾਰੀ ਸੇਵਾਵਾਂ ਤੋਂ ਸਮੇਂ ਦਾ ਹਾਕਮ ਅਕਬਰ ਵੀ ਪ੍ਰਭਾਵਿਤ ਹੋਇਆ ਸੀ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ;

> "ਇਸ ਮੌਕੇ ਤੇ ਹੀ ਬਾਦਸ਼ਾਹ ਅਕਬਰ ਨੇ ਗੁਰੂ ਕੇ ਲੰਗਰ ਦੇ ਨਾਂ ਕਾਫੀ ਵੱਡੀ ਜਾਗੀਰ ਲਾ ਦੇਣ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਨੇ ਇਹ ਭੇਟਾ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬਚਨ ਕੀਤਾ ਮੇਰੀ ਜਾਗੀਰ ਤੇ ਭੂਮੀ ਤਾਂ ਮੇਰੇ ਲੋਕ ਹਨ।"[12]

ਗੁਰੂ ਦਰਬਾਰ ਵਿਚ ਕੀਤੇ ਜਾ ਰਹੇ ਇਹਨਾਂ ਕਾਰਜਾਂ ਦਾ ਪ੍ਰਸਾਰ ਸਿੱਖ ਪੁਰਬਾਂ ਵਿਚ ਸ਼ਾਮਲ ਹੋਣ ਵਾਲੇ ਲੋਕ ਕਰਦੇ ਸਨ। ਸਿੱਖ ਪੰਥ ਦੀ ਲਹਿਰ ਦੇ ਨਾਲ ਹੀ ਸੰਗਤ ਅਤੇ ਪੰਗਤ ਦੇ ਸਿਧਾਂਤ ਜੋੜ-ਮੇਲਿਆਂ ਸਮੇਂ ਆਮ ਸੰਗਤਾਂ ਲਈ ਪ੍ਰਯੋਗੀ ਰੂਪ ਵਿਚ ਪ੍ਰੇਰਨਾ ਸ੍ਰੋਤ ਹੁੰਦੇ ਸਨ। ਸੰਗਤਾਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਯਾਤਰੀ ਨਿਵਾਸ, ਗੁਰੂ ਕੇ ਲੰਗਰ, ਸਿਹਤ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਹਰ ਵਿਅਕਤੀ ਦੀ ਜ਼ਾਤ ਪਾਤ, ਅਮੀਰ-ਗਰੀਬ, ਰੰਗ ਨਸਲ ਅਦਿਕ ਭੇਦ-ਭਾਵ ਨੂੰ ਅਣਡਿੱਠ ਕਰਕੇ ਸੇਵਾ ਕੀਤੀ ਜਾਂਦੀ ਸੀ।

ਵਰਤਮਾਨ ਸਮੇਂ ਵਿਚ ਇਹਨਾਂ ਪੁਰਬਾਂ ਦੀ ਪ੍ਰਸੰਗਤਾ ਵਿਚ ਹੋਰ ਵਾਧਾ ਹੋ ਗਿਆ ਹੈ। ਪੁਰਬਾਂ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸ਼ਾਮਿਲ ਹੁੰਦੇ ਹਨ। ਇਸ ਮੌਕੇ ਖ਼ੂਨਦਾਨ ਕੈਂਪ, ਸਿਹਤ ਚੈਕ ਅੱਪ, ਅੱਖਾਂ ਦੀ ਦੇਖ-ਭਾਲ ਵਾਸਤੇ ਵਿਸ਼ੇਸ਼ ਕੈਂਪ ਲਗਾਏ ਜਾਂਦੇ ਹਨ। ਇਥੇ ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਸਮਾਜਿਕ ਅਤੇ ਧਾਰਮਿਕ ਕੁਰੀਤੀਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੰਨਿਆ ਭਰੂਣ ਹੱਤਿਆ ਬਾਰੇ ਧਾਰਮਿਕ ਦੀਵਾਨਾਂ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ, ਜੋ ਅੱਜ ਕੱਲ੍ਹ ਬਹੁਤ ਸਾਰਥਕ ਹੈ। ਸਾਡੇ ਵਾਤਾਵਰਨ ਵਿਚ ਫੈਲੇ ਪ੍ਰਦੂਸ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਇਹਨਾਂ ਮੇਲਿਆਂ ਵਿਚ ਪੌਦੇ ਵੰਡੇ ਜਾ ਰਹੇ ਹਨ। ਨਵੇਂ ਰੁੱਖ ਲਗਾਉਣ ਅਤੇ ਪੁਰਾਣੇ ਰੁੱਖਾਂ ਦੀ ਸੇਵਾ ਸੰਭਾਲ ਬਾਰੇ ਸੰਗਤਾਂ ਨੂੰ ਜਾਗ੍ਰਿਤ ਕੀਤਾ ਜਾ ਰਿਹਾ ਹੈ। ਉਪਰੋਕਤ ਸਾਰੀਆਂ ਸੇਵਾਵਾਂ ਦਾ ਅਕਾਦਮਿਕ ਪੱਧਰ ਦਾ ਅਧਿਐਨ ਹੋਣਾ ਬਹੁਤ ਜ਼ਰੁਰੀ ਹੈ, ਜਿਸਦਾ ਧਾਰਮਿਕ ਵਿਸ਼ਲੇਸ਼ਣ ਸਮਾਜ ਲਈ ਲਾਭਕਾਰੀ ਹੋ ਸਕਦਾ ਹੈ। ਸ਼ੇਰ ਸਿੰਘ ਕੰਵਲ ਅਨੁਸਾਰ;

---

12 ਪੂਰਨ ਸਿੰਘ, *ਦਸ ਗੁਰ ਦਰਸ਼ਨ,* ਪੰਜਾਬੀ ਯੂਨੀਵਰਸਿਟੀ ਪਟਿਆਲਾ 1999, ਪੰ.53.

"ਸਾਡੇ ਅਜੋਕੇ ਮੇਲੇ ਵੀ ਸਾਡੇ ਸਭਿਆਚਾਰਕ ਵਿਕਾਸ ਦੀ ਕਹਾਣੀ ਸਚਮੁੱਚ ਬੜੀ ਖੂਬਸੂਰਤੀ ਨਾਲ ਬਿਆਨ ਕਰਦੇ ਹਨ।"[13]

ਮਾਨਵਵਾਦੀ ਸਿਧਾਂਤ ਧਰਮ ਦੇ ਅਭਿਆਸ ਦਾ ਕੇਂਦਰੀ ਬਿੰਦੂ ਬਣਦੇ ਹਨ। ਸਦਾਚਾਰਕ ਕਦਰਾਂ ਕੀਮਤਾਂ ਅਤੇ ਨੈਤਕਿਤਾ ਦੇ ਨਿਯਮਾਂ ਨੂੰ ਲਾਗੂ ਕਰਨਾ ਗੁਰਮਤਿ ਦੇ ਉਦੇਸ਼ ਵਿਚ ਸ਼ਾਮਲ ਕੀਤਾ ਗਿਆ ਹੈ। ਸਿੱਖ ਪੁਰਬਾਂ ਦਾ ਅਧਿਐਨ ਕਰਨ ਲਈ ਧਾਰਮਿਕ ਪੱਖ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

**ਸਮਾਜਿਕ ਪੱਖ:** ਸਿੱਖ ਪੁਰਬਾਂ ਦੇ ਸਮਾਜਕ ਪੱਖਾਂ ਦੇ ਮੱਹਤਵ ਦਾ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਸਿੱਖ ਪੁਰਬਾਂ ਦੀ ਉਪਜ ਸਮਾਜਕ ਲੋੜਾਂ ਦੀ ਪੂਰਤੀ ਵਿਚੋਂ ਮੰਨੀ ਜਾਂਦੀ ਹੈ। ਸਿੱਖ ਪੁਰਬ ਗੁਰਮਤਿ ਸਿਧਾਂਤਾਂ ਦੀ ਪ੍ਰਯੋਗਸ਼ਾਲਾ ਪ੍ਰਤੀਤ ਹੁੰਦੇ ਹਨ। ਸਮਾਜ ਦੇ ਵੱਖ ਵੱਖ ਵਰਗ ਆਪੋ ਆਪਣੇ ਹਿਤਾਂ ਦੀ ਪੂਰਤੀ ਲਈ ਸ਼ਮੂਲੀਅਤ ਕਰਦੇ ਹਨ। ਇਹ ਪੁਰਬ ਸਮਾਜ ਦੇ ਸਾਰੇ ਵਰਗਾਂ ਲਈ ਸੰਪਰਕ ਕੇਂਦਰ ਬਣ ਜਾਂਦੇ ਹਨ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਉਦਾਸੀਆਂ ਤੇ ਜਾਣ ਦਾ ਮਨੋਰਥ ਵੀ ਗੁਰਮੁਖ ਵਿਅਕਤੀਆਂ ਦੀ ਭਾਲ ਕਰਨਾ ਸੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਨੇ ਦੇਸ਼-ਵਿਦੇਸ਼ ਦਾ ਭ੍ਰਮਣ ਕਰਕੇ ਸੰਗਤਾਂ ਸਥਾਪਤ ਕੀਤੀਆਂ ਸਨ। ਸੰਗਤਾਂ ਵਿਚ ਤਾਲ-ਮੇਲ ਬਣਾਉਣ ਹਿਤ ਭਾਈ ਪਾਰੋ ਵਰਗੇ ਗੁਰਸਿੱਖਾਂ ਦੀ ਮੰਗ ਤੇ ਗੋਇੰਦਵਾਲ ਦੀ ਧਰਤੀ ਤੇ ਵਿਸਾਖੀ ਦਾ ਮੇਲਾ ਇਸੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ। ਇਸ ਮੇਲੇ ਦੀ ਸੂਚਨਾ ਸਿੱਖ ਸੰਗਤਾਂ ਨੂੰ ਗੁਰੂ ਜੀ ਦੇ ਲਿਖਤੀ ਹੁਕਮਨਾਮਿਆਂ ਦੁਆਰਾ ਭੇਜੀ ਗਈ ਸੀ। ਇਸ ਨਾਲ ਸਿੱਖ- ਪੰਥ ਵਿਚ ਭਾਈਚਾਰੇ ਦੀ ਭਾਵਨਾ ਬਹੁਤ ਪ੍ਰਚੰਡ ਹੋਈ। ਇਸ ਭਾਈਚਾਰਕ ਭਾਵਨਾ ਨੇ ਸਿੱਖ ਸ਼ੈਲੀ ਦੀ ਘਾੜਤ ਵਿਚ ਭਾਰੀ ਯੋਗਦਾਨ ਪਾਇਆ ਹੈ। ਇਸ ਤਰ੍ਹਾਂ ਸਿੱਖਾਂ ਦੇ ਪਰਵਾਰਾਂ, ਵਿਅਕਤੀਆਂ, ਇਸਤਰੀਆਂ, ਬੱਚਿਆਂ ਨਾਲ ਵਿਅਕਤੀਗਤ ਰੂਪ ਵਿਚ ਸੰਪਰਕ ਹੋਣ ਦੀਆਂ ਸੰਭਾਵਨਾਵਾਂ ਪੱਕੀਆਂ ਹੁੰਦੀਆਂ ਸਨ। ਗੁਰੂ ਅਮਰਦਾਸ ਜੀ ਨੇ ਛੇ ਛੇ ਮਹੀਨਿਆਂ ਦੀ ਵਿਥ ਵਾਲੇ ਦੋ ਅਵਸਰਾਂ ਦੀ ਚੋਣ ਕੀਤੀ ਜਿਨ੍ਹਾਂ 'ਤੇ ਸਿੱਖ ਇਕੱਤਰ ਹੋਣ

---

13ਸ਼ੇਰ ਸਿੰਘ ਕੰਵਲ *ਸ਼ੇਰ ਸਿੰਘ ਕੰਵਲ ਵਿਚਾਰਧਾਰਾ ਤੇ ਮੂਲ ਪਾਠ* ਤਰਲੋਚਨ ਪਬਲਿਸ਼ਰ ਚੰਡੀਗੜ੍ਹ, 2014, ਪੰ. 682.

ਲਗੇ। ਇਹ ਅਵਸਰ ਵਿਸਾਖੀ ਅਤੇ ਦਿਵਾਲੀ ਦੇ ਦਿਨ ਸਨ। ਇਥੇ ਪਹਿਲੀ ਵਾਰ ਪਰਦੇ ਦੀ ਪ੍ਰਥਾ ਨੂੰ ਤਿਲਾਂਜਲੀ ਦੇ ਕੇ ਸੈਂਕੜਿਆਂ ਦੀ ਗਿਣਤੀ ਵਿਚ ਔਰਤਾਂ ਸ਼ਾਮਿਲ ਹੋਈਆਂ ਅਤੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਛਕਿਆ।

ਗੁਰੂ ਰਾਮ ਦਾਸ ਜੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸਥਾਪਨਾ ਕੀਤੀ । ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਦਾ ਮਹਾਨ ਕਾਰਜ ਕਰਕੇ ਸਿੱਖ ਪੰਥ ਦੇ ਸਮਾਜਿਕ ਪੱਖ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਸਿਧਾਂਤ ਪੈਦਾ ਕੀਤੇ। ਗਿਆਨੀ ਗਿਆਨ ਸਿੰਘ ਅਨੁਸਾਰ;

> "ਮਸੰਦਾਂ ਨੂੰ ਹੁਕਮਨਾਮੇ ਭੇਜ ਕੇ ਤਰਨ ਤਾਰਨ ਤੀਰਥ ਮੇਲੇ ਤੇ ਇਸ਼ਨਾਨ ਲਈ ਸੰਗਤਾਂ ਨੂੰ ਸੱਦ ਭੇਜਿਆ ਅਤੇ ਆਪ ਵੀ ਗੁਰੂ ਸਾਹਿਬ ਪਰਵਾਰ ਸਮੇਤ ਭਾਦ੍ਰੋਂ ਵਦੀ ਪੰਜ ਨੂੰ ਉਥੇ ਜਾ ਰਹੇ। ਹੱਟਵਾਣੀਆਂ ਨੇ ਬਾਜ਼ਾਰ ਜਾ ਲਾਏ। ਸੰਗਤਾਂ ਆਉਣ ਲਗੀਆਂ। ਸੰਮਤ 1686 ਬਿਕ੍ਰਮੀ ਭਾਦ੍ਰੋਂ ਵਦੀ ਪੰਜ ਨੂੰ ਮੱਸਿਆ ਦਾ ਬੜਾ ਭਾਰੀ ਮੇਲਾ ਹੋਇਆ।"[14]

ਗੁਰੂ ਅਰਜਨ ਦੇਵ ਜੀ ਪਹਿਲੇ ਸ਼ਹੀਦ ਹੋਏ ਹਨ, ਜਿਸ ਕਰਕੇ ਸਿੱਖ ਸਮਾਜ ਵਿਚ ਸ਼ਹੀਦੀ ਪੁਰਬ ਵੀ ਸ਼ਾਮਿਲ ਹੋ ਗਏ। ਗੁਰੂ ਹਰਿਗੋਬਿੰਦ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਮੀਰੀ-ਪੀਰੀ ਦੇ ਸਿਧਾਂਤ ਨੂੰ ਅਕਾਲ ਤਖਤ ਦੀ ਸਿਰਜਨਾ ਕਰਕੇ ਸਿੱਖ ਸਮਾਜ ਵਿਚ ਸੰਤ-ਸਿਪਾਹੀ ਦੇ ਸਰੂਪ ਨੂੰ ਪ੍ਰਗਟ ਕੀਤਾ। ਕਰਮ ਸਿੰਘ ਹਿਸਟੋਰੀਅਨ ਅਨੁਸਾਰ;

> "ਸ੍ਰੀ ਅੰਮ੍ਰਿਤਸਰ ਵਿਚ ਗੁਰੂ ਸਾਹਿਬਾਨ ਦੇ ਨਿਵਾਸ ਕਾਰਨ ਸਿੱਖ ਸੰਗਤਾਂ ਦੂਰੋਂ ਦੂਰੋਂ ਉਹਨਾਂ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਹੌਲੀ-ਹੌਲੀ ਰਾਮਦਾਸਪੁਰ ਨਾ ਕੇਵਲ ਦਰਸ਼ਨਾਂ ਦਾ ਕੇਂਦਰ ਬਣ ਗਿਆ, ਸਗੋਂ ਇਕ ਵੱਡਾ ਵਪਾਰਕ ਕੇਂਦਰ ਬਣਨ ਲਗਾ। ਵੱਖ ਵੱਖ ਕਿੱਤਿਆਂ ਦੇ ਕਾਰੀਗਰ ਵੀ ਇਥੇ ਹੀ ਵਸਣ ਲਗ ਪਏ।"[15]

---

14 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*-ਭਾਗ-6, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰ. 85.

15 ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ,1998, ਪੰ. 12.

ਗੁਰੂ ਹਰਿਕ੍ਰਿਸ਼ਨ ਜੀ ਨੇ ਚੇਚਕ ਦੀ ਮਹਾਂ ਬਿਮਾਰੀ ਵੇਲੇ ਪੀੜਤਾਂ ਦੀ ਖੁਦ ਸੇਵਾ ਕੀਤੀ[ ਗੁਰੂ ਤੇਗ ਬਹਾਦਰ ਜੀ ਨੇ ਇਹਨਾਂ ਪੁਰਬਾਂ ਮੌਕੇ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ, ਜਿਸਦੀ ਤਸਦੀਕ ਹਥ-ਲਿਖਤ ਹੁਕਮਨਾਮੇ ਵਿਚ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਮੌਕੇ ਖਾਲਸਾ ਸਿਰਜ ਕੇ ਸਮਾਜਕ ਬਰਾਬਰੀ ਦਾ ਮਹਾਨ ਕਾਰਜ ਕੀਤਾ। ਹੋਲੇ ਮੱਹਲੇ ਦੇ ਪੁਰਬ ਮੌਕੇ ਸਮਾਜ ਵਿਚੋਂ ਹੀਨ ਭਾਵਨਾ ਦਾ ਖਾਤਮਾ ਕਰਕੇ ਦਲਿਤ ਅਤੇ ਪਛੜੇ ਵਰਗ ਦੇ ਸਤਿਕਾਰ ਵਿਚ ਵਾਧਾ ਕੀਤਾ। ਭਾਈ ਮਨੀ ਸਿੰਘ ਜੀ ਦੀ ਅੰਮ੍ਰਿਤਸਰ ਵਿਚ ਹੋਈ ਨਿਯੁਕਤੀ ਸਿੱਖ ਸਮਾਜ ਨੂੰ ਜੱਥੇਬੰਦ ਕੀਤਾ। ਜਸਬੀਰ ਸਿੰਘ ਅਨੁਸਾਰ;

> "ਦਰਬਾਰ ਸਾਹਿਬ ਵਿਚ ਆਪ ਜੀ ਦੀ ਸੂਝ-ਬੂਝ ਨਾਲ ਖੂਬ ਰੌਣਕਾਂ ਲੱਗਣ ਲੱਗ ਪਈਆਂ। ਖਾਸ ਤੌਰ 'ਤੇ ਵਿਸਾਖੀ ਅਤੇ ਦਿਵਾਲੀ ਦੇ ਤਿਉਹਾਰ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਗਏ।"[16]

ਭਾਈ ਮਨੀ ਸਿੰਘ ਦੀ ਸ਼ਹੀਦੀ ਨੇ ਸਿੱਖ ਸਮਾਜ ਵਿਚ ਵਿਸਾਖੀ ਅਤੇ ਦਿਵਾਲੀ ਦੀ ਸਮਾਜਿਕ ਮਹਾਨਤਾ ਨੂੰ ਉਜਾਗਰ ਕੀਤਾ। ਭਾਈ ਤਾਰਾ ਸਿੰਘ ਦੀ ਸ਼ਹੀਦੀ ਨੇ ਸਿੱਖ ਪੰਥ ਨੂੰ ਇੱਕਤਰ ਹੋਣ ਦਾ ਸੱਬਬ ਦਿਤਾ, ਜਿਸ ਨੇ ਸਰਬੱਤ ਖਾਲਸਾ ਦੇ ਸਮਾਗਮ ਕਰਕੇ ਸਾਂਝੇ ਭਾਈਚਾਰੇ ਦੀ ਭਾਵਨਾ ਨੂੰ ਸਿੱਖ ਪੁਰਬਾਂ ਮੌਕੇ ਕੇਂਦਰੀ ਅਜੰਡੇ ਦੇ ਰੂਪ ਵਿਚ ਪੇਸ਼ ਕੀਤਾ। ਸਿੱਖ ਮਿਸਲਾਂ ਦੇ ਰਾਜ ਵਿਚ ਰਾਖੀ ਪ੍ਰਥਾ ਸਮਾਜਿਕ ਸੁਰੱਖਿਆ ਦੇ ਪੱਖ ਤੋਂ ਬਹੁਤ ਵਿਸ਼ੇਸ਼ਤਾ ਰੱਖਦੀ ਹੈ, ਜਿਸ ਦਾ ਐਲਾਨ ਵਿਸਾਖੀ ਅਤੇ ਦਿਵਾਲੀ ਦੇ ਪੁਰਬਾਂ ਮੌਕੇ ਗੁਰਮਤਿਆਂ ਰਾਹੀਂ ਕੀਤਾ ਜਾਂਦਾ ਸੀ। ਸਵਰਨ ਸਿੰਘ ਅਨੁਸਾਰ;

> "1760 ਦੀ ਦਿਵਾਲੀ 'ਤੇ ਖਾਲਸਾ ਜੀ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ ਇਸ ਪੁਰਬ ਮੌਕੇ ਲਾਹੌਰ ਤੇ ਕਬਜ਼ੇ ਬਾਰੇ ਗੁਰਮਤਾ ਪਾਸ ਕੀਤਾ ਗਿਆ।"[17]

1762 ਨੂੰ ਅਹਿਮਦਸ਼ਾਹ ਨੇ ਦਰਬਾਰ ਸਾਹਿਬ ਦੀ ਇਮਾਰਤ ਢਾਹ ਕੇ ਪਵਿੱਤਰ ਸਰੋਵਰ ਪੂਰ ਦਿੱਤਾ ਤਾਂ ਦਰਬਾਰ ਸਾਹਿਬ ਦੀ ਮੁੜ ਉਸਾਰੀ ਦਾ ਗੁਰਮਤਾ ਵੀ ਦਿਵਾਲੀ ਦੇ ਜੋੜ ਮੇਲੇ ਮੌਕੇ ਕੀਤਾ ਗਿਆ।

---

16 ਜਸਬੀਰ ਸਿੰਘ, 'ਭਾਈ ਮਨੀ ਸਿੰਘ ਜੀ' *ਪ੍ਰਮੁਖ ਸਿੱਖ ਸ਼ਖਸੀਅਤਾਂ*, ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ,2002, ਪੰ, 104.

17 ਸਵਰਨ ਸਿੰਘ, *ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2016, ਪੰ.49.

ਇਸ ਗੁਰਮਤੇ ਬਾਰੇ ਦੇਸ਼-ਵਿਦੇਸ਼ ਦੀ ਸੰਗਤ ਨੂੰ ਸੱਦਾ ਪਤੱਰ ਭੇਜਿਆ ਗਿਆ, ਜਿਸ ਵਿਚ ਅੰਮ੍ਰਿਤਸਰ ਦੇ ਦਿਵਾਲੀ ਦੇ ਮੇਲੇ ਮੌਕੇ ਦਰਬਾਰ ਸਾਹਿਬ ਦੀ ਉਸਾਰੀ ਲਈ ਧਨ ਇਕੱਤਰ ਕੀਤੇ ਜਾਣ ਬਾਰੇ ਜਾਣਕਾਰੀ ਮਿਲਦੀ ਹੈ। ਗਿਆਨੀ ਗਿਆਨ ਸਿੰਘ ਅਨੁਸਾਰ;

"ਮੁਦ ਪਾਇ ਲਾਇ ਦਿਵਾਨ ਸਿੰਘਨ ਗੁਰਮਤਾ ਪੁਨ ਯੋ ਕਰਯੋ।

ਅਬ ਰਚੋ ਜਯੋ ਤਯੋ ਫੇਰ ਯਹਿ ਦਰਬਾਰ ਮੰਦ੍ਰ ਹਰਿ ਵਰਿਓ।

ਰਚ ਦੇਹ ਮੇਲਾ ਦੀਪ ਮਾਲਾ ਭੇਟ ਜੋ ਧਨ ਆਵਹੀ।

ਪੁਨ ਸਿੰਘ ਮਿਸਲਦਾਰ ਤੈ ਸਰਦਾਰ ਬਹੁ ਧਨ ਪਾਵਹੀ।

ਫਿਰ ਮੁਲਕ ਔਰ ਉਗਰਾਇ ਕੋਉ ਕਾਜ ਯਹਿ ਸ਼ੁਭ ਕੀਜੀਏ।

ਯਹਿ ਟਹਿਲ ਹੈ ਨਿਜ ਇਸ਼ਟ ਕਿ ਅਤਿ ਸਿਸ਼੍ਰਟ ਮਾਨ ਕਰੀਜੀਏ।"[18]

ਸਿੰਘ ਸਭਾ ਲਹਿਰ ਦੇ ਸਮਾਜ ਸੁਧਾਰ ਦੇ ਪ੍ਰੋਗਰਾਮ ਵੀ ਸਿੱਖ ਪੁਰਬਾਂ ਮੌਕੇ ਸੰਗਤ ਦੀ ਹਾਜ਼ਰੀ ਵਿਚ ਜਾਰੀ ਹੁੰਦੇ ਸਨ। ਗੁਰਦੁਆਰਾ ਸੁਧਾਰ ਲਹਿਰ ਨੇ ਵੀ ਇਸ ਅਮਲ ਨੂੰ ਚਾਲੂ ਰੱਖਿਆ ਸੀ। ਵਰਤਮਾਨ ਸਮੇਂ ਵਿਚ ਸਿੱਖ ਪੁਰਬਾਂ ਦੀ ਵਰਤੋਂ ਸਮਾਜ ਕਲਿਆਣ ਦੇ ਅਨੇਕਾਂ ਕਾਰਜ ਕਰਨ ਹਿਤ ਕੀਤੀ ਜਾ ਰਹੀ ਹੈ। ਸਿੱਖ ਪੁਰਬ ਅੱਜ ਵੀ ਸਮਾਜਿਕ ਜੀਵਨ ਵਿਚ ਸਾਂਝ ਕੇਂਦਰ ਬਣੇ ਹੋਏ ਹਨ। ਵਿਦੇਸ਼ਾਂ ਵਿਚ ਵਸਦੇ ਸਿੱਖ ਆਪਣੇ ਭਾਈਚਾਰੇ ਨੂੰ ਇਹਨਾਂ ਜੋੜ ਮੇਲਿਆਂ ਮੌਕੇ ਮਿਲਦੇ ਹਨ। ਸਮਾਜਿਕ ਰਿਸ਼ਤੇ ਨਾਤੇ ਵੀ ਕਈ ਵਾਰ ਪੁਰਬਾਂ ਮੌਕੇ ਪੱਕੇ ਕਰ ਲਏ ਜਾਂਦੇ ਹਨ। ਇਸ ਪੱਖ ਦੀ ਜਾਣਕਾਰੀ ਸਾਨੂੰ ਗੁਰੂ ਗ੍ਰੰਥ ਸਾਹਿਬ ਸੇਵਾ ਸੋਸਾਇਟੀ, ਹੁਸ਼ਿਆਰਪੁਰ ਦੇ ਮੁੱਖ ਸੇਵਾਦਾਰ ਭਾਈ ਰਸ਼ਪਾਲ ਸਿੰਘ ਨੇ ਆਨੰਦਪੁਰ ਦੇ ਹੋਲੇ ਮੱਹਲੇ ਦੇ ਪੁਰਬ ਮੌਕੇ ਦਿਤੀ ਕਿ;

"ਸਿੱਖ ਜੀਵਨ ਸ਼ੈਲੀ ਦਾ ਪ੍ਰਭਾਵ ਕੁਦਰਤੀ ਆਫਤਾਂ ਵੇਲੇ ਦੇਖਿਆ ਜਾ ਸਕਦਾ ਹੈ। ਆਫਤਾਂ ਨਾਲ ਪੀੜਤ ਲੋਕਾਂ ਦੀ ਹਰ ਪੱਖੋਂ ਸਹਾਇਤਾ ਕਰਨ ਲਈ ਨੇੜੇ ਵਸਦੀ ਸਿੱਖ ਸੰਗਤ ਵੱਧ

18 ਗਿਆਨੀ ਗਿਆਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼*, ਪੰ. 973.

ਚੜ੍ਹ ਕੇ ਯੋਗਦਾਨ ਪਾਉਂਦੀ ਹੈ। ਆਫਤ ਪੀੜਤਾਂ ਲਈ ਗੁਰਦੁਆਰਾ ਸਾਹਿਬਾਨਾਂ ਦੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ। ਇਹ ਜੀਵਨ-ਜਾਚ ਸਿੱਖ ਸੰਗਤ ਨੇ ਗੁਰਮਤਿ ਦੇ ਸਿਧਾਂਤ ਅਨੁਸਾਰ ਪ੍ਰਾਪਤ ਕੀਤੀ ਹੈ।"[19]

ਸਰਬਤ ਦੇ ਭਲੇ ਦਾ ਸਿਧਾਂਤ ਸਿੱਖ ਪੰਥ ਦੀਆਂ ਸਮਾਜਕ ਸਰਗਰਮੀਆਂ ਦਾ ਕੇਂਦਰੀ ਬਿੰਦੂ ਹੈ। ਸਿੱਖ ਪੁਰਬਾਂ ਨੇ ਸਿੱਖ ਭਾਈਚਾਰੇ ਨੂੰ ਸੰਗਠਿਤ ਹੋਣ ਲਈ ਪਵਿੱਤਰ ਸਥਾਨ ਅਤੇ ਪਵਿੱਤਰ ਸਮਾਂ ਦਿੱਤਾ ਹੈ। ਸਿੱਖ ਆਪਣੇ ਕੰਮ ਧੰਦਿਆਂ ਨੂੰ ਛੱਡ ਕੇ ਪੁਰਬਾਂ ਵਿਚ ਸ਼ਾਮਿਲ ਹੋਣ ਨੂੰ ਵਧੇਰੇ ਮਹੱਤਵ ਦਿੰਦੇ ਹਨ। ਇਹਨਾਂ ਪੁਰਬਾਂ ਮੌਕੇ ਹੁੰਦੇ ਵੱਡੇ ਵੱਡੇ ਇਕੱਠ ਸਮਾਜਕ ਤਾਕਤ ਤੇ ਏਕਤਾ ਦਾ ਅਧਾਰ ਬਣਦੇ ਹਨ।

**ਸਿੱਖ ਪੁਰਬਾਂ ਦਾ ਸਿਆਸੀ ਪੱਖ:** ਸਿੱਖਾਂ ਵਿਚ ਧਰਮ ਅਤੇ ਰਾਜਨੀਤੀ ਨਾਲੋ ਨਾਲ ਚਲਦੇ ਹਨ। ਗੁਰੂ ਨਾਨਕ ਸਾਹਿਬ ਨੇ ਜਿਥੇ ਧਾਰਮਿਕ ਸੰਦੇਸ਼ ਦਿੱਤਾ ਉਥੇ ਉਹਨਾਂ ਨੇ ਜਾਲਮ ਰਾਜਿਆਂ ਦਾ ਵਿਰੋਧ ਕਰਕੇ ਇਹ ਸੰਦੇਸ਼ ਦਿਤਾ ਕਿ ਧਰਮ ਨਿਜੀ ਨਹੀਂ,ਸਗੋਂ ਸਮੂਹਿਕ ਹਿਤਾਂ ਨੂੰ ਨਾਲ ਲੈ ਕੇ ਚਲਦਾ ਹੈ। ਸਿੱਖ ਧਰਮ ਵਿਚ ਮੀਰੀ ਪੀਰੀ ਦਾ ਸਿਧਾਂਤ ਇਸ ਦੀ ਮਿਸਾਲ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਾਕੇ ਤੋਂ ਪਹਿਲਾਂ ਸਿੱਖ ਪੁਰਬਾਂ ਦਾ ਸਰੂਪ ਸਮਾਜਕ ਗਤੀਵਿਧੀਆਂ ਵੱਲ ਵਧੇਰੇ ਕੇਂਦਰਿਤ ਸੀ। ਸ਼ਹੀਦੀ ਸਾਕੇ ਤੋਂ ਉਪਰੰਤ ਸ੍ਰੀ ਅਕਾਲ ਤਖਤ ਦੀ ਨੀਂਹ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਉਜਾਗਰ ਕੀਤਾ। ਇਤਿਹਾਸ ਵਿਚ ਵਿਸਾਖੀ ਅਤੇ ਦੀਵਾਲੀ ਦੇ ਪੁਰਬਾਂ ਦੀ ਸਿਆਸੀ ਮੱਹਤਤਾ ਰਹੀ ਹੈ। ਪੁਰਬਾਂ ਦਾ ਸਿਆਸੀ ਸਰੂਪ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਦੀ ਰਾਜਨੀਤਕ ਵਿਆਖਿਆ ਕੀਤੀ। ਉਸ ਸਮੇਂ ਭਰਦੇ ਪ੍ਰਸਿੱਧ ਮੇਲਿਆਂ ਵਿਚ ਸ਼ਾਮਿਲ ਹੋ ਕੇ ਮੌਕੇ ਦੀ ਜ਼ਾਲਮ ਹਕੂਮਤ ਪ੍ਰਤੀ ਸੰਗਤ ਨੂੰ ਸੁਚੇਤ ਕੀਤਾ। ਗੁਰੂ ਅੰਗਦ ਜੀ ਨੇ ਹਮਾਯੂੰ ਬਾਦਸ਼ਾਹ ਦੇ ਸਾਹਮਣੇ ਨਿਰਭੈਤਾ ਨਾਲ ਗੁਰੂ ਉਪਦੇਸ਼ ਪ੍ਰਗਟ ਕੀਤਾ। ਗੁਰੂ ਅਮਰਦਾਸ ਜੀ ਨੇ ਜੋੜ-ਮੇਲਿਆਂ ਦਾ ਆਰੰਭ ਕਰਕੇ ਗੁਰਮੁਖਾਂ ਨੂੰ ਵਿਚਾਰ ਮੰਚ ਦਿੱਤਾ, ਜਿਥੇ ਉਹ

---

19 *ਰਸ਼ਪਾਲ ਸਿੰਘ. ਮੁੱਖ ਸੇਵਾਦਾਰ,* ਗੁਰੂ ਗ੍ਰੰਥ ਸਾਹਿਬ ਸੇਵਾ ਸੋਸਾਇਟੀ ਹੁਸ਼ਿਆਰਪੁਰ, ਮਾਰਚ, 2016.

ਰੂਹਾਨੀ ਗਿਆਨ ਦੀ ਨਿਗਰਾਨੀ ਹੇਠ ਸੰਗਤਾਂ ਦੇ ਸਮਾਜਿਕ ਅਤੇ ਰਾਜਨੀਤਕ ਮਸਲੇ ਵਿਚਾਰਦੇ ਸਨ। ਹਰਜਗਮੰਦਰ ਸਿੰਘ ਅਨੁਸਾਰ;

> "ਗੁਰੂ ਸਾਹਿਬ ਨੇ ਮੁਗਲਾਂ ਦੀ ਸਰਕਾਰ ਵਰਗੀ ਆਪਣੀ ਸਰਕਾਰ ਬਣਾ ਲਈ। ਉਨ੍ਹਾਂ ਦੇ ਸਾਰੇ ਸਿੱਖਾਂ ਦਾ ਅਲੱਗ ਅਤੇ ਆਜ਼ਾਦ ਵਜ਼ੂਦ ਬਣ ਗਿਆ ਅਤੇ ਉਸ ਸਮੇਂ ਦੇ ਸਰਕਾਰੀ ਅਦਾਰਿਆਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਾ ਰਿਹਾ। ਇਸ ਤਰ੍ਹਾਂ ਮੁਗਲ ਰਾਜ ਵਿਚ ਸਿੱਖਾਂ ਦਾ ਇਕ ਕਿਸਮ ਦਾ ਅਲੱਗ ਰਾਜ ਕਾਇਮ ਹੋ ਗਿਆ।"[20]

ਗੁਰੂ ਰਾਮ ਦਾਸ ਨੇ ਸਮੇਂ ਦੀ ਹਕੂਮਤ ਪਾਸੋਂ ਕਿਸਾਨਾਂ ਦੇ ਕਰ ਮਾਫ ਕਰਵਾਏ ਜਿਸ ਨਾਲ ਸਿੱਖ ਪੁਰਬਾਂ ਦੀ ਸੰਗਤ ਵਿਚ ਭਾਰੀ ਵਾਧਾ ਹੋਇਆ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਇਕ ਹਲੀਮੀ ਰਾਜ ਦੀ ਸਥਾਪਨਾ ਦਾ ਪੈਗਾਮ ਦਿੱਤਾ, ਜਿਸਦੇ ਫਲਸਰੂਪ ਮੌਕੇ ਦੀ ਹਕੂਮਤ ਨਾਲ ਟਕਰਾ ਹੋਣ ਕਰਕੇ ਇਤਿਹਾਸ ਵਿਚ ਸ਼ਹੀਦੀ ਪੁਰਬ ਵੀ ਸ਼ਾਮਿਲ ਹੋ ਗਿਆ। ਗੋਕਲ ਚੰਦ ਨਾਰੰਗ ਅਨੁਸਾਰ;

> "ਵਾਸਤਵ ਵਿਚ ਗੁਰੂ ਅਰਜਨ ਦੀ ਗੁਰਿਆਈ ਦੌਰਾਨ ਸਿੱਖਾਂ ਨੇ ਭਾਰੀ ਉੱਨਤੀ ਕੀਤੀ। ਇਕ ਸ਼ਾਂਤਮਈ ਅਤੇ ਦਖਲ ਤੋਂ ਮੁਕਤ ਰਾਜ ਦਾ ਜਨਮ ਹੋ ਗਿਆ ਸੀ ਅਤੇ ਗੁਰੂ ਸਾਹਿਬ ਦੇ ਸੱਚਾ ਪਾਤਸ਼ਾਹ ਦੇ ਤੌਰ ਤੇ ਇਸ ਦਾ ਮੁੱਖੀ ਹੋਣ ਨਾਲ ਸਿੱਖਾਂ ਨੂੰ ਮੁਗਲ ਸਾਮਰਾਜ ਅਧੀਨ ਰਹਿੰਦੇ ਹੋਏ ਸਵੈ-ਸਾਸ਼ਨ ਦੀ ਜਾਂਚ ਆ ਗਈ ਸੀ।"[21]

ਗੁਰੂ ਹਰਿਗੋਬਿੰਦ ਜੀ ਨੇ ਪੰਜਵੇਂ ਗੁਰੂ, ਗੁਰੂ ਅਰਜਨ ਜੀ ਦੀ ਆਗਿਆ ਅਨੁਸਾਰ ਮੀਰੀ-ਪੀਰੀ ਦੇ ਪ੍ਰਤੀਕ ਅਕਾਲ ਬੂੰਗੇ ਦੀ ਸਿਰਜਨਾ ਕੀਤੀ। ਸਿੱਖ ਪੁਰਬਾਂ ਮੌਕੇ ਸੰਗਤਾਂ ਨੂੰ ਚੰਗੇ ਹਥਿਆਰ, ਘੋੜੇ ਭੇਟ ਕਰਨ ਲਈ ਅਪੀਲ ਕੀਤੀ, ਜਿਸ ਨਾਲ ਮਨੁੱਖਤਾ ਨੂੰ ਮਾਨਸਿਕ ਅਤੇ ਸਿਆਸੀ ਗੁਲਾਮੀ ਤੋਂ ਮੁਕਤੀ ਦੇ

---

20 ਹਰਜਗਮੰਦਰ ਸਿੰਘ, *ਸਿਖਨ ਕੋ ਦਿਉਂ ਪਾਤਸ਼ਾਹੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017, ਪੰ.61.

21 ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ*, ਪੰਜਾਬੀ ਯੂਨੀਵਰਸਿਟੀ ਪਟਿਆਲਾ 1989, ਪੰ. 34.

ਰਸਤੇ ਵਿਖਾਏ। ਇਸ ਮਿਸ਼ਨ ਨੂੰ ਗੁਰੂ ਹਰਿਰਾਇ ਅਤੇ ਹਰਿਕ੍ਰਿਸ਼ਨ ਜੀ ਦੇ ਵੇਲੇ ਜਾਰੀ ਰੱਖਿਆ ਗਿਆ। ਗੁਰੂ ਤੇਗ ਬਹਾਦਰ ਜੀ ਵੇਲੇ ਸਿਆਸੀ ਚੇਤਨਾ ਨੇ ਮਨੁੱਖਤਾ ਦੇ ਮੌਲਿਕ ਅਧਿਕਾਰਾਂ ਅਤੇ ਧਰਮ ਦੀ ਅਜ਼ਾਦੀ ਦੀ ਰਾਖੀ ਵਾਸਤੇ ਦਿੱਲੀ ਦੇ ਚਾਂਦਨੀ ਚੌਕ ਵਿਚ ਆਪਣੇ ਸੇਵਕਾਂ ਸਮੇਤ ਸ਼ਹਾਦਤ ਦਾ ਜਾਮ ਪੀਤਾ। ਇਸ ਸਾਕੇ ਨੇ ਸਿੱਖ ਸਮਾਜ ਵਿਚ ਰਾਜਨੀਤਕ ਜਾਗ੍ਰਿਤੀ ਦੀ ਲਹਿਰ ਪੈਦਾ ਕੀਤੀ ਅਤੇ ਸਿੱਖ ਪੁਰਬਾਂ ਮੌਕੇ ਪਹਿਲੇ ਗੁਰੂ ਸਾਹਿਬਾਨ ਦੀਆਂ ਸਥਾਪਿਤ ਕੀਤੀਆਂ ਸੰਗਤਾਂ ਸ਼ਾਮਿਲ ਹੋਣ ਲੱਗੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਤੋਂ ਮਨਾਏ ਜਾਂਦੇ ਰਸਮੀ ਤਿਉਹਾਰਾਂ ਨੂੰ ਨਵੇਂ ਅਰਥ ਦਿੱਤੇ। ਵਿਸਾਖੀ ਦੇ ਪੁਰਬ ਨੂੰ ਖਾਲਸਾ ਪੰਥ ਦੇ ਪ੍ਰਕਾਸ਼ ਦਿਵਸ ਲਈ ਚੁਣਿਆ ਗਿਆ ਸੀ। ਸ਼ੂਦਰ ਜਾਤੀ ਲਈ ਰਾਖਵੇਂ ਮੰਨੇ ਜਾਂਦੇ ਤਿਉਹਾਰ ਹੋਲੀ ਨੂੰ ਹੋਲੇ ਮਹੱਲੇ ਵਿਚ ਬਦਲ ਦਿੱਤਾ। ਪਹਿਲਾਂ ਹੋਲੀ ਵੱਖ ਵੱਖ ਜਾਤਾਂ ਵਿਚ ਵੰਡੇ ਲੋਕ ਆਪਣੀ ਹੀ ਜਾਤ ਵਿਚ ਖੇਡਦੇ ਸਨ। ਹੋਲੇ ਮਹੱਲੇ ਵਿਚ ਸਭ ਜਾਤਾਂ ਨੂਮ ਆਪਸ ਵਿਚ ਮਿਲ ਕੇ ਖੇਡਣ ਦਾ ਦਾ ਮੌਕਾ ਮਿਲਿਆ। ਪ੍ਰੰਪਰਾਗਤ ਪੁਰਬ ਜੋੜ-ਮੇਲਿਆਂ ਦੇ ਰੂਪ ਵਿਚ ਧਰਮ ਯੁੱਧ ਦੇ ਸਹਿਯੋਗੀ ਸਾਧਨ ਬਣ ਗਏ ਸਨ। ਸਿੱਖ ਪੁਰਬਾਂ ਨੇ ਇਤਿਹਾਸ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਇਸ ਬਾਰੇ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ;

> "ਇਸ ਸਮੇਂ ਦੌਰਾਨ ਖਾਲਸੇ ਦਾ ਕੌਮੀ ਜਜ਼ਬੇ ਤੇ ਇਕਮੁੱਠਤਾ ਦਾ ਜੋ ਮਾਡਲ ਪੇਸ਼ ਕੀਤਾ, ਉਸ ਦਾ ਕੋਈ ਸਾਨੀ ਨਹੀਂ। ਉਸ ਸਮੇਂ ਸਮੂਹ ਖਾਲਸਾ ਇਕ ਜਿਸਮ ਵਾਂਗ ਵਿਚਰਿਆ। ਸਾਰਾ ਖਾਲਸਾ ਪੰਥ ਗੁਰੂ ਦਾ ਹੀ ਖਾਸ ਰੂਪ ਸੀ। ਦਸ਼ਮੇਸ਼ ਦਾ ਖਿਆਲ ਹੀ ਖਾਲਸੇ ਦੀ ਪਾਤਸ਼ਾਹੀ ਸੀ ਅਤੇ ਉਸ ਦੀ ਸ਼ਾਨ ਸਭ ਦੀ ਸਾਂਝੀ ਸੀ। ਗੱਲ ਕੀ - ਹਰ ਸਿੰਘ ਨੂੰ ਬਰਾਬਰੀ ਹਾਸਲ ਸੀ।"[22]

ਮੁਗਲਾਂ ਨੇ ਸਿੱਖਾਂ ਦਾ ਇਕ ਆਗੂ ਬਾਬਾ ਬੰਦਾ ਸਿੰਘ ਸ਼ਹੀਦ ਕੀਤਾ ਤਾਂ ਸਿੱਖ ਸਮਾਜ ਵਿਚੋਂ ਅਨੇਕਾਂ ਆਗੂ ਪੈਦਾ ਹੋ ਗਏ। ਜਿਵੇਂ ਜਿਵੇਂ ਮੁਗਲਾਂ ਦੇ ਜ਼ੁਲਮ ਵਧਦੇ ਗਏ, ਸਿੱਖ ਇਤਿਹਾਸ ਵਿੱਚ ਵੈਸਾਖੀ ਵਾਲੇ ਦਿਨ ਪੰਥ ਦੀ ਏਕਤਾ ਦੇ ਨਵੇਂ ਪੱਤਰੇ ਜੁੜਦੇ ਗਏ। ਅਜਮੇਰ ਸਿੰਘ ਅਨੁਸਾਰ;

---

22 ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖਾਲਸਾ,* ਸਵੈ ਪ੍ਰਕਾਸ਼ਿਤ ਗੜ੍ਹਦੀਵਾਲਾ,1988, ਪੰ. 1086.

"ਚੰਗੇ ਇਕਲਾਖੀ ਗੁਣਾਂ ਦਾ ਮਾਲਕ ਹੋਣਾ, ਬਿਨਾ ਸ਼ੱਕ ਕਿਸੇ ਵੀ ਕੌਮੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੁੰਦੀ ਹੈ। ਇਸ ਨਾਲ ਨਿਸ਼ਚਿਤ ਤੌਰ 'ਤੇ ਉਸਦੀ ਸ਼ੋਭਾ ਵਿਚ ਵਾਧਾ ਹੁੰਦੈ, ਪ੍ਰੰਤੂ ਇਤਿਹਾਸ ਅੰਦਰ ਕਿਸੇ ਭਾਈਚਾਰੇ ਦੇ ਸਮੁੱਚੇ ਰੋਲ ਅਤੇ ਪ੍ਰਾਪਤੀਆਂ ਨੂੰ ਨਿਰੋਲ ਆਚਰਨ ਦੀਆਂ ਖੂਬੀਆ ਦੇ ਗਜ਼ ਨਾਲ ਨਾਪਿਆ ਨਹੀਂ ਜਾ ਸਕਦਾ। ਇਤਿਹਾਸ ਅੰਦਰ ਉਸਦੇ ਸਮੁੱਚੇ ਰੋਲ ਨੂੰ ਨਿਰਧਾਰਿਤ ਕਰਨ ਵਾਲਾ ਨਿਰਣਾਇਕ ਤੱਤ ਉਸ ਦੀ ਵਿਚਾਰਧਾਰਾ ਹੁੰਦੀ ਹੈ। ਇਨਕਲਾਬੀ ਟੀਚੇ ਤੇ ਆਦਰਸ਼ ਹੀ ਹੁੰਦੇ ਹਨ ਜੋ ਕਿਸੇ ਵਰਗ ਨੂੰ ਇਤਿਹਾਸ ਅੰਦਰ ਗਤੀਸ਼ੀਲ ਭੂਮਿਕਾ ਨਿਭਾਉਣ ਲਈ ਪ੍ਰੇਰਤ ਤੇ ਉਤਸ਼ਾਹਿਤ ਕਰਦੇ ਹਨ। ਇਨਸਾਨੀ ਬਰਾਬਰੀ ਤੇ ਭਾਈਚਾਰੇ ਦੀ ਸਪਰਿਟ ਨੇ ਖਾਲਸੇ ਅੰਦਰ ਅਜਿਹੀ ਊਰਜਾ ਪੈਦਾ ਕਰ ਦਿਤੀ ਸੀ ਕਿ ਉਸ ਨੇ ਆਪਣੀ ਮੂਲੋਂ ਥੁੜਵੀਂ ਗਿਣਤੀ ਦੇ ਬਾਵਜੂਦ ਪੰਜਾਬ ਅੰਦਰ ਜਾਤ ਅਭਿਮਾਨੀਆਂ ਤੇ ਜਗੀਰੂ ਹੈਂਕੜਬਾਜਾਂ ਦੀ ਸੱਤਾ ਨੂੰ ਪੈਰਾਂ ਵਿਚ ਰੋਲ ਕੇ ਰੱਖ ਦਿਤਾ ਸੀ।"[23]

ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਅੱਧੀ ਸਦੀ ਤੋਂ ਵਧੇਰੇ ਸਮੇਂ ਤੱਕ ਖਾਲਸਾ ਗੁਰੂ ਸਾਹਿਬਾਨ ਦੁਆਰਾ ਉਲੀਕੇ ਆਦਰਸ਼ਾਂ ਅਤੇ ਟੀਚਿਆਂ ਦੀ ਸ਼ੁੱਧ ਹਿਰਦੇ ਨਾਲ ਪਾਲਣਾ ਕਰਕੇ ਚੱਲਿਆ। ਇਸ ਅਰਸੇ ਦੌਰਾਨ ਉਸ ਦੀਆਂ ਪ੍ਰਾਪਤੀਆਂ ਨੂੰ ਨਿਰਾ ਪੁਰਾ ਸੈਨਿਕ ਖੇਤਰ ਤੱਕ ਸੀਮਤ ਕਰਕੇ ਨਹੀਂ ਵੇਖਿਆ ਜਾ ਸਕਦਾ। ਸਮਾਜੀ ਅਤੇ ਸਭਿਆਚਾਰਕ ਖੇਤਰ ਅੰਦਰ ਸਿੱਖ ਲਹਿਰ ਦੀਆਂ ਪ੍ਰਾਪਤੀਆਂ ਕਿਤੇ ਜ਼ਿਆਦਾ ਅਹਿਮੀਅਤ ਰੱਖਦੀਆਂ ਹਨ। ਬਲਕਿ ਸੱਚ ਇਹ ਹੈ ਕਿ ਇਨ੍ਹਾਂ ਪ੍ਰਾਪਤੀਆਂ ਨੇ ਹੀ ਖਾਲਸੇ ਦੀਆਂ ਸੈਨਿਕ ਜਿੱਤਾਂ ਦੀ ਬੁਨਿਆਦ ਮੁਹੱਈਆ ਕੀਤੀ ਸੀ। ਗੁਰੂ ਸਾਹਿਬਾਨ ਦੇ ਮਨੁੱਖੀ ਬਰਾਬਰੀ ਦੇ ਸੰਦੇਸ਼ ਤੇ ਸਿਧਾਂਤ ਨੂੰ ਅਮਲ ਵਿਚ ਸਾਕਾਰ ਕਰਨ ਲਈ ਖਾਲਸੇ ਦੁਆਰਾ ਕੀਤੇ ਗਏ ਇਨਕਲਾਬੀ ਉਪਰਾਲੇ, ਖਾਸ ਤੌਰ ਜਾਤ-ਪਾਤੀ ਢਾਂਚੇ ਦੀ ਵਿਚਾਰਧਾਰਾ ਖਿਲਾਫ ਵਿੱਢੀ ਤਿਖੀ ਜੱਦੋ-

23 ਅਜਮੇਰ ਸਿੰਘ ,*ਕਿਸ ਬਿਧ ਰੁਲੀ ਪਾਤਸ਼ਾਹੀ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2009, ਪੰ.27.

ਜਹਿਦ ਨੇ ਉਸ ਨੂੰ ਇਤਿਹਾਸ ਦੀ ਵਿਕਾਸਮੁਖੀ ਧਾਰਾ ਦਾ ਮੋਹਰੀ ਬਣਾ ਦਿਤਾ ਸੀ। ਇਸ ਵਰਤਾਰੇ ਕਾਰਨ ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਕੁਲਾਲ ਵਰਗੇ ਗੁਰਮੁੱਖ ਸਿੱਖ ਪੰਥ ਦੇ ਮਹਾਨ ਆਗੂ ਪੈਦਾ ਹੋਏ।

ਸਰਬੱਤ ਖਾਲਸਾ ਦੀ ਪ੍ਰਥਾ ਦਾ ਆਰੰਭ ਅਠ੍ਹਾਵੀਂ ਸਦੀ ਵਿਚ ਸਿੱਖ ਪੰਥ ਦੀਆਂ ਲੋੜਾਂ ਅਤੇ ਮਜ਼ਬੂਰੀਆਂ ਵਿਚੋਂ ਹੋਇਆ ਹੈ। ਮੁਗਲਾਂ ਤੇ ਅਫਗਾਨਾਂ ਦੇ ਜ਼ੁਲਮ ਤੇ ਵਧੀਕੀਆਂ ਇਸ ਹੱਦ ਤੱਕ ਵੱਧ ਗਈਆਂ ਸਨ ਕਿ ਸਿੱਖਾਂ ਨੇ ਛੋਟੇ ਛੋਟੇ ਸਮੂਹਾਂ ਦੇ ਰੂਪ ਵਿਚ ਦੂਰ ਦੁਰਾਡੇ ਜੰਗਲਾਂ ਤੇ ਪਹਾੜਾਂ ਵਿਚ ਜਾ ਸ਼ਰਨ ਲਈ। ਹਥਿਆਰਬੰਦ ਅੰਮ੍ਰਿਤਧਾਰੀ ਸਿੰਘ ਸਾਲ ਵਿਚ ਦੋ ਵਾਰ ਅਰਥਾਤ ਵਿਸਾਖੀ ਤੇ ਦੀਵਾਲੀ ਦੇ ਮੌਕੇ ਤੇ ਕਿਵੇਂ ਨਾ ਕਿਵੇਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ, ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਦੇ ਤੇ ਅਕਾਲ ਤਖ਼ਤ ਉੱਤੇ ਇਕੱਠੇ ਹੋ ਕੇ ਖਾਲਸੇ ਉੱਤੇ ਝੁੱਲੀ ਜ਼ੁਲਮ ਦੀ ਹਨੇਰੀ ਦਾ ਮੁਕਾਬਲਾ ਕਰਨ ਲਈ ਗੰਭੀਰ ਵਿਚਾਰਾਂ ਕਰਦੇ। ਉਨਾਂ ਹਾਲਤਾਂ ਵਿਚ ਇਹ ਇਕੱਠ ਸਿੱਖ ਸੰਗਤ ਦੀਆ ਭਾਵਨਾਵਾਂ ਦੀ ਤਰਜਮਾਨੀ ਕਰਦੇ ਸਨ। ਇਹ ਇਕੱਠ ਦੋਸਤ ਤਾਕਤਾਂ ਦੀ ਨਿਸ਼ਾਨਦੇਹੀ ਕਰਕੇ ਉਨਾਂ ਨਾਲ ਲੋੜੀਂਦੇ ਰਿਸ਼ਤੇ ਤੈਅ ਕਰਦੇ ਤੇ ਦੁਸ਼ਮਨਾਂ ਨਾਲ ਦੋ ਹੱਥ ਕਰਨ ਲਈ ਰਣਨੀਤੀਆਂ ਘੜਦੇ। ਪਹਿਲਾ ਸਰਬੱਤ ਖਾਲਸਾ 1723 ਦੀ ਦੀਵਾਲੀ ਨੂੰ ਹੋਇਆ, ਜਦੋਂ ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਹੋਣ ਵਾਲੀ ਸੰਭਾਵੀਂ ਝੜਪ ਨੂੰ ਟਾਲਣ ਲਈ ਦੋਵਾਂ ਧਿਰਾਂ ਨੇ ਭਾਈ ਮਨੀ ਸਿੰਘ ਨੂੰ ਸਾਲਸ ਮੰਨ ਲਿਆ। ਭਾਈ ਸਾਹਿਬ ਨੇ ਆਪਣੇ ਅਨੁਭਵ, ਦਿਬ-ਦ੍ਰਿਸ਼ਟੀ, ਤਜਰਬੇ ਅਤੇ ਨਿਰਪੱਖਤਾ ਨਾਲ ਦੋਵਾਂ ਧਿਰਾਂ ਵਿਚ ਸੁਲਾ-ਸਫਾਈ ਕਰਵਾ ਦਿੱਤੀ । ਡਾ: ਭਗਤ ਸਿੰਘ ਅਨੁਸਾਰ;

> "ਅਹਿਮਦ ਸ਼ਾਹ ਅਬਦਾਲੀ ਦੇ ਵੇਲੇ ਸਰਬੱਤ ਖ਼ਾਲਸੇ ਦੀਆ ਬੈਠਕਾਂ ਕੇਵਲ ਅੰਮ੍ਰਿਤਸਰ ਵਿਖੇ ਹੀ ਨਹੀਂ, ਸਗੋਂ ਕਸੂਰ, ਸਰਹਿੰਦ ਵਿਖੇ ਵੀ ਹੋਈਆਂ।"[24]

---

24Bhaghat singh, *Sikh Polity In The Eighteenth & Nineteenth Centuries*, 22/21B, Tilak Nagar, New Delhi, 1981 p. 110.

1805 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਰਬੱਤ ਖਾਲਸਾ ਸੱਦਿਆ , ਜਿਸ ਵਿਚ ਇਹ ਫੈਸਲਾ ਕਰਨਾ ਸੀ ਕਿ ਅੰਗਰੇਜ਼ ਹਕੂਮਤ ਹੱਥੋਂ ਹਾਰ ਖਾ ਕੇ ਸਿੱਖ ਰਾਜ ਦੀ ਸ਼ਰਨ ਵਿਚ ਆਏ ਮਰਾਠਿਆਂ ਦੇ ਸਰਦਾਰ ਜਸਵੰਤ ਰਾਓ ਹੁਲਕਰ ਪ੍ਰਤੀ ਕੀ ਰਵੱਈਆ ਅਖ਼ਤਿਆਰ ਕੀਤਾ ਜਾਵੇ। ਫੈਸਲਾ ਹੋਇਆ ਕਿ ਬਰਤਾਨਵੀ ਜਰਨੈਲ ਲਾਰਡ ਲੇਕ ਤੇ ਹੁਲਕਰ ਦੀ ਲੜਾਈ ਵਿਚ ਖਾਲਸਾ ਪੰਥ ਨਿਰਪੱਖ ਰਹੇਗਾ। ਦਿਵਾਲੀ ਦੇ ਪੁਰਬ ਮੌਕੇ ਅੰਮ੍ਰਿਤਸਰ ਦੇ ਸਰਬਤ ਖਾਲਸਾ ਬਾਰੇ ਰਤਨ ਸਿੰਘ ਭੰਗੂ ਲਿਖਦੇ ਹਨ:

ਮੁਲਕ ਲੂਟ ਅੰਮ੍ਰਿਤਸਰ ਆਵੈ, ਦਿਵਾਲੀ ਬਿਸਾਖੀ ਮੇਲਾ ਲਾਵੈ।
ਬੈਠ ਹਰਿਮੰਦਰ ਸੁਨੈ ਸੁ ਗਯਾਨ, ਗੁਰ ਬਚਨਨ ਪਰ ਲਾਵੈ ਧਯਾਨ॥
ਅਕਾਲ ਬੂੰਗੇ ਤਖਤੈ ਬਹਿ ਹੈ, ਲਾਇ ਦੀਵਾਨ ਗੁਰਮਤੈ ਮਤੈ ਹੈ।
ਸ੍ਰਬਤ ਖਾਲਸਾ ਹੋਇ ਅਦਾਲਤ, ਅਸਿਖਨ ਗਾਰ ਸਿੰਘਨ ਪ੍ਰਤਿਪਾਲਤ॥
ਜਿਤੈ ਪਾਪ ਔ ਖਾਪ ਕਰ ਲੂਟ ਕੁਟ ਨਿਤ ਲਿਆਹਿੰ।
ਇਕ ਇਕ ਚੁੱਭੈ ਤਾਲ ਗੁਰ ਸਭ ਕਲ ਦੂਰ ਕਰਹਿੰ॥
ਸਿੰਘਨ ਕੇ ਸਭ ਪਾਪ ਝੜ ਜਾਏ, ਹੁਤੈ ਜੁ ਆਪਸ ਮਾਂਹਿ।
ਕੋਊ ਕਮਾਏ ਕੋਊ ਲੁਟ ਖਾਇ, ਤਾਲ ਚੁਭੈ ਤੇ ਸਭ ਨਠ ਜਾਇ॥
ਸੁਨਹੁ ਸੁ ਤਾਲ ਪ੍ਰਤਾਪ ਨ੍ਹਾਇ ਜਾਇ ਜਿਹ ਪਗ ਧਰਹਿੰ।
ਲੁਟ ਕੁਟ ਜਿਸ ਕਰੈਂ ਖਾਪ ਰਿਜਕ ਉਸੈ ਭਏ ਚੌਗੁਨੇ॥
ਲੂਟੇ ਖੋਹੇ ਹੋਇ ਜੋਉ ਤਿਨ ਕੋ ਮਿਲੈ ਨਸਾਫ।
ਝੂਠਨ ਕੋ ਤਨਖਾਹ ਕਰੈਂ, ਔ ਸੱਚਨ ਕਰਾਵੈਂ ਮਾਫ॥ "[25]

ਉਨੀਵੀਂ ਸਦੀ ਵਿਚ 18 ਮਾਰਚ 1887 ਨੂੰ ਅੰਗਰੇਜ਼ ਹਕੂਮਤ ਦੌਰਾਨ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਕਰਨ ਵਾਲੇ ਪੁਜਾਰੀਆਂ ਨੇ ਸਿੰਘ ਸਭਾ ਦੇ ਮਹਾਨ ਆਗੂ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿਚੋਂ

25 ਰਤਨ ਸਿੰਘ ਭੰਗੂ ,*ਸ੍ਰੀ ਗੁਰੂ ਪੰਥ ਪ੍ਰਕਾਸ਼,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ,2000, ਪੰ.41 7.

ਖਾਰਜ ਕਰਨ ਦਾ ਕਥਿਤ ਹੁਕਮਨਾਮਾ ਜਾਰੀ ਕੀਤਾ। 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਸਰਬੱਤ ਖਾਲਸੇ ਦੀ ਰਵਾਇਤ ਨੂੰ ਮੁੜ ਤੋਰਿਆ ਅਤੇ 15 ਨਵੰਬਰ 1920 ਨੂੰ ਅਕਾਲ ਤਖ਼ਤ ਸਾਹਿਬ ਦੇ ਸੇਵਕ ਗੁਰਬਖਸ਼ ਸਿੰਘ ਵਲੋਂ ਸਰਬੱਤ ਖਾਲਸਾ ਸੱਦਿਆ ਗਿਆ।

1973 ਦੇ ਵਿਸਾਖੀ ਮੌਕੇ ਅਕਾਲੀ ਦਲ ਨੇ ਆਨੰਦਪੁਰ ਦਾ ਮਤਾ ਪਾਸ ਕੀਤਾ, ਜੋ ਇੱਕ ਇਤਿਹਾਸਕ ਦਸਤਾਵੇਜ਼ ਹੈ, ਜਿਸ ਨੇ ਲੱਗਭਗ ਦੋ ਦਹਾਕੇ ਭਾਰਤ ਦੀ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਹੈ। 1982 ਵਿਚ ਧਰਮ ਯੁੱਧ ਮੋਰਚਾ ਉਪਰੋਕਤ ਮਤੇ ਵਿਚ ਦਰਜ ਮੰਗਾਂ ਦੀ ਪ੍ਰਾਪਤੀ ਹਿਤ ਲਗਾਇਆ ਗਿਆ ਸੀ।

ਪੰਜਾਬ ਵਿਚ ਸਿਆਸੀ ਤੌਰ ਤੇ ਸਰਗਰਮ ਪਾਰਟੀਆਂ ਇਹਨਾਂ ਪੁਰਬਾਂ ਦਾ ਸਾਰਥਕ ਉਪ ਯੋਗ ਕਰਨ ਹਿਤ ਆਪਣੀਆਂ ਪਾਰਟੀਆਂ ਦੇ ਬੈਨਰ ਹੇਠ ਰਾਜਨੀਤਿਕ ਸਮਾਗਮ ਆਯੋਜਿਤ ਕਰ ਦੀਆਂ ਹਨ।

ਵਰਤਮਾਨ ਸਮੇਂ ਵਿਚ ਸਿਆਸੀ ਲੋਕ ਆਪਣੇ ਸੌੜੇ ਮਨੋਰਥਾਂ ਦੀ ਪ੍ਰਾਪਤੀ ਲਈ ਇਕ-ਦੂਜੇ ਨੇਤਾ ਤੇ ਚਿੱਕੜ ਸੁੱਟ ਕੇ ਸਿੱਖ ਪ੍ਰੰਪਰਾਵਾਂ ਦੀ ਅਨਦੇਖੀ ਕਰਦੇ ਹਨ। ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਦੇ ਮੌਕੇ ਨਿਰਮਲ ਸਿੰਘ ਸਰਪੰਚ ਵਾਸੀ ਪਿੰਡ ਦੰਦਰਾਲਾ ਤਹਿਸੀਲ ਡੇਰਾ ਬਸੀ ਨੇ ਮੁਲਾਕਾਤ ਸਮੇਂ ਦਸਿਆ ਕਿ;

> "ਇਸ ਬਿਆਨਬਾਜ਼ੀ ਦੇ ਨਤੀਜੇ ਕਈ ਵਾਰੀ ਹਿੰਸਕ ਰੂਪ ਵੀ ਧਾਰਨ ਕਰ ਲੈਂਦੇ ਹਨ ਅਤੇ ਸਿੱਖਾਂ ਦੀਆਂ ਵੱਡੀਆਂ ਸੰਸਥਾਵਾਂ ਦਾ ਸਤਿਕਾਰ ਦਾਅ ਤੇ ਲਗ ਜਾਂਦਾ ਹੈ। ਜੋੜ ਮੇਲੇ ਵਿਚ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਰਟੀਆਂ ਆਪਣੇ ਵੱਖੋ-ਵੱਖ ਪੰਡਾਲ ਲਗਾ ਕੇ ਸਿਆਸੀ ਸਮਾਗਮ ਕਰਦੀਆਂ ਹਨ।
> ਇਹਨਾਂ ਪ੍ਰੋਗਰਾਮਾਂ ਵਿਚ ਵੱਡੇ-ਵੱਡੇ /ਨੇਤਾ ਆਪਣੇ ਸਿਆਸੀ ਪ੍ਰੋਗਰਾਮ ਦੇ ਪ੍ਰਚਾਰ ਵਾਸਤੇ ਸ਼ਮੂਲੀਅਤ ਕਰਦੇ ਹਨ। ਹਰ ਪਾਰਟੀ ਆਪਣੇ ਆਪ ਨੂੰ ਸ਼ਹੀਦਾਂ ਦਾ ਅਸਲੀ ਵਾਰਸ ਹੋਣ ਲਈ ਦਾਅਵੇ ਕਰਦੀ ਹੈ।"[੨੬]

ਇਹਨਾਂ ਸਮਾਗਮਾਂ ਵਿਚ ਇਕੱਠੇ ਹੋਏ ਲੋਕ ਭਵਿੱਖ ਵਿਚ ਆਉਣ ਵਾਲੀ ਸਰਕਾਰ ਲਈ ਸੰਕੇਤ ਵੀ ਸਾਬਤ ਹੁੰਦੇ ਹਨ। ਇਥੇ ਸਿੱਖ ਸੰਗਤ ਦੀਆਂ ਧਾਰਮਕ ਭਾਵਨਾਵਾਂ ਦਾ ਸ਼ੋਸ਼ਣ ਸਿਆਸੀ ਹਿਤਾਂ ਲਈ

---

26 ਨਿਰਮਲ ਸਿੰਘ ,ਸਰਪੰਚ ਵਾਸੀ ਪਿੰਡ ਦੰਦਰਾਲਾ ਤਹਿ. ਡੇਰਾ ਬਸੀ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, 2015.

ਕੀਤਾ ਜਾਂਦਾ ਹੈ। 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਵਿਖੇ ਨਿਰੰਕਾਰੀ ਕਾਂਡ ਹੋਇਆ ਜਿਸ ਵਿਚ 13 ਸਿੰਘ ਸ਼ਹੀਦ ਹੋਏ। ਕਰਮਜੀਤ ਸਿੰਘ ਅਨੁਸਾਰ;

> "ਵਿਸਾਖੀ 1978 ਨੂੰ ਵਾਪਰੇ ਖ਼ੂਨੀ ਸਾਕੇ ਵਿਚ ਨਾਮ ਬਾਣੀ ਵਿਚ ਰੰਗੇ ਸਿੰਘਾਂ ਦੇ ਡੁੱਲ੍ਹੇ ਲਹੂ ਵਿਚੋਂ ਪੈਦਾ ਹੋਏ ਜਜ਼ਬੇ ਨੂੰ ਸੰਗਠਤ ਕੀਤਾ ਅਤੇ ਦੇਹਧਾਰੀ ਗੁਰੂ ਦੰਭ ਦੇ ਹਮ ਲੇ ਨੂੰ ਪਛਾੜਨ, ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜਨ, ਧਰਮ ਦੇ ਬੋਲ ਬਾਲੇ ਕਰਨ ਤੇ ਦੁਸ਼ਟਾਂ ਨੂੰ ਜੜ੍ਹੋਂ ਉਖਾੜਨ ਲਈ 'ਧਰਮ ਯੁੱਧ' ਦਾ ਮੁੱਢ ਬੰਨ੍ਹਿਆ।"[27]

ਇਸ ਕਾਂਡ ਨੇ ਪੰਜਾਬ ਅਤੇ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕੀਤਾ, ਪੰਜਾਬ ਵਿਚ ਅਕਾਲੀ ਦਲ ਅਤੇ ਬ੍ਰਹਮਣਵਾਦੀ ਤਾਕਤਾਂ ਦਾ ਗੈਰ-ਸਿਧਾਂਤਕ ਗਠਜੋੜ ਦਾ ਦੌਰ ਅਰੰਭ ਹੋਇਆ ਤੇ ਥੋੜ੍ਹਾ ਸਮਾਂ ਸੱਤਾ ਦਾ ਆਨੰਦ ਭੋਗਣ ਤੋਂ ਬਾਅਦ ਅਕਾਲੀ ਨੇਤਾਵਾਂ ਨੂੰ ਸੰਗਤ ਵਲੋਂ ਦੁਰਕਾਰੇ ਜਾਣ ਦਾ ਸੰਤਾਪ ਝੱਲਣਾ ਪਿਆ। ਅਜਮੇਰ ਸਿੰਘ ਦੇ ਕਥਨ ਅਨੁਸਾਰ;

> "1978 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਵਾਪਰੇ ਖ਼ੂਨੀ ਕਾਂਡ ਨੇ ਸਿੱਖ ਕੌਮ ਸਾਹਮਣੇ ਨਵੇਂ ਸੁਆਲ ਅਤੇ ਨਵੀਆਂ ਚੁਣੌਤੀਆਂ ਉਭਾਰ ਦਿਤੀਆਂ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਰਾਜਸੀ ਦ੍ਰਿਸ਼ ਉਤੇ ਪਰਗਟ ਹੋ ਜਾਣ ਨਾਲ ਕੌਮ ਦੇ ਇਤਿਹਾਸ ਦੇ ਇਕ ਨਵੇਂ ਕਾਂਡ ਦੀ ਸਿਰਜਣਾ ਦਾ ਮਹੂਰਤ ਹੋ ਚੁੱਕਿਆ ਸੀ।"[੨੮]

ਅੰਮ੍ਰਿਤਸਰ ਦਾ ਐਲਾਨਨਾਮਾ ਸਿੱਖ ਰਾਜਨੀਤੀ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। 13 ਅਪ੍ਰੈਲ 1986 ਦੀ ਵਿਸਾਖੀ ਦੇ ਪੁਰਬ ਮੌਕੇ ਸ੍ਰੀ ਅਕਾਲ ਤਖਤ ਸਾਹਮਣੇ ਸਰਬਤ ਖਾਲਸਾ ਸੱਦਿਆ ਗਿਆ, ਜਿਸ ਬਾਰੇ ਹਰਜਿੰਦਰ ਸਿੰਘ ਦਿਲਗੀਰ ਅਨੁਸਾਰ;

> "ਸਰਬਤ ਖਾਲਸਾ ਦੀਵਾਨ ਅਕਾਲ ਤਖਤ ਸਾਹਿਬ ਮੂਹਰੇ ਕੀਤਾ। ਇਸ ਦੀਵਾਨ ਵਿਚ ਯੂ. ਐਨ.ਓ. ਤੋਂ ਮੰਗ ਕੀਤੀ ਗਈ ਕਿ ਜੂਨ ਤੇ ਨਵੰਬਰ 1984 ਵਿਚ ਹਜ਼ਾਰਾਂ ਸਿੱਖਾਂ ਦੇ ਕਤਲਾਂ ਦੇ ਸਬੰਧ ਵਿਚ ਇੰਦਰਾਂ ਗਾਂਧੀ, ਜ਼ੈਲ ਸਿੰਘ, ਰਾਜੀਵ ਗਾਂਧੀ, ਨਰਸਿੰਮ੍ਹਾ ਰਾਓ,

---

27 ਕਰਮਜੀਤ ਸਿੰਘ, *ਪੰਥਕ ਦਸਤਾਵੇਜ-ਭਾਗ ਪਹਿਲਾ*, ਗੁਰਮਤਿ ਪੁਸਤਕ ਭੰਡਾਰ ਅੰਮ੍ਰਿਤਸਰ, 2012, ਪੰ. 54.

28 ਅਜਮੇਰ ਸਿੰਘ *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ,2004, ਪੰ.290.

ਵੈਦਿਆ, ਸੁੰਦਰਜੀ ਵਗੈਰਾ 'ਤੇ ਕੌਮਾਂਤਰੀ ਅਦਾਲਤ ਵਿਚ ਮੁਕਦਮਾ ਚਲਾਇਆ ਜਾਵੇ।"[29]

ਪੰਜਾਬ ਵਿਚ ਜਨਵਰੀ ਦੇ ਮਹੀਨੇ ਮਾਘੀ ਦੇ ਪੁਰਬ ਮੌਕੇ ਮੁਕਤਸਰ ਵਿਚ ਰਾਜਸੀ ਇਕੱਠ ਕੀਤੇ ਜਾਂਦੇ ਹਨ। ਮਾਰਚ ਦੇ ਹੋਲੇ ਮਹੱਲੇ ਦੇ ਪੁਰਬ ਮੌਕੇ ਆਨੰਦਪੁਰ ਸਾਹਿਬ ਵਿਖੇ ਸਿਆਸੀ ਕਾਨਫਰੰਸਾਂ ਹੁੰਦੀਆਂ ਹਨ। ਅਪ੍ਰੈਲ ਮਹੀਨੇ ਵਿਸਾਖੀ ਦੇ ਪੁਰਬ ਮੌਕੇ ਤਲਵੰਡੀ ਸਾਬੋ ਵਿਖੇ ਸਿਆਸੀ ਕਾਨਫਰੰਸਾਂ ਕੀਤੀਆਂ ਜਾਂਦੀਆਂ ਹਨ। ਦਸਬੰਰ ਮਹੀਨੇ ਸ਼ਹੀਦੀ ਪੁਰਬ ਮੌਕੇ ਫਤਹਿਗੜ੍ਹ ਸਾਹਿਬ ਵਿਚ ਸਿਆਸੀ ਪਾਰਟੀਆਂ ਵੱਡੇ ਇਕੱਠ ਕਰਦੀਆਂ ਹਨ, ਜਿਸ ਬਾਰੇ ਭਾਈ ਅਸ਼ੋਕ ਸਿੰਘ ਬਾਗੜੀਆਂ ਲਿਖਦੇ ਹਨ:

"ਪੰਜਾਬ ਦੀਆਂ ਸਿਆਸੀ ਪਾਰਟੀਆਂ ਇਸ ਸਭਾ ਮੌਕੇ ਇਕੱਤਰ ਹੋਏ ਸ਼ਰਧਾਲੂਆਂ ਨੂੰ ਸਿਆਸੀ ਫਿਰਕਿਆਂ ਵਿਚ ਵੰਡ ਕੇ ਆਪੋ ਆਪਣੀ ਪਾਰਟੀ ਦੇ ਸੋਹਲੇ ਗਾਉਣ ਲੱਗ ਪਈਆਂ ਹਨ। ਨੇਤਾਵਾਂ ਦਾ ਭਾਸ਼ਣ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਗਾਲੀ ਗਲੋਚ ਤੱਕ ਪੁੱਜ ਜਾਂਦਾ ਹੈ।"[30]

ਚੋਣਾਂ ਦੇ ਸਾਲ ਵਿਚ ਸਿੱਖ ਪੁਰਬਾਂ ਵਿਚ ਸਿਆਸੀ ਗਤੀਵਿਧੀਆਂ ਤੇਜ਼ ਹੋ ਜਾਂਦੀਆਂ ਹਨ। ਫਤਿਹਗੜ੍ਹ ਸਾਹਿਬ ਦਾ ਸ਼ਹੀਦੀ ਪੁਰਬ 60 ਸਾਲ ਪਹਿਲਾਂ ਸੋਗ ਸਭਾ ਦਾ ਦ੍ਰਿਸ਼ ਪ੍ਰਗਟ ਕਰਦਾ ਸੀ। ਲੋਕ ਇਹਨਾਂ ਦਿਨਾਂ ਵਿਚ ਕੋਈ ਖੁਸ਼ੀ ਦਾ ਸਮਾਗਮ ਨਹੀਂ ਸੀ ਰਚਦੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਜ਼ਮੀਨ 'ਤੇ ਆਸਨ ਲਗਾਉਂਦੇ ਸਨ। ਜਦੋਂ ਵੀ ਸਰਕਾਰ ਦਾ ਜ਼ੁਲਮ ਸਿੱਖ ਸੰਗਤ 'ਤੇ ਵਧਦਾ ਹੈ ਤਾਂ ਇਸ ਦਾ ਪ੍ਰਤੀਕਰਮ ਸ਼ਹੀਦੀ ਪੁਰਬ ਮੌਕੇ ਸਿੱਖ ਜਥੇਬੰਦੀਆਂ ਦੇ ਦੀਵਾਨਾਂ ਵਿਚ ਪਾਸ ਕੀਤੇ ਜਾਂਦੇ ਮਤਿਆਂ ਦੀ ਭਾਸ਼ਾ ਤੋਂ ਲਗਾਇਆ ਜਾ ਸਕਦਾ ਹੈ। ਰਾਜਨੀਤੀ ਸ਼ਾਸ਼ਤਰ ਦੇ ਵਿਸ਼ੇਸ਼ ਵਿਦਵਾਨ ਇਹਨਾਂ ਪੁਰਬਾਂ ਮੌਕੇ ਹੋਣ ਵਾਲੀਆਂ ਸਿਆਸੀ ਕਾਨਫਰੰਸਾਂ ਵਿਚ ਭਵਿੱਖ ਦੀ ਕੌਮੀ ਰਾਜਨੀਤੀ ਦੇ ਸੰਕੇਤ ਦਾ ਵਿਸ਼ਲੇਸ਼ਣ ਕਰਦੇ ਹਨ, ਜਿਸ ਨਾਲ ਪੰਜਾਬ ਵਿਚ ਭਵਿੱਖ ਦੀ ਸਿਆਸਤ

---

29 ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਅਕਾਲੀ ਦਲ*, ਸਿੱਖ ਯੂਨੀਵਰਸਿਟੀ ਸੈਂਟਰ, ਬੈਲਜ਼ੀਅਮ, 2000, ਪੰਨੇ 465-66.

30 ਭਾਈ ਅਸ਼ੋਕ ਸਿੰਘ ਬਾਗੜੀਆਂ, *ਵਕਤ ਵਿਚਾਰ ਮੰਗਦਾ ਹੈ*, # 1557 ਸੈਕਟਰ 36-ਡੀ, ਚੰਡੀਗੜ੍ਹ 2017, ਪੰ 92.

ਬਾਰੇ ਅਨੁਮਾਨ ਲਗਾਏ ਜਾਂਦੇ ਹਨ। ਸਮਾਜਕ ਜੀਵਨ ਵਿਚ ਅਰਥਚਾਰੇ ਦਾ ਬਹੁਤ ਵਡਾ ਯੋਗਦਾਨ ਹੁੰਦਾ ਹੈ। ਸਿੱਖ ਪੁਰਬ ਗੁਰੂ ਕਾਲ ਤੋਂ ਹੀ ਸਿੱਖ ਪੰਥ ਦੇ ਅਰਥਚਾਰੇ ਦਾ ਸ੍ਰੋਤ ਬਣੇ ਹੋਏ ਹਨ।

**ਅਰਥਿਕ ਪੱਖ:** ਗੁਰੂ ਨਾਨਕ ਜੀ ਵੱਲੋਂ ਦਿੱਤੇ ਕਿਰਤ ਦੇ ਸਿਧਾਂਤ ਨਾਲ ਇਸ ਕਾਰਜ ਦੀ ਆਰੰਭ ਤਾ ਜੁੜਦੀ ਹੈ, ਜਿਸ ਦੇ ਸੰਕੇਤ ਸੱਚੇ ਸੌਦੇ ਦੀ ਸਾਖੀ ਵਿਚੋਂ ਮਿਲਦੇ ਹਨ। ਗੁਰੂ ਨਾਨਕ ਜੀ ਨੇ ਸਰਕਾਰੀ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਕਰਤਾਰਪੁਰ ਵਿਚ ਖੇਤੀ ਕਰਕੇ ਧਰਮਸ਼ਾਲ ਸਥਾਪਤ ਕੀਤੀ। ਗੁਰੂ ਅੰਗਦ ਜੀ ਆਪਣੇ ਨਗਰ ਵਿਚ ਦੁਕਾਨਦਾਰੀ ਦੀ ਕਿਰਤ ਕਰਦੇ ਸਨ। ਗੁਰੂ ਅਮਰਦਾਸ ਨੇ ਵਿਸਾਖੀ ਦੇ ਪੁਰਬ ਮੌਕੇ ਕਿਰਤੀ ਲੋਕਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕੀਤੇ ਸਨ। ਸੁਰਜੀਤ ਸਿੰਘ ਭਾਟੀਆ ਦੇ ਕਥਨ ਅਨੁਸਾਰ;

> "ਗੁਰੂ ਨਾਨਕ ਦੀ ਧਾਰਨਾ ਅਨੁਸਾਰ ਸਹਿਜ-ਭਾਵ ਦਾ ਮਨੁੱਖੀ ਜੀਵਨ ਉਸਾਰਨ ਲਈ ਸਭਿਆਚਾਰਕ ਕੇਂਦਰ ਦਾ ਡੇਰਾ ਸਥਾਪਤ ਕੀਤਾ ਅਤੇ ਇਸਦੀ ਕੇਂਦਰੀ ਗੁੱਲੀ ਦੇ ਦੁਆਲੇ ਐਸੇ ਕ੍ਰਮ ਬੱਧ ਢੰਗ ਨਾਲ ਸ਼ਹਿਰ ਉਸਾਰੀ ਕੀਤੀ ਕਿ ਇਹ ਵਪਾਰ ਤੇ ਉਦਯੋਗ ਦਾ ਕੇਂਦਰ ਬਣਨ ਲੱਗਾ। ਜਿਥੇ ਵਪਾਰ ਤੇ ਉਦਯੋਗ ਦੀ ਸਥਾਪਨਾ ਨੇ ਕਈ ਨਿਆਸਰਿਆਂ ਤੇ ਨਿਧਰਿਆਂ ਨੂੰ ਰੋਜ਼ਗਾਰ ਦੇ ਕੇ ਪਤਿ ਸੇਤੀ ਜਿਊਣ ਜੋਗਾ ਬਣਾਇਆ, ਉਥੇ ਇਸ ਦੇ ਵਪਾਰ ਦੇ ਵਧਣ ਨਾਲ ਗੁਰੂ ਸਾਹਿਬ ਦਾ ਮਨੁੱਖੀ ਬਰਾਬਰੀ ਦਾ ਸੰਦੇਸ਼ ਵੀ ਦੂਰ ਦੂਰ ਤੱਕ ਫੈਲਣ ਲਗਾ।"[31]

ਸਿੱਖ ਧਰਮ ਕਿਰਤੀ ਲੋਕਾਂ ਦਾ ਧਰਮ ਹੈ। ਭਾਈ ਜੇਠਾ ਗੋਇੰਦਵਾਲ ਨਗਰ ਵਿਚ ਘੁੰਗਣੀਆਂ ਵੇਚਣ ਦੀ ਕਿਰਤ ਕਰਦੇ ਹੋਏ ਗੁਰੂ ਰਾਮਦਾਸ ਦੇ ਸਰੂਪ ਵਿਚ ਪ੍ਰਗਟ ਹੋਏ। ਗੁਰੂ ਸਾਹਿਬਾਨ ਵੱਲੋਂ ਆਰੰਭ ਕੀਤੇ ਕਾਰਜਾਂ ਲਈ ਸੰਗਤਾਂ ਦੁਆਰਾ ਦਸਵੰਧ ਭੇਜਿਆ ਜਾਂਦਾ ਸੀ, ਜਿਸ ਨੂੰ ਗੁਰੂ ਦਰਬਾਰ ਵਲੋਂ ਥਾਪੇ ਸੇਵਾਦਾਰ ਇਕੱਤਰ ਕਰਦੇ ਸਨ। ਇਤਿਹਾਸਕਾਰ ਲਤੀਫ ਅਨੁਸਾਰ;

> "ਅਕਬਰ ਭਾਰੀ ਸੈਨਾ ਨਾਲ ਇਕ ਸਾਲ ਲਾਹੌਰ ਰਿਹਾ। ਸਿੱਟੇ ਵੱਜੋਂ ਕੀਮਤਾਂ ਬਹੁਤ ਚੜ੍ਹ ਗਈਆਂ ਸਨ। ਪੰਜਾਬ ਦੀ ਗਰੀਬ ਕਿਰਸਾਨੀ ਨੂੰ ਅਨਾਜ ਦੀ ਥੁੜ ਕਾਰਨ ਭਾਰੀ ਕਸ਼ਟ ਸਹਿਣਾ ਪੈ ਰਿਹਾ ਸੀ ਜਦੋਂ ਅਕਬਰ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਫਸਲਾਂ ਦਾ ਸਮਾਂ ਨੇੜੇ ਸੀ। ਜਦੋਂ ਜਾਣ ਤੋਂ ਪਹਿਲਾਂ ਅਕਬਰ ਗੁਰੂ ਸਾਹਿਬ ਨੂੰ ਮਿਲਿਆ ਤਾਂ ਆਪਣੇ

---

31 ਸੁਰਜੀਤ ਸਿੰਘ ਭਾਟੀਆ, *ਨਿਰਭਉ ਤੇ ਨਿਰਵੈਰ ਸਮਾਜ*, ਗੁਰੂ ਨਾਨਕ ਫਾਊਂਡੇਸ਼ਨ ਨਵੀਂ ਦਿਲੀ, 1985,ਪੰ. 68.

> ਲਾਇਕ ਕੋਈ ਸੇਵਾ ਪੁੱਛੀ ਤਾਂ ਗੁਰੂ ਸਾਹਿਬ ਨੇ ਕਿਰਸਾਨੀ ਦਾ ਮਾਮਲਾ ਬਾਦਸ਼ਾਹ ਅੱਗੇ ਰੱਖ ਦਿੱਤਾ। ਸਾਰੇ ਸਾਲ ਦਾ ਮਾਲੀਆ ਮਾਫ ਕਰਨ ਦੀ ਸਿਫ਼ਾਰਿਸ਼ ਕੀਤੀ। ਅਕਬਰ ਤੁਰੰਤ ਮੰਨ ਗਿਆ। ਵੇਲੇ ਸਿਰ ਦੀ ਸਹਾਇਤਾ ਨੇ ਗੁਰੂ ਸਾਹਿਬ ਦੀ ਲੋਕਪ੍ਰਿਯਤਾ ਵਿਚ ਭਾਰੀ ਵਾਧਾ ਕੀਤਾ ਅਤੇ ਉਹਨਾਂ ਨੂੰ ਮਾਝੇ ਮਾਲਵੇ ਦੀ ਕਿਰਸਾਨੀ ਪੂਜ ਬਣਾ ਦਿੱਤਾ।"[32]

ਪੰਜਾਬ ਦੇ ਖੇਤੀ-ਬਾੜੀ ਉਤੇ ਅਧਾਰਿਤ ਸਮਾਜ ਵਿਚ ਪਸ਼ੂਆਂ ਅਤੇ ਕਿਰਤੀ ਕਾਮਿਆਂ ਨੂੰ ਆਰਾਮ ਦੇਣ ਲਈ ਮਹੀਨੇ ਦੇ ਕੁੱਝ ਦਿਨ ਛੁੱਟੀ ਵਾਸਤੇ ਨਿਸ਼ਚਿਤ ਕੀਤੇ ਹੋਏ ਸਨ, ਜਿਸ ਵਿਚ ਪੂੰਨਿਆਂ, ਮੱਸਿਆ ,ਦਸਵੀਂ ਅਤੇ ਸੰਗਰਾਂਦ ਵਾਲੇ ਦਿਨ ਲੋਕ ਛੁੱਟੀ ਮਨਾਉਂਦੇ ਹੋਏ ਮੌਜ-ਮੇਲੇ ਲਈ ਕਿਸੇ ਖੁਲ੍ਹੀ ਥਾਂ, ਜਿਥੇ ਖੁੱਲ੍ਹਾ ਪਾਣੀ ਹੁੰਦਾ, ਉਥੇ ਇਕੱਠੇ ਹੁੰਦੇ ਸਨ। ਸੁਰਜੀਤ ਸਿੰਘ ਭਾਟੀਆ ਅਨੁਸਾਰ;

> "ਸਦੀਆਂ ਤੋਂ ਚਲੀ ਆ ਰਹੀ ਇਹ ਪ੍ਰਥਾ ਲਗ-ਭਗ ਧਾਰਮਿਕ ਰੀਤ ਬਣੀ ਹੋਈ ਸੀ। ਗੁਰੂ ਅਰਜਨ ਨੇ ਇਸ ਰੀਤ ਨੂੰ ਮੋੜਾ ਦੇ ਕੇ ਇਨ੍ਹਾਂ ਮਹਾਂਵਾਰੀ ਦਿਹਾੜਿਆਂ ਉਤੇ ਦਰਬਾਰ ਸਾਹਿਬ ਵਿਚ ਵੱਡੇ ਇਕੱਠ ਕਰਨੇ ਸ਼ੁਰੂ ਕੀਤੇ। ਇਨ੍ਹਾਂ ਵਿਚ ਅੰਮ੍ਰਿਤਸਰ ਦੇ ਦੁਆਲੇ ਦੇ ਪਿੰਡਾਂ ਦੇ ਲੋਕ, ਜੋ ਸ਼ਹਿਰੀਆਂ ਵਾਂਗ ਰੋਜ਼ਾਨਾ ਸੰਗਤ ਵਿਚ ਨਹੀਂ ਸੀ ਆ ਸਕਦੇ, ਇਹਨਾਂ ਦਿਨਾਂ ਉਤੇ ਬੜੀ ਸ਼ਰਧਾ ਭਾਵਨਾ ਨਾਲ ਆਉਂਦੇ। ਇਸੇ ਤਰ੍ਹਾਂ ਵਿਸਾਖੀ ਤੇ ਦਿਵਾਲੀ ਦੇ ਦਿਨਾਂ ਉਤੇ ਸਾਲਾਨਾ ਇਕੱਠ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿਚ ਕਾਫੀ ਦੂਰ ਤੋਂ ਸੰਗਤ ਆਉਂਦੀ। ਇਨ੍ਹਾਂ ਇਕੱਠਾਂ ਵਿਚ ਗੁਰੂ ਸਾਹਿਬ ਦਾ ਉਪਦੇਸ਼ ਤੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਂਦਾ।"[33]

ਇਹਨਾਂ ਸਾਲਾਨਾ ਜੋੜ ਮੇਲਿਆਂ ਮੌਕੇ ਪਸ਼ੂ-ਮੰਡੀਆਂ ਅਤੇ ਹੋਰ ਘਰੇਲੂ ਵਰਤੋਂ ਦੇ ਸਾਮਾਨ ਦੀਆਂ ਮੰਡੀਆਂ ਵੀ ਲਗਦੀਆਂ ਸਨ। ਇਸ ਮੌਕੇ 'ਤੇ ਲੋਕ ਹੁਮ ਹੁਮਾ ਕੇ ਆਉਂਦੇ ਸਨ। ਇਨਾਂ ਪੁਰਬਾਂ ਮੌਕੇ ਸਚਿਆਰ ਜੀਵਨ ਵਾਲੇ ਸਿੱਖਾਂ ਨੂੰ ਮਿਲ ਕੇ ਜਾਂ ਵਿਚਾਰ ਵਟਾਂਦਰਾ ਕਰਕੇ ਲੋਕ ਪ੍ਰਭਾਵਿਤ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਵੇਲੇ ਵਪਾਰ ਬਾਰੇ ਮੈਕਸ ਆਰਥਰ ਮੈਕਾਲਫ਼ ਲਿਖਦੇ ਹਨ;

---

32 ਲਤੀਫ, *ਪੰਜਾਬ ਦਾ ਇਤਿਹਾਸ*, ਪੰ 252.

33 ਸੁਰਜੀਤ ਸਿੰਘ ਭਾਟੀਆ, *ਨਿਰਭਉ ਤੇ ਨਿਰਵੈਰ ਸਮਾਜ*, ਗੁਰੂ ਨਾਨਕ ਫਾਉਂਡੇਸ਼ਨ ਨਵੀਂ ਦਿਲੀ, 1985,ਪੰ.101.

"ਇਕ ਬ੍ਰਾਹਮਣ ਵਿਉਪਾਰੀ ਜਿਸਦਾ ਨਾਮ ਗੰਗਾ ਰਾਮ ਸੀ, ਅਨਾਜ ਵੇਚਣ ਲਈ ਬਠਿੰਡੇ ਤੋਂ ਆਇਆ। ਉਹ ਗੁਰੂ ਸਾਹਿਬ ਕੋਲ ਪੁੱਜਾ ਅਤੇ ਉਨ੍ਹਾਂ ਨਾਲ ਕੁੱਝ ਸਮਾਂ ਰਿਹਾ। ਉਸ ਦੇ ਗੁਰੂ ਸਾਹਿਬ ਕੋਲ ਠਹਿਰਨ ਦੇ ਦੋਰਾਨ ਇਕ ਦਿਨ ਗੁਰੂ ਕੇ ਲੰਗਰ ਵਿਚ ਦਾਣੇ ਨਾ ਹੋਣ ਕਾਰਨ ਗੰਗਾ ਰਾਮ ਨੇ ਆਪਣਾ ਸਾਰਾ ਅਨਾਜ ਦੇ ਕੇ ਸਰੋਵਰ ਦੀ ਉਸਾਰੀ ਵਿਚ ਸਾਰੇ ਕਾਮਿਆਂ ਨੂੰ ਪੰਜ ਦਿਨ ਭੋਜਨ ਖੁਵਾਇਆ। ਵਿਸਾਖੀ ਦਾ ਮੇਲਾ ਨਜ਼ਦੀਕ ਆ ਰਿਹਾ ਸੀ। ਇਸ ਲਈ ਗੁਰੂ ਸਾਹਿਬ ਨੇ ਉਸ ਨੂੰ ਪ੍ਰੇਰਿਆ ਕਿ ਮੇਲੇ ਦਾ ਆਨੰਦ ਮਾਣੇ। ਉਸ ਅਵਸਰ ਉਤੇ ਗੁਰੂ ਸਾਹਿਬ ਨੂੰ ਬਹੁਤ ਚੜ੍ਹਾਵਾ ਚੜ੍ਹਿਆ ਜੋ ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਗੰਗਾ ਰਾਮ ਨੂੰ ਦੇ ਦਿੱਤਾ ਜਾਵੇ। ਇਹ ਉਸ ਦੀ ਲਗਨ ਤੇ ਸੁਹਿਰਦਤਾ ਨੂੰ ਪਰਖਣ ਲਈ ਕੀਤਾ ਸੀ। ਗੰਗਾ ਰਾਮ ਨੇ ਫਿਰ ਵੀ ਲੈਣ ਤੋਂ ਇਨਕਾਰ ਕੀਤਾ। ਗੁਰੂ ਅਜਿਹੇ ਸੁਆਰਥਹੀਨ ਦੋਸਤ ਨੂੰ ਮਿਲਕੇ ਪ੍ਰਸੰਨ ਹੋਏ।"[34]

ਗੁਰੂ ਕਾਲ ਵਿਚ ਘੋੜਿਆਂ ਦੇ ਵਪਾਰ ਬਾਰੇ ਇਤਿਹਾਸਕ ਜਾਣਕਾਰੀ ਮਿਲਦੀ ਹੈ। ਇਸ ਵਪਾਰ ਨੂੰ ਸਿੱਖ ਜੋੜ ਮੇਲਿਆਂ ਨੇ ਉਤਸ਼ਾਹਿਤ ਕੀਤਾ। ਗੋਕਲ ਚੰਦ ਨਾਰੰਗ ਅਨੁਸਾਰ;

"ਘੋੜਿਆਂ ਦਾ ਵਪਾਰ, ਜੋ ਉਨ੍ਹਾਂ ਦਿਨਾਂ ਵਿਚ ਲਾਭਦਾਇਕ ਵਪਾਰ ਸੀ, ਨੇ ਸਿੱਖ ਵਪਾਰੀਆਂ ਨੂੰ ਮਾਲਦਾਰ ਬਣਾ ਦਿਤਾ ਅਤੇ ਗੁਰੂ ਕੀ ਗੋਲਕ ਲਈ ਭਾਰੀ ਭੇਟਾਵਾਂ ਲਿਆਂਦੀਆਂ। ਸਿੱਖਾਂ ਵਿਚ ਵਿਚ ਘੋੜ-ਸਵਾਰੀ ਦੀ ਰੁਚੀ ਪੈਦਾ ਕਰਕੇ ਇਸ ਨੇ ਖਾਲਸੇ ਦੀਆਂ ਭਵਿੱਖੀ ਸੈਨਾਵਾਂ ਦਾ ਰਾਹ ਖੋਲ੍ਹਿਆ ਅਤੇ ਹੌਲੀ-ਹੌਲੀ ਉੱਤਰੀ ਭਾਰਤ ਦੇ ਸਰਬੋਤਮ ਘੋੜ ਸਵਾਰ ਬਣ ਗਏ।"[35]

ਸਿੱਖ ਪੁਰਬਾਂ ਦੀ ਆਰੰਭਤਾ ਨਾਲ ਇਹ ਵਪਾਰਕ ਕਾਰਜ ਸਿੱਖ ਸੰਗਤਾਂ ਆਪ ਕਰਨ ਲੱਗੀਆਂ। ਗੁਰੂ ਦਰਬਾਰ ਦੇ ਖਜ਼ਾਨੇ ਵਿਚ ਭਾਰੀ ਵਾਧਾ ਹੋ ਗਿਆ, ਜਿਸ ਕਾਰਨ ਅੰਮ੍ਰਿਤਸਰ ਵਰਗਾ ਮਹਾਨ ਤੀਰਥ ਹੋਂਦ ਵਿਚ ਆਇਆ। ਗੁਰੂ ਹਰਿਗੋਬਿੰਦ ਜੀ ਨੇ ਸਿੱਖ ਵਪਾਰੀਆਂ ਨੂੰ ਉਤਸ਼ਾਹਿਤ ਕੀਤਾ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਵਿਚ ਲਿਖਦੇ ਹਨ ਕਿ;

---

34 ਮੈਕਸ ਆਰਥਰ ਮੈਕਾਲਿਫ, *ਸਿੱਖ ਧਰਮ (ਜਿਲਦ ਤੀਜੀ)*, ਪੰਜਾਬੀ ਯੂਨੀਵਰਸਿਟੀ ਪਟਿਆਲਾ 2000, ਪੰ.7.

35 ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989, ਪੰ. 33.

"ਗੁਰੂ ਹਰਿਗੋਬਿੰਦ ਜੀ ਵੈਸਾਖੀ ਦਾ ਸਮਾਂ ਨੇੜੇ ਆਇਆ ਜਾਣ ਕਰਕੇ ਅੰਮ੍ਰਿਤਸਰ ਪੁੱਜ ਗਏ। ਅੰਮ੍ਰਿਤਸਰ ਬਹੁਤ ਭਾਰੀ ਰੌਣਕਾਂ ਹੋਣ ਲੱਗ ਪਈਆਂ ਸਨ। ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੇ ਨੇੜੇ ਗੁਰੂ ਕੇ ਬਾਜ਼ਾਰ ਵਿਚ ਜੁੱਤੀਆਂ ਤਿਆਰ ਕਰਨ ਵਾਲੇ ਮੋਚੀਆਂ ਦਾ ਬਾਜ਼ਾਰ ਕਥਿਤ ਨੀਵੀਂ ਜਾਤ ਦੇ ਲੋਕਾਂ ਦੀ ਕਿਰਤ ਦਾ ਸਤਿਕਾਰ ਸੀ, ਜੋ ਵਪਾਰਕ ਪੱਖ ਤੋਂ ਬੜੀ ਮਾਨਤਾ ਰੱਖਦਾ ਸੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਬਹੁਤ ਸਿੱਖ ਅਰਬ ਦੇਸ਼ਾਂ ਤੋਂ ਚੰਗੀ ਨਸਲ ਦੇ ਘੋੜਿਆਂ ਦੇ ਵਪਾਰੀ ਬਣ ਚੁੱਕੇ ਸਨ।"[36]

ਇਸ ਕਾਰੋਬਾਰ ਨੇ ਸਿੱਖ ਸਮਾਜ ਦੀ ਜੀਵਨ ਸ਼ੈਲੀ ਉਤੇ ਬਹੁਤ ਦੂਰ-ਦਰਸ਼ੀ ਪ੍ਰਭਾਵ ਪਾਏ। ਕਰਮ ਸਿੰਘ ਹਿਸਟੋਰੀਅਨ ਅਨੁਸਾਰ;

> "ਸ੍ਰੀ ਅੰਮ੍ਰਿਤਸਰ ਵਿਚ ਗੁਰੂ ਸਾਹਿਬਾਨ ਦੇ ਨਿਵਾਸ ਕਾਰਨ ਸਿੱਖ ਸੰਗਤਾਂ ਦੂਰੋਂ ਦੂਰੋਂ ਉਹਨਾਂ ਦੇ ਦਰਸ਼ਨਾਂ ਲਈ ਆਉਣ ਲਗੀਆਂ। ਹੌਲੀ ਹੌਲੀ ਰਾਮਦਾਸਪੁਰ ਨਾ ਕੇਵਲ ਦਰਸ਼ਨਾਂ ਦਾ ਕੇਂਦਰ ਬਣ ਗਿਆ, ਸਗੋਂ ਇਕ ਵੱਡਾ ਵਪਾਰਕ ਕੇਂਦਰ ਬਣਨ ਲਗਾ। ਵੱਖ ਵੱਖ ਕਿੱਤਿਆਂ ਦੇ ਕਾਰੀਗਰ ਵੀ ਇਥੇ ਹੀ ਵਸਣ ਲਗ ਪਏ"। [37]

ਸਿੱਖ ਸਮਾਜ ਵਿਚ ਦਿਵਾਲੀ ਦੇ ਪੁਰਬ ਮੌਕੇ ਇਕੱਤਰ ਦਸਵੰਧ ਭੇਟਾ ਨਾਲ ਸਮਾਜ ਭਲਾਈ ਦੇ ਕਾਰਜ ਕੀਤੇ ਗਏ। ਗੁਰੂ ਹਰਿਰਾਇ ਅਤੇ ਗੁਰੂ ਹਰਿਕ੍ਰਿਸ਼ਨ ਵੇਲੇ ਕੀਰਤਪੁਰ ਗੁਰਪੁਰਬ ਸਮੇਂ ਮਸੰਦਾਂ ਦੁਆਰਾ ਇੱਕਠੀ ਹੋਈ ਰਕਮ ਗੁਰੂ ਦਰਬਾਰ ਵਿਚ ਜਮ੍ਹਾਂ ਕਰਵਾਉਣ ਦੇ ਹਵਾਲੇ ਹੁਕਮਨਾਮਿਆਂ ਵਿਚ ਮਿਲਦੇ ਹਨ। ਗੁਰੂ ਤੇਗ ਬਹਾਦਰ ਨੇ ਆਸਾਮ ਅਤੇ ਪਟਨਾ ਵਿਖੇ ਧਰਮ ਪ੍ਰਚਾਰ ਕਰਦੇ ਹੋਏ ਸਿੱਖ ਪੁਰਬਾਂ ਮੌਕੇ ਸੰਗਤਾਂ ਨੂੰ ਆਪਣਾ ਦਸਵੰਧ ਸਮਾਜ ਕਲਿਆਣ ਹਿਤ ਲਗਾਉਣ ਲਈ ਹੁਕਮਨਾਮੇ ਜਾਰੀ ਕੀਤੇ ਸਨ। ਹਰ ਪੁਰਬ ਤੇ ਸੰਗਤਾਂ ਧਨ ਦੌਲਤ ਭੇਟ ਕਰਦੀਆਂ ਸਨ, ਜਿਸ ਨੂੰ ਸਮਾਜ ਸੇਵਾ ਦੇ ਕਾਰਜਾਂ ਉਪਰ ਖਰਚ ਦਿਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਵੇਲੇ ਵਿਸਾਖੀ, ਦੀਵਾਲੀ ਅਤੇ ਹੋਲੇ ਮਹੱਲੇ ਦੇ ਪੁਰਬ 'ਤੇ ਦਸਵੰਧ ਸਿੱਖ ਪੰਥ ਦੇ ਕੌਮੀ ਖਜ਼ਾਨੇ ਵਿਚ ਆਉਂਦਾ ਸੀ, ਜਿਸ ਨਾਲ ਆਨੰਦਪੁਰ ਨਗਰ ਵਿਚ ਕਿਲ੍ਹਿਆਂ ਦੀ ਉਸਾਰੀ ਕੀਤੀ ਗਈ।

---

36 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,ਭਾਗ-6*, ਭਾਸ਼ਾ ਵਿਭਾਗ, ਪਟਿਆਲਾ,1974,ਪੰਨਾ. 85.

37 ਕਰਮ ਸਿੰਘ ਹਿਸਟੋਰੀਅਨ,ਅੰਮ੍ਰਿਤਸਰ ਦੀ ਤਵਾਰੀਖ,ਧਰਮ ਪ੍ਰਚਾਰ ਕਮੇਟੀ,ਸ੍ਰੀ ਅੰਮ੍ਰਿਤਸਰ,1998 ਪੰ. 12.

ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਵੰਧ ਦੀ ਭੇਟਾ ਅਤੇ ਸਹਿਯੋਗ ਦੇਣ ਲਈ ਪੰਜਾਬ ਸਮੇਤ ਹੋਰ ਨਾਂ ਸੰਗਤਾਂ ਦੇ ਨਾਮ ਹੁਕਮਨਾਮੇ ਦਸ਼ਮੇਸ਼ ਗੁਰੂ ਨੇ ਜਾਰੀ ਕੀਤੇ। ਸਿੱਖ ਮਿਸਲਾਂ ਦੇ ਰਾਜ ਵਿਚ ਪੰ ਥ ਦੇ ਸਰਮਾਏ ਨਾਲ ਅੰਮ੍ਰਿਤਸਰ ਨੂੰ ਆਬਾਦ ਕੀਤਾ ਗਿਆ। ਡਾ:
ਜਸਬੀਰ ਸਿੰਘ ਸਾਬਰ ਅਨੁਸਾਰ;

> "ਅੰਮ੍ਰਿਤਸਰ ਵਪਾਰ ਦਾ ਕੇਂਦਰ ਬਣ ਗਿਆ। ਬਾਜ਼ਾਰ ਵਿਸ਼ੇਸ਼ ਜਿਣਸਾਂ ਦੀ ਖ਼੍ਰੀਦੋ-ਫਰੋਖਤ ਦੇ ਕੇਂਦਰ ਬਣ ਗਏ, ਜਿਵੇਂ ਨਮਕ ਮੰਡੀ, ਗੱਲਾ ਮੰਡੀ, ਲੱਕੜ ਮੰਡੀ, ਬਾਂਸਾਂ ਵਾਲਾ ਬਾਜ਼ਾਰ, ਮਿਸਰੀ ਬਾਜ਼ਾਰ, ਟੋਕਰੀਆਂ ਵਾਲਾ ਬਾਜ਼ਾਰ, ਮਜੀਠ ਮੰਡੀ, ਏਥੋਂ ਤੱਕ ਕਿ ਲਾਹੌਰ ਦੇ ਬਹੁਤ ਸਾਰੇ ਵੱਡੇ ਵਪਾਰੀ ਅੰਮ੍ਰਿਤਸਰ ਆ ਵਸੇ।"[38]

ਸਿੱਖ ਧਰਮ ਦੇ ਵਿਕਾਸ ਵਿਚ ਵਪਾਰੀ ਸਿੱਖਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਵਪਾਰ ਕ ਕਾਰਜਾਂ ਨਾਲ ਸਬੰਧਤ ਲੋਕਾਂ ਦੀ ਮਿਸਲ ਕਾਲ ਵਿਚ ਸਰਪ੍ਰਸਤੀ ਕੀਤੀ ਜਾਂਦੀ ਰਹੀ ਹੈ। ਇਸ ਵੇਲੇ ਨਗਰ ਵਸਾਏ ਗਏ। ਹਰ ਨਗਰ ਵਿਚ ਹਰ ਕਿੱਤੇ ਨਾਲ ਸਬੰਧਤ ਲੋਕਾਂ ਨੂੰ ਵਸਾਇਆ ਗਿ। ਪਹਿਲੇ ਸਮੇਂ ਅਵਾਜਾਈ ਅਤੇ ਸੰਪਰਕ ਸਾਧਨਾਂ ਦੀ ਘਾਟ ਨੂੰ ਮੁੱਖ ਰਖਦੇ ਹੋਏ ਆਮ ਵਿਅਕਤੀ ਆ ਪਣੀਆਂ ਜ਼ਰੂਰਤਾਂ ਦੇ ਸਾਮਾਨ ਦੀ ਖ਼੍ਰੀਦਦਾਰੀ ਮੇਲਿਆਂ ਵਿਚੋਂ ਹੀ ਕਰਦੇ ਸਨ। ਇਹ ਪੁਰਬ ਵਪਾਰ ਨਾਲ ਜੁੜੇ ਲੋਕਾਂ ਦਾ ਧਿਆਨ ਕੇਂਦਰਤ ਕਰਦੇ ਸਨ।

ਵਰਤਮਾਨ ਸਮੇਂ ਵਿਚ ਸਿੱਖ ਪੁਰਬ ਆਰਥਿਕ ਪੱਖ ਤੋਂ ਮਹੱਤਤਾ ਰੱਖਦੇ ਹਨ। ਹਰ ਪੁਰਬ ਮੌਕੇ ਮਠਿਆਈ ਦੀਆਂ ਦੁਕਾਨਾਂ, ਬੱਚਿਆਂ ਲਈ ਖਿਡੌਣਿਆਂ ਦੀਆਂ ਦੁਕਾਨਾਂ, ਕਿਰਪਾਨਾਂ ਅਤੇ ਕੜਿਆਂ ਦੀਆਂ ਦੁਕਾਨਾਂ ਆਦਿ ਆਮ ਕਰਕੇ ਹਰ ਪੁਰਬ ਮੌਕੇ ਵੇਖਣ ਨੂੰ ਮਿਲਦੀਆਂ ਹਨ। ਸਿੱਖ ਪੁਰਬਾਂ ਨੇ ਪੰਜਾਬ ਨੂੰ ਵਪਾਰਕ ਕੇਂਦਰ ਵੱਜੋਂ ਪ੍ਰਸਿੱਧ ਕੀਤਾ। ਸਿੱਖ ਪੁਰਬਾਂ ਨੇ ਬਹੁਤ ਵਪਾਰੀਆਂ ਦੇ ਘਰਾਂ ਵਿਚ ਆਰਥਿਕ ਪੱਖੋਂ ਰੋਸ਼ਨੀ ਕੀਤੀ ਹੈ। ਇਹਨਾਂ ਜੋੜ ਮੇਲਿਆਂ ਵਿਚ ਸਿੱਖ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਸ਼ਾਮਲ ਹੁੰਦੀਆਂ ਹਨ, ਜਿਸ ਵਿਚ ਹਰ ਵੰਨਗੀ ਦੇ ਲੋਕ ਸ਼ਾਮਿਲ ਹੁੰਦੇ ਹਨ। ਸਿੱਖ ਸਮਾਜ ਦਾ ਵੱਡਾ

---

38 ਜਸਬੀਰ ਸਿੰਘ ਸਾਬਰ, *ਅੰਮ੍ਰਿਤਸਰ ਸਥਾਪਨਾ ਦਿਵਸ,* ਸੁਵੀਨੀਅਰ, ਪੰ.30.

ਹਿੱਸਾ ਕਿਸਾਨੀ ਪਿਛੋਕੜ ਵਾਲਾ ਹੋਣ ਕਰਕੇ ਇਸ ਵਿਚ ਵਧੇਰੇ ਲੋਕ ਖੇਤੀ ਬਾੜੀ ਕਿੱਤੇ ਨਾਲ ਸਬੰਧ ਰੱਖਦੇ ਹਨ। ਹਰਿੰਦਰ ਕੌਰ ਅਨੁਸਾਰ;

> "ਸਿੱਖ ਪੁਰਬਾਂ ਦੇ ਬਾਜ਼ਾਰਾਂ ਵਿਚ ਕੇਵਲ ਕੱਸੀਆਂ, ਖੁਰਪੇ, ਬਸੌਲੀਆਂ, ਦਾਤਰੀਆਂ ਅਤੇ ਹਲਾਂ ਦੇ ਫਾਲੇ ਆਦਿ ਮਿਲਦੇ ਸਨ। ਹਰੀ ਕ੍ਰਾਂਤੀ ਆਉਣ ਤੋਂ ਬਾਅਦ ਸਿੱਖ ਪੁਰਬਾਂ ਮੌਕੇ ਵੱਡੀਆਂ ਕੰਪਨੀਆਂ ਨੇ ਟ੍ਰੈਕਟਰ, ਟਰਾਲੀਆਂ, ਹੈਰੋਂ ਹਲ ਆਦਿ ਨੂੰ ਲੋਕਾਂ ਵਿਚ ਜਾਣਕਾਰੀ ਹਿਤ ਪ੍ਰਦਰਸ਼ਿਤ ਕੀਤਾ।"[39]

ਬਿਜਲੀ ਆਉਣ ਨਾਲ ਪੰਜਾਬ ਦੇ ਖੂਹਾਂ ਦਾ ਸਰੂਪ ਬਦਲ ਗਿਆ, ਜਿਸ ਕਰਕੇ ਟਿਉਬਵੈਲਾਂ ਲਈ ਮੋਟਰਾਂ ਦੀ ਸਿੱਖ ਪੁਰਬਾਂ 'ਤੇ ਮਸ਼ਹੂਰੀ ਕੀਤੀ ਜਾਣ ਲਗੀ। ਹੁਣ ਅੰਤਰ-ਰਾਸ਼ਟਰੀ ਕੰਪਨੀਆਂ ਕਿਸਾਨਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਨ ਲਈ ਜ਼ਮੀਨ ਵਿਚ ਡੂੰਘੇ ਬੋਰਾਂ ਲਈ ਸਬਮਰਸੀਬਲ ਮੋਟਰਾਂ ਅਤੇ ਫਸਲਾਂ ਦੀ ਵਾਢੀ ਕਈ ਕੰਬਾਈਨਾਂ ਦੀ ਵਿਕਰੀ ਵਿਚ ਵਾਧਾ ਕਰਨ ਲਈ ਮੇਲਿਆਂ ਦਾ ਲਾਭ ਉਠਾਉਂਦੀਆਂ ਹਨ। ਪੰਜਾਬ ਸਰਕਾਰ ਦਾ ਖੇਤੀਬਾੜੀ ਵਿਭਾਗ ਸਿੱਖ ਪੁਰਬਾਂ ਮੌਕੇ ਵਿਸ਼ੇਸ਼ ਕਿਸਾਨ ਕੈਂਪ ਆਯੋਜਿਤ ਕਰਕੇ ਕਿਸਾਨਾ ਨੂੰ ਫਸਲਾਂ ਬਾਰੇ ਕੀਟ-ਨਾਸ਼ਕ ਅਤੇ ਨਦੀਨ-ਨਾਸ਼ਕ ਦਵਾਈਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਇਸ ਮੌਕੇ ਫਸਲੀ ਬੀਜਾਂ ਅਤੇ ਬਿਮਾਰੀਆਂ ਬਾਰੇ ਵੀ ਜਾਗਰੂਕ ਕੀਤਾ ਜਾਂਦਾ ਹੈ। ਬਾਗਬਾਨੀ ਵਿਭਾਗ ਕਿਸਾਨਾਂ ਨੂੰ ਫਸਲੀ ਚੱਕਰ ਵਿਚੋਂ ਕੱਢਣ ਲਈ ਧਰਤੀ ਦੇ ਵਾਤਾਵਰਣ ਦੇ ਅਨਕੂਲ ਫਲਾਂ ਦੇ ਬਾਗ ਲਗਾਉਣ ਲਈ ਉਤਸ਼ਾਹਿਤ ਕਰਦਾ ਹੈ। ਸਮਾਜ ਸੇਵਕ ਅਦਾਰੇ ਸਿੱਖ ਪੁਰਬਾਂ ਦੇ ਮੌਕੇ ਕਿਸਾਨਾਂ ਨੂੰ ਜ਼ਹਿਰੀਲੀਆਂ ਦਵਾਈਆਂ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨ ਬਾਰੇ ਦੱਸਦੇ ਹਨ ਅਤੇ ਆਰਗੈਨਿਕ ਖੇਤੀ ਕਰਨ ਵੱਲ ਪ੍ਰੇਰਦੇ ਹਨ।

ਸਿੱਖ ਪੁਰਬਾਂ ਦਾ ਪ੍ਰਯੋਜਨ ਗੁਰੂ ਨਾਨਕ ਜੀ ਦੇ ਸਿਧਾਂਤ ਦਾ ਕਲਿਆਣ ਹਿਤ ਪ੍ਰਸਾਰ ਕਰਨਾ ਸੀ। ਇਸ ਭਾਵਨਾ ਦਾ ਕੇਂਦਰੀ ਆਧਾਰ ਸੇਵਾ, ਸਵੈਮਾਣ, ਨਿਮਰਤਾ, ਨਿਰਵੈਰਤਾ, ਨਿਰਭੈਤਾ ਅਦਿ

---

39 Harinder kaur, *Fairs of the Punjab*, Harman Publishing House, New Delhi 2004, p. 61.

ਗੁਣ ਹਨ। ਜਿਸ ਨੂੰ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਵਿਸਾਖੀ ਦੇ ਪੁਰਬ ਤੋਂ ਅਮਲੀ ਰੂਪ ਵਿਚ ਲਾਗੂ ਕੀਤਾ। ਵਰਤਮਾਨ ਸਮੇਂ ਵਿਚ ਵੀ ਸਿੱਖ ਪੁਰਬਾਂ ਮੌਕੇ ਮਾਨਵਤਾ ਦੀ ਸੇਵਾ ਕੀਤੀ ਜਾਂਦੀ ਹੈ। ਭਾਈਚਾਰਕ ਭਾਵਨਾ, ਆਪਸੀ ਮਿਲਵਰਤਨ, ਸੰਕਟ ਵਿਚ ਗੁਰੂ ਜੁਗਤੀ ਵਿਚ ਵਿਸ਼ਵਾਸ਼ ਨਾਲ ਸਿੱਖ ਪੁਰਬਾਂ ਦਾ ਸਮਾਜਿਕ ਪੱਖ ਪ੍ਰਗਟ ਹੁੰਦਾ ਹੈ ਸਿੱਖ ਪੁਰਬਾਂ ਦੇ ਵੱਖ-ਵੱਖ ਪੱਖਾਂ ਦਾ ਅਧਿਐਨ ਕਰਨ ਉਪਰੰਤ ਸਾਡੀ ਰਾਇ ਅਨੁਸਾਰ ਸਿੱਖ ਪੁਰਬ ਗੁਰੂ-ਕਾਲ ਵਿਚ ਸਿੱਖ ਸੰਗਤ ਲਈ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਚੇਤਨਾ ਲਈ ਮਹੱਤਵਪੂਰਨ ਵਿਚਾਰ ਮੰਚ ਹਨ। ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੇਂਦਰੀ ਤੱਤ ਪ੍ਰਤੀਤ ਹੁੰਦੇ ਹਨ। ਭਾਈਚਾਰਕ ਸਾਂਝ ਅਤੇ ਆਪਸੀ ਮਿਲਵਰਤਨ ਦੀ ਭਾਵਨਾ ਹਰੇਕ ਪੁਰਬ ਦਾ ਮੰਤਵ ਰਹੀ ਹੈ। ਦਸਮ ਪਾਤਸ਼ਾਹ ਤੋਂ ਬਾਅਦ ਖਾਲਸਾ ਪੰਥ ਨੇ ਗੁਰੂ ਗ੍ਰੰਥ ਦੀ ਰਹਿਨੁਮਾਈ ਹੇਠ ਕੌਮੀ ਸੰਕਟ ਮੌਕੇ ਸਿੱਖ ਪੁਰਬਾਂ ਦੀ ਵਿਲੱਖਣ ਹਸਤੀ ਨੂੰ ਕਾਇਮ ਕੀਤਾ ਹੈ। ਸਿੱਖ ਪੁਰਬਾਂ ਮੌਕੇ ਆਯੋਜਿਤ ਕੀਤੇ ਜਾਂਦੇ ਸਰਬੱਤ ਖਾਲਸਾ ਦੀ ਲੋਕਤੰਤਰੀ ਭਾਵਨਾ ਨੂੰ ਗੁਰਮਤਿਆਂ ਰਾਹੀਂ ਸਮਾਜ ਦੇ ਦਬੇ ਕੁਚਲੇ ਅਤੇ ਪਛੜੇ ਵਰਗਾਂ ਦੇ ਸਮਾਜਿਕ ਮਾਨ ਸਨਮਾਨ ਵਿਚ ਵਾਧਾ ਹੋਇਆ ਹੈ। ਗੁਰਮਤੇ ਖਾਲਸਾ ਰਾਜ ਦੀ ਸਥਾਪਤੀ ਦਾ ਆਧਾਰ ਸਾਬਤ ਹੋਏ। ਵਰਤਮਾਨ ਸਮੇਂ ਵਿਚ ਸਿੱਖ ਪੁਰਬਾਂ ਦੀ ਵਿਸ਼ੇਸ਼ਤਾ ਵਿਚ ਭਾਰੀ ਵਾਧਾ ਹੋਇਆ ਹੈ। ਸਾਕਾ ਜੂਨ 1984, ਜੋ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਵਾਪਰਿਆ ਸੀ, ਉਸ ਨੇ ਸਿੱਖ ਪੰਥ ਨੂੰ ਦੇਸ਼-ਵਿਦੇਸ਼ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਮਿਸਾਲ ਵਜੋਂ ਹਰ ਸਾਲ ਜੂਨ 1984 ਦੀ ਯਾਦ ਵਿਚ ਵਿਸ਼ਵ ਭਰ ਦੇ ਸਿੱਖ ਸ਼ਹੀਦੀ ਸਮਾਗਮ ਆਯੋਜਿਤ ਕਰਦੇ ਹਨ ਅਤੇ ਭਾਰਤੀ ਰਾਜਦੂਤ ਘਰਾਂ ਸਾਹਮਣੇ ਰੋਸ ਰੈਲੀਆਂ ਕੀਤੀਆਂ ਜਾਂਦੀਆਂ ਹਨ। ਸਿੱਖ ਵਿਸ਼ਵ ਦੇ ਹਰ ਕੋਨੇ ਵਿਚ ਫੈਲ ਗਿਆ ਹੈ। ਸਿੱਖ ਪੁਰਬ ਸਾਰੇ ਪੰਥ ਲਈ ਇੱਕਸੁਰਤਾ ਅਤੇ ਭਾਈਚਾਰੇ ਦੇ ਕੇਂਦਰੀ ਸ੍ਰੋਤ ਬਣ ਰਹੇ ਹਨ। ਸਿੱਖ ਪੁਰਬ ਸਮਾਜ ਵਿਚ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਦੇ ਹਨ। ਸਿੱਖ ਪੁਰਬ ਵਪਾਰਕ ਸਰਗਰਮੀਆਂ ਨੂੰ ਲਗਾਤਾਰ ਉਤਸ਼ਾਹਿਤ ਕਰਦੇ ਹਨ। ਸਿੱਖ ਪੰਥ ਦੀ ਵਿਲੱਖਣ ਨਿਆਰੀ ਹਸਤੀ ਦੀ ਪਹਿਚਾਣ ਵਿਚ ਸਿੱਖ ਪੁਰਬਾਂ ਦਾ ਵੱਡਾ ਯੋਗਦਾਨ ਕਿਹਾ ਜਾ ਸਕਦਾ ਹੈ। ਪੰਜਾਬ ਵਿਚ ਆਏ ਹਰੇ

ਇਨਕਲਾਬ ਤੇ ਸੜਕੀ ਜਾਲ ਕਾਰਨ ਸਿੱਖ ਪੁਰਬਾਂ ਵਿਚ ਲੋਕ ਸਮੂਹ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਸਿਆਸੀ ਅਤੇ ਧਾਰਮਿਕ ਨੇਤਾਵਾਂ ਦੀ ਸੁਰੱਖਿਆ ਦੇ ਵਿਸ਼ੇਸ਼ ਇੰਤਜ਼ਾਮ ਕੀਤੇ ਜਾਂਦੇ ਹਨ। ਸਿੱਖ ਪੁਰਬਾਂ ਮੌਕੇ ਸੰਗਤ ਦੀ ਭਾਰੀ ਆਮਦ ਨੂੰ ਦੇਖਦੇ ਹੋਏ ਇਹਨਾਂ ਨਗਰਾਂ ਵਿਚ ਆਮ ਵਾਹਨਾ ਦੇ ਪ੍ਰਵੇਸ਼ ਰੋਕ ਦਿਤੇ ਜਾਂਦੇ ਹਨ, ਜਿਸ ਕਾਰਨ ਆਮ ਸੰਗਤ ਨੂੰ ਕਾਫੀ ਸਫਰ ਪੈਦਲ ਕਰਨਾ ਪੈਂਦਾ ਹੈ, ਜੋ ਬਜ਼ੁਰਗਾਂ ਤੇ ਬੱਚਿਆਂ ਲਈ ਸਮੱਸਿਆ ਪੈਦਾ ਕਰਦਾ ਹੈ। ਇਹ ਵਰਤਾਰਾ ਸਿੱਖ ਸਮਾਜ ਅੰਦਰ ਅਮੀਰ ਵਰਗ ਅਤੇ ਗਰੀਬ ਵਰਗ ਦੇ ਅੰਤਰ-ਸਬੰਧਾਂ ਦੇ ਪਾੜੇ ਨੂੰ ਵਧਾ ਰਿਹਾ ਹੈ, ਜੋ ਸਿੱਖ ਪੁਰਬ ਅਤੇ ਸਿੱਖ ਭਾਈਚਾਰੇ ਦੀ ਭਾਵਨਾ ਦਾ ਮੂਲ ਵਿਰੋਧੀ ਤੱਤ ਹੈ। ਗੁਰਬਾਣੀ ਅਨੁਸਾਰ ਸਿੱਖ ਪੁਰਬ ਦਾ ਮੁੱਖ ਉਦੇਸ਼ ਇਹ ਮੰਨਿਆ ਜਾ ਸਕਦਾ ਹੈ;

"ਹੋਇ ਇਕਤ੍ਰ ਮਿਲਹੁ ਮੇਰੇ ਭਾਈ॥ ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥

ਇਨ੍ ਬਿਧਿ ਪਾਸਾ ਢਾਲਹੁ ਬੀਰ॥

ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ਰਹਾਉ॥

ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥

ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥

ਬਿਖੜੇ ਦਾਉ ਲਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥

ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ॥

ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ॥੪॥੧॥੧੯॥ ਅੰਕ ੧੧੮੫"[40]

---

40 *ਸ੍ਰੀ ਗੁਰੂ ਗ੍ਰੰਥ ਸਾਹਿਬ*, ਬਸੰਤੁ ਮਹਲਾ ੫ ਘਰੁ ੨ ਹਿੰਡੋਲ, ਅੰਕ 1185

ਸਿੱਖ ਸਮਾਜ ਦਾ ਵੱਡਾ ਹਿਸਾ ਕਿਰਸਾਨੀ ਕਿੱਤੇ 'ਤੇ ਨਿਰਭਰ ਕਰਦਾ ਹੈ। ਜੋੜ ਮੇਲਿਆਂ ਮੌਕੇ ਪਸ਼ੂ ਮੰਡੀਆਂ ਸਮਾਜਕ ਜ਼ਰੂਰਤਾਂ ਦੀ ਪੂਰਤੀ ਦਾ ਮੁੱਖ ਵਸੀਲਾ ਬਣੀਆਂ ਹੋਈਆਂ ਸਨ। ਖੇਤੀਬਾੜੀ ਦੇ ਔਜ਼ਾਰ ਵੀ ਇਹਨਾਂ ਮੇਲਿਆਂ ਦੀ ਸ਼ਾਨ ਰਹੇ ਹਨ। ਸਿੱਖ ਪੁਰਬ ਕਿਰਤ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਮੱਹਤਵਪੂਰਨ ਸਾਧਨ ਸਾਬਤ ਹੋਏ ਹਨ। ਸਿੱਖ ਪੁਰਬ ਬਹੁਤ ਸਾਰੇ ਦਸਤਕਾਰੀ ਕਿੱਤੇ ਵਾਲੇ ਲੋਕਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਦੇ ਆ ਰਹੇ ਹਨ। ਇਸ ਅਧਿਐਨ ਵਿਚ ਇਹ ਗੱਲ ਉਭਰ ਕੇ ਆਈ ਹੈ ਕਿ ਸਿੱਖ ਪੁਰਬਾਂ, ਜੋੜ ਮੇਲਿਆਂ, ਤੀਰਥਾਂ ਅਤੇ ਤਿਉਹਾਰਾਂ ਵਿਚ ਅੰਤਰ ਸੰਬੰਧ ਹੋਣ ਕਰਕੇ ਇਹਨਾਂ ਦੀ ਪ੍ਰਕ੍ਰਿਤੀ ਦੇ ਬਹੁਤ ਪੱਖ ਸਾਂਝੇ ਪ੍ਰਤੀਤ ਹੁੰਦੇ ਹਨ। ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਸਮਜ ਕਲਿਆਣ ਹਿਤ ਕੇਂਦਰੀ ਮੰਤਵ ਜਾਪਦਾ ਹੈ।

# ਸਾਰ ਅਤੇ ਲੱਭਤਾਂ

ਪੁਰਬ ਉਹ ਉਤਸਵ ਹੈ ਜਿਸ ਨੂੰ ਸਿੱਖ ਸਮੂਹਿਕ ਤੌਰ 'ਤੇ ਗੁਰੂ ਦੀ ਯਾਦ ਵਿਚ ਇਕ ਨਿਸ਼ਚਿਤ ਦਿਹਾੜੇ 'ਤੇ ਪੂਰੀ ਸ਼ਰਧਾ ਨਾਲ ਮਨਾਉਂਦੇ ਹਨ। ਪੁਰਬ ਨੂੰ ਲੋਕ ਭਾਸ਼ਾ ਵਿਚ ਜੋੜ-ਮੇਲਾ ਵੀ ਕਿਹਾ ਜਾਂਦਾ ਹੈ। ਸਿੱਖ ਪੁਰਬਾਂ ਦਾ ਪੰਜਾਬ ਦੇ ਪ੍ਰੰਪਰਾਗਤ ਤਿਉਹਾਰਾਂ ਅਤੇ ਮੇਲਿਆਂ ਨਾਲ ਬਹੁਤ ਨੇੜਲਾ ਸਬੰਧ ਹੈ । ਸਿੱਖ ਧਰਮ ਇਕ ਸਮਾਜਿਕ ਧਰਮ ਹੈ, ਇਸ ਕਰਕੇ ਸਿੱਖਾਂ ਦੀਆਂ ਧਾਰਮਿਕ ਸਰਗਰਮੀਆਂ ਵਿਚ ਨਿੱਜ ਸਮੂਹ ਨਾਲ ਜੁੜ ਕੇ ਚਲਦਾ ਹੈ। ਸਿੱਖ ਆਪਣੀ ਮੁਕਤੀ ਲਈ/ਸਾਧਨਾ ਲਈ ਸੰਗਤ ਵਿਚ ਸ਼ਾਮਿਲ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਹਰਿਦੁਆਰ, ਕੁਰੂਕਸ਼ੇਤਰ, ਜਗਨ ਨਾਥ ਪੁਰੀ, ਅਚਲ ਬਟਾਲੇ ਅਤੇ ਗੋਰਖਮੱਤੇ ਦੇ ਜੋੜ-ਮੇਲਿਆਂ ਵਿਚ ਸ਼ਾਮਲ ਹੋਏ ਜਿਸ ਬਾਰੇ ਜਨਮ ਸਾਖੀਆਂ ਵਿਚ ਜਾਣਕਾਰੀ ਮਿਲਦੀ ਹੈ। ਇਹਨਾਂ ਤੀਰਥ ਅਸਥਾਨਾਂ ‘ਤੇ ਲੱਗਦੇ ਮੇਲਿਆਂ ਵਿਚ ਗੁਰੂ ਜੀ ਨੇ ਸ਼ਾਮਿਲ ਹੋ ਕੇ ਤੀਰਥਾਂ ਨੇ ਸੰਬੰਧਿਤ ਅੰਧ-ਵਿਸ਼ਵਾਸ਼ਾਂ, ਫੋਕਟ ਕਰਮ ਕਾਡ ਅਤੇ ਵਹਿੰਮ-ਭਰਮਾਂ ਦੀ ਅਸਲੀਅਤ ਦਾ ਪਰਦਾ ਫਾਸ਼ ਕੀਤਾ। ਗੁਰੂ ਸਾਹਿਬ ਨੇ ਅਕਾਲ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਮਾਜ ਨੂੰ ਗਿਆਨ ਦਿੱਤਾ ਅਤੇ ਵੱਖ-ਵੱਖ ਨਗਰਾਂ ਵਿਚ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਦੇਸ਼ ਨੂੰ ਮੰਨ ਕੇ ਹਿੰਦੂ ਸਮਾਜ ਦੇ ਪ੍ਰਸਿੱਧ ਤੀਰਥਾਂ 'ਤੇ ਲਗਦੇ ਮੇਲਿਆਂ ਮੌਕੇ ਗੁਰਮਤਿ ਦੇ ਪਰਚਾਰ ਵਿਚ ਵੱਡਾ ਯੋਗਦਾਨ ਪਾਇਆ। ਖਡੂਰ ਸਾਹਿਬ ਨਗਰ ਨੂੰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣਾਇਆ। ਗੁਰੂ ਅਮਰਦਾਸ ਜੀ ਨੇ ਸੰਗਤਾਂ ਦੀ ਵਧ ਰਹੀ ਗਿਣਤੀ ਨੂੰ ਵੇਖਦੇ ਹੋਏ ਤਾਲ-ਮੇਲ ਦੇ ਵਸੀਲੇ ਕਾਇਮ ਕੀਤੇ, ਸਮਾਜ ਸੁਧਾਰ ਲਈ ਲੋਕ ਲਹਿਰ ਪ੍ਰਚੰਡ ਕੀਤੀ, ਸਿੱਖ ਪੁਰਬਾਂ (ਜੋੜ-ਮੇਲਿਆਂ) ਦਾ ਸਰੂਪ ਹੋਂਦ ਵਿਚ ਲਿਆਂਦਾ, ਪੰਜਾਬ ਦੀ ਧਰਤੀ ਦੇ ਮੌਸਮੀ ਪੁਰਬ ਵਿਸਾਖੀ ਨੂੰ ਸਿੱਖ ਪੰਥ ਦੇ ਸਰਵ-ਉਤਮ ਦਿਹਾੜੇ ਵਜੋਂ ਪ੍ਰਚਲਿਤ ਕੀਤਾ ਅਤੇ ਗੋਇੰਦਵਾਲ ਵਿਖੇ ਸਾਲਾਨਾ ਜੋੜ ਮੇਲਾ ਆਯੋਜਿਤ ਕੀਤਾ, ਜਿਥੇ ਸਮਾਜ

ਸੁਧਾਰ ਦੇ ਕਾਰਜਾਂ ਬਾਰੇ ਸੰਗਤਾਂ ਨੂੰ ਜਾਗ੍ਰਿਤ ਕੀਤਾ ਜਾਂਦਾ ਸੀ।ਗੁਰੂ ਰਾਮਦਾਸ ਜੀ ਸਿੱਖ ਪੁਰਬਾਂ ਦੇ ਘੇਰੇ ਹੋਰ ਵਿਸ਼ਾਲ ਕੀਤਾ। ਸਿੱਖ ਪੰਥ ਦੇ ਕੇਂਦਰੀ ਤੀਰਥ ਚੱਕ ਰਾਮਦਾਸ ਦੀ ਸਥਾਪਨਾ ਆਰੰਭਕ ਯਤਨ ਕੀਤੇ। ਉਸ ਸਮੇਂ ਦੇ ਹਾਕਮ ਅਕਬਰ ਤੋਂ ਪੰਜਾਬੀ ਦੇ ਕਿਰਸਾਨਾ ਦਾ ਮਾਲੀਆ ਮਾਫ ਕਰਵਾਇਆ ਜਿਸ ਦੇ ਫਲਸਰੂਪ ਮਾਝੇ ਤੇ ਮਾਲਵੇ ਦੇ ਕਿਰਸਾਨੀ ਨਾਲ ਜੁੜੇ ਲੋਕ ਵੱਡੀ ਗਿਣਤੀ ਵਿਚ ਸਿੱਖੀ ਦੇ ਘੇਰੇ ਵਿਚ ਸ਼ਾਮਿਲ ਹੋ ਗਏ। ਇਸੇ ਮਿਸ਼ਨ ਦੀ ਨਿਰੰਤਰਤਾ ਵਿਚ ਗੁਰੂ ਅਰਜਨ ਦੇਵ ਜੀ ਵੱਡਾ ਯੋਗਦਾਨ ਪਾਇਆ ਦਰਬਾਰ ਸਾਹਿਬ ਦੀ ਸਥਾਪਨਾ ਨਾਲ ਸਿੱਖ ਪੁਰਬਾਂ ਅਕਾਰ ਦਾ ਵਿਕਾਸ ਹੋਇਆ। ਅੰਮ੍ਰਿਤਸਰ ਨਗਰ ਵਿਚ ਵਸਾਏ ਗਏ ਵਪਾਰੀਆਂ ਅਤੇ ਵੱਖ- ਵੱਖ ਕਿੱਤਿਆਂ ਦੇ ਦਸਤਕਾਰਾਂ ਨੇ ਜੋੜ ਮੇਲਿਆਂ ਦੀਆਂ ਰੌਣਕਾਂ  ਦੇ ਵਾਧੇ ਵਿਚ ਯੋਗਦਾਨ ਪਾਇਆ।

'ਗੁਰੂ ਕੀਆਂ ਸਾਖੀਆਂ' ਵਿਚ ਦਿਤੀ ਗਈ ਜਾਣਕਾਰੀ ਅਨੁਸਾਰ 1620 ਈ. ਨੂੰ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਨਾਲ ਭਾਈ ਗੁਰਦਾਸ ਅਤੇ ਮਿਹਰਵਾਨ ਨੇ ਹਰਿਮੰਦਰ ਸਾਹਿਬ ਵਿਚ ਦੀਪਮਾਲਾ ਦਾ ਪ੍ਰਬੰਧ ਕੀਤਾ।  ਸਿੱਖ ਪੰਥ ਨੂੰ ਸਿਆਸੀ ਪੱਖੋਂ ਜਥੇਬੰਦ ਕਰਨ ਵਿਚ ਸਿੱਖ ਪੁਰਬ ਸਹਾਇਕ ਹੋਏ ਹਨ। ਗੁਰੂ ਹਰਿ ਰਾਇ ਜੀ ਨੇ ਉਪਰੋਕਤ ਮਿਸ਼ਨ ਨੂੰ ਨਿਰੰਤਰ ਜਾਰੀ ਰੱਖਿਆ ਅਤੇ ਬਾਈ ਸੌ ਘੋੜ ਸਵਾਰਾਂ ਦੀ ਫੌਜ ਦੀ ਕਮਾਂਡ ਕੀਤੀ। ਕੀਰਤਪੁਰ ਨਗਰ ਵਿਖੇ ਜੋੜ ਮੇਲੇ ਆਯੋਜਿਤ ਕੀਤੇ। ਇਥੇ ਬਹੁਤ ਵੱਡਾ ਦਵਾਖਾਨਾ ਸਥਾਪਤ ਕੀਤਾ ਗਿਆ। ਗੁਰੂ ਹਰਿਕਿਰਸ਼ਨ ਜੀ ਨੇ ਸਮਾਜ ਕਲਿਆਣ ਦੇ ਕਾਰਜ ਕਰਕੇ ਇਸ ਮਿਸ਼ਨ ਵਿਚ ਵਾਧਾ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਸਿੱਖ ਪੁਰਬਾਂ ਵਿਚ ਪਟਨਾ,ਅਸਾਮ,ਬਨਾਰਸ ਆਦਿ ਥਾਵਾਂ ਦੀਆਂ ਸੰਗਤਾਂ ਨੂੰ ਸ਼ਾਮਿਲ ਹੋਣ ਲਈ ਹੁਕਮਨਾਵੇ ਜਾਰੀ ਕੀਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਦੇ ਪੁਰਬ ਮੌਕੇ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਿਰਜ ਕੇ ਮਹਾਨ ਕਾਰਜ ਕੀਤਾ। ਇਹ ਪੁਰਬ ਖਾਲਸਾ ਪੰਥ ਦਾ ਜਨਮ ਦਿਨ ਮੰਨਿਆ ਗਿਆ ਹੈ ਜੋ ਸਿੱਖ ਜਗਤ ਵਿਚ ਸ਼੍ਰੋਮਣੀ ਪੁਰਬ ਹੋਣ ਦਾ ਦਰਜਾ ਰੱਖਦਾ ਹੈ। ਗੁਰੂ ਜੀ ਨੇ ਸ਼ੂਦਰ ਵਰਗ ਲਈ ਰਾਖਵੇਂ ਤੇ ਹੀਣ ਭਾਵਨਾਂ ਦੇ ਬਣ ਚੁੱਕੇ ਤਿਉਹਾਰ ਹੋਲੀ ਨੂੰ ਖੁਸ਼ੀਆਂ ਅਤੇ ਯੁੱਧ ਕਲਾ ਦਾ ਪੁਰਬ ਹੋਲਾ ਮਹੱਲਾ

ਵਿਚ ਤਬਦੀਲ ਕਰ ਦਿੱਤਾ। ਇਸ ਪੁਰਬ ਨੇ ਸਿੱਖ ਪੰਥ ਦੀ ਯੁੱਧ ਕਲਾ ਤੇ ਬੀਰ ਪਰੰਪਰਾ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਗੁਰੂ ਜੀ ਨੇ ਚਮਕੌਰ ਅਤੇ ਮਾਛੀਵਾੜੇ ਤੋਂ ਹੁੰਦੇ ਹੋਏ ਮੁਕਤਸਰ ਦੀ ਜੰਗ ਕੀਤੀ। ਇਥੇ ਚਾਲੀ ਮੁਕਤਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ, ਜਿਹਨਾਂ ਦੀ ਯਾਦ ਵਿਚ ਮਾਘੀ ਦਾ ਪੁਰਬ ਮਨਾਇਆ ਜਾਂਦਾ ਹੈ। ਮਾਘੀ ਦਾ ਮੇਲਾ ਗੁਰੂ ਗੋਬਿੰਦ ਸਿੰਘ ਜੀ ਨੇ ਲੱਖੀ ਜੰਗਲ ਵਿਚ ਲਗਾਇਆ। ਗੁਰੂ ਗੋਬਿੰਦ ਸਿੰਘ ਨੇ ਆਪਣੇ ਜੀਵਨ ਦਾ ਪੰਜਾਬ ਵਿਚ ਆਖਰੀ ਵਿਸਾਖੀ ਦਾ ਪੁਰਬ ਦਮਦਮਾਂ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਇਆ, ਜਿਸ ਵਿਚ ਮਾਲਵੇ ਦੀ ਸੰਗਤ ਨੇ ਲੱਖਾਂ ਦੀ ਗਿਣਤੀ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਇਸ ਵਿਚ ਫੂਲਕੀਆਂ ਰਿਆਸਤਾਂ ਦੇ ਵੱਡੇ ਵਡੇਰੇ ਵੀ ਸ਼ਾਮਲ ਸਨ। ਇਸ ਇਲਾਕੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਮਹੀਨੇ ਧਰਮ ਪ੍ਰਚਾਰ ਕੀਤਾ, ਜਿਸ ਦੇ ਫਲਸਰੂਪ ਵਿਸਾਖੀ ਦਾ ਜੋੜ ਮੇਲਾ ਤਲਵੰਡੀ ਸਾਬੋ ਮਾਲਵੇ ਦਾ ਕੇਂਦਰੀ ਪੁਰਬ ਬਣ ਗਿਆ। ਅਜੋਕੇ ਪੰਜਾਬ ਦੇ ਮੇਲਿਆਂ ਵਿਚ ਹਰ ਪੱਖੋਂ ਮਾਲਵੇ ਦੇ ਸਭਿਆਚਾਰ ਦਾ ਬੋਲਬਾਲਾ ਹੈ। ਇਸ ਕਾਰਨ 1966 ਈ. ਤੋਂ ਬਾਅਦ ਦਮਦਮਾ ਸਾਹਿਬ ਦੇ ਤਖਤ ਬਣਨ ਦੇ ਐਲਾਨ ਤੋਂ ਪਿਛੋਂ ਵਿਸਾਖੀ ਦਾ ਮੇਲਾ ਵਧੇਰੇ ਭਰਨ ਲਗ ਪਿਆ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜਦੋਂ ਖਾਲਸਾ ਰਾਜ ਦੀ ਸਥਾਪਨਾ ਕੀਤੀ ਤਾਂ ਸਿੱਖ ਪੁਰਬਾਂ ਦੀਆਂ ਰੌਣਕਾਂ ਵਿਚ ਬਹੁਤ ਵਾਧਾ ਹੋਇਆ। ਸਰਹਿੰਦ ਦੀ ਜੰਗ ਵਿਚ ਮਿਲੀ ਜਿਤ ਨੇ ਸਰਹਿੰਦ ਸ਼ਹਿਰ ਨੂੰ ਫਤਿਹਗੜ੍ਹ ਸਾਹਿਬ ਦੇ ਰੂਪ ਸਥਾਪਿਤ ਕੀਤਾ ਜੋ ਵਕਤ ਪਾ ਕੇ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਯਾਦ ਵਿਚ ਸ਼ਹੀਦੀ ਸਭਾ ਦਾ ਪੁਰਬ ਬਣ ਗਿਆ। ਮਾਤਾ ਸੁੰਦਰੀ ਜੀ ਨੇ ਦਿੱਲੀ ਤੋਂ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕਰਕੇ ਸਿੱਖਾਂ ਨੂੰ ਦਿਵਾਲੀ ਅਤੇ ਵਿਸਾਖੀ ਦੇ ਜੋੜ-ਮੇਲੇ ਅੰਮ੍ਰਿਤਸਰ ਵਿਖੇ ਆਯੋਜਿਤ ਕਰਨ ਲਈ ਕਿਹਾ ਸੀ। ਦਲ ਖਾਲਸਾ ਅਤੇ ਮਿਸਲਾਂ ਦੇ ਦੌਰ ਵਿਚ ਸਿੱਖ ਪੁਰਬਾਂ ਨੂੰ ਰਾਜਸੀ ਚੇਤਨਾ ਦੇ ਸਾਧਨਾਂ ਦੇ ਤੌਰ ਤੇ ਵਰਤਿਆ ਗਿਆ ਸੀ। ਇਸ ਸਮੇਂ ਇਤਿਹਾਸਿਕ ਗੁਰਮਤੇ ਕੀਤੇ ਗਏ ਅਤੇ ਸਰਬਤ ਖਾਲਸੇ ਦਾ ਸਰੂਪ ਹੋਂਦ ਵਿਚ ਆਇਆ। ਸਿੱਖ ਪੰਥ

ਲਈ ਸਿੱਖ ਪੁਰਬ ਇਤਨੇ ਵਿਸ਼ੇਸ ਸਨ ਕਿ ਜਨਰਲ ਬਘੇਲ ਸਿੰਘ ਦਿੱਲੀ ਦੇ ਲਾਲ ਕਿਲ੍ਹੇ ਨੂੰ ਛੱਡ ਕੇ ਅੰਮ੍ਰਿਤਸਰ ਦੇ ਸਰਬੱਤ ਖਾਲਸਾ ਵਿਚ ਸ਼ਾਮਲ ਹੋਏ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਵਿਸਾਖੀ ਦੇ ਪੁਰਬ ਮੌਕੇ ਹੋਏ ਸਰਬੱਤ ਖਾਲਸੇ ਦੇ ਗੁਰਮਤੇ ਅਨੁਸਾਰ ਅੰਮ੍ਰਿਤਸਰ ਸ਼ਹਿਰ ਨੂੰ ਆਬਾਦ ਕੀਤਾ। ਇਥੇ ਵੱਖ ਵੱਖ ਵਸਤੂਆਂ ਦੇ ਬਾਜ਼ਾਰ ਬਣਵਾਏ ਸਨ। ਡਾ. ਮਦਨਜੀਤ ਕੌਰ ਲਿਖਦੇ ਹਨ ਕਿ:

> "ਜਦ ਮਹਾਰਾਜਾ ਰਣਜੀਤ ਸਿੰਘ ਨੇ 1803 ਈ. ਵਿਚ ਅੰਮ੍ਰਿਤਸਰ ਨੂੰ ਭੰਗੀ ਮਿਸਲ ਤੋਂ ਲੈ ਕੇ ਸਰਕਾਰੇ-ਏ-ਖਾਲਸਾ ਦਾ ਹਿੱਸਾ ਬਣਾਇਆ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੇ ਅੰਮ੍ਰਿਤਸਰ ਦੀ ਧਰਤੀ ਨੂੰ ਪ੍ਰਨਾਮ ਕੀਤਾ। ਨੰਗੇ ਪੈਰੀਂ ਪੈਦਲ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਅਤੇ ਅਕਾਲਪੁਰਖ ਦਾ ਸ਼ੁਕਰਾਨਾ ਕੀਤਾ। ਆਪਣੇ ਵਿਸ਼ਵਾਸ਼ੀ ਸਿੱਖ ਭਾਈ ਲਹਿਣਾ ਸਿੰਘ ਮਜੀਠੀਆ ਨੂੰ ਦਰਬਾਰ ਸਾਹਿਬ ਦੀ ਸਮੁੱਚੀ ਦੇਖ ਭਾਲ ਦਾ ਇੰਚਾਰਜ ਬਣਾਇਆ ਅਤੇ ਸੁਰਤ ਸਿੰਘ ਗਿਆਨੀ ਚਿਨੋਟ-ਝੰਗ ਵਾਲੇ ਨੂੰ ਮੈਨੇਜਰ ਬਣਾ ਕੇ 5-6 ਸੌ ਕਰਮਚਾਰੀ ਦਰਬਾਰ ਸਾਹਿਬ ਦੀ ਨਿਤ ਕਿਰਿਆ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ  ਨਿਯੁਕਤ ਕਰ ਦਿਤੇ। ਦਰਬਾਰ ਸਾਹਿਬ ਲਈ ਮੁਨਾਸਬ ਆਮਦਨੀ ਲਈ ਚੂੰਗੀ ਦਾ ਕੁੱਝ ਹਿੱਸਾ ਦਰਬਾਰ ਸਾਹਿਬ ਲਈ ਨਿਸ਼ਚਤ ਕਰ ਦਿੱਤਾ। ਇਸ ਤੋਂ ਇਲਾਵਾ ਇਕ ਲੱਖ ਰੁਪਏ ਪ੍ਰਤੀ ਮਹੀਨੇ ਦੀ ਕਮਾਈ ਦੇਣ ਜੋਗੀ ਜਾਗੀਰ ਦਰਬਾਰ ਸਾਹਿਬ ਦੇ ਨਾਂ ਲਵਾ ਦਿਤੀ।"[1]

ਅੰਗਰੇਜ਼ਾਂ ਦੇ ਰਾਜ ਵਿਚ ਬਾਬਾ ਰਾਮ ਸਿੰਘ ਨੇ ਸਿੱਖ ਪੁਰਬਾਂ ਨੂੰ ਨਾਮਧਾਰੀ ਲਹਿਰ ਦੇ ਪ੍ਰਚਾਰ ਲਈ ਵਰਤਿਆ। ਸਿੰਘ ਸਭਾ ਲਹਿਰ ਦੇ ਸੇਵਕ ਗਿਆਨੀ ਦਿੱਤ ਸਿੰਘ ਅਤੇ ਪ੍ਰੋਫੈਸਰ ਗੁਰਮੁੱਖ ਸਿੰਘ ਨੇ ਸਿੱਖ ਪੁਰਬਾਂ ਨੂੰ ਸਮਾਜ ਸੁਧਾਰ ਅਤੇ ਵਿਦਿਅਕ ਜਾਗ੍ਰਿਤੀ ਦੇ ਪਰਸਾਰ ਹਿਤ ਵਰਤਿਆ। 1919 ਈ: ਦੇ ਵਿਸਾਖੀ ਦੇ ਪੁਰਬ ਦੇ ਮੌਕੇ ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ

---

1 Madanjit kaur, *The Golden Temple Past & Present*, p, 68.

ਵਾਪਰਿਆ, ਜਿਸ ਨੇ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕੀਤਾ। ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਵੇਲੇ ਸਿੱਖ ਪੁਰਬਾਂ ਮੌਕੇ ਹਕੂਮਤ ਦੇ ਵਿਰੁੱਧ ਵੱਡੇ ਵੱਡੇ ਮੋਰਚੇ ਲਗਾਏ ਗਏ, ਜਿਸ ਨੇ ਸਿੱਖ ਇਤਿਹਾਸ ਵਿਚ ਭਾਰੀ ਯੋਗਦਾਨ ਪਾਇਆ। ਨਾਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ (ਗੁਰਪੁਰਬ) ਬਹੁਤ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਂਦਾ ਸੀ। ਪੰਜਾਬ ਦੀ ਵੰਡ ਨਾਲ ਸਿੱਖ ਪੁਰਬਾਂ ਦੇ ਸਰੂਪ ਵਿਚ ਤਬਦੀਲੀਆਂ ਆਈਆਂ। ਪਹਿਲੇ ਪੰਜਾਬ ਵਿਚ ਮੁਸਲਿਮ ਬਹੁ ਗਿਣਤੀ ਸੀ। ਵੰਡ ਤੋਂ ਬਾਅਦ ਪੰਜਾਬ ਹਿੰਦੂ ਬਹੁ-ਗਿਣਤੀ ਵਾਲਾ ਸੂਬਾ ਬਣ ਗਿਆ। 1966 ਈ: ਵਿਚ ਪੈਪਸੂ ਮਿਲਾ ਕੇ ਛੋਟਾ ਪੰਜਾਬੀ ਸੂਬਾ ਬਣਾਇਆ ਗਿਆ, ਜਿਸ ਵਿਚ ਸਿੱਖ ਸਮਾਜ ਬਹੁ ਗਿਣਤੀ ਵਿਚ ਹੋ ਗਿਆ। ਇਸ ਪੰਜਾਬ ਵਿਚ ਸਿੱਖ ਪੰਥ ਦਾ ਸਭਿਆਚਾਰਕ ਅਤੇ ਸਿਆਸੀ ਤੌਰ ਤੇ ਬੋਲ-ਬਾਲਾ ਹੋ ਗਿਆ।

ਸਿੱਖ ਸਮਾਜ ਦੇ ਸਿਰਮੌਰ ਪੁਰਬ (ਜੋੜ-ਮੇਲੇ) ਵਿਸਾਖੀ ਦਮਦਮਾ ਸਾਹਿਬ, ਦਿਵਾਲੀ ਅੰਮ੍ਰਿਤਸਰ, ਮਾਘੀ ਮੁਕਤਸਰ, ਹੋਲਾ ਮਹੱਲਾ ਅਨੰਦਪੁਰ ਅਤੇ ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ, ਵਰਤਮਾਨ ਪੰਜਾਬ ਦੀ ਧਰਤੀ 'ਤੇ ਮਨਾਏ ਜਾਂਦੇ ਹਨ। ਜਿਸ ਕਾਰਨ ਜੋੜ-ਮੇਲਿਆਂ ਉਤੇ ਸੰਗਤਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਇਸ ਵਿਚ ਆਵਾਜਾਈ ਦੇ ਸਾਧਨਾਂ ਵਿਚ ਹੋਏ ਵਿਕਾਸ, ਸੜਕਾਂ ਦੇ ਸੰਪਰਕੀ ਜਾਲ, ਰੇਲ ਗੱਡੀਆਂ ਦੀ ਗਿਣਤੀ ਵਿਚ ਵਾਧੇ ਦਾ ਭਾਰੀ ਯੋਗਦਾਨ ਹੈ। ਵਿਸਾਖੀ ਦਾ ਪੁਰਬ ਜੋ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਇਆ ਜਾਂਦਾ ਹੈ, ਇਸ ਵਿਚ ਮਾਲਵੇ ਦੇ ਰੰਗ ਭਾਰੂ ਹੁੰਦੇ ਹਨ। ਹੋਲੇ ਮਹੱਲੇ ਦਾ ਪੁਰਬ ਕੰਢੀ ਖੇਤਰ ਆਨੰਦਪੁਰ ਸਾਹਿਬ ਵਿਚ ਹੈ, ਜਿਥੇ ਦੁਆਬੇ ਦੇ ਲੋਕਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਮਾਝੇ ਦੇ ਰੰਗ ਦਿਵਾਲੀ ਅਤੇ ਮਾਘੀ ਦੇ ਪੁਰਬ ਵਿਚ ਵਧੀਕ ਹੁੰਦੇ ਹਨ। ਡਾ. ਨਵਰਤਨ ਕਪੂਰ ਅਨੁਸਾਰ

> "ਭਾਵੇਂ ਮਾਘ ਇਸ਼ਨਾਨ ਦੀ ਮਹਿਮਾ ਸਦੀਆਂ ਪੁਰਾਣੀ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਲੀ ਮੁਕਤਿਆਂ ਦੀ ਸੂਰਬੀਰਤਾ ਦੇ ਪ੍ਰਸੰਗ ਕਾਰਨ ਮਾਘੀ ਦਾ ਸਬੰਧ ਪੰਜਾਬ ਦੇ ਸ਼ਹੀਦੀ ਇਤਿਹਾਸ ਨਾਲ ਹੋਰ ਵੀ ਪੱਕੀ ਤਰ੍ਹਾਂ ਗੰਢਿਆ ਗਿਆ ਹੈ।"[2]

---

2.ਨਵਰਤਨ ਕਪੂਰ,*ਪੰਜਾਬ ਦੇ ਲੋਕ ਤਿਓਹਾਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰ. 231.

ਇਹ ਸ਼ਹੀਦੀ ਜੋੜ ਮੇਲਾ ਭਾਵੇਂ ਮਾਲਵੇ ਵਿਚ ਮਨਾਇਆ ਜਾਂਦਾ ਹੈ ਪ੍ਰੰਤੂ ਇਹ ਸਾਰੇ ਪੰਥ ਦਾ ਕੇਂਦਰੀ ਪੁਰਬ ਹੁੰਦਾ ਹੈ, ਜਿਥੇ ਸਾਰਾ ਸਿੱਖ ਜਗਤ ਕੌਮੀ ਤੌਰ 'ਤੇ ਸ਼ਾਮਲ ਹੁੰਦਾ ਹੈ।

ਸਿੱਖ ਪੁਰਬਾਂ ਦਾ ਸਿੱਖ ਸਮਾਜ ਵਾਸਤੇ ਬਹੁਤ ਧਾਰਮਿਕ ਮਹੱਤਵ ਹੈ, ਜਿਸ ਵਿਚ ਕੌਮ ਦੇ ਇਤਿਹਾਸਕ ਅਸਥਾਨ ਦੀ ਪਵਿਤੱਰ ਯਾਤਰਾ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ। ਇਸ ਨਾਲ ਸਿੱਖ ਸਮਾਜ ਵਿਚ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਸ਼ਕਤੀ ਮਿਲਦੀ ਹੈ। ਮਨੁੱਖੀ ਜੀਵਨ ਦਾ ਆਧਾਰ ਪਾਣੀ ਹੈ, ਜਿਸ ਨੂੰ ਗੁਰਬਾਣੀ ਵਿਚ ਪਿਤਾ ਆਖਿਆ ਗਿਆ ਹੈ। ਹਰ ਗੁਰੂ ਧਾਮ ਨਾਲ ਸਰੋਵਰਾਂ ਦਾ ਨਿਰਮਾਣ ਕੀਤਾ ਗਿਆ ਹੈ। ਸਿੱਖ ਆਪਣੇ ਜੀਵਨ ਵਿਚ ਪਵਿੱਤਰਤਾ, ਨਿਰਮਾਣਤਾ ਅਤੇ ਨਿਰਮਲਤਾ ਆਦਿ ਦੇ ਗੁਣਾਂ ਦੀ ਪ੍ਰਾਪਤੀ ਲਈ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਸਿੱਖ ਸ਼ਰਧਾਲੂ ਸਰੋਵਰਾਂ ਵਿਚੋਂ ਜਲ ਦੀਆਂ ਬੋਤਲਾਂ ਅਤੇ ਕੇਨੀਆਂ ਭਰ ਕੇ ਆਪਣੇ ਘਰਾਂ ਵਿਚ ਪਰਿਵਾਰਾਂ ਲਈ ਲੈ ਕੇ ਜਾਂਦੇ ਹਨ। ਆਪਣੇ ਗੁਰੂ ਪਾਸੋਂ ਔਖੇ ਵਕਤ ਸਹਾਰੇ ਦੀ ਮੰਗ ਕਰਦੇ ਹਨ। ਜਦੋਂ ਗੁਰੂ ਦਰਬਾਰ ਵਿਚੋਂ ਸੰਗਤ ਦੀਆਂ ਮਨੋਕਾਮਨਾਵਾਂ ਦੀ ਗੁਰਮਤਿ ਅਨੁਸਾਰ ਪੂਰਤੀ ਹੁੰਦੀ ਹੈ ਤਾਂ ਫਿਰ ਗੁਰੂ ਨਾਲ ਕੀਤੇ ਇਕਰਾਰ ਅਨੁਸਾਰ ਸ਼ੁਕਰਾਨਾ ਭੇਟਾ ਅਨਾਜ, ਪਸ਼ੂ ਅਤੇ ਨਕਦ ਪ੍ਰੇਮ ਸਹਿਤ ਅਰਪਣ ਕਰਦੀ ਹੈ। ਸਿੱਖ-ਪੰਥ ਵਿਚ ਸੇਵਾ ਦੀ ਬਹੁਤ ਮਹਾਨਤਾ ਹੈ। ਗੁਰੂ ਕਾਲ ਤੋਂ ਸਿੱਖ ਆਪਣੇ ਮਨ ਤਨ ਨਾਲ ਸੇਵਾ ਕਰਦੇ ਆ ਰਹੇ ਹਨ। ਲੰਗਰਾਂ ਵਿਚ ਸੰਗਤਾਂ ਦੇ ਜੂਠੇ ਬਰਤਨ ਸਾਫ ਕੀਤੇ ਜਾਂਦੇ ਹਨ। ਸੰਗਤਾਂ ਦੇ ਜੁੱਤੇ ਸਾਫ ਕਰਨ ਦੀ ਸੇਵਾ ਕੀਤੀ ਜਾਂਦੀ ਹੈ। ਸਿੱਖ ਪੁਰਬਾਂ ਮੌਕੇ ਇਹ ਸੇਵਾ ਨਿਸ਼ਕਾਮ ਜਥਿਆਂ ਵੱਲੋਂ ਕੀਤੀ ਜਾਂਦੀ ਹੈ।

ਸਿੱਖ-ਪੁਰਬਾਂ ਵਿਚ ਦੀਵਾਨ ਲਗਾਏ ਜਾਂਦੇ ਹਨ, ਜਿਥੇ ਗੁਰਬਾਣੀ ਦਾ ਪਾਠ, ਕੀਰਤਨ, ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਕਵੀਸ਼ਰੀ ਜਥੇ, ਢਾਡੀ ਜਥੇ ਸੰਗਤਾਂ ਨੂੰ ਗੁਰੂ-ਜਸ ਅਤੇ ਸਿੱਖ ਇਤਿਹਾਸ ਸਰਵਣ ਕਰਾ ਕੇ ਨਿਹਾਲ ਕਰਦੇ ਹਨ। ਇਥੇ ਸੰਗਤਾਂ ਨੂੰ ਆਤਮਿਕ ਭੋਜਨ ਮਿਲਦਾ ਹੈ।

ਦੀਵਾਨਾਂ ਵਿਚ ਹਾਜ਼ਰੀ ਭਰਨੀ ਹਰੇਕ ਸਿੱਖ ਆਪਣਾ ਜ਼ਰੂਰੀ ਕਰਮ ਮੰਨਦਾ ਹੈ। ਸਿੱਖ ਪੁਰਬਾਂ ਮੌਕੇ ਕੀਤੇ ਜਾਂਦੇ ਨਗਰ ਕੀਰਤਨ ਵਿਚ ਸ਼ਾਮਲ ਹੋਣਾ ਸੰਗਤਾਂ ਲਈ ਧਾਰਮਕ ਜੀਵਨ ਵਿਚ ਬੜਾ ਮਹੱਤਵ ਪੂਰਨ ਕਾਰਜ ਹੁੰਦਾ ਹੈ। ਇਹ ਨਗਰ ਕੀਰਤਨ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਜੁਗਤ ਦੀ ਸਿਰਮੌਰਤਾ ਦੇ ਪ੍ਰਤੀਕ ਹੁੰਦੇ ਹਨ। ਗਿਆਨ ਜੋਤ ਦੀ ਪ੍ਰਤੀਨਿਧਤਾ ਗੁਰੂ ਗ੍ਰੰਥ ਸਾਹਿਬ ਜੀ ਕਰਦੇ ਹਨ ਅਤੇ ਸਰੀਰਕ ਕਾਰਜ ਗੁਰੂ ਪੰਥ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਕਰਦਾ ਹੈ।

ਸਿੱਖ ਪੁਰਬ ਸਿੱਖ ਸਮਾਜ ਦੀਆਂ ਮਾਨਵੀ ਕਦਰਾਂ ਕੀਮਤਾਂ ਦੀ ਅਮੀਰੀ ਨੂੰ ਉਜਾਗਰ ਕਰਦੇ ਹਨ। ਇਥੇ ਸਮਾਜ ਵਿਚ ਕਾਰਜਸ਼ੀਲ ਉਸਾਰੂ ਅਤੇ ਲਾਹੇਵੰਦ ਸਿਧਾਤਾਂ ਨੂੰ ਬਲ ਮਿਲਦਾ ਹੈ। ਜਿਹੜੀਆਂ ਸੰਗਤਾਂ ਸਿੱਖ ਪੁਰਬਾਂ ਮੌਕੇ ਆਪਣੀਆਂ ਨਿਸ਼ਕਾਮ ਸੇਵਾਵਾਂ ਦੀ ਪੇਸ਼ਕਾਰੀ ਕਰਦੀਆਂ ਹਨ, ਉਹ ਅਧਿਆਤਮਕ ਕਦਰਾਂ ਕੀਮਤਾਂ ਦੁਆਲੇ ਕੇਂਦਰਤ ਹੁੰਦੀਆਂ ਹਨ। ਬਹੁਤ ਸਾਰੇ ਲੋਕ ਆਪਣੇ ਪਿਤਾ ਪੁਰਖੀ ਕਿੱਤਿਆਂ ਰਾਹੀਂ ਸਿੱਖ ਪੁਰਬਾਂ ਵਿਚ ਭਾਗੀਦਾਰ ਬਣਦੇ ਹਨ। ਵੱਖ ਵੱਖ ਵਰਗਾਂ ਨਾਲ ਸਬੰਧਤ ਵਿਅਕਤੀਆਂ ਦੀ ਭਾਗੀਦਾਰੀ ਭਾਵੇਂ ਵਿਅਕਤੀਗਤ ਹੁੰਦੀ ਹੈ, ਪਰੰਤੂ ਸਮਾਜ ਦੇ ਵਿਧਾਨ ਦੀ ਉਹ ਸਵੈ-ਰੂਪ ਵਿਚ ਪਾਲਣਾ ਕਰਦੇ ਹਨ। ਇਹਨਾਂ ਪੁਰਬਾਂ ਵਿਚ ਸ਼ਾਮਲ ਹੋਣ ਲਈ ਉਹ ਕਿਸੇ ਚਿੱਠੀ ਪੱਤਰ ਜਾਂ ਸੱਦੇ ਦੀ ਉਡੀਕ ਨਹੀਂ ਕਰਦੇ। ਉਹ ਹਰ ਸਾਲ ਇਸ ਯਾਤਰਾ ਦੇ ਅਮਲ ਨਿਰੰਤਰ ਜਾਰੀ ਰੱਖਦੇ ਹਨ। ਸੰਗਤਾਂ ਸਮਾਜਿਕ ਅਤੇ ਮਨੋਵਿਗਿਆਨਕ ਪੱਖਾਂ ਤੋਂ ਵੱਡੇ ਰੂਪ ਵਿਚ ਸਮਾਜ ਦੀ ਪ੍ਰਤੀਨਿਧਤਾ ਕਰਦੀਆਂ ਹਨ। ਸੰਗਤਾਂ ਵੱਲੋਂ ਕੀਤੀ ਜਾਣ ਵਾਲੀ ਸਲਾਨਾ ਯਾਤਰਾ ਨੌਜੁਆਨ ਵਰਗ ਲਈ ਪ੍ਰੇਰਨਾਦਾਇਕ ਬਣਦੀ ਹੈ। ਸਿੱਖ ਪੁਰਬ ਸਮਾਜਕ ਕਿਰਿਆਵਾਂ ਲਈ ਸਿਖਲਾਈ ਕੇਂਦਰ ਬਣ ਜਾਂਦੇ ਹਨ, ਜਿਥੇ ਧਾਰਮਿਕ ਕਾਰਜਾਂ, ਰਸਮੋਂ ਰਿਵਾਜ਼ਾਂ, ਨਿਸ਼ਕਾਮ ਸੇਵਾ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛੱਕੋ ਦੀ ਸਿਖਲਾਈ ਨਵੀਂ ਪੀੜ੍ਹੀ ਨੂੰ ਦਿਤੀ ਜਾਂਦੀ ਹੈ। ਜੋੜ-ਮੇਲੇ ਸਮਾਜਿਕ ਪ੍ਰੰਪਰਾਵਾਂ ਅਤੇ ਕੋਮਲ ਕਲਾਵਾਂ ਆਦਿ ਨੂੰ ਆਉਣ ਵਾਲੀਆਂ ਨਸਲਾਂ ਤੱਕ ਪੁੱਜਦਾ ਕਰਨ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਿੱਖ ਪੁਰਬਾਂ ਨੇ ਪੰਜਾਬ ਦੀਆਂ ਵਿਰਾਸਤੀ ਖੇਡਾਂ ਦੇ ਵਿਕਾਸ ਵਿਚ ਭਾਰੀ ਯੋਗਦਾਨ ਪਾਇਆ ਹੈ। ਇਹਨਾਂ ਖੇਡਾਂ ਦੀ ਪੇਸ਼ਕਾਰੀ ਵੱਡੇ ਪੱਧਰ ਉਤੇ ਕੇਵਲ ਜੋੜ-ਮੇਲਿਆਂ ਮੌਕੇ ਹੀ ਕੀਤੀ ਜਾਂਦੀ ਹੈ। ਸਿੱਖ ਪੁਰਬਾਂ ਉਤੇ ਖਿਡਾਰੀਆਂ ਦਾ ਵਰਗੀਕਰਣ ਕੀਤਾ ਜਾਂਦਾ ਹੈ। ਜੇਤੂ ਖਿਡਾਰੀਆਂ ਦੇ ਜਨਤਕ ਤੌਰ 'ਤੇ ਐਲਾਨ ਕੀਤੇ ਜਾਂਦੇ ਹਨ। ਯੋਗ ਖਿਡਾਰੀਆਂ ਨੂੰ ਵੱਖ ਵੱਖ ਖਿਤਾਬ ਦੇ ਕੇ ਨਿਵਾਜਿਆ ਅਤੇ ਸਤਿਕਾਰਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਪੰਜਾਬ ਸਰਕਾਰ ਅਤੇ ਅਕਾਦਮਿਕ ਅਦਾਰਿਆਂ ਵੱਲੋਂ ਗੱਤਕੇ ਨੂੰ ਜੁਝਾਰੂ ਕਲਾ (ਮਾਰਸ਼ਲ ਆਰਟ) ਵੱਜੋਂ ਪ੍ਰਫੁਲਤ ਕੀਤਾ ਜਾ ਰਿਹਾ ਹੈ।

ਸ਼ਹੀਦੀ ਪੁਰਬ (ਸ਼ਹੀਦੀ ਜੋੜ-ਮੇਲੇ) ਸਿੱਖ ਪੰਥ ਦੇ ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਸਥਾਨਿਕ ਪੱਧਰ ਤੇ ਮਨਾਏ ਜਾਂਦੇ ਹਨ। ਵਰਤਮਾਨ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦਾ ਜੋੜ ਮੇਲਾ ਚਮਕੌਰ ਸਾਹਿਬ ਵਿਖੇ ਭਰਦਾ ਹੈ। ਸਭ ਤੋਂ ਪ੍ਰਸਿੱਧ ਜੋੜ ਮੇਲਾ (ਸ਼ਹੀਦੀ ਸਭਾ) ਛੋਟੇ ਸਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਯਾਦ ਵਿਚ ਫਤਹਿਗੜ੍ਹ ਸਾਹਿਬ ਦੀ ਧਰਤੀ ਤੇ ਭਰਦਾ ਹੈ। ਸਿੱਖ ਪੰਥ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਂਦਾ ਆ ਰਿਹਾ ਹੈ। ਇਸ ਦਿਨ ਹਰ ਨਗਰ ਦੇ ਗੁਰਦੁਆਰੇ ਵਿਚ ਅਖੰਡ ਪਾਠ ਕਰਕੇ ਦੀਵਾਨ ਸਜਾਏ ਜਾਂਦੇ ਹਨ। ਗੁਰੂ ਕੇ ਲੰਗਰ ਹਰ ਗੁਰਦੁਆਰੇ ਵਿਚ ਤਿਆਰ ਕੀਤੇ ਜਾਂਦੇ ਹਨ। ਸਾਰੇ ਗੁਰਪੁਰਬਾਂ ਦੀ ਪ੍ਰਕ੍ਰਿਤੀ ਅਤੇ ਸਰੂਪ ਇਕੋ ਜਿਹਾ ਹੈ। ਖਾਲਸਾ ਪੰਥ ਤਿੰਨ ਸੌ ਸਾਲ ਦਾ ਪੰਧ ਤਹਿ ਕਰਕੇ ਨਾ ਸਿਰਫ ਇੱਕਵੀਂ ਸਦੀ ਵਿਚ ਦਾਖਲ ਹੋਇਆ, ਬਲਕਿ ਸਮੁੱਚੇ ਮਨੁੱਖੀ ਭਾਈਚਾਰੇ ਦੇ ਨਾਲ ਉਹ ਇਕ ਨਵੇਂ ਮਿਲੈਨੀਅਮ ਦੀ ਵੀ ਸ਼ਰੂਆਤ ਕਰ ਰਿਹਾ ਸੀ। ਬੀਤੀਆਂ ਤਿੰਨ ਸਦੀਆਂ ਵਿਚ ਖਾਲਸਾ ਪੰਥ ਨੇ ਬਹੁਤ ਔਖੇ ਸਿਆਲ ਆਪਣੇ ਪਿੰਡੇ

ਤੇ ਹੰਢਾਏ ਹਨ। ਕੁਪਰਹੀੜੇ ਵਿਚ ਪੰਜਾਹ ਹਜ਼ਾਰ ਸਿੱਖਾਂ ਦੀ ਕੁਰਬਾਨੀ ਲੈਣ ਵਾਲਾ ਮੈਦਾਨ ਇਤਿਹਾਸ ਦੀਆਂ ਸ਼ਾਨਦਾਰ ਗਵਾਹੀਆਂ ਹਨ। ਇਹਨਾਂ ਕੁਰਬਾਨੀਆਂ ਦੀ ਬਦੌਲਤ ਹੀ ਖਾਲਸਾ ਜਮਨਾ ਤੋਂ ਜਮਰੌਦ ਤੱਕ ਦੇ ਵਿਸ਼ਾਲ ਰਾਜ ਦਾ ਸਵਾਮੀ ਬਣਿਆ ਸੀ। ਮੁਕਤਸਰ ਵਿਚ ਚਾਲੀ ਮੁਕਤਿਆਂ ਦਾ ਤਿੰਨ ਸੌ ਸਾਲਾ ਮਨਾਇਆ ਗਿਆ। ਸਾਹਿਬਜ਼ਾਦਿਆਂ ਦੀ ਸਹੀਦੀ ਨੂੰ ਸਮਰਪਤ ਸ਼ਤਾਬਦੀ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਵਿਖੇ ਮਨਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਸਥਾਪਨਾ ਪੁਰਬ ਦੀਆਂ ਸ਼ਤਾਬਦੀਆਂ ਬਹੁਤ ਸ਼ਾਨੋ-ਸ਼ੌਕਤ ਨਾਲ ਮਨਾਈਆਂ ਹਨ। ਪਟਨਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਨ ਤੇ ਹੋਏ ਜਸ਼ਨਾਂ ਨੇ ਇਕ ਨਵਾਂ ਇਤਿਹਾਸ ਰਚ ਦਿਤਾ ਹੈ। ਇਸ ਪ੍ਰੋਗਰਾਮ ਨਾਲ ਜੋ ਸਿੱਖ ਕੌਮ ਦੀ ਸ਼ਾਨ ਵਧੀ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਰੀ ਸ਼ਤਾਬਦੀ ਦਾ ਪ੍ਰੋਗਰਾਮ ਬਿਹਾਰ ਸਰਕਾਰ ਵੱਲੋਂ ਕਰਵਾਇਆ ਗਿਆ ਹੈ। ਇਹ ਸਭ ਨੂੰ ਪਤਾ ਹੈ ਕਿ ਬਿਹਾਰ ਸੂਬੇ ਵਿਚ ਸਿੱਖਾਂ ਦੀ ਆਬਾਦੀ ਬਹੁਤ ਘੱਟ ਹੈ। ਅੱਜ ਕੱਲ੍ਹ ਆਮ ਕਰਕੇ ਸਰਕਾਰਾਂ ਜੋ ਰਾਜਸੀ ਪਾਰਟੀਆਂ ਦੀਆਂ ਹੁੰਦੀਆਂ ਹਨ, ਹਰ ਕੰਮ ਵੋਟਾਂ ਨੂੰ ਵਧਾਉਣ ਲਈ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਦਾ ਜਗਤ ਭ੍ਰਮਨ (ਉਦਾਸੀਆਂ) ਤੇ ਜਾਣ ਦਾ ਮਨੋਰਥ ਵੀ ਗੁਰਮੁਖ ਵਿਅਕਤੀਆਂ ਦੀ ਭਾਲ ਕਰਨਾ ਸੀ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਸਾਖੀ ਭਰੀ ਹੈ। ਜਿਹੜੀਆਂ ਸੰਗਤਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਨੇ ਦੇਸ਼-ਵਿਦੇਸ਼ ਦਾ ਭ੍ਰਮਨ ਕਰਕੇ ਸਥਾਪਤ ਕੀਤੀਆਂ ਸਨ, ਉਹਨਾਂ ਵਿਚ ਤਾਲ-ਮੇਲ ਬਣਾਉਣ ਹਿਤ ਗੁਰਸਿੱਖਾਂ ਦੀ ਇੱਛਾ ਦੇ ਅਨਕੂਲ ਗੋਇੰਦਵਾਲ ਦੀ ਧਰਤੀ ਤੇ ਵਿਸਾਖੀ ਦਾ ਜੋੜ-ਮੇਲਾ ਇਸੇ ਪ੍ਰਯੋਜਨ ਨਾਲ ਅਰੰਭ ਕੀਤਾ ਗਿਆ ਸੀ। ਇਸ ਜੋੜ-ਮੇਲੇ ਦੀ ਸੂਚਨਾ ਸਿੱਖ ਸੰਗਤਾਂ ਨੂੰ ਗੁਰੂ ਜੀ ਦੇ ਲਿਖਤੀ ਹੁਕਨਾਮਿਆਂ ਦੁਆਰਾ ਭੇਜੀ ਗਈ ਸੀ। ਇਸ ਸਮਾਗਮ ਨਾਲ ਸਿੱਖ ਪੰਥ ਵਿਚ ਭਾਈਚਾਰੇ ਦੀ ਭਾਵਨਾ ਬਹੁਤ ਪ੍ਰਚੰਡ ਹੋਈ। ਇਸ ਭਾਵਨਾ ਨੇ ਸਿੱਖ ਚਰਿੱਤਰ ਦੀ ਘਾੜਤ ਵਿਚ ਭਾਰੀ ਯੋਗਦਾਨ ਪਾਇਆ ਹੈ। ਵੱਖ-ਵੱਖ ਜਾਤੀਆਂ,

ਵਰਨਾਂ, ਧਰਮਾਂ ਵਿਚੋਂ ਆਏ ਸਿੱਖਾਂ ਨੇ ਨਿਰਮਲ ਪੰਥ ਦੀ ਸਿਰਜਨਾ ਵਿਚ ਬਹੁਮੁਲਾ ਯੋਗਦਾਨ ਪਾਇਆ। ਇਹ ਵਰਤਾਰਾ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੱਕ ਨਿਰੰਤਰ ਚਲਦਾ ਰਿਹਾ ਸੀ। ਭਾਰਤ ਉਪ ਮਹਾਂਦੀਪ ਦੇ ਇਸ ਖਿੱਤੇ ਵਿਚੋਂ ਪਠਾਣਾਂ, ਮੁਗਲਾਂ ਦਾ ਸੱਤ ਸਦੀਆਂ ਪੁਰਾਣਾ ਵਿਦੇਸ਼ੀ ਰਾਜ ਦੀ ਗੁਲਾਮੀ ਦਾ ਜੂਲਾ ਲਾਹ ਸੁੱਟਿਆ। ਅਜਿਹਾ ਮਹੱਤਵਪੂਰਨ ਸਮਾਜਿਕ ਅਤੇ ਸਿਆਸੀ ਇਨਕਲਾਬੀ ਪ੍ਰੀਵਰਤਨ ਪਹਿਲੀ ਵਾਰ ਹੋਇਆ ਸੀ। ਪ੍ਰੋ. ਪੂਰਨ ਸਿੰਘ ਅਨੁਸਾਰ:

> "ਸਿੱਖ, ਪਵਿੱਤਰ ਗੁਰੂ ਸਾਹਿਬਾਨ ਦੇ ਮਨ ਦੀ ਸਿਰਜਨਾ ਸੀ, ਉਹ ਸੰਪੂਰਨ ਰੂਪ ਵਿਚ ਨਵਨੀਤ ਸੀ। ਫਲ ਸਰੂਪ, ਉਸ ਨੇ ਆਪਣੇ ਸਨਮੁਖ ਖੰਡਰ ਬਣ ਚੁੱਕੀਆਂ ਹਿੰਦੂ ਤੇ ਮੁਸਲਮਾਨ ਸੰਸਕ੍ਰਿਤੀਆਂ ਨੂੰ ਨਵੀਂ ਜਾਗ ਲਾਉਣੀ ਸੀ।"[3]

ਸਿੱਖ ਸਭਿਆਚਾਰ ਵਿਚ ਇਸ਼ਨਾਨ ਦੀ ਕਿਰਿਆ ਦੀ ਬਹੁਤ ਧਾਰਮਿਕ ਮਹੱਤਤਾ ਹੈ। ਵੱਖ-ਵੱਖ ਪਵਿੱਤਰ ਨਦੀਆਂ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਵੱਖ ਵੱਖ ਧਰਮ ਗ੍ਰੰਥਾਂ ਵਿਚ ਹਦਾਇਤ ਕੀਤੀ ਮਿਲਦੀ ਹੈ। ਇਹ ਰਸਮਾਂ ਆਪਣੀ ਅਸਲੀਅਤ ਨੂੰ ਖਤਮ ਕਰਕੇ ਫੋਕਟ ਕਰਮਾਂ ਵਿਚ ਬਦਲ ਚੁੱਕੀਆਂ ਸਨ। ਸਮਾਜ ਜਾਤੀ, ਜਮਾਤੀ ਅਭਿਮਾਨ ਅਤੇ ਈਰਖਾ ਦੀ ਅੱਗ ਵਿਚ ਸੜ ਰਿਹਾ ਸੀ। ਗੁਰੂ ਅਮਰ ਦਾਸ ਜੀ ਨੇ ਸਮਾਜ ਸੁਧਾਰ ਦੀ ਲਹਿਰ ਦਾ ਆਗਾਜ਼ ਕੀਤਾ। ਖੂਹ, ਬੌਲੀਆਂ ਅਤੇ ਸਰੋਵਰਾਂ ਦਾ ਨਿਰਮਾਣ ਕਰਕੇ ਸਭ ਜਾਤੀਆਂ, ਵਰਨਾਂ, ਧਰਮਾਂ, ਨਸਲਾਂ ਦੇ ਵਿਅਕਤੀਆਂ ਨੂੰ ਇਕੋ ਕੇਂਦਰ ਤੇ ਇਕੱਤਰ ਕੀਤਾ। ਜਾਤੀ ਅੰਹਕਾਰ ਦੇ ਖਾਤਮੇ ਲਈ ਸਰੋਵਰ ਵਿਚ ਇਸ਼ਨਾਨ ਕਰਨ ਦੇ ਹੁਕਮ ਕੀਤੇ ਸਨ।

ਸਿੱਖ ਸਮਾਜ ਦੀ ਜੀਵਨ ਸ਼ੈਲੀ 'ਤੇ ਸਿੱਖ ਪੁਰਬਾਂ ਦਾ ਵੱਡਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਜੋ ਤਿਉਹਾਰ ਆਪਣੀ ਅਸਲੀਅਤ ਨੂੰ ਗੁਆ ਕੇ ਫੋਕਟ ਕਰਮ-ਕਾਂਡ ਦੇ ਪ੍ਰਤੀਕ ਬਣ ਕੇ ਸਮਾਜਕ ਕੁਰੀਤੀਆਂ ਵਿਚ ਵਾਧਾ ਕਰ ਰਹੇ ਸਨ, ਗੁਰੂ ਜੀ ਨੇ ਨਵੀਂ ਤਾਜ਼ਗੀ ਨਾਲ ਲੋਕ ਕਲਿਆਣ ਹਿਤ

3 ਪ੍ਰੋ ਪੂਰਨ ਸਿੰਘ, *ਦਸ ਗੁਰ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964, ਪੰ. 64.

ਮਨਾਉਣੇ ਸ਼ੁਰੂ ਕੀਤੇ। ਸਦੀਆਂ ਤੋਂ ਗੁਲਾਮ ਜਿੰਦਗੀ ਬਿਤਾਉਣ ਦੇ ਆਦੀ ਲੋਕਾਂ ਵਿਚ ਆਜ਼ਾਦੀ ਅਤੇ ਸਵੈਮਾਣ ਨਾਲ ਜੀਊਣ ਦਾ ਹੌਸਲਾ ਭਰਿਆ। 1699 ਈ: ਦੀ ਵਿਸਾਖੀ ਦੇ ਜੋੜ ਮੇਲੇ ਨੇ ਗੁਰੂ ਨਾਨਕ ਦੇ ਨਿਰਮਲ ਪੰਥ ਨੂੰ ਖਾਲਸਾ ਪੰਥ ਦੇ ਸਰੂਪ ਵਿਚ ਪ੍ਰਗਟ ਕੀਤਾ। ਖਾਲਸਾ ਪੰਥ ਦੀ ਸਿਰਜਨਾ ਨਾਲ ਇਕ ਨਵੀਂ ਕੌਮ ਦੀ ਉਸਾਰੀ ਹੋਈ, ਜਿਸ ਵਿਚ ਲੋਕਤੰਤਰੀ ਸਿਧਾਂਤ ਜਿਵੇਂ ਕਿ ਮਨੁੱਖੀ ਆਜ਼ਾਦੀ, ਬਰਾਬਰੀ ਤੇ ਜਾਤ-ਪਾਤ ਰਹਿਤ ਭਾਈਚਾਰੇ ਦੀ ਸਿਰਜਨਾ ਹੋਈ। ਵੱਡੇ ਘੱਲੂਘਾਰੇ ਤੋਂ ਪਿਛੋਂ ਵੀ ਅੰਮਿਤਸਰ ਦੇ ਜੋੜ ਮੇਲੇ ਸਮੇਂ ਹਰ ਹਿੰਦੂ ਪਰਵਾਰ ਨੂੰ ਇਕ ਮੈਂਬਰ ਸਿੱਖ ਪੰਥ ਵਿਚ ਸ਼ਾਮਲ ਹੋਣ ਦੀ ਕਾਲ ਦਿਤੀ ਗਈ, ਜਿਸ ਨੂੰ ਬਹੁਤ ਹੁੰਘਾਰਾ ਮਿਲਿਆ ਅਤੇ ਲੋਕ ਵੱਡੀ ਗਿਣਤੀ ਵਿਚ ਸਿੱਖ ਪੰਥ ਵਿਚ ਸ਼ਾਮਲ ਹੋਏ। ਇਸ ਨਾਲ ਸਿੱਖ ਸਮਾਜ ਦੀ ਜੀਵਨ ਸ਼ੈਲੀ ਉਤੇ ਸਦੀਵੀ ਪ੍ਰਭਾਵ ਪਏ ਹਨ। ਭਾਈ ਮਨੀ ਸਿੰਘ ਦੀ ਅਗਵਾਈ ਵਿਚ ਖਾਲਸਾ ਪੰਥ ਨੇ ਦਿਵਾਲੀ ਅਤੇ ਵੈਸਾਖੀ ਦੇ ਜੋੜ-ਮੇਲਿਆਂ ਦੇ ਮੌਕੇ ਸਿਆਸੀ ਚੇਤਨਾ ਦੇ ਪ੍ਰੋਗਰਾਮ ਗੁਰਮਤਿਆਂ ਦੁਆਰਾ ਲਾਗੂ ਕੀਤੇ। ਡਾ.ਜਸਬੀਰ ਸਿੰਘ ਅਨੁਸਾਰ

> "ਸੰਮਤ 1790 ਬਿਕ੍ਰਮੀ ਦੀ ਦੀਵਾਲੀ ਦੇ ਪੁਰਬ ਨੇੜੇ ਆ ਰਿਹਾ ਸੀ ਸੰਗਤਾਂ ਦੀ ਇੱਛਾ ਅਨੁਸਾਰ ਭਾਈ ਮਨੀ ਸਿੰਘ ਜੀ ਭਾਈ ਸ਼ੁਬੇਗ ਸਿੰਘ ਤੇ ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਕੋਲ ਦੀਵਾਲੀ ਦਾ ਪੁਰਬ ਮਨਾਉਣ ਦੀ ਆਗਿਆ ਲੈਣ ਲਈ ਪੁੱਜੇ।"[4]

ਸਿੱਖ ਪੰਥ ਵਿਚ ਇਹ ਪ੍ਰਥਾ ਮਿਸਲਾਂ ਦੇ ਸਮੇਂ ਤੱਕ ਅਕਾਲ ਤਖਤ ਤੋਂ ਲਾਗੂ ਹੁੰਦੀ ਰਹੀ। ਪੰਜਾਬ ਦੇ ਪੇਂਡੂ ਜੀਵਨ ਵਿਚ ਸਾਂਝੀ ਖੇਤੀ ਅਤੇ ਹੋਰ ਸਬੰਧਿਤ ਕਿੱਤਿਆਂ ਵਿਚ ਹਿੱਸੇਦਾਰੀ ਲਾਗੂ ਹੋਈ। ਜ਼ਮੀਨਾਂ ਨੂੰ ਪ੍ਰਵਾਰ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਵੰਡਿਆ ਗਿਆ ਸੀ। ਪਿੰਡ ਦੇ ਸਭ ਪ੍ਰਵਾਰਾਂ ਨੂੰ ਬਰਾਬਰ ਅਨਾਜ ਦੀ ਵੰਡ ਕੀਤੀ ਜਾਂਦੀ ਸੀ।

---

4 ਜਸਬੀਰ ਸਿੰਘ, "ਭਾਈ ਮਨੀ ਸਿੰਘ ਜੀ", *ਪ੍ਰਮਖ ਸਿੱਖ ਸ਼ਖਸ਼ੀਅਤਾਂ*, ਸੰਪ.ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2002, ਪੰ.105.

ਸਿੱਖ ਪੁਰਬਾਂ ਨੇ ਬੀਰ ਪ੍ਰੰਪਰਾ ਵਿਚ ਭਾਰੀ ਯੋਗਦਾਨ ਪਾਇਆ। ਪੰਜਾਬ ਦੀ ਜੀਵਨ ਸ਼ੈਲੀ ਵਿਚ ਵੀਰ ਨਾਇਕ ਸ਼ਹੀਦ ਸਿੱਖਾਂ ਦਾ ਸਤਿਕਾਰ ਕੀਤਾ ਜਾਣ ਲਗਿਆ। ਨਾਮਧਾਰੀ ਲਹਿਰ ਨੇ ਅੰਗਰੇਜ ਦੇ ਰਾਜ ਵਿਚ ਸ਼ਹੀਦੀ ਦੇ ਨਵੇਂ ਅਧਿਆਇ ਜੋੜ ਦਿਤੇ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਨੇ ਸ਼ਹੀਦੀ ਪ੍ਰੰਪਰਾ ਨੂੰ ਪੁਨਰ ਸੁਰਜੀਤ ਕੀਤਾ ਸੀ। ਸਿੱਖ ਪੰਥ ਨੇ ਆਪਣੇ ਪੁਰਬਾਂ ਦੇ ਮੌਕੇ ਸਮਾਜ ਨੂੰ ਅੰਗਰੇਜ਼ ਹਕੂਮਤ ਵਲੋਂ ਕੀਤੀਆਂ ਵਧੀਕੀਆਂ ਬਾਰੇ ਜਾਗਰੂਕ ਕੀਤਾ। ਇਸ ਨਾਲ ਸਿੱਖ ਸਮਾਜ ਅੰਦਰ ਖਾੜਕੂ ਜੀਵਨ ਸ਼ੈਲੀ ਨੇ ਆਪਣੀ ਵਿਸ਼ੇਸ਼ ਪਹਿਚਾਣ ਬਣਾਈ। ਸਿੱਖ ਸਮਾਜ ਨੇ ਆਜ਼ਾਦੀ ਦੀ ਜੰਗ ਵਿਚ ਵੱਡਾ ਯੋਗਦਾਨ ਪਾਇਆ। ਸਿੱਖ ਸਮਾਜ ਦੀ ਜੀਵਨ ਸ਼ੈਲੀ ਵਿਚ ਸੇਵਾ ਭਵਨਾ ਦਾ ਪੱਖ ਵਧੇਰੇ ਭਾਰੂ ਹੁੰਦਾ ਹੈ। ਸਿੱਖ ਪੁਰਬਾਂ ਮੌਕੇ ਇਕੱਤਰ ਹੁੰਦੀ ਦਸਵੰਧ ਦੀ ਭੇਟਾ ਵਿਚ ਭਾਰੀ ਵਾਧਾ ਹੋਇਆ। ਇਸ ਮਾਇਆ ਨਾਲ ਨਗਰਾਂ ਦੀ ਉਸਾਰੀ ਕੀਤੀ ਗਈ। ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਵਰਗੇ ਕੌਮੀ ਤੀਰਥ ਸਥਾਨਾਂ ਦੀ ਉਸਾਰੀ ਕੀਤੀ ਗਈ। ਸਿੱਖ ਸਮਾਜ ਹਿੰਦੂ ਸਮਾਜ ਦੇ ਤੀਰਥਾਂ ਨੂੰ ਛਡ ਕੇ ਆਪਣੇ ਨਵੇਂ ਤੀਰਥ ਅਸਥਾਨਾਂ ਨਾਲ ਪੱਕੇ ਤੌਰ 'ਤੇ ਜੁੜ ਗਿਆ। ਜੋੜ-ਮੇਲਿਆਂ ਦੇ ਮੌਕੇ ਤੇ ਸਮਾਜਿਕ ਬੁਰਿਆਈਆਂ ਨੂੰ ਖਤਮ ਕਰਨ ਦੇ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ।

ਸਿੱਖ ਪੁਰਬਾਂ ਵਿਚ ਨਿੰਹਗ ਸਿੰਘ ਜਥੇਬੰਦੀਆਂ ਦੀਆਂ ਸਰਗਰਮੀਆਂ ਅਕਰਸ਼ਣ ਦਾ ਕੇਂਦਰ ਹੁੰਦੀਆਂ ਹਨ। ਇਹ ਸਿੱਖ ਸਮਾਜ ਦੀਆਂ ਪ੍ਰੰਪਰਾਵਾਂ ਦੀ ਤਰਜਮਾਨੀ ਕਰਦੀਆਂ ਹਨ। ਸਿੱਖ ਸਮਾਜ ਵਿਚ ਇਹ ਬਹੁਤ ਸਤਿਕਾਰਤ ਜਥੇਬੰਦੀਆਂ ਮੰਨੀਆਂ ਜਾਂਦੀਆ ਹਨ। ਇਹਨਾਂ ਦਾ ਬਾਣਾ ਅਤੇ ਬਾਣੀ ਰਵਾਇਤੀ ਸਿੱਖ ਸਮਾਜ ਨੂੰ ਪ੍ਰਸਤੁਤ ਕਰਦੇ ਹਨ, ਜਿਸ ਵਿਚ ਘੋੜੇ-ਹਾਥੀ, ਨਗਾਰੇ, ਸ਼ਸ਼ਤਰ ਸ਼ਾਮਲ ਹੁੰਦੇ ਹਨ। ਇਹ ਸਿੰਘ ਨੀਲੇ ਰੰਗ ਦੇ ਚੋਲੇ ਅਤੇ ਦੁਮਾਲੇ ਸਜਾਉਂਦੇ ਹਨ। ਜਥੇ ਦਾ ਲੰਗਰ ਬਹੁਤ ਨਿਰਾਲੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ। ਆਪਣਾ ਭੋਜਨ ਖੁਦ ਤਿਆਰ ਕਰਦੇ ਹਨ। ਇਹ ਜਥੇ ਝਟਕੇ ਮਾਸ ਦਾ ਪ੍ਰਯੋਗ ਕਰਦੇ ਹਨ।

ਨਗਰ ਕੀਰਤਨਾਂ ਦਾ ਧਾਰਮਕ ਤੌਰ ਤੇ ਬਹੁਤ ਮਹੱਤਵ ਹੁੰਦਾ ਹੈ। ਸਾਰੀਆਂ ਪ੍ਰਮੁੱਖ ਨਿਹੰਗ ਸਿੰਘ ਜਥੇਬੰਦੀਆਂ ਆਪਣੇ ਪ੍ਰੰਪਰਾਗਤ ਘੋੜਿਆਂ, ਹਥਿਆਰਾਂ ਅਤੇ ਪਹਿਰਾਵੇ ਵਿਚ ਇਸ ਨਗਰ ਕੀਰਤਨ ਦੀ ਸ਼ੋਭਾ ਵਿਚ ਵਾਧਾ ਕਰਦੇ ਹਨ। ਇਹਨਾਂ ਪੁਰਬਾਂ ਵਿਚ ਸ਼ਾਮਲ ਲੋਕ ਅਲੌਕਿਕ ਦ੍ਰਿਸ਼ਾਂ ਦਾ ਆਨੰਦ ਮਾਣਦੇ ਹਨ। ਨਗਰ ਕੀਰਤਨ ਸਿੱਖ ਪੁਰਬਾਂ ਦੀ ਸੰਪੂਰਨਤਾ ਦਾ ਪੜਾਅ ਮੰਨਿਆ ਜਾਂਦਾ ਹੈ। ਸਮਾਪਤੀ ਦੀ ਅਰਦਾਸ ਤੋਂ ਪਿਛੋਂ ਸੰਗਤਾਂ ਘਰ ਵਾਪਸੀ ਦਾ ਸਫਰ ਅਰੰਭ ਕਰ ਦਿੰਦੀਆਂ ਹਨ।

ਸਮਾਜਿਕ ਪਹਿਰਾਵੇ ਵਿੱਚ ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਹੁਣ ਰਵਾਇਤੀ ਵੇਸ਼-ਭੂਸ਼ਾ ਅਲੋਪ ਹੋ ਰਹੀ ਹੈ। ਹੁਣ ਆਦਮੀ ਕੁੜਤੇ ਚਾਦਰੇ ਜਾਂ ਟੌਰੇ ਵਾਲੀ ਪੱਗ ਬੰਨ੍ਹ ਕੇ ਮੇਲਿਆਂ ਵਿੱਚ ਸ਼ਾਮਿਲ ਨਹੀਂ ਹੁੰਦੇ ਤੇ ਨਾ ਹੀ ਔਰਤਾਂ ਵੱਲੋਂ ਘੱਗਰੇ ਜਾਂ ਲਹਿੰਗੇ ਦੀ ਵਰਤੋਂ ਕੀਤੀ ਜਾਂਦੀ ਹੈ। ਹੁਣ ਆਦਮੀ ਪੈਂਟ ਕੋਟ ਪਹਿਨਦੇ ਹਨ ਅਤੇ ਔਰਤਾਂ ਦੇ ਪਹਿਰਾਵੇ ਵਿੱਚ ਵੀ ਪੱਛਮੀ ਪ੍ਰਭਾਵ ਦਿਖਾਈ ਦਿੰਦਾ ਹੈ।

ਪੰਜਾਬ ਦੀਆਂ ਵਿਰਾਸਤੀ ਖੇਡਾਂ ਵੀ ਸਿੱਖ ਪੁਰਬਾਂ ਵਿੱਚੋਂ ਅਲੋਪ ਹੋ ਰਹੀਆਂ ਹਨ। ਹੁਣ ਨੌਜਵਾਨ ਪੀੜ੍ਹੀ ਵਿੱਚ ਰੱਸਾ-ਕਸ਼ੀ, ਦੰਗਲ, ਨੇਜਾਬਾਜ਼ੀ ਪ੍ਰਤੀ ਦਿਲਚਸਪੀ ਲਗਾਤਾਰ ਘੱਟ ਰਹੀ ਹੈ। ਉਦਯੋਗਿਕ ਵਿਕਾਸ ਨੇ ਜੋੜ ਮੇਲਿਆਂ ਦੇ ਆਰਥਿਕ ਸਰੂਪ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਹੁਣ ਮੇਲਿਆਂ ਦੇ ਬਾਜ਼ਾਰਾਂ ਵਿੱਚ ਅੰਤਰਰਾਸ਼ਟਰੀ ਕੰਪਨੀਆਂ ਦੀ ਭਰਮਾਰ ਵੇਖਣ ਨੂੰ ਮਿਲਦੀ ਹੈ। ਚਾਈਨਾ ਵਿੱਚ ਤਿਆਰ ਹੋਏ ਬੱਚਿਆਂ ਲਈ ਖਿਡੌਣਿਆਂ ਨੇ ਰਵਾਇਤੀ ਲੋਹਾਰਾਂ ਅਤੇ ਤਰਖਾਣਾਂ ਵੱਲੋਂ ਤਿਆਰ ਕੀਤੇ ਖਿਡੌਣਿਆਂ ਦੀ ਜਗ੍ਹਾ ਮੱਲ ਲਈ ਹੈ। ਵੱਡੀਆਂ ਵੱਡੀਆਂ ਕੰਪਨੀਆਂ ਵੱਲੋਂ ਔਰਤਾਂ ਦੇ ਸ਼ਿੰਗਾਰ ਦੇ ਸਾਮਾਨ ਦੀਆਂ ਦੁਕਾਨਾਂ ਲਗਾਈਆਂ ਜਾਂਦੀਆਂ ਹਨ, ਜਿਸ ਨਾਲ ਵਣਜਾਰਿਆਂ ਦਾ ਕਿੱਤਾ ਲੱਗਭਗ ਅਲੋਪ ਹੋ ਰਿਹਾ ਹੈ। ਸਿਕਲੀਗਰਾਂ ਵੱਲੋਂ ਤਿਆਰ ਕੀਤੇ ਜਾਂਦੇ ਕੜੇ ਕਿਰਪਾਨਾਂ ਦੀ ਜਗ੍ਹਾ ਹੁਣ ਵੱਡੀਆਂ ਵੱਡੀਆਂ ਫੈਕਟਰੀਆਂ ਵਿੱਚ ਤਿਆਰ ਕੀਤੇ ਕੱਕਾਰ ਮਿਲਦੇ ਹਨ।

ਵਰਤਮਾਨ ਸਮੇਂ ਵਿਚ ਸਿਆਸੀ ਦਲਾਂ 'ਤੇ ਕਾਬਜ਼ ਲੋਕ ਸੁਆਰਥੀ ਮੰਤਵਾਂ ਦੀਆਂ ਲਾਲਸਾਵਾਂ ਹਿਤ ਮੀਰੀ ਪੀਰੀ ਦੇ ਸਿਧਾਂਤ ਦੀ ਦੁਰਵਰਤੋਂ ਦੇ ਵਰਤਾਰੇ ਦੇ ਸ਼ਿਕਾਰ ਹਨ। ਕਥਿਤ ਸਿੱਖ ਸਿਆਸੀ ਦਲ ਆਪਣੇ ਨਿਜੀ ਲਾਭ ਹਿਤ ਧਰਮ ਨਿਰਪੱਖ ਅਤੇ ਧਰਮ ਆਧਾਰਤ ਹੋਣ ਦੇ ਰਾਗ ਅਲਾਪਣੇ ਆਰੰਭ ਕਰ ਦਿੰਦੇ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਸਿੱਖ ਪੰਥ ਸੰਸਾਰ ਦੇ ਕੋਨੇ ਕੋਨੇ ਵਿਚ ਫੈਲ ਗਿਆ ਹੈ, ਪਰ ਕਾਬਜ਼ ਦਲ ਮੀਰੀ-ਪੀਰੀ ਦੇ ਸਿਧਾਂਤ ਨੂੰ ਕੇਵਲ ਪੰਜਾਬ ਦੇ ਸੂਬੇ ਦੀਆਂ ਵਕਤੀ ਸਿਆਸੀ ਲੋੜਾਂ ਅਨੁਸਾਰ ਲਾਗੂ ਕਰਦੇ ਹਨ। ਇਹ ਸਿਆਸੀ ਪਾਰਟੀਆਂ ਸੰਗਤਾਂ ਨੂੰ ਭਰਮਾਉਣ ਲਈ ਬਾਜ਼ਾਰਾਂ ਵਿੱਚ ਵੱਡੇ -ਵੱਡੇ ਬੋਰਡ ਲਗਾਉਂਦੀਆ ਹਨ, ਜਿਸ ਵਿੱਚ ਗੁਰੂ ਸਾਹਿਬਾਨ ਦੀਆਂ ਫੋਟੋਆਂ ਦੇ ਨਾਲ ਇਲਾਕੇ ਦੇ ਵਰਕਰਾਂ ਅਤੇ ਲੀਡਰਾਂ ਦੀਆਂ ਤਸਵੀਰਾਂ ਲਗਾਈਆਂ ਜਾਂਦੀਆਂ ਹਨ ਅਤੇ ਆਪਣੇ ਕੌਮੀ ਨੇਤਾ ਦੀ ਉਪਮਾ ਕਰਨ ਲਈ ਗੁਰਬਾਣੀ ਦੀਆਂ ਪੰਗਤੀਆਂ ਲਿਖੀਆਂ ਜਾਂਦੀਆਂ ਹਨ, ਜੋ ਗੁਰਮਤਿ ਦੇ ਸਿਧਾਂਤ ਪੱਖੋਂ ਗੈਰ-ਵਾਜਿਬ ਹਨ। ਅਮਰਜੀਤ ਸਿੰਘ ਗਰੇਵਾਲ ਅਨੁਸਾਰ:

> "ਸਿਆਸੀ ਪਾਰਟੀਆਂ ਜੋ ਕਿ ਅਵਿਕਸਤ ਜਮਹੂਰੀਅਤ ਦੀ ਉਪਜ ਹਨ, ਖਾਲਸਾ ਪੰਥ ਦੀ ਵਿਕਸਤ ਜਮਹੂਰੀਅਤ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੀਆਂ।"[5]

ਪਹਿਲੇ ਸਮੇਂ ਵਿੱਚ ਸੰਗਤ ਨੂੰ ਗੁਰੂ ਦਾ ਰੂਪ ਮੰਨਿਆ ਜਾਂਦਾ ਸੀ, ਹੁਣ ਕੇਵਲ ਵੋਟਰਾਂ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।ਪੰਜਾਬ ਦੇ ਪੁਰਬ ਪ੍ਰਕਿਰਤੀ ਅਤੇ ਸਰੂਪ ਵਿਚ ਵੱਡੇ ਪੱਧਰ ਤੇ ਬਦਲ ਰਹੇ ਹਨ। ਧਰਮ ਦੇ ਖੇਤਰ ਵਿਚ ਨਿਰੋਲ ਸਿਆਸੀ ਲੋਕਾਂ ਅਤੇ ਹਕੂਮਤੀ ਦਖਲ ਦੀ ਤਾਕਤ ਮੇਲਿਆਂ ਦੇ ਆਯੋਜਨ ਤੇ ਪ੍ਰਯੋਜਨ ਵਿਚ ਗਿਰਾਵਟ ਦੇ ਰੁਝਾਨ ਪੈਦਾ ਕਰ ਰਹੀ ਹੈ। ਸਰਕਾਰ ਅਤੇ ਸਿਆਸੀ ਦਲ ਪੁਰਬਾਂ ਦੇ ਇਕੱਠਾਂ ਨੂੰ ਕੇਵਲ ਆਪਣੇ ਨਿੱਜੀ ਮਨੋਰਥ ਪ੍ਰਾਪਤੀ ਦਾ ਸਾਧਨ ਮੰਨਦੀਆਂ

---

5 ਅਮਰਜੀਤ ਸਿੰਘ ਗਰੇਵਾਲ,"ਅਕਾਲੀਵਾਦ ਦਾ ਖਾਲਸਈ ਪਰਸੰਗ" *ਗੁਰੂ ਖਾਲਸਾ ਪੰਥ,* ਸੰਪਾ.ਗੁਰਨਾਮ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000,ਪੰ. 21.

ਹਨ। ਪੇਂਡੂ ਲੋਕ ਵੀ ਨਿੱਜ-ਪ੍ਰਸਤੀ ਵਾਲੀ ਜੀਵਨ ਸ਼ੈਲੀ ਦੇ ਧਾਰਨੀ ਹੋ ਰਹੇ ਹਨ। ਨਿੱਜ-ਪ੍ਰਸਤੀ ਦੇ ਵਰਤਾਰੇ ਨੂੰ ਹਰੇ ਇਨਕਲਾਬ ਅਤੇ ਵਿਦੇਸ਼ਾਂ ਵਿਚ ਵਸੇਬੇ ਨੂੰ ਉਤਸ਼ਾਹਿਤ ਕੀਤਾ ਹੈ। ਅੱਜ ਮਨੁੱਖ ਰੇਡੀਓ, ਟੈਲੀਵੀਜ਼ਨ ਅਤੇ ਸਮਾਰਟ ਫੋਨ ਦੁਆਰਾ ਮਨ ਪਰਚਾਵੇ ਦਾ ਆਦੀ ਹੋ ਰਿਹਾ ਹੈ। ਸੜਕਾਂ ਦੇ ਜਾਲ ਪਿੰਡਾਂ ਅਤੇ ਸ਼ਹਿਰਾਂ ਦੀ ਦੂਰੀ ਖਤਮ ਕਰ ਰਹੇ ਹਨ। ਮੋਟਰ ਕਾਰਾਂ ਅਤੇ ਆਵਾਜਈ ਦੇ ਸਾਧਨ ਸਫਰ ਨੂੰ ਸਮੇਟ ਰਹੇ ਹਨ। ਮਾਨਸਿਕ ਤਣਾਅ ਤੋਂ ਪੀੜਤ ਨਸ਼ਿਆਂ ਦਾ ਸੇਵਨ ਕਰਕੇ ਜਿੰਦਗੀ ਬਤੀਤ ਕਰ ਰਹੇ ਹਨ। ਰਸਾਇਣਕ ਨਸ਼ਿਆਂ ਦੀ ਵਿਕਰੀ ਤੋਂ ਸੌਖੀ ਕਮਾਈ ਅਤੇ ਵਧੇਰੇ ਪੈਸੇ ਕਮਾਉਣ ਦੀ ਲਾਲਸਾ ਨੂੰ ਸਿਆਸੀ ਪਾਰਟੀਆਂ ਦੀ ਸਰਪ੍ਰਸਤੀ ਦਿੱਤੀ ਜਾ ਰਹੀ ਹੈ, ਜਿਸ ਨਾਲ ਸਮਾਜ ਵਿਚ ਅਮਨ ਕਾਨੂੰਨ ਦੀ ਹਾਲਤ ਨਿਤ ਦਿਨ ਖਰਾਬ ਹੋ ਰਹੀ ਹੈ।

ਸਿੱਖ ਪੁਰਬਾਂ ਦਾ ਉਸਾਰੂ ਪੱਖ ਇਹ ਹੈ ਕਿ ਸਿੱਖ ਇਤਿਹਾਸ ਨਾਲ ਸਬੰਧਤ ਮੇਲਿਆਂ ਵਿਚ ਸੰਗਤ ਦੀ ਸ਼ਮੂਲੀਅਤ ਬਹੁਤ ਵੱਡੇ ਵਾਧੇ ਨਾਲ ਹੋ ਰਹੀ ਹੈ। ਸਿੱਖ ਪੁਰਬ ਇਕ ਜਿਉਂਦੀ ਜਾਗਦੀ ਸਮਾਜਿਕ ਸੰਸਥਾ ਹਨ, ਇਹ ਇਤਿਹਾਸ, ਗੁਰੂ ਵਿਸ਼ਵਾਸ਼ ਅਤੇ ਸ਼ਰਧਾ ਦੇ ਤੱਤਾਂ ਨਾਲ ਮਾਲੋਮਾਲ ਹੁੰਦੇ ਹਨ। ਇਸ ਰਾਹੀਂ ਸਮਾਜ ਦੀਆਂ ਨੈਤਿਕ ਕਦਰਾਂ ਕੀਮਤਾਂ ਦੇ ਸਿਧਾਂਤ ਭਵਿੱਖ ਦੀਆਂ ਨਸਲਾਂ ਤੀਕ ਪਹੁੰਚਦੇ ਹਨ। ਵਿਰਾਸਤੀ ਖੇਡਾਂ ਸਿੱਖ ਪੁਰਬਾਂ ਵਿਚ ਵਿਲਖਣ ਸਥਾਨ ਰਖਦੀਆਂ ਹਨ। ਪੰਜਾਬ ਦੇ ਲੋਕ ਆਪਣੇ ਸਰੀਰਕ ਬਲ ਅਤੇ ਬਹਾਦਰੀ ਕਰ ਕੇ ਜਾਣੇ ਜਾਂਦੇ ਹਨ। ਇਸ ਲਈ ਜਦੋਂ ਮੌਕਾ ਮਿਲੇ ਮੱਲ-ਅਖਾੜਿਆਂ,ਗੱਤਕਾ-ਬਾਜੀ,ਘੋੜ ਸਵਾਰੀ ਅਤੇ ਸ਼ਸ਼ਤਰ-ਬਾਜੀ ਨਾਲ ਕਈ ਤਰ੍ਹਾਂ ਦੇ ਕਰਤੱਵਾਂ ਨਾਲ ਪ੍ਰਦਰਸ਼ਨ ਕਰਦੇ ਹਨ। ਵਿਰਾਸਤੀ ਸੰਗੀਤ, ਢਾਡੀ ਕਲਾ ਅਤੇ ਕਵਿਸ਼ਰੀ ਕਲਾ ਨੂੰ ਸਿੱਖ ਪੁਰਬਾਂ ਨੇ ਜਿਉਂਦਾ ਰੱਖਣ ਵਿਚ ਸ਼ਲਾਘਾ ਯੋਗ ਕਾਰਜ ਕੀਤਾ ਹੈ। ਇਹ ਪੁਰਬ ਸਮਾਜ ਵਿੱਚ ਹੋ ਰਹੇ ਪ੍ਰੀਵਰਤਨ ਦੀ ਗੁਆਹੀ ਭਰਦੇ ਹਨ ਅਤੇ ਸਭਿਆਚਾਰ ਵਿੱਚ ਹੋ ਰਹੀਆਂ ਤਬਦੀਲੀਆਂ ਅਤੇ ਵਰਤਾਰਿਆਂ ਨੂੰ ਵੱਖ-ਵੱਖ ਸਰਗਰਮੀਆਂ ਰਾਹੀਂ ਪੇਸ਼ ਕਰਦੇ ਹਨ। ਸਮਾਜਿਕ ਜੀਵਨ ਵਿੱਚ ਸਮੂਹਿਕ ਤੌਰ ਤੇ ਹੋ ਰਹੇ ਪਰਿਵਰਤਨ ਨੂੰ ਵੱਖੋ-ਵੱਖਰੀਆਂ ਵਿਧੀਆਂ ਰਾਹੀ ਸਿੱਖ ਪੁਰਬਾਂ ਦੇ ਮੌਕੇ ਦੇ

ਵੇਖਿਆ ਜਾ ਸਕਦਾ ਹੈ। ਸਿੱਖ ਸਰੋਕਾਰਾਂ ਵਿਚ ਸਿੱਖ ਪੁਰਬ ਅਤੇ ਜੋੜ-ਮੇਲਿਆਂ ਦੀ ਵਿਸ਼ਵ ਪੱਧਰ ਤੇ ਪ੍ਰਸਿੱਧੀ ਹੈ। ਪਰ ਅਕਾਦਮਿਕ ਪੱਧਰ ’ਤੇ ਇਹਨਾਂ ਨੂੰ ਦ੍ਰਿਸ਼ਟੀਗੋਚਰ ਕਰਨ ਵਾਲੀ ਖੋਜ ਸਮੱਗਰੀ ਬਹੁਤ ਘੱਟ ਮਿਲਦੀ ਹੈ। ਇਸ ਅਧਿਐਨ ਵਿਚਲੀਆਂ ਨਿਸ਼ਾਨਦੇਹੀਆਂ ਦੀ ਰੌਸ਼ਨੀ ਵਿਚ ਗੁਰੂ ਸਾਹਿਬਾਨ ਦੇ ਸ਼ਖਸੀਅਤ ਚਿਤਰਣ ਅਤੇ ਸਿੱਖ ਜੀਵਨ ਜਾਚ ਵਿਚ ਪਰੰਪਰਾਗਤ ਪਹੁੰਚ ਤੋਂ ਬਾਹਰ ਦੇ ਕੁਝ ਨਵੇਂ ਪਹਿਲੂਆਂ ਅਤੇ ਵਿਆਖਿਆਵਾਂ ਦਾ ਵਾਧਾ ਹੋਵੇਗਾ

ਸਿੱਖ ਪੁਰਬ ਗੁਰੂ ਕਾਲ ਤੋਂ ਲੈ ਕੇ ਵਰਤਮਾਨ ਤੀਕ ਸਮਾਜਕ ਲੋੜਾਂ ਦੀ ਪੂਰਤੀ ਲਈ ਨਿਰੰਤਰ ਵਸੀਲੇ ਬਣੇ ਆ ਰਹੇ ਹਨ। ਇਹਨਾਂ ਪੁਰਬਾਂ ਦਾ ਕੇਂਦਰੀ ਉਦੇਸ਼ ਅਤੇ ਮਨੋਰਥ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ। ਗੁਰੂ ਸਾਹਿਬ ਸਾਹਿਬਾਨ ਨੇ ਸਰਬਤ ਦੇ ਭਲੇ ਦਾ ਸਿਧਾਂਤ ਸੰਗਤ ਨੂੰ ਦਿਰਿੜ ਕਰਵਾਇਆ ਜੋ ਸਾਰੇ ਬ੍ਰਹਿਮੰਡ ਦੇ ਜੀਵ-ਜੰਤੂ, ਬਨਸਪਤੀ ਅਤੇ ਮਨੁੱਖਤਾ ਦੇ ਸਰਪੱਖੀ ਵਿਕਾਸ ਅਤੇ ਕਲਿਆਣ ਦੇ ਕਾਰਜਾਂ ਨੂੰ ਲਾਗੂ ਕਰਦਾ ਹੈ। ਸਰਬਤ ਦੇ ਭੱਲੇ ਦਾ ਸਿਧਾਂਤ ਨਾਮ ਸਿਮਰਨ ਦੇ ਅਭਿਆਸ ਦੇ ਸੁਮੇਲ ਨਾਲ ਸਿੱਖ ਪੁਰਬਾਂ ਮੌਕੇ ਸਰਬਤ ਖਾਲਸਾ ਵਿਲਖਣ ਸੰਸਥਾ ਜਨਮ ਹੋਇਆ,ਜਿਸ ਵਿਚ ਪ੍ਰਵਾਨ ਹੋਏ ਗੁਰਮਤਿਆਂ ਨੇ ਇਸ ਧਰਤੀ ਦੀ ਭੋਗਲਿਕ ਰਾਜਨੀਤੀ ਨੂੰ ਸਦੀਆਂ ਤੀਕ ਪ੍ਰਭਾਵਤ ਕੀਤਾ । ਗੁਰੂ ਖਾਲਸਾ ਨੇ ਸਮਾਜ ਦੇ ਹਰ ਵਰਗ ਦੀ ਸਤਕਾਰਿਤ ਭਾਗੀਦਾਰੀ ਲਈ ਯੋਗ ਮੰਚ ਪ੍ਰਦਾਨ ਕੀਤਾ। ਸੰਗਤ ਦੀ ਭਾਗੀਦਾਰੀ ਨੇ ਘੋੜਿਆਂ ਦੇ ਤਬਲਿਆਂ ਦੀ ਸਫਾਈ ਕਰਦੇ ਕਪੂਰ ਸਿੰਘ ਨੂੰ ਰਾਜ ਸਿੰਘਾਸਣ ਦਾ ਅਧਿਕਾਰੀ ਚੁਣਇਆ ਜਿਸ ਨੇ ਮਨੁੱਖੀ ਕਿਰਦਾਰ ਦੇ ਵਿਲਖੱਣ ਕੀਰਤੀਮਾਣ ਸਥਾਪਿਤ ਕੀਤੇ।

ਉਸ ਵਕਤ ਸਿੱਖ ਪੰਥ ਦੀ ਬਹੁ-ਗਿਣਤੀ ਪੰਜਾਬ ਵਿਚ ਹੀ ਵਸਦੀ ਸੀ। ਅੱਜ ਸਿੱਖ ਪੰਥ ਵੱਡੀ ਗਿਣਤੀ ਵਿਚ ਸਾਰੀ ਦੁਨੀਆਂ ਵਿਚ ਫੈਲ ਗਿਆ ਹੈ। ਵਕਤ ਦੀ ਚਾਲ ਅਨੁਸਾਰ ਸੱਭਿਆਚਾਰ ਵਿਚ ਤਬਦੀਲੀ ਕੁਦਰਤੀ ਨਿਯਮਾਂ ਦਾ ਹਿੱਸਾ ਹੈ। ਹਰੇ ਇਨਕਲਾਬ ਅਤੇ ਸਿੱਖ ਸਮਾਜ ਦੇ ਵਿਦੇਸ਼ੀ ਵਸੇਬੇ ਨੇ ਸਿੱਖ ਪੁਰਬਾਂ ਦੇ ਸਰੂਪ ਤੇ ਪ੍ਰਾਕਿਤੀ ‘ਤੇ ਤੇਜ਼ੀ ਨਾਲ ਪ੍ਰਭਾਵ ਪਏ ਹਨ। ਪੰਜਾਬ ਵਿਚ ਸੜਕਾਂ ਦੇ ਜਾਲ ਵਿਛ ਜਾਣ ਕਰਕੇ ਪਿੰਡਾਂ ਦੇ ਸੰਪਰਕ ਸ਼ਹਿਰਾਂ ਨਾਲ ਜੁੜ ਗਏ ਹਨ। ਬਿਜਲਈ

(ਡਿਜਿਟਲ) ਜਗਤ ਦੇ ਪਸਾਰੇ ਨੇ ਸੰਸਾਰ ਨੂੰ ਇਕ ਇਕ ਸਾਂਝੀ ਮੰਡੀ ਵਿਚ ਬਦਲ ਦਿੱਤਾ ਹੈ। ਰੇਡੀਓ, ਟੈਲੀਵੀਜ਼ਨ ਅਤੇ ਮੋਬਾਇਲ ਨੈਟਵਰਕ ਕੰਪਨੀਆਂ ਮਨੋਰੰਜਨ ਅਤੇ ਜਾਣਕਾਰੀ ਖੇਤਰ ਉਤੇ ਕਾਬਜ਼ ਹੋ ਗਈਆਂ ਹਨ। ਸੋਸ਼ਲ ਮੀਡੀਏ ਨੇ ਸਮਾਜ ਦੇ ਕਾਰਜਸ਼ੀਲ ਵਰਗ ਨੂੰ ਆਪਣੇ ਘੇਰੇ ਵਿਚ ਲੈ ਲਿਆ ਹੈ, ਜਿਸ ਨਾਲ ਮਨੁੱਖ ਦੇ ਇੱਕਲੇ ਰਹਿਣ ਦੀ ਬਿਰਤੀ ਨੂੰ ਉਤਸ਼ਾਹਿਤ ਕਰ ਰਹੀ ਹੈ ਇਹ ਵਰਤਾਰਾ ਸਿੱਖ ਪੁਰਬਾਂ ਦੀ ਮੂਲ ਭਾਵਨਾ ਨਾ ਮੇਲ ਨਹੀਂ ਖਾਂਦਾ। ਇਹ ਵਰਤਾਰਾ ਸਾਡੀ ਜੀਵਨ ਸ਼ੈਲੀ ਵਿਚ ਆਈ ਸਮਾਜਕ,ਧਾਰਮਿਕ ਅਤੇ ਮਾਨਸਿਕ  ਤੌਰ ,ਤੇ ਗਿਰਾਵਟ ਦਾ ਸੂਚਕ ਹੈ ।

ਵਿਦੇਸ਼ਾਂ ਵਿਚ ਵਸਦੇ ਸਿੱਖ ਵਿਸ਼ੇਸ਼ ਕਰਕੇ ਯੂਰਪ, ਅਮਰੀਕਾ ਤੇ ਏਸ਼ੀਆ ਦੇ ਕਈ ਮੁਲਕਾਂ ਵਿਚ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਸਿੱਖਾਂ ਦੇ ਭਖਦੇ ਮਾਮਲਿਆਂ ਵਿਚ ਵਿਸ਼ੇਸ਼ ਦਿਲਚਸਪੀ ਲੈਂਦੀਆਂ ਹਨ ਅਤੇ ਅਕਾਲ ਤਖ਼ਤ ਸਾਹਿਬ ਤੋ ਦਿਸ਼ਾ ਨਿਰਦੇਸ਼ ਦੀ ਮੰਗ ਵੀ ਕਰਦੀਆਂ ਹਨ। ਗੁਰਦੁਆਰੇ ਵੀ ਇਨਾਂ ਸਰਗਰਮੀਆਂ ਦੇ ਮਹੱਤਵਪੂਰਨ ਕੇਂਦਰ ਬਣੇ ਹੋਏ ਹਨ। ਇਨਾਂ ਮੁਲਕਾਂ ਵਿਚ ਪੰਜਾਬੀ ਦੇ ਅਖ਼ਬਾਰ ਵੀ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ। ਪੰਜਾਬ ਤੋਂ ਬਾਹਰ ਭਾਰਤ ਦੇ ਕਈ ਰਾਜਾਂ ਵਿਚ ਸਿੰਘ ਸਭਾਵਾਂ ਵੀ ਉਦਮਸ਼ੀਲ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਇਨਾਂ ਸਰਗਰਮੀਆਂ ਵਿਚ ਅਹਿਮ ਸਥਾਨ ਤੇ ਮਹੱਤਤਾ ਹੈ। ਸੰਸਾਰ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿਚ ਸਿੱਖ ਵਿਦਿਆਰਥੀ ਇਤਿਹਾਸ, ਸਾਹਿਤ, ਫਿਲਾਸਫੀ, ਕਾਨੂੰਨ, ਅੰਤਰਰਾਸ਼ਟਰੀ ਸਬੰਧ ਅਤੇ ਡਿਪਲੋਮੇਸੀ ਦੇ ਖੇਤਰਾਂ ਵਿਚ ਉੱਚੀਆਂ ਪੜ੍ਹਾਈਆਂ ਕਰ ਰਹੇ ਹਨ। ਕਾਨੈਡਾ ਦੀ ਰਾਜਨੀਤੀ ਨੂੰ ਸਿੱਖ ਭਾਈਚਾਰਾ ਵੱਡੇ ਪਧਰ ‘ਤੇ ਪ੍ਰਭਾਵਿਤ ਕਰ ਰਿਹਾ ਹੈ। ਉਥੇ ਬਹੁਤ ਵੱਡੇ ਸਿਆਸੀ ਰੁੱਤਬੇ ਵੀ ਸਿੱਖ ਨੇਤਾਵਾਂ ਨੂੰ ਨਸੀਬ ਹੋਏ ਹਨ। ਕਾਨੇਡਾ ਅਤੇ ਕਈ ਹੋਰ ਦੇਸ਼ਾ ਦੀ ਵਿਕਾਸ ਵਿਚ ਸਿੱਖ ਭਾਈਚਾਰੇ ਦਾ ਵਿਸ਼ੇਸ਼ ਯੋਗਦਾਨ ਨੂੰ ਸਵਿਕਾਰ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਜੀ ਦੇ ਕਿਰਤੀ ਸੱਭਿਆਚਾਰ ਨੇ ਸੰਸਾਰ ਪੱਧਰ ‘ਤੇ ਸਿੱਖ ਜਗਤ ਨੂੰ ਸਤਿਕਾਰ ਦੇ ਅਧਿਕਾਰੀ ਬਣਾਇਆ ਹੈ। ਇਸ ਤੋਂ ਇਲਾਵਾ ਸਿੱਖ ਨੌਜਵਾਨ ਖੇਡਾਂ ਵਿਚ ਵਿਸ਼ੇਸ਼ ਦਿਲਚਸਪੀ ਲੈ ਰਹੇ ਹਨ ਤੇ ਵਧੀਆ ਖਿਡਾਰੀ ਬਣ ਕੇ ਅੰਤਰਰਾਸ਼ਟਰੀ ਮਹੱਤਤਾ ਹਾਸਲ ਕਰ ਰਹੇ ਹਨ। ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਸੇ  ਸਿੱਖ ਭਾਈਚਾਰੇ ਨੂੰ ਜੇ ਕਿਸੇ ਵਿਸ਼ੇਸ਼ ਕੇਂਦਰ ਨਾਲ ਅਸੀਂ ਲਗਾਤਾਰ ਜੋੜੀ ਰੱਖਣਾ


ਹੈ ਤਾਂ ਇਸ ਵਿਚ ਸਿੱਖ ਪੁਰਬਾਂ ਜਾਂ ਜੋੜ ਮੇਲਿਆਂ ਦਾ ਯੋਗਦਾਨ ਲਾਭਕਾਰੀ ਹੋ ਸਕਦਾ ਹੈ। ਸਿੱਖ ਪੁਰਬਾਂ ਦੀ ਪ੍ਰਸੰਗਿਕਤਾ ਨੂੰ ਸੰਸਾਰ ਅੰਦਰ ਵੱਖ ਵੱਖ ਖੇਤਰਾਂ ਵਿਚ ਆਈਆਂ ਵੱਡੀਆਂ ਸਿੱਖ ਪੁਰਬਾਂ ਦਾ ਸਿੱਖਾਂ ਦੇ ਧਾਰਮਿਕ, ਰਾਜਨੀਤਕ ਅਤੇ ਸਮਾਜਕ ਜੀਵਨ ਵਿਚ ਬਹੁਤ ਵੱਡਾ ਯੋਗਦਾਨ ਹੈ।

ਇਸ ਖੋਜ ਕਾਰਜ ਦਾ ਤੱਤਸਾਰ ਇਹ ਹੈ ਕਿ ਸਿੱਖ ਪੁਰਬਾਂ ਨੇ ਸਿੱਖ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਮਜਬੂਤ ਕੀਤਾ ਹੈ। ਸਮਾਜਕ ਤੌਰ 'ਤੇ ਜਾਤੀਵਾਦ ਅਤੇ ਵਰਣ ਵੰਡ ਦਾ ਸ਼ਿਕਾਰ ਤੇ ਪੀੜਤ ਵਰਗ ਨੇ ਸਿੱਖ ਪੁਰਬਾਂ ਮੌਕੇ ਸਵੈ-ਮਾਣ ਅਤੇ ਸਤਿਕਾਰ ਵਾਲੀ ਜੀਵਨਧਾਰਾ ਨੂੰ ਅਨੁਭਵ ਕੀਤਾ। ਗੁਰੂ ਸਾਹਿਬਾਨ ਨੇ ਸਮਾਜਕ ਕੁਰਤੀਆਂ ਦੇ ਵਿਰਧ ਇਹਨਾਂ ਮੌਕਿਆਂ 'ਤੇ ਪ੍ਰਭਾਵਸ਼ਾਲੀ ਸਮਾਜ ਸੁਧਾਰਕ ਅਤੇ ਇਨਕਲਾਬੀ ਕਾਰਜ ਕੀਤੇ ਜਿਸ ਵਿਚ ਸਤੀ ਪ੍ਰਥਾ, ਪਰਦਾ ਪ੍ਰਥਾ, ਵਿਧਵਾ ਦੇ ਪੁਨਰ ਵਿਆਹ, ਸੰਗਤ ਤੇ ਪੰਗਤ ਦੀ ਪ੍ਰਥਾ ਦਾ ਵਿਸ਼ੇਸ਼ ਮਹੱਤਵ ਸੀ। ਇਸ ਵਰਤਾਰੇ ਨੇ ਅਖੌਤੀ ਨੀਵੇਂ ਵਰਗ ਦੇ ਲੋਕਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਹੋਣ ਲਈ ਉਤਸਾਹਿਤ ਕੀਤਾ।

ਧਾਰਮਿਕ ਜੀਵਨ ਫੋਕਟ ਕਰਮ ਕਾਂਡਾਂ ਦਾ ਬੋਲ ਬਾਲਾ ਸੀ। ਬ੍ਰਾਹਮਣ, ਜੋਗੀ ਅਤੇ ਕਾਜੀ ਲੋਕਾਂ ਦੇ ਧਾਰਮਿਕ ਜੀਵਨ ਨੂੰ ਕੁਰਾਹੇ ਪਾ ਰਹੇ ਸਨ। ਗੁਰੂ ਸਾਹਿਬਾਨ ਨੇ ਸਮਾਜ ਨੂੰ ਨਵੇਂ ਧਾਰਮਿਕ ਕੇਂਦਰ ਤੀਰਥਾਂ ਦੇ ਰੂਪ ਵਿਚ ਸਥਾਪਤ ਕੀਤੇ। ਬ੍ਰਾਹਿਮਣ, ਜੋਗੀ ਅਤੇ ਕਾਜੀ ਦੀ ਧਾਰਮਿਕ ਚੌਧਰ ਵੰਗਾਰ ਕੇ ਹਰ ਪ੍ਰਾਣੀ ਨੂੰ ਵਾਹਿਗੁਰੂ ਦੇ ਸਿਮਰਨ ਤੇ ਆਰਧਨਾ ਦਾ ਅਧਿਕਾਰੀ ਬਣਾਇਆ। ਸਿੱਖ ਪੁਰਬਾਂ ਨੇ ਧਾਰਮਿਕ ਖੇਤਰ ਵਿਚ ਗ੍ਰਿਸਤੀ ਲੋਕਾਂ ਦਾ ਸਤਿਕਾਰ ਬਹਾਲ ਕੀਤਾ।

ਸਿੱਖ ਪੁਰਬਾਂ ਨੇ ਸਿੱਖਾਂ ਦੀ ਵਿਲਖਣ ਪਛਾਣ ਲਈ ਧਰਮ ਯੁੱਧ ਕਰਨ ਲਈ ਯੋਗਦਾਨ ਪਾਇਆ। ਸਰਬਤ ਖਾਲਸਾ ਅਤੇ ਗੁਰਮਤਾ ਦੀ ਪ੍ਰਥਾ ਨੇ ਲੋਕਤੰਤਰੀ ਵਰਤਾਰੇ ਨੂੰ ਉਤਸ਼ਾਹਿਤ ਕੀਤਾ। ਸਿੱਖ ਪੁਰਬਾਂ ਨੇ ਸਿੱਖ ਭਾਈਚਾਰੇ ਦੇ ਆਰਥਕ ਵਸੀਲਿਆਂ ਦੇ ਵਾਧੇ ਲਈ ਯੋਗਦਾਨ ਪਾਇਆ। ਸਿੱਖ ਪੁਰਬ ਸਿੱਖ ਭਾਈਚਾਰੇ ਦੇ ਵਿਕਾਸ ਦੇ ਵਰਤਾਰੇ ਲਈ ਸਾਰਥਕ ਮੰਚ ਬਣੇ ਹੋਏ ਹਨ। ਸਿੱਖ ਪੁਰਬਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਸਾਡੇ ਖੋਜ ਕਾਰਜ ਦੇ ਖੇਤਰ ਸੀਮਤ ਹਨ। ਇਸ ਲਈ ਇਤਿਹਾਸਕ ਤਬਦੀਲੀਆਂ, ਰੁਝਾਨਾਂ ਅਤੇ ਵਰਤਾਰਿਆਂ ਦੀ ਰੌਸ਼ਨੀ ਵਿਚ ਹੋਰ ਵਿਸਥਾਰਿਤ ਅਧਿਐਨ ਲੋੜ ਹੈ।

# ਅੰਤਿਕਾਵਾਂ





ਹੁਕਮਨਾਮਾ ਗੁਰੂ ਹਰਿਗੋਬਿੰਦ ਸਾਹਿਬ ਜੀ (ਹਰਿਮੰਦਰ ਸਾਹਿਬ ਪਟਨਾ ਬਿਹਾਰ )

## ੯

## ਨੌਵੇਂ ਗੁਰੂ ਤੇਗ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣ ਕੀ ਜੋਗੁ

"ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ..
ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ..."



[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ]

## ੩੬

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਗੁਰਦਾਸ ਜੋਗੁ

[ਮਾਘ ਸੁਦੀ ੯ ਸੰਮਤ ੧੭੪੮, ੧੭ ਜਨਵਰੀ ੧੬੯੨ ਈ.]

"...ਕਾਰ ਸੰਗਤਿ ਲੈ ਆਵਣਾ..."




[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੪੨

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਸੰਗਤੀਆ ਜੋਗੁ

[ਫਗਣ ਸੁਦੀ ੫, ਸੰਮਤ ੧੭੫੦, ੧੯ ਫਰਵਰੀ ੧੬੯੪]

"...ਸੰਗਤਿ ਬਿਸੋਏ ਨੋ ਦਰਸਨਿ ਆਵਣਾ...
ਇਕ ਤੁਪਕ ਸਾਜ ਸੁਧਾ ਲੈ ਆਵਣਾ..."




[ਗੁ. ਅਹੀਆ ਗੰਜ ਲਖਨਊ]

## ੪੮

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰੇ ਕੀ ਜੋਗੁ

[ਕਤਕ ੪, ੧੭੫੫ ਬਿ., ੫ ਅਕਤੂਬਰ ੧੬੯੯ ਈ.]

''ਸੰਗਤਿ ਦੀਵਾਲੀ ਨੋ ਦਰਸ਼ਨ ਆਵਣਾ... ਸੰਗਤਿ ਮੇਰਾ ਖਾਲਸਾ ਹੈ...''



[ਨਉਸ਼ਹਰਾ ਪੱਨੂਆਂ ਵਿਚ]

## ੫੦

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਟਣ ਫਰੀਦ ਕੇ ਕੀ ਜੋਗੁ

[ਫਾਗੋ ੪ ਸੰਮਤ ੧੭੫੬, ੧ ਫਰਵਰੀ ੧੭੦੦ ਈ.]

"... ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਿਤ ਕਾ ਹੋਵੈ ਸੋ ਵਿਸੋਏ ਨੂੰ ਹਜੂਰਿ ਲੈ ਕੇ ਦਰਸਨ ਆਵਣਾ... ਹੋਰਸ ਕਿਸੇ ਮਸੰਦ ਨੂੰ ਨਾਹੀ ਮੰਨਣਾ..."




[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੬੫

## ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਭਾਈ ਮਾਨ ਸਿੰਘ ਜੋਗੁ

[ਮਾਘ ੧, ਸੰਮਤ ੧੭੯੧ ਬਿ. ੩੦ ਦਸੰਬਰ ੧੭੩੪ ਈ.]

"... ਭਾਈ ਬਿਨਤੇ ਦੀ ਮਾਰਫਤ ਖੂਹ ਪਟਣ ਸ਼ੇਖ ਫਰੀਦ ਦੇ ਵਿਚ ਨਵਾਂ ਬਣਵਾਇ ਦੇਵਣਾ ਜੋ ਕੁਛ ਲਗੈ ਸੋ ਸਰਕਾਰ ਦੇ ਲੇਖੇ ਲਾਵਣਾ..."




[ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ]

## ੯੬

## ਸ੍ਰੀ ਅਕਾਲ ਪੁਰਖ ਕੇ ਖਾਲਸੇ ਜੀ ਵਲੋਂ ਸਮੂਹ ਵਾਸੀ ਪਟਣ ਕੀ ਜੋਗੁ


[ਵਿਸਾਖ ੩, ਸੰਮਤ ੧੮੧੬ ਬਿ. ੧੨ ਅਪਰੈਲ, ੧੭੫੯ ਈ.]

"... ਰੁਪਯੇ ਸਵਾ ਸਉ੍ ੧੨੫) ...ਭਾਈ ਦਿਆਲ ਸਿੰਘ ਜੋਗ ਦੇਵਣੇ... ਹੋਰ ਗੁਰੂ ਕਾ ਦਸਵੰਦੁ ਚਲੀਹਾ ਕਾਰ ਭੇਟ... ਦੀਪ ਮਾਲਾ ਉਤੇ ਲੈ ਆਵਣਾ..."



[ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ]

ਹੁਕਮਨਾਮਾ ਸ਼੍ਰੀ ਅਕਾਲ ਤਖ਼ਤ, ਅਮ੍ਰਿਤਸਰ ਦਾ



ਭਾਈ ਆਇਆ, ਮਿਹਰ ਸਿੰਘ ਆਦਿ ਵਾਸੀ ਪਟਣ ਦੇ ਨਾਮ

# ਪੁਸਤਕ ਸੂਚੀ

ਪੰਜਾਬੀ


ਅਸ਼ੋਕ, ਸ਼ਮਸ਼ੇਰ ਸਿੰਘ, *ਨਿਸਾਣ ਅਤੇ ਹੁਕਮਨਾਮੇ,* ਸਿੱਖ ਇਤਿਹਾਸ ਖੋਜ ਬੋਰਡ, ਅੰਮ੍ਰਿਤਸਰ, 1967.

ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ,* (ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ) ਸਿੰਘ ਬ੍ਰਦਰਜ਼ ਅੰਮ੍ਰਿਤਸਰ, 2003.

ਅਜਮੇਰ ਸਿੰਘ, *ਕਿਸ ਬਿਧ ਰੁਲੀ ਪਾਤਸ਼ਾਹੀ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2009.

ਅਜਮੇਰ ਸਿੰਘ, *ਅਣਚਿਤਵਿਆ ਕਹਿਰ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2009.

ਅਜਮੇਰ ਸਿੰਘ *, ਗਦਰੀ ਬਾਬੇ ਕੌਣ ਸਨ?,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2013.

ਆਹਲੂਵਾਲੀਆ,ਜਸਬੀਰ ਸਿੰਘ, *ਸਿੱਖ ਫ਼ਲਸਫ਼ੇ ਦੀ ਭੂਮਿਕਾ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2017

ਅਤਿੰਦਰਪਾਲ ਸਿੰਘ, *ਸਿੱਖ ਸਭਿਅਤਾ ਦੇ ਮੂਲ ਆਧਾਰ,* ਕੌਮੀ ਸੂਰਾ ਮੀਡੀਆ ਗਰੁਪ, ਪਟਿਆਲਾ,2012.

ਅਰਸ਼ੀ ,ਸਾਹਿਬ ਸਿੰਘ, *ਹਰਿਆਣਾ: ਜਨ-ਜੀਵਨ ਤੇ ਸਭਿਆਚਾਰ,* ਅਰੋੜਾ ਪਬਲਿਸ਼ਰਜ਼ ਜੀਂਦ, 1982..

ਅਲੱਗ, ਸਰੂਪ ਸਿੰਘ, *ਹਰਿਮੰਦਰ ਦਰਸ਼ਨ,* 593,ਅਰਬਨ ਐਸਟੇਟ ਲੁਧਿਆਣਾ, 2012

ਔਜਲਾ, ਸਰਵਣ ਸਿੰਘ, *ਅਨ੍ਹੇਰੇ ਰਾਹ ਅਤੇ ਪੰਥ,* ਉਡਾਨ ਪਬਲੀਕੇਸ਼ਨਜ਼, ਮਾਨਸਾ, 2009 ਆਹਲੂਵਾਲੀਆ,

ਇਕਬਾਲ ਸਿੰਘ ਬਾਬਾ, *ਸਿੱਖ ਸਿਧਾਂਤ,* ਕਲਗੀਧਰ ਟਰਸਟ ਬੜੂ ਸਾਹਿਬ, 2010.

ਸਰਨਾ, ਜਸਬੀਰ ਸਿੰਘ, *ਬਾਜ਼ਨਾਮਾ,* ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 2000.

ਸਰਨਾ, ਜਸਬੀਰ ਸਿੰਘ, ਗੁਰਦੁਆਰਾ ਸ਼ਬਦ ਕੋਸ਼, ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, 2013.

ਸਰਲ, ਨਰਿੰਜਨ ਸਿੰਘ, *ਝਟਕਾ ਪ੍ਰਕਾਸ਼* , ਅਕਾਲ ਸਹਾਇ ਚੈਰੀਟੇਬਲ ਟ੍ਰਸਟ ਚੰਡੀਗੜ੍ਹ, 2008.

ਸਵਰਨ ਸਿੰਘ, *ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.

ਸਵਰਨਜੀਤ ਸਿੰਘ, *ਸਚੁ ਸੁਣਾਇਸੀ ,* ਇੰਸਟੀਚਿਊਟ ਫਾਰ ਪੀਸ ਸਟੱਡੀਜ਼, 1999.

ਸਵਰਾਜ ਸਿੰਘ, *ਸਿੱਖ ਇਨਕਲਾਬ,ਕਮਿਊਨਿਸਟ ਇਨਕਲਾਬ ਤੇ ਇਨਕਲਾਬੀ ਮਨੁੱਖ ਦੀ ਸਿਰਜਣਾ*, ਪੰਥ ਖਾਲਸਾ ਪ੍ਰਕਾਸ਼ਨ ਪਟਿਆਲਾ, 2008.

ਸਿੱਧੂ, ਕੁਲਬੀਰ ਸਿੰਘ, *ਮਾਨਵਤਾ ਦਾ ਪ੍ਰਣਾਮ ਸਰਬੰਸਦਾਨੀ ਦੇ ਨਾਮ* , ਕੁਲਬੀਰ ਸਿੰਘ, ਮੋਹਾਲੀ, 2008.

ਸਿੱਧੂ, ਗੁਰਮੀਤ ਸਿੰਘ, *ਸਿਖ ਪੰਥ ਨਵੇਂ ਯੁੱਗ ਦੇ ਸਨਮੁਖ*, ਅਦਬ ਪ੍ਰਕਾਸ਼ਨ ਪਟਿਆਲਾ, 2004.

ਸਿੱਧੂ, ਗੁਰਮੀਤ ਸਿੰਘ, *ਕੇਸਾਂ ਦਾ ਮਹੱਤਵ*, ਅਦਬ ਪ੍ਰਕਾਸ਼ਨ ਪਟਿਆਲਾ, 2008.

ਸਿੱਧੂ, ਗੁਰਮੀਤ ਸਿੰਘ, *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ ਪਟਿਆਲਾ, 2013.

ਸਿੱਧੂ, ਗੁਰਮੀਤ ਸਿੰਘ, *ਸਿੱਖੀ ਅਤੇ ਸਿੱਖਾਂ ਦਾ ਭਵਿੱਖ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2015.

ਸਿੱਧੂ, ਗੁਰਮੀਤ ਸਿੰਘ, *ਬ੍ਰਾਹਮਣਵਾਦ ਤੋਂ ਹਿੰਦੂਵਾਦ*, ਗੁਰਗਿਆਨ ਬੁਕਸ ਪਟਿਆਲਾ, 2018.

ਸਿੱਧੂ, ਜਸਪਾਲ ਸਿੰਘ, *1984 ਦੀ ਪਤੱਰਕਾਰੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2016.

ਸੀਹਾਂ ਉਪਲ, (ਸੰਪਾ.ਸ.ਸ.ਪਦਮ) *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2014.

ਸੀਤਲ, ਜੀਤ ਸਿੰਘ. *ਅੰਮ੍ਰਿਤਸਰ ਸਿਫਤੀ ਦਾ ਘਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਸੁਖਦਿਆਲ ਸਿੰਘ, *ਖਾਲਸਾ-ਪ੍ਰਭੁਸਤਾ-ਸਿਧਾਂਤ*, ਸਿੱਖ ਇੰਨਟੈਲੀਜੰਸੀਆ ਫੋਰਮ ਪਟਿਆਲਾ, 1984.

ਸੁਖਦਿਆਲ ਸਿੰਘ, *ਚੱਪੜ-ਚਿੜੀ ਦੀ ਲੜਾਈ,* ਗਰੇਸ਼ਿਅਸ ਬੁਕਸ ਪਟਿਆਲਾ, 2009.

ਸੁਖਬੀਰ ਸਿੰਘ, *ਤੇਜ ਧਾਰਕ ਗੁਰੂ ਖਾਲਸਾ ਪੰਥ,* ਗੁਰੁਦੀਪਕੁ ਪ੍ਰਕਾਸ਼ਨ ਪਟਿਆਲਾ, 1986.

ਸੰਗਤ ਸਿੰਘ, *ਇਤਿਹਾਸ ਵਿਚ ਸਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2002.

ਸੰਤੋਖ ਸਿੰਘ, *ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ ,ਪੰਜਾਬ, ਪਟਿਆਲਾ, 1972.

ਸੋਢੀ, ਤੇਜਾ ਸਿੰਘ, *ਸ੍ਰੀ ਦਸਮ ਗੁਰੂ ਚਮਤਕਾਰ,* ਭਾਈ ਜੀਵਨ ਸਿੰਘ ਚਤਰ ਸਿੰਘ,ਅੰਮ੍ਰਿਤਸਰ, 2010.

ਸੋਢੀ, ਹਿੰਮਤ ਸਿੰਘ, *ਗੁਰੂ ਰਾਮਦਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਸੰਘਾ, ਗੁਰਦੇਵ ਸਿੰਘ, *ਗੁਰਦੁਆਰਾ ਸੰਕਲਪ ਅਤੇ ਸੰਸਥਾ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2011.

ਹਉਰਾ, ਕੁਲਦੀਪ ਸਿੰਘ, *ਸਿੱਖ ਨੈਤਿਕਤਾ ਦੀ ਰੂਪ-ਰੇਖਾ,* ਸਿਮਰ ਸਹਿਤ ਸਦਨ, ਅੰਮ੍ਰਿਤਸਰ, 1992.

ਹਰਜਗਮੰਦਰ ਸਿੰਘ, *ਸਿਖਨ ਕੋ ਦਿਊਂ ਪਾਤਸ਼ਾਹੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017.

ਹਰਬੰਸ ਸਿੰਘ, *ਸਾਡਾ ਵਿਰਸਾ,* ਨਵਯੁਗ ਪਬਲਿਸ਼ਰ, ਨਵੀਂ ਦਿਲੀ, 1997.

ਹਰਭਜਨ ਸਿੰਘ, *ਧਰਮ ਤੇ ਰਾਜਨੀਤੀ* , ਸਵਰਨ ਪਲੀਕੇਸ਼ਨ, ਚੰਡੀਗੜ੍ਹ, 1998.

ਹਿਸਟੋਰੀਅਨ, ਕਰਮ ਸਿੰਘ, *ਬੰਦਾ ਬਹਾਦਰ ਅਤੇ ਬੰਦਾ ਬਹਾਦਰ ਕੌਣ ਸੀ,* ਧਰਮ ਪ੍ਰਚਾਰ ਕਮੇਟੀ, 1999.

ਕਪੂਰ ਸਿੰਘ, ਸਿਰਦਾਰ, *ਸਾਚੀ ਸਾਖੀ,* ਨਵਯੁਗ ਪਬਲਿਸ਼ਰ, ਚਾਂਦਨੀ ਚੌਕ ਦਿਲੀ, 1979.

ਕਪੂਰ ਨਵਰਤਨ ਸਿੰਘ, *ਪੰਜਾਬੀ ਸਭਿਆਚਾਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1990.

ਕਰਤਾਰ ਸਿੰਘ, *ਸਿੱਖ ਇਤਿਹਾਸ-ਭਾਗ-1,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 2003. ਕਰਮਜੀਤ ਸਿੰਘ, *ਪੰਥਕ ਦਸਤਾਵੇਜ਼,* ਗੁਰਮਤਿ ਪੁਸਤਕ ਭੰਡਾਰ, ਅੰਮ੍ਰਿਤਸਰ, 2012.

ਕਸੇਲ, ਕਿਰਪਾਲ ਸਿੰਘ, *ਪੰਜਾਬ ਜਿਉਂਦਾ ਗੁਰੂ ਦੇ ਨਾਂ ਤੇ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1995.

ਕਪੂਰ, ਨਰਿੰਦਰ ਸਿੰਘ, *ਅਨੰਦਪੁਰ ਸਾਹਿਬ,* ਭਾਸ਼ਾ ਵਿਭਾਗ, ਪੰਜਾਬ, 2015,

ਕਪੂਰ*, ਨਵਰਤਨ,* *ਪੰਜਾਬ ਦੇ ਲੋਕ ਤਿਉਹਾਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1990.

ਕਜ਼ਾਕ, ਕਿਰਪਾਲ, *ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.

ਕਿਸ਼ਨ ਸਿੰਘ, *ਗੁਰਬਾਣੀ ਦਾ ਇਨਕਲਾਬੀ ਵਿਰਸਾ,* ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2007.

ਕੰਵਲ, ਸ਼ੇਰ ਸਿੰਘ,ਮੇਲੇ ਦੇ ਪੰਜਾਬ , *ਤਰਲੋਚਨ* ਪਬਲਿਸ਼ਰ, ਚੰਡੀਗੜ੍ਹ,2013.

ਖੁਸ਼ਵੰਤ ਸਿੰਘ*, ਸਿੱਖ ਇਤਿਹਾਸ ਭਾਗ-1,* ਲਾਹੌਰ ਬੁੱਕ ਸ਼ਾਪ ਲੁਧਿਆਣਾ, 2006.

ਗਾਸੋ, ਓਮ ਪ੍ਰਕਾਸ਼, *ਪੰਜਾਬੀ ਸਭਿਆਚਾਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2000.

ਗਿਆਨ ਸਿੰਘ, ਗਿਆਨੀ, *ਗੁਰਧਾਮ ਸੰਗ੍ਰਿਹਿ,* ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1992.

ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993.

ਗੁਰਮੋਹਨ ਸਿੰਘ, *ਸੋਢੀ ਹਰਿ ਜੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਗੁਰਜੀਤ ਸਿੰਘ, *ਸੱਭਿਆਚਾਰ ਦਾ ਫਲਸਫਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.

ਗੁਰਤੇਜ ਸਿੰਘ, *ਓੜਕਿ ਸਚਿ ਰਹੀ.* ਤੱਤ ਗੁਰਮਤਿ ਟਕਸਾਲ, ਚੰਡੀਗੜ੍ਹ, 2010.

ਗੁਰਦੀਪ ਸਿੰਘ, *ਲਾਸਾਨੀ ਇਨਕਲਾਬ-2, ਗੁਰਦੁਆਰੇ,* ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ, 2011.

ਗੁਰਦਿੱਤ ਸਿੰਘ ਬਾਬਾ*, ਜ਼ੁਲਮੀ ਕਥਾ* , ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, 1998.

ਗੁਰਦਿਤ ਸਿੰਘ, ਗਿਆਨੀ*, ਮੇਰਾ ਪਿੰਡ,* ਸਿੱਖ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ, 1995.

ਗੁਰਦਿਤ ਸਿੰਘ, ਗਿਆਨੀ, *ਤਖਤ ਦਮਦਮਾ ਸਾਹਿਬ*, ਸਿੱਖ ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 2007.

ਗੁਰਨਾਮ ਕੌਰ (ਸੰਪਾ), *ਗੁਰੂ ਖਾਲਸਾ ਪੰਥ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਗੁਰਭਗਤ ਸਿੰਘ, *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਗੁਰਭਗਤ ਸਿੰਘ, *ਵਿਸਮਾਦੀ ਪੂੰਜੀ,* ਸਿੰਘ ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

ਗੰਡਾ ਸਿੰਘ, *ਬੰਦਾ ਸਿੰਘ ਬਹਾਦਰ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਗੰਡਾ ਸਿੰਘ, *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ ਪਟਿਆਲਾ,1999.

ਗੰਡਾ ਸਿੰਘ, *ਸ: ਜੱਸਾ ਸਿੰਘ ਆਹਲੂਵਾਲੀਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

ਘੁੰਮਣ, ਕਪੂਰ ਸਿੰਘ*, ਡੇਰਾ ਬਾਬਾ ਨਾਨਕ ਸਰਵੇ,* ਭਾਸ਼ਾ ਵਿਭਾਗ, ਪਟਿਆਲਾ,1969.

ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸੰਪ.ਕਪੂਰ ਸਿੰਘ ਘੁਮਣ, ਭਾਸ਼ਾ ਵਿਭਾਗ, ਪਟਿਆਲਾ, 1972.

ਜਗਜੀਤ ਸਿੰਘ, *ਸਿਖ ਇਨਕਲਾਬ,* ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1999.

ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ,ਨਵਜਗ ਪਬਲਿਸ਼ਰਜ਼ ਨਵੀਂ ਦਿਲੀ 2009

ਜਸਬੀਰ ਕੇਸਰ, *ਖੋਜ ਚਿੰਤਨ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.

ਜੱਗੀ, ਰਤਨ ਸਿੰਘ *ਸਿੱਖ ਪੰਥ ਵਿਸ਼ਵਕੋਸ਼* (ਭਾਗ 1), ਪੰਜਾਬੀ ਯੂਨੀਵਰਸਿਟੀ ਪਟਿਆਲਾ, 2000.

ਜੋਗਿੰਦਰ ਸਿੰਘ ਵੇਦਾਂਤੀ*, ਗੁਰਬਿਲਾਸ ਪਾਤਿਸ਼ਾਹੀ 6ਵੀਂ,* ਧਰਮ ਪ੍ਰਚਾਰ ਕਮੇਟੀ,ਸ੍ਰੀ ਅੰਮ੍ਰਿਤਸਰ, 1998.

ਢਿਲੋਂ, ਇਕਬਾਲ ਸਿੰਘ, *ਅਕਾਲ-ਤਖਤ:ਸੰਕਲਪ ਅਤੇ ਵਿਵਸਥਾ,* ਸਵੈ ਪ੍ਰਕਾਸ਼ਿਤ ਚੰਡੀਗੜ੍ਹ, 2012.

ਤਾਰਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ ਤੇ ਸਿਖਿਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

ਤਾਰਨ ਸਿੰਘ, ਭਗਤੀ ਤੇ ਸ਼ਕਤੀ, ਸਿੰਘ ਬ੍ਰਦਰਜ਼ ਅੰਮ੍ਰਿਤਸਰ , 2005.

ਤਾਰਨ ਸਿੰਘ, *ਸਿੱਖ ਧਰਮ ਦੇ ਰਹਿਸ ਤੇ ਰਮਜ਼,* ਨਿਊ ਬੁੱਕ ਕੰਪਨੀ ਜਲੰਧਰ,2004

ਤੇਜਾ ਸਿੰਘ- ਗੰਡਾ ਸਿੰਘ, *ਸੰਖੇਪ ਸਿੱਖ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਤੇਜਾ ਸਿੰਘ, *ਸਿੱਖ ਧਰਮ* , ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1998.

ਤੇਜਾ ਸਿੰਘ, *ਸਿੱਖ ਸੱਭਿਆਚਾਰ* , ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1999.

ਦਰਦ, ਹੀਰਾ ਸਿੰਘ, *ਇਤਿਹਾਸਕ ਖੋਜ- ਭਾਗ 1,* ਸਿੱਖ ਇਤਿਹਾਸ ਖੋਜ ਬੋਰਡ, ਅੰਮ੍ਰਿਤਸਰ, 1964.

ਦਲਗੀਰ, ਹਰਜਿੰਦਰ ਸਿੰਘ, *ਅਨੰਦਪੁਰ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

ਦਲਗੀਰ, ਹਰਜਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ, ਸਿੱਖ ਯੂਨੀਵਰਸਿਟੀ ਸੈਂਟਰ, ਬੈਜਿਮ,2002

ਦਲਬੀਰ ਸਿੰਘ, *ਮੇਰੀ ਹੱਡ ਬੀਤੀ-ਜਗ ਬੀਤੀ, ਪੰਥ ਖਾਲਸਾ ਪ੍ਰਕਾਸ਼ਨ ਗੰਨਾ ਪਿੰਡ ਫਿਲੌਰ, 2015.*

ਦੀਪ, ਦਲੀਪ ਸਿੰਘ, *ਗੁਰੂ ਅਮਰਦਾਸ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1980.

ਨਰੋਤਮ, ਤਾਰਾ ਸਿੰਘ, *ਗੁਰੂ ਤੀਰਥ ਸੰਗ੍ਰਹਿ,* ਨਿਰਮਲ ਅਖਾੜਾ ਕਨਖਲ, 1975.

ਨਾਰੰਗ, ਗੋਕਲ ਚੰਦ, *ਸਿੱਖ ਮਤ ਦਾ ਪਰਿਵਰਤਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਨਾਭਾ, ਕਾਨ੍ਹ ਸਿੰਘ*, ਗੁਰ ਸ਼ਬਦ ਰਤਨਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਨਾਭਾ, ਕਾਨ੍ਹ ਸਿੰਘ*, ਗੁਰੁਮਤ ਮਾਰਤੰਡ,* ਭਾਗ-2, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1998.

ਨੇਕੀ, ਜਸਵੰਤ ਸਿੰਘ, *ਅਰਦਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012.

ਪਤਵੰਤ ਸਿੰਘ,*ਦੀ ਸਿੱਖਸ,* (ਪੰਜਾਬ ਦੇ ਸਿੱਖਾਂ ਦਾ ਇਤਿਹਾਸ) ਭਾ.ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ,2009.

ਪਰਤਾਪ ਸਿੰਘ, ਗਿਆਨੀ, *ਸ੍ਰੀ ਗੁਰੁ ਗੋਬਿੰਦ ਸਿੰਘ,* ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਅੰਮ੍ਰਿਤਸਰ*,* 1974.

ਪਿਆਰ ਸਿੰਘ, *ਖੋਜ: ਸਿਧਾਂਤ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਪੂਰਨ ਸਿੰਘ, ਪ੍ਰੋਫੈਸਰ ,*ਦਸ ਗੁਰ ਦਰਸ਼ਨ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964.

ਪ੍ਰਵਾਨਾ, ਜਸਵੰਤ ਸਿੰਘ, ਗਿਆਨੀ*, ਗੁਰਪੁਰਬ ਗਾਥਾਵਾਂ,* ਨਿਉ ਬੁਕ ਕੰਪਨੀ ਜਲੰਧਰ, 2011.

ਫੌਜਾ ਸਿੰਘ, *ਪੰਜਾਬ ਦੀ ਸੈਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਫੌਜਾ ਸਿੰਘ,*ਪੰਜਾਬੀ ਵੀਰ ਪਰੰਪਰਾ ਦਾ ਵਿਕਾਸ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1973.

ਫੁੱਲ, ਗੁਰਦਿਆਲ ਸਿੰਘ, *ਪੰਜਾਬੀ ਸਭਿਆਚਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

2003.

ਬਡੂੰਗਰ, ਕਿਰਪਾਲ ਸਿੰਘ, *ਗੁਰਮਤਿ ਸਭਿਆਚਾਰ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2008.

ਬਲਦੇਵ ਸਿੰਘ, *ਪੰਜਵਾਂ ਸਾਹਿਬਜ਼ਾਦਾ,* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2005.

ਬਲਦੇਵ ਸਿੰਘ, *ਸੂਰਜ ਦੀ ਅੱਖ,* ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2017.

ਬਲਕਾਰ ਸਿੰਘ , *ਸੇਵਾ ਵਿਸ਼ੇਸ਼ ਅੰਕ,* ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਬਾਗੜੀਆਂ ਅਸ਼ੋਕ ਸਿੰਘ, *ਵਕਤ ਵਿਚਾਰ ਮੰਗਦਾ ਹੈ,* #1557 ਸੈਕਟਰ 36-ਡੀ ਚੰਡੀਗੜ੍ਹ, 2017

ਬਾਬਾ ਪ੍ਰੇਮ ਸਿੰਘ, *ਅਕਾਲੀ ਫੂਲਾ ਸਿੰਘ,* ਲਾਹੌਰ ਬੁੱਕ ਸ਼ਾਪ ਲੁਧਿਆਣਾ, 1940.

ਬਾਬਾ ਪ੍ਰੇਮ ਸਿੰਘ ਹੋਤੀ,ਪੰਜਾਬ ਦਾ ਸਮਾਜਕ ਇਤਿਹਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001

ਬੇਦੀ, ਹਰਚੰਦ ਸਿੰਘ, *ਸਿੱਖ ਇਤਿਹਾਸ ਸਰੋਤ ਪੁਸਤਕ*, ਖਾਲਸਾ ਕਾਲਜ, ਅੰਮ੍ਰਿਤਸਰ, 2000.

ਬੇਦੀ, ਹਰਚੰਦ ਸਿੰਘ, *ਇੱਕੀਵੀ ਸਦੀ ਵਿੱਚ ਸਿੱਖਾਂ ਲਈ ਚੁਣੌਤੀਆਂ*, ਖਾਲਸਾ ਕਾਲਜ, ਅੰਮ੍ਰਿਤਸਰ, 2001.

ਬੈਨਰਜੀ, ਇੰਦੂਭੂਸ਼ਨ *ਖਾਲਸੇ ਦੀ ਉਤਪਤੀ* (ਜਿਲਦ 1), ਪੰਜਾਬੀ ਯੂਨੀਵਰਸਿਟੀ ਪਟਿਆਲਾ, 2008.

ਭਗਵੰਤ ਸਿੰਘ ਤੇ ਰਮਿੰਦਰ ਕੌਰ (ਸੰਪਾਦਕ) *ਸ਼ੇਰ ਸਿੰਘ ਕੰਵਲ ਵਿਚਾਰਧਾਰਾ ਤੇ ਮੂਲ ਪਾਠ,* ਤਰਲੋਚਨ ਪਬਲਿਸ਼ਰ, ਚੰਡੀਗੜ੍ਹ, 2014.

ਭੱਲਾ, ਸਰੂਪ ਦਾਸ, *ਮਹਿਮਾਂ ਪ੍ਰਕਾਸ਼,* ਸੰ.:ਕੁਲਵਿੰਦਰ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਭੱਲਾ, ਜਸਬੀਰ ਸਿੰਘ, *ਇਤਿਹਾਸਕ ਗੁਰਦੁਆਰੇ ਇਕ ਸਰਵੇਖਣ*, ਮਨਪ੍ਰੀਤ ਪ੍ਰਕਾਸ਼ਨ ਜਲੰਧਰ, 2001.ਸ

ਭੰਗੂ, ਰਤਨ ਸਿੰਘ *ਪ੍ਰਾਚੀਨ ਪੰਥ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 2000.

ਭਾਟੀਆ, ਸੁਰਜੀਤ ਸਿੰਘ, *ਨਿਰਭਉ ਤੇ ਨਿਰਵੈਰ ਸਮਾਜ,* ਗੁਰੂ ਨਾਨਕ ਫਾਉਂਡੇਸ਼ਨ, ਦਿਲੀ, 1985.

ਮਨੀ ਸਿੰਘ, ਭਾਈ, *ਸਿੱਖਾਂ ਦੀ ਭਗਤਮਾਲਾ* (ਸੰਪਾ. ਸ.ਸ ਪਦਮ), ਸਿੰਘ ਬ੍ਰਦਰਜ਼ ਅੰਮ੍ਰਿਤਸਰ, 1913.

ਮਹਿਬੂਬ, ਹਰਿੰਦਰ ਸਿੰਘ, *ਸਹਿਜੇ ਰਚਿਓ ਖਾਲਸਾ,* ਸਵੈ ਪ੍ਰਕਾਸ਼ਿਤ ਗੜ੍ਹਦੀਵਾਲਾ, 1988.

ਮਾਦਪੁਰੀ, ਸੁਖਦੇਵ, *ਵਿਰਾਸਤੀ ਮੇਲੇ ਤੇ ਤਿਉਹਾਰ,* ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2013.

ਮਾਦਪੁਰੀ, ਸੁਖਦੇਵ, *ਪੰਜਾਬੀ ਸਭਿਆਚਾਰ ਦੀ ਆਰਸੀ,* ਲਾਹੌਰ ਬੁਕ ਸ਼ਾਪ ਲੁਧਿਆਣਾ, 2011.

ਮੈਕਾਲਿਫ, *ਸਿੱਖ ਇਤਿਹਾਸ* (ਪਹਿਲੀ ਸੈਂਚੀ), ਲਾਹੋਰ ਬੁੱਕ ਸ਼ਾਪ ਲਧਿਆਣਾ, 1980.

ਰਾਜੂ, ਕਰਮ ਸਿੰਘ, *ਦਸਮੇਸ਼ ਪਿਆਰ,* ਰਤਨਾ ਮੈਮੋਰੀਅਲ ਟਰੱਸਟ, ਸੈਕਟਰ 35, ਚੰਡੀਗੜ੍ਹ, 1990.

ਰਾਜਿੰਦਰ ਸਿੰਘ, *ਖਾਲਸਾ ਪੰਥ ਬਨਾਮ ਡੇਰਾਵਾਦ,* ਖਾਲਸਾ ਵਿਰਾਸਤ ਪਬਲੀਕੇਸ਼ਨ, ਚੰਡੀਗੜ੍ਹ, 2017.

ਰੂਪ, ਹਰਿੰਦਰ ਸਿੰਘ, *ਸਿੱਖ ਤੇ ਸਿੱਖੀ,* ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 1986.

ਰੂਪ ਸਿੰਘ, *ਪ੍ਰਮੁੱਖ ਸਿੱਖ ਸ਼ਖਸ਼ੀਅਤਾਂ,* ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, 2002.

ਰੰਧਾਵਾ, ਮਹਿੰਦਰ ਸਿੰਘ (ਸੰਪ) *ਪੰਜਾਬੀ ਲੋਕ ਗੀਤ,* ਸਾਹਿਤ ਅਕਾਦਮੀ ਦਿਲੀ, 2015.

ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼,* ਨੈਸ਼ਨਲ ਬੁਕ ਸ਼ਾਪ ਦਿਲੀ, 2013.

ਵੀਰ ਸਿੰਘ, ਭਾਈ, *ਗੁਰਪੁਰਬ ਗਲਜ਼ਾਰ,* ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿਲੀ,1998.

*ਵਾਰਾਂ ਭਾਈ ਗੁਰਦਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 2007.

## ENGLISH BOOKS


Ahmadi. A.M, *Religion and Law Review,* Institute of Objective Studies, New Delhi, 2001.

Bhagwan Singh, *A Holy War of the Sikhs*, Kendri Sri Guru Singh Sabha,Chd 2006.

Bhagat Singh Hira, *'Bhai Kanhaiya'* Sewa Jyoti Publications, Bathinda, 1988.

Bhagat Singh, *Sikh Polity In The Eighteenth & Nineteenth Centuries*, 22/21B, Tilak Nagar, New Delhi, 1981

Bhagat Singh, *Sikhism*, 22/21B, Tilak Nagar, New Delhi, 1987

Cogley john, *Religion in a secuiar age,* Pall Mall Press,London 1960.

Dalip Singh, *Guru Gobind Singh and Khalsa Discipline,* Sikh Research and Education center, U.S.A, 1992

Davinder Singh Col. *Amazing travels of Guru nanak Dev Ji,* S.G.P.C., Amritsar, 2006 Devinder Kumar, *Punjab and the freedom Struggle, Punjabi University Patiala, 1998.*

Dhillon. B.S. *Inter Faith Study of Guru Granth Sahib,* Guru Nank Dev University,

Amritsar, 2005

Dwivedi H.P., "Cultural Significance of Fairs" *Fairs and Festivals, Census of India,* 1961, Vol. XIII, Punjab, Part VII, Delhi: Government of India,1965

Fauja Singh ,*History of the punjab* Punjabi University, Patiala, 1972

Fauja Singh, *The City of Amritsar* Punjabi University, Patiala, 1977.

Ghadhi, Rajmohan *Punjab/Mughal/Sikh History*, Unistar Books Pvt.Ltd Chandigarh

Gill Avtar Singh, *The Bleeding Limbs of the Sikhs,* Jaswant Printers, Ludhiana, 2009

Gurbir Singh, *The Valiant Ones*, Gopsons Papers Limited, Noida, 2011

Gurdev Singh, *Perspective on the Sikh tradition,* Singh Brothers, Amritsar, 1996

Gurnam Kaur(ed), *Sikh Value System and Social change,* Punjabi University Patiala, Grewal. J.S, *Historical perspectives on Sikh Identity,* Punjabi University, Patiala, 1997

HarchandSingh Bedi, *The Sikhs in the new century,*Khalsa College Amritsar, 2001

Harinder kaur**,** *Fairs of the Punjab*,Harman Publishing House, New Delhi 2004

Harjinder Walia *PunjabFairs and festival National Book Shop Delhi***,** *2002*

Harjot Oberoi, *The Construction of religious Boundaries,* Oxford University Press,

Newyork, 1994

Jagjit Singh, *The Sikh Revolution,* Kendri Sri Guru Singh Sabha, New Delhi, 1984

Jasbir Singh Ahluwalia, *'The Doctrine and Dynamics of Sikhism'* Punjabi University Patiala, 1999

Kapur Singh, *Parasaraprasna'*, Guru Nanak Dev University, Amritsar, 1989

Kapur. Prithpal Singh, *'The Khalsa'* Punjabi University Patiala, 1999

Kharak Singh**,** *Current Thoughts on Sikhism,* Institute of Sikh Studies, Chandigarh, 1996

Madanjeet Kaur, *GuruNanak and his teaching,* Guru Nanak Dev University, Amritsar, 1989

Major James Brown, Histry of the Origin and pragress of sikhs in India, Part 2, 1788.

Nayyar .G.S, *Sardar Hari Singh nalwa***,** Dharam Prachar Committee, Amritsar, 1997

Narain Singh, *Our Heritage,* The Chief Khals Dewan, Amritsar, 1967

Patwant Singh, *The Sikhs*, Rup company, New Delhi, 2004

Puran Singh, *Spirit of the Sikh,* Punjabi University Patiala, 1992

Roderick Matthews, *Jinnah Vs Gandhi*, Unistar Books Pvt.Ltd Chandigarh 2016

Sidhu. Aman, *Debt and Death in Rural India,* Sage Publication India Pvt. Ltd., New Delhi, 2011

Soyminathan Peely, *Indian Chronologry* N.B .Delhi,1985

*THE ENCYCLOPADIA OF SIKHISM*, Editor Harbans Singh,Punjabi University Patiala, volume 2,2001

B-40 Janamsakhi, Guru Baba Nanak, Paintings, Guru Nanak Dev University, Amritsar, 1995

# ਸਿੱਖ ਪੁਰਬ: ਇੱਕ ਸਮਾਜਸ਼ਾਸਤਰੀ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨਾਂ ਫੈਕਲਟੀ ਅਧੀਨ

ਧਰਮ ਅਧਿਐਨ ਵਿਸ਼ੇ ਵਿਚ ਡਾਕਟਰ ਆਫ ਫਿਲਾਸਫੀ ਦੀ

ਡਿਗਰੀ ਦੀਆਂ ਸ਼ਰਤਾਂ ਦੀ ਪੂਰਤੀ ਹਿਤ ਪ੍ਰਸਤੁਤ

**ਖੋਜ ਨਿਬੰਧ (2018)**

**ਰਜਿਸਟ੍ਰੇਸ਼ਨ ਦੀ ਮਿਤੀ :01-02-2010**


ਨਿਗਰਾਨ :

**ਗੁਰਮੀਤ ਸਿੰਘ ਸਿੱਧੂ**

ਪ੍ਰੋਫੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

ਖੋਜਾਰਥੀ :

**ਖੁਸ਼ਹਾਲ ਸਿੰਘ**


PUNJABI UNIVERSITY PATIALA

(Established Under Punjab Act No. 35 of 1961)

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਰ ਅਤੇ ਲੱਭਤਾਂ

ਪੁਰਬ ਉਹ ਉਤਸਵ ਹੈ ਜਿਸ ਨੂੰ ਸਿੱਖ ਸਮੂਹਿਕ ਤੌਰ 'ਤੇ ਗੁਰੂ ਦੀ ਯਾਦ ਵਿਚ ਇਕ ਨਿਸ਼ਚਿਤ ਦਿਹਾੜੇ 'ਤੇ ਪੂਰੀ ਸ਼ਰਧਾ ਨਾਲ ਮਨਾਉਂਦੇ ਹਨ। ਪੁਰਬ ਨੂੰ ਲੋਕ ਭਾਸ਼ਾ ਵਿਚ ਜੋੜ-ਮੇਲਾ ਵੀ ਕਿਹਾ ਜਾਂਦਾ ਹੈ। ਸਿੱਖ ਪੁਰਬਾਂ ਦਾ ਪੰਜਾਬ ਦੇ ਪ੍ਰੰਪਰਾਗਤ ਤਿਉਹਾਰਾਂ ਅਤੇ ਮੇਲਿਆਂ ਨਾਲ ਬਹੁਤ ਨੇੜਲਾ ਸਬੰਧ ਹੈ । ਸਿੱਖ ਧਰਮ ਇਕ ਸਮਾਜਿਕ ਧਰਮ ਹੈ, ਇਸ ਕਰਕੇ ਸਿੱਖਾਂ ਦੀਆਂ ਧਾਰਮਿਕ ਸਰਗਰਮੀਆਂ ਵਿਚ ਨਿੱਜ ਸਮੂਹ ਨਾਲ ਜੁੜ ਕੇ ਚਲਦਾ ਹੈ। ਸਿੱਖ ਆਪਣੀ ਮੁਕਤੀ ਲਈ/ਸਾਧਨਾ ਲਈ ਸੰਗਤ ਵਿਚ ਸ਼ਾਮਿਲ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਹਰਿਦੁਆਰ, ਕੁਰੂਕਸ਼ੇਤਰ, ਜਗਨ ਨਾਥ ਪੁਰੀ, ਅਚਲ ਬਟਾਲੇ ਅਤੇ ਗੋਰਖਮੱਤੇ ਦੇ ਜੋੜ-ਮੇਲਿਆਂ ਵਿਚ ਸ਼ਾਮਲ ਹੋਏ ਜਿਸ ਬਾਰੇ ਜਨਮ ਸਾਖੀਆਂ ਵਿਚ ਜਾਣਕਾਰੀ ਮਿਲਦੀ ਹੈ। ਇਹਨਾਂ ਤੀਰਥ ਅਸਥਾਨਾਂ ‘ਤੇ ਲੱਗਦੇ ਮੇਲਿਆਂ ਵਿਚ ਗੁਰੂ ਜੀ ਨੇ ਸ਼ਾਮਿਲ ਹੋ ਕੇ ਤੀਰਥਾਂ ਨੇ ਸੰਬੰਧਿਤ ਅੰਧ-ਵਿਸ਼ਵਾਸ਼ਾਂ, ਫੋਕਟ ਕਰਮ ਕਾਡ ਅਤੇ ਵਹਿੰਮ-ਭਰਮਾਂ ਦੀ ਅਸਲੀਅਤ ਦਾ ਪਰਦਾ ਫਾਸ਼ ਕੀਤਾ। ਗੁਰੂ ਸਾਹਿਬ ਨੇ ਅਕਾਲ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਮਾਜ ਨੂੰ ਗਿਆਨ ਦਿੱਤਾ ਅਤੇ ਵੱਖ-ਵੱਖ ਨਗਰਾਂ ਵਿਚ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਦੇਸ਼ ਨੂੰ ਮੰਨ ਕੇ ਹਿੰਦੂ ਸਮਾਜ ਦੇ ਪ੍ਰਸਿੱਧ ਤੀਰਥਾਂ 'ਤੇ ਲਗਦੇ ਮੇਲਿਆਂ ਮੌਕੇ ਗੁਰਮਤਿ ਦੇ ਪਰਚਾਰ ਵਿਚ ਵੱਡਾ ਯੋਗਦਾਨ ਪਾਇਆ। ਖਡੂਰ ਸਾਹਿਬ ਨਗਰ ਨੂੰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣਾਇਆ। ਗੁਰੂ ਅਮਰਦਾਸ ਜੀ ਨੇ ਸੰਗਤਾਂ ਦੀ ਵਧ ਰਹੀ ਗਿਣਤੀ ਨੂੰ ਵੇਖਦੇ ਹੋਏ ਤਾਲ-ਮੇਲ ਦੇ ਵਸੀਲੇ ਕਾਇਮ ਕੀਤੇ, ਸਮਾਜ ਸੁਧਾਰ ਲਈ ਲੋਕ ਲਹਿਰ ਪ੍ਰਚੰਡ ਕੀਤੀ, ਸਿੱਖ ਪੁਰਬਾਂ (ਜੋੜ-ਮੇਲਿਆਂ) ਦਾ ਸਰੂਪ ਹੋਂਦ ਵਿਚ ਲਿਆਂਦਾ, ਪੰਜਾਬ ਦੀ ਧਰਤੀ ਦੇ ਮੌਸਮੀ ਪੁਰਬ ਵਿਸਾਖੀ ਨੂੰ ਸਿੱਖ ਪੰਥ ਦੇ ਸਰਵ-ਉਤਮ ਦਿਹਾੜੇ ਵਜੋਂ ਪ੍ਰਚਲਿਤ ਕੀਤਾ ਅਤੇ ਗੋਇੰਦਵਾਲ ਵਿਖੇ ਸਾਲਾਨਾ ਜੋੜ ਮੇਲਾ ਆਯੋਜਿਤ ਕੀਤਾ, ਜਿਥੇ ਸਮਾਜ

ਸੁਧਾਰ ਦੇ ਕਾਰਜਾਂ ਬਾਰੇ ਸੰਗਤਾਂ ਨੂੰ ਜਾਗ੍ਰਿਤ ਕੀਤਾ ਜਾਂਦਾ ਸੀ।ਗੁਰੂ ਰਾਮਦਾਸ ਜੀ ਸਿੱਖ ਪੁਰਬਾਂ ਦੇ ਘੇਰੇ ਹੋਰ ਵਿਸ਼ਾਲ ਕੀਤਾ। ਸਿੱਖ ਪੰਥ ਦੇ ਕੇਂਦਰੀ ਤੀਰਥ ਚੱਕ ਰਾਮਦਾਸ ਦੀ ਸਥਾਪਨਾ ਆਰੰਭਕ ਯਤਨ ਕੀਤੇ। ਉਸ ਸਮੇਂ ਦੇ ਹਾਕਮ ਅਕਬਰ ਤੋਂ ਪੰਜਾਬੀ ਦੇ ਕਿਰਸਾਨਾ ਦਾ ਮਾਲੀਆ ਮਾਫ ਕਰਵਾਇਆ ਜਿਸ ਦੇ ਫਲਸਰੂਪ ਮਾਝੇ ਤੇ ਮਾਲਵੇ ਦੇ ਕਿਰਸਾਨੀ ਨਾਲ ਜੁੜੇ ਲੋਕ ਵੱਡੀ ਗਿਣਤੀ ਵਿਚ ਸਿੱਖੀ ਦੇ ਘੇਰੇ ਵਿਚ ਸ਼ਾਮਿਲ ਹੋ ਗਏ। ਇਸੇ ਮਿਸ਼ਨ ਦੀ ਨਿਰੰਤਰਤਾ ਵਿਚ ਗੁਰੂ ਅਰਜਨ ਦੇਵ ਜੀ ਵੱਡਾ ਯੋਗਦਾਨ ਪਾਇਆ ਦਰਬਾਰ ਸਾਹਿਬ ਦੀ ਸਥਾਪਨਾ ਨਾਲ ਸਿੱਖ ਪੁਰਬਾਂ ਅਕਾਰ ਦਾ ਵਿਕਾਸ ਹੋਇਆ। ਅੰਮ੍ਰਿਤਸਰ ਨਗਰ ਵਿਚ ਵਸਾਏ ਗਏ ਵਪਾਰੀਆਂ ਅਤੇ ਵੱਖ- ਵੱਖ ਕਿੱਤਿਆਂ ਦੇ ਦਸਤਕਾਰਾਂ ਨੇ ਜੋੜ ਮੇਲਿਆਂ ਦੀਆਂ ਰੌਣਕਾਂ ਦੇ ਵਾਧੇ ਵਿਚ ਯੋਗਦਾਨ ਪਾਇਆ।

'ਗੁਰੂ ਕੀਆਂ ਸਾਖੀਆਂ' ਵਿਚ ਦਿਤੀ ਗਈ ਜਾਣਕਾਰੀ ਅਨੁਸਾਰ 1620 ਈ. ਨੂੰ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਨਾਲ ਭਾਈ ਗੁਰਦਾਸ ਅਤੇ ਮਿਹਰਵਾਨ ਨੇ ਹਰਿਮੰਦਰ ਸਾਹਿਬ ਵਿਚ ਦੀਪਮਾਲਾ ਦਾ ਪ੍ਰਬੰਧ ਕੀਤਾ। ਸਿੱਖ ਪੰਥ ਨੂੰ ਸਿਆਸੀ ਪੱਖੋਂ ਜਥੇਬੰਦ ਕਰਨ ਵਿਚ ਸਿੱਖ ਪੁਰਬ ਸਹਾਇਕ ਹੋਏ ਹਨ। ਗੁਰੂ ਹਰਿ ਰਾਇ ਜੀ ਨੇ ਉਪਰੋਕਤ ਮਿਸ਼ਨ ਨੂੰ ਨਿਰੰਤਰ ਜਾਰੀ ਰੱਖਿਆ ਅਤੇ ਬਾਈ ਸੌ ਘੋੜ ਸਵਾਰਾਂ ਦੀ ਫੌਜ ਦੀ ਕਮਾਂਡ ਕੀਤੀ। ਕੀਰਤਪੁਰ ਨਗਰ ਵਿਖੇ ਜੋੜ ਮੇਲੇ ਆਯੋਜਿਤ ਕੀਤੇ। ਇਥੇ ਬਹੁਤ ਵੱਡਾ ਦਵਾਖਾਨਾ ਸਥਾਪਤ ਕੀਤਾ ਗਿਆ। ਗੁਰੂ ਹਰਿਕਿਰਸ਼ਨ ਜੀ ਨੇ ਸਮਾਜ ਕਲਿਆਣ ਦੇ ਕਾਰਜ ਕਰਕੇ ਇਸ ਮਿਸ਼ਨ ਵਿਚ ਵਾਧਾ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਸਿੱਖ ਪੁਰਬਾਂ ਵਿਚ ਪਟਨਾ,ਅਸਾਮ,ਬਨਾਰਸ ਆਦਿ ਥਾਵਾਂ ਦੀਆਂ ਸੰਗਤਾਂ ਨੂੰ ਸ਼ਾਮਿਲ ਹੋਣ ਲਈ ਹੁਕਮਨਾਵੇ ਜਾਰੀ ਕੀਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਦੇ ਪੁਰਬ ਮੌਕੇ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਿਰਜ ਕੇ ਮਹਾਨ ਕਾਰਜ ਕੀਤਾ। ਇਹ ਪੁਰਬ ਖਾਲਸਾ ਪੰਥ ਦਾ ਜਨਮ ਦਿਨ ਮੰਨਿਆ ਗਿਆ ਹੈ ਜੋ ਸਿੱਖ ਜਗਤ ਵਿਚ ਸ਼੍ਰੋਮਣੀ ਪੁਰਬ ਹੋਣ ਦਾ ਦਰਜਾ ਰੱਖਦਾ ਹੈ। ਗੁਰੂ ਜੀ ਨੇ ਸ਼ੂਦਰ ਵਰਗ ਲਈ ਰਾਖਵੇਂ ਤੇ ਹੀਣ ਭਾਵਨਾਂ ਦੇ ਬਣ ਚੁੱਕੇ ਤਿਉਹਾਰ ਹੋਲੀ ਨੂੰ ਖੁਸ਼ੀਆਂ ਅਤੇ ਯੁੱਧ ਕਲਾ ਦਾ ਪੁਰਬ ਹੋਲਾ ਮਹੱਲਾ

ਵਿਚ ਤਬਦੀਲ ਕਰ ਦਿੱਤਾ। ਇਸ ਪੁਰਬ ਨੇ ਸਿੱਖ ਪੰਥ ਦੀ ਯੁੱਧ ਕਲਾ ਤੇ ਬੀਰ ਪਰੰਪਰਾ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਗੁਰੂ ਜੀ ਨੇ ਚਮਕੌਰ ਅਤੇ ਮਾਛੀਵਾੜੇ ਤੋਂ ਹੁੰਦੇ ਹੋਏ ਮੁਕਤਸਰ ਦੀ ਜੰਗ ਕੀਤੀ। ਇਥੇ ਚਾਲੀ ਮੁਕਤਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ, ਜਿਹਨਾਂ ਦੀ ਯਾਦ ਵਿਚ ਮਾਘੀ ਦਾ ਪੁਰਬ ਮਨਾਇਆ ਜਾਂਦਾ ਹੈ। ਮਾਘੀ ਦਾ ਮੇਲਾ ਗੁਰੂ ਗੋਬਿੰਦ ਸਿੰਘ ਜੀ ਨੇ ਲੱਖੀ ਜੰਗਲ ਵਿਚ ਲਗਾਇਆ। ਗੁਰੂ ਗੋਬਿੰਦ ਸਿੰਘ ਨੇ ਆਪਣੇ ਜੀਵਨ ਦਾ ਪੰਜਾਬ ਵਿਚ ਆਖਰੀ ਵਿਸਾਖੀ ਦਾ ਪੁਰਬ ਦਮਦਮਾਂ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਇਆ, ਜਿਸ ਵਿਚ ਮਾਲਵੇ ਦੀ ਸੰਗਤ ਨੇ ਲੱਖਾਂ ਦੀ ਗਿਣਤੀ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਇਸ ਵਿਚ ਫੂਲਕੀਆਂ ਰਿਆਸਤਾਂ ਦੇ ਵੱਡੇ ਵਡੇਰੇ ਵੀ ਸ਼ਾਮਲ ਸਨ। ਇਸ ਇਲਾਕੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਮਹੀਨੇ ਧਰਮ ਪ੍ਰਚਾਰ ਕੀਤਾ, ਜਿਸ ਦੇ ਫਲਸਰੂਪ ਵਿਸਾਖੀ ਦਾ ਜੋੜ ਮੇਲਾ ਤਲਵੰਡੀ ਸਾਬੋ ਮਾਲਵੇ ਦਾ ਕੇਂਦਰੀ ਪੁਰਬ ਬਣ ਗਿਆ। ਅਜੋਕੇ ਪੰਜਾਬ ਦੇ ਮੇਲਿਆਂ ਵਿਚ ਹਰ ਪੱਖੋਂ ਮਾਲਵੇ ਦੇ ਸਭਿਆਚਾਰ ਦਾ ਬੋਲਬਾਲਾ ਹੈ। ਇਸ ਕਾਰਨ 1966 ਈ. ਤੋਂ ਬਾਅਦ ਦਮਦਮਾ ਸਾਹਿਬ ਦੇ ਤਖਤ ਬਣਨ ਦੇ ਐਲਾਨ ਤੋਂ ਪਿਛੋਂ ਵਿਸਾਖੀ ਦਾ ਮੇਲਾ ਵਧੇਰੇ ਭਰਨ ਲਗ ਪਿਆ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜਦੋਂ ਖਾਲਸਾ ਰਾਜ ਦੀ ਸਥਾਪਨਾ ਕੀਤੀ ਤਾਂ ਸਿੱਖ ਪੁਰਬਾਂ ਦੀਆਂ ਰੌਣਕਾਂ ਵਿਚ ਬਹੁਤ ਵਾਧਾ ਹੋਇਆ। ਸਰਹਿੰਦ ਦੀ ਜੰਗ ਵਿਚ ਮਿਲੀ ਜਿਤ ਨੇ ਸਰਹਿੰਦ ਸ਼ਹਿਰ ਨੂੰ ਫਤਿਹਗੜ੍ਹ ਸਾਹਿਬ ਦੇ ਰੂਪ ਸਥਾਪਿਤ ਕੀਤਾ ਜੋ ਵਕਤ ਪਾ ਕੇ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਯਾਦ ਵਿਚ ਸ਼ਹੀਦੀ ਸਭਾ ਦਾ ਪੁਰਬ ਬਣ ਗਿਆ। ਮਾਤਾ ਸੁੰਦਰੀ ਜੀ ਨੇ ਦਿੱਲੀ ਤੋਂ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕਰਕੇ ਸਿੱਖਾਂ ਨੂੰ ਦਿਵਾਲੀ ਅਤੇ ਵਿਸਾਖੀ ਦੇ ਜੋੜ-ਮੇਲੇ ਅੰਮ੍ਰਿਤਸਰ ਵਿਖੇ ਆਯੋਜਿਤ ਕਰਨ ਲਈ ਕਿਹਾ ਸੀ। ਦਲ ਖਾਲਸਾ ਅਤੇ ਮਿਸਲਾਂ ਦੇ ਦੌਰ ਵਿਚ ਸਿੱਖ ਪੁਰਬਾਂ ਨੂੰ ਰਾਜਸੀ ਚੇਤਨਾ ਦੇ ਸਾਧਨਾਂ ਦੇ ਤੌਰ ਤੇ ਵਰਤਿਆ ਗਿਆ ਸੀ। ਇਸ ਸਮੇਂ ਇਤਿਹਾਸਿਕ ਗੁਰਮਤੇ ਕੀਤੇ ਗਏ ਅਤੇ ਸਰਬਤ ਖਾਲਸੇ ਦਾ ਸਰੂਪ ਹੋਂਦ ਵਿਚ ਆਇਆ। ਸਿੱਖ ਪੰਥ

ਲਈ ਸਿੱਖ ਪੁਰਬ ਇਤਨੇ ਵਿਸ਼ੇਸ ਸਨ ਕਿ ਜਨਰਲ ਬਘੇਲ ਸਿੰਘ ਦਿੱਲੀ ਦੇ ਲਾਲ ਕਿਲ੍ਹੇ ਨੂੰ ਛੱਡ ਕੇ ਅੰਮ੍ਰਿਤਸਰ ਦੇ ਸਰਬੱਤ ਖਾਲਸਾ ਵਿਚ ਸ਼ਾਮਲ ਹੋਏ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਵਿਸਾਖੀ ਦੇ ਪੁਰਬ ਮੌਕੇ ਹੋਏ ਸਰਬੱਤ ਖਾਲਸੇ ਦੇ ਗੁਰਮਤੇ ਅਨੁਸਾਰ ਅੰਮ੍ਰਿਤਸਰ ਸ਼ਹਿਰ ਨੂੰ ਆਬਾਦ ਕੀਤਾ। ਇਥੇ ਵੱਖ ਵੱਖ ਵਸਤੂਆਂ ਦੇ ਬਾਜ਼ਾਰ ਬਣਵਾਏ ਸਨ। ਡਾ. ਮਦਨਜੀਤ ਕੌਰ ਲਿਖਦੇ ਹਨ ਕਿ:

> "ਜਦ ਮਹਾਰਾਜਾ ਰਣਜੀਤ ਸਿੰਘ ਨੇ 1803 ਈ. ਵਿਚ ਅੰਮ੍ਰਿਤਸਰ ਨੂੰ ਭੰਗੀ ਮਿਸਲ ਤੋਂ ਲੈ ਕੇ ਸਰਕਾਰੇ-ਏ-ਖਾਲਸਾ ਦਾ ਹਿੱਸਾ ਬਣਾਇਆ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੇ ਅੰਮ੍ਰਿਤਸਰ ਦੀ ਧਰਤੀ ਨੂੰ ਪ੍ਰਨਾਮ ਕੀਤਾ। ਨੰਗੇ ਪੈਰੀਂ ਪੈਦਲ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਅਤੇ ਅਕਾਲਪੁਰਖ ਦਾ ਸ਼ੁਕਰਾਨਾ ਕੀਤਾ। ਆਪਣੇ ਵਿਸ਼ਵਾਸ਼ੀ ਸਿੱਖ ਭਾਈ ਲਹਿਣਾ ਸਿੰਘ ਮਜੀਠੀਆ ਨੂੰ ਦਰਬਾਰ ਸਾਹਿਬ ਦੀ ਸਮੁੱਚੀ ਦੇਖ ਭਾਲ ਦਾ ਇੰਚਾਰਜ ਬਣਾਇਆ ਅਤੇ ਸੁਰਤ ਸਿੰਘ ਗਿਆਨੀ ਚਿਨੋਟ-ਝੰਗ ਵਾਲੇ ਨੂੰ ਮੈਨੇਜਰ ਬਣਾ ਕੇ 5-6 ਸੌ ਕਰਮਚਾਰੀ ਦਰਬਾਰ ਸਾਹਿਬ ਦੀ ਨਿਤ ਕਿਰਿਆ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਨਿਯੁਕਤ ਕਰ ਦਿਤੇ। ਦਰਬਾਰ ਸਾਹਿਬ ਲਈ ਮੁਨਾਸਬ ਆਮਦਨੀ ਲਈ ਚੂੰਗੀ ਦਾ ਕੁੱਝ ਹਿੱਸਾ ਦਰਬਾਰ ਸਾਹਿਬ ਲਈ ਨਿਸ਼ਚਤ ਕਰ ਦਿੱਤਾ। ਇਸ ਤੋਂ ਇਲਾਵਾ ਇਕ ਲੱਖ ਰੁਪਏ ਪ੍ਰਤੀ ਮਹੀਨੇ ਦੀ ਕਮਾਈ ਦੇਣ ਜੋਗੀ ਜਾਗੀਰ ਦਰਬਾਰ ਸਾਹਿਬ ਦੇ ਨਾਂ ਲਵਾ ਦਿਤੀ।"[1]

ਅੰਗਰੇਜ਼ਾਂ ਦੇ ਰਾਜ ਵਿਚ ਬਾਬਾ ਰਾਮ ਸਿੰਘ ਨੇ ਸਿੱਖ ਪੁਰਬਾਂ ਨੂੰ ਨਾਮਧਾਰੀ ਲਹਿਰ ਦੇ ਪ੍ਰਚਾਰ ਲਈ ਵਰਤਿਆ। ਸਿੰਘ ਸਭਾ ਲਹਿਰ ਦੇ ਸੇਵਕ ਗਿਆਨੀ ਦਿੱਤ ਸਿੰਘ ਅਤੇ ਪ੍ਰੋਫੈਸਰ ਗੁਰਮੁੱਖ ਸਿੰਘ ਨੇ ਸਿੱਖ ਪੁਰਬਾਂ ਨੂੰ ਸਮਾਜ ਸੁਧਾਰ ਅਤੇ ਵਿਦਿਅਕ ਜਾਗ੍ਰਿਤੀ ਦੇ ਪਰਸਾਰ ਹਿਤ ਵਰਤਿਆ। 1919 ਈ: ਦੇ ਵਿਸਾਖੀ ਦੇ ਪੁਰਬ ਦੇ ਮੌਕੇ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ

---

1 Madanjit kaur, *The Golden Temple Past & Present*, p, 68.

ਵਾਪਰਿਆ, ਜਿਸ ਨੇ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕੀਤਾ। ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਵੇਲੇ ਸਿੱਖ ਪੁਰਬਾਂ ਮੌਕੇ ਹਕੂਮਤ ਦੇ ਵਿਰੁੱਧ ਵੱਡੇ ਵੱਡੇ ਮੋਰਚੇ ਲਗਾਏ ਗਏ, ਜਿਸ ਨੇ ਸਿੱਖ ਇਤਿਹਾਸ ਵਿਚ ਭਾਰੀ ਯੋਗਦਾਨ ਪਾਇਆ। ਨਾਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ (ਗੁਰਪੁਰਬ) ਬਹੁਤ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਂਦਾ ਸੀ। ਪੰਜਾਬ ਦੀ ਵੰਡ ਨਾਲ ਸਿੱਖ ਪੁਰਬਾਂ ਦੇ ਸਰੂਪ ਵਿਚ ਤਬਦੀਲੀਆਂ ਆਈਆਂ। ਪਹਿਲੇ ਪੰਜਾਬ ਵਿਚ ਮੁਸਲਿਮ ਬਹੁ ਗਿਣਤੀ ਸੀ। ਵੰਡ ਤੋਂ ਬਾਅਦ ਪੰਜਾਬ ਹਿੰਦੂ ਬਹੁ-ਗਿਣਤੀ ਵਾਲਾ ਸੂਬਾ ਬਣ ਗਿਆ। 1966 ਈ: ਵਿਚ ਪੈਪਸੂ ਮਿਲਾ ਕੇ ਛੋਟਾ ਪੰਜਾਬੀ ਸੂਬਾ ਬਣਾਇਆ ਗਿਆ, ਜਿਸ ਵਿਚ ਸਿੱਖ ਸਮਾਜ ਬਹੁ ਗਿਣਤੀ ਵਿਚ ਹੋ ਗਿਆ। ਇਸ ਪੰਜਾਬ ਵਿਚ ਸਿੱਖ ਪੰਥ ਦਾ ਸਭਿਆਚਾਰਕ ਅਤੇ ਸਿਆਸੀ ਤੌਰ ਤੇ ਬੋਲ-ਬਾਲਾ ਹੋ ਗਿਆ।

ਸਿੱਖ ਸਮਾਜ ਦੇ ਸਿਰਮੌਰ ਪੁਰਬ (ਜੋੜ-ਮੇਲੇ) ਵਿਸਾਖੀ ਦਮਦਮਾ ਸਾਹਿਬ, ਦਿਵਾਲੀ ਅੰਮ੍ਰਿਤਸਰ, ਮਾਘੀ ਮੁਕਤਸਰ, ਹੋਲਾ ਮਹੱਲਾ ਅਨੰਦਪੁਰ ਅਤੇ ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ, ਵਰਤਮਾਨ ਪੰਜਾਬ ਦੀ ਧਰਤੀ 'ਤੇ ਮਨਾਏ ਜਾਂਦੇ ਹਨ। ਜਿਸ ਕਾਰਨ ਜੋੜ-ਮੇਲਿਆਂ ਉਤੇ ਸੰਗਤਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਇਸ ਵਿਚ ਆਵਾਜਾਈ ਦੇ ਸਾਧਨਾਂ ਵਿਚ ਹੋਏ ਵਿਕਾਸ, ਸੜਕਾਂ ਦੇ ਸੰਪਰਕੀ ਜਾਲ, ਰੇਲ ਗੱਡੀਆਂ ਦੀ ਗਿਣਤੀ ਵਿਚ ਵਾਧੇ ਦਾ ਭਾਰੀ ਯੋਗਦਾਨ ਹੈ। ਵਿਸਾਖੀ ਦਾ ਪੁਰਬ ਜੋ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਇਆ ਜਾਂਦਾ ਹੈ, ਇਸ ਵਿਚ ਮਾਲਵੇ ਦੇ ਰੰਗ ਭਾਰੂ ਹੁੰਦੇ ਹਨ। ਹੋਲੇ ਮਹੱਲੇ ਦਾ ਪੁਰਬ ਕੰਢੀ ਖੇਤਰ ਆਨੰਦਪੁਰ ਸਾਹਿਬ ਵਿਚ ਹੈ, ਜਿਥੇ ਦੁਆਬੇ ਦੇ ਲੋਕਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਮਾਝੇ ਦੇ ਰੰਗ ਦਿਵਾਲੀ ਅਤੇ ਮਾਘੀ ਦੇ ਪੁਰਬ ਵਿਚ ਵਧੀਕ ਹੁੰਦੇ ਹਨ। ਡਾ. ਨਵਰਤਨ ਕਪੂਰ ਅਨੁਸਾਰ

> "ਭਾਵੇਂ ਮਾਘ ਇਸ਼ਨਾਨ ਦੀ ਮਹਿਮਾ ਸਦੀਆਂ ਪੁਰਾਣੀ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਲੀ ਮੁਕਤਿਆਂ ਦੀ ਸੂਰਬੀਰਤਾ ਦੇ ਪ੍ਰਸੰਗ ਕਾਰਨ ਮਾਘੀ ਦਾ ਸਬੰਧ ਪੰਜਾਬ ਦੇ ਸ਼ਹੀਦੀ ਇਤਿਹਾਸ ਨਾਲ ਹੋਰ ਵੀ ਪੱਕੀ ਤਰ੍ਹਾਂ ਗੰਢਿਆ ਗਿਆ ਹੈ।"[2]

---

2.ਨਵਰਤਨ ਕਪੂਰ,*ਪੰਜਾਬ ਦੇ ਲੋਕ ਤਿਓਹਾਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰ. 231.

ਇਹ ਸ਼ਹੀਦੀ ਜੋੜ ਮੇਲਾ ਭਾਵੇਂ ਮਾਲਵੇ ਵਿਚ ਮਨਾਇਆ ਜਾਂਦਾ ਹੈ ਪ੍ਰੰਤੂ ਇਹ ਸਾਰੇ ਪੰਥ ਦਾ ਕੇਂਦਰੀ ਪੁਰਬ ਹੁੰਦਾ ਹੈ, ਜਿਥੇ ਸਾਰਾ ਸਿੱਖ ਜਗਤ ਕੌਮੀ ਤੌਰ 'ਤੇ ਸ਼ਾਮਲ ਹੁੰਦਾ ਹੈ।

ਸਿੱਖ ਪੁਰਬਾਂ ਦਾ ਸਿੱਖ ਸਮਾਜ ਵਾਸਤੇ ਬਹੁਤ ਧਾਰਮਿਕ ਮਹੱਤਵ ਹੈ, ਜਿਸ ਵਿਚ ਕੌਮ ਦੇ ਇਤਿਹਾਸਕ ਅਸਥਾਨ ਦੀ ਪਵਿਤੱਰ ਯਾਤਰਾ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ। ਇਸ ਨਾਲ ਸਿੱਖ ਸਮਾਜ ਵਿਚ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਸ਼ਕਤੀ ਮਿਲਦੀ ਹੈ। ਮਨੁੱਖੀ ਜੀਵਨ ਦਾ ਆਧਾਰ ਪਾਣੀ ਹੈ, ਜਿਸ ਨੂੰ ਗੁਰਬਾਣੀ ਵਿਚ ਪਿਤਾ ਆਖਿਆ ਗਿਆ ਹੈ। ਹਰ ਗੁਰੂ ਧਾਮ ਨਾਲ ਸਰੋਵਰਾਂ ਦਾ ਨਿਰਮਾਣ ਕੀਤਾ ਗਿਆ ਹੈ। ਸਿੱਖ ਆਪਣੇ ਜੀਵਨ ਵਿਚ ਪਵਿੱਤਰਤਾ, ਨਿਰਮਾਣਤਾ ਅਤੇ ਨਿਰਮਲਤਾ ਆਦਿ ਦੇ ਗੁਣਾਂ ਦੀ ਪ੍ਰਾਪਤੀ ਲਈ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਸਿੱਖ ਸ਼ਰਧਾਲੂ ਸਰੋਵਰਾਂ ਵਿਚੋਂ ਜਲ ਦੀਆਂ ਬੋਤਲਾਂ ਅਤੇ ਕੇਨੀਆਂ ਭਰ ਕੇ ਆਪਣੇ ਘਰਾਂ ਵਿਚ ਪਰਿਵਾਰਾਂ ਲਈ ਲੈ ਕੇ ਜਾਂਦੇ ਹਨ। ਆਪਣੇ ਗੁਰੂ ਪਾਸੋਂ ਔਖੇ ਵਕਤ ਸਹਾਰੇ ਦੀ ਮੰਗ ਕਰਦੇ ਹਨ। ਜਦੋਂ ਗੁਰੂ ਦਰਬਾਰ ਵਿਚੋਂ ਸੰਗਤ ਦੀਆਂ ਮਨੋਕਾਮਨਾਵਾਂ ਦੀ ਗੁਰਮਤਿ ਅਨੁਸਾਰ ਪੂਰਤੀ ਹੁੰਦੀ ਹੈ ਤਾਂ ਫਿਰ ਗੁਰੂ ਨਾਲ ਕੀਤੇ ਇਕਰਾਰ ਅਨੁਸਾਰ ਸ਼ੁਕਰਾਨਾ ਭੇਟਾ ਅਨਾਜ, ਪਸ਼ੂ ਅਤੇ ਨਕਦ ਪ੍ਰੇਮ ਸਹਿਤ ਅਰਪਣ ਕਰਦੀ ਹੈ। ਸਿੱਖ-ਪੰਥ ਵਿਚ ਸੇਵਾ ਦੀ ਬਹੁਤ ਮਹਾਨਤਾ ਹੈ। ਗੁਰੂ ਕਾਲ ਤੋਂ ਸਿੱਖ ਆਪਣੇ ਮਨ ਤਨ ਨਾਲ ਸੇਵਾ ਕਰਦੇ ਆ ਰਹੇ ਹਨ। ਲੰਗਰਾਂ ਵਿਚ ਸੰਗਤਾਂ ਦੇ ਜੂਠੇ ਬਰਤਨ ਸਾਫ ਕੀਤੇ ਜਾਂਦੇ ਹਨ। ਸੰਗਤਾਂ ਦੇ ਜੁੱਤੇ ਸਾਫ ਕਰਨ ਦੀ ਸੇਵਾ ਕੀਤੀ ਜਾਂਦੀ ਹੈ। ਸਿੱਖ ਪੁਰਬਾਂ ਮੌਕੇ ਇਹ ਸੇਵਾ ਨਿਸ਼ਕਾਮ ਜਥਿਆਂ ਵੱਲੋਂ ਕੀਤੀ ਜਾਂਦੀ ਹੈ।

ਸਿੱਖ-ਪੁਰਬਾਂ ਵਿਚ ਦੀਵਾਨ ਲਗਾਏ ਜਾਂਦੇ ਹਨ, ਜਿਥੇ ਗੁਰਬਾਣੀ ਦਾ ਪਾਠ, ਕੀਰਤਨ, ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਕਵੀਸ਼ਰੀ ਜਥੇ, ਢਾਡੀ ਜਥੇ ਸੰਗਤਾਂ ਨੂੰ ਗੁਰੂ-ਜਸ ਅਤੇ ਸਿੱਖ ਇਤਿਹਾਸ ਸਰਵਣ ਕਰਾ ਕੇ ਨਿਹਾਲ ਕਰਦੇ ਹਨ। ਇਥੇ ਸੰਗਤਾਂ ਨੂੰ ਆਤਮਿਕ ਭੋਜਨ ਮਿਲਦਾ ਹੈ।

ਦੀਵਾਨਾਂ ਵਿਚ ਹਾਜ਼ਰੀ ਭਰਨੀ ਹਰੇਕ ਸਿੱਖ ਆਪਣਾ ਜ਼ਰੂਰੀ ਕਰਮ ਮੰਨਦਾ ਹੈ। ਸਿੱਖ ਪੁਰਬਾਂ ਮੌਕੇ ਕੀਤੇ ਜਾਂਦੇ ਨਗਰ ਕੀਰਤਨ ਵਿਚ ਸ਼ਾਮਲ ਹੋਣਾ ਸੰਗਤਾਂ ਲਈ ਧਾਰਮਕ ਜੀਵਨ ਵਿਚ ਬੜਾ ਮਹੱਤਵ ਪੂਰਨ ਕਾਰਜ ਹੁੰਦਾ ਹੈ। ਇਹ ਨਗਰ ਕੀਰਤਨ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਜੁਗਤ ਦੀ ਸਿਰਮੌਰਤਾ ਦੇ ਪ੍ਰਤੀਕ ਹੁੰਦੇ ਹਨ। ਗਿਆਨ ਜੋਤ ਦੀ ਪ੍ਰਤੀਨਿਧਤਾ ਗੁਰੂ ਗ੍ਰੰਥ ਸਾਹਿਬ ਜੀ ਕਰਦੇ ਹਨ ਅਤੇ ਸਰੀਰਕ ਕਾਰਜ ਗੁਰੂ ਪੰਥ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਕਰਦਾ ਹੈ।

ਸਿੱਖ ਪੁਰਬ ਸਿੱਖ ਸਮਾਜ ਦੀਆਂ ਮਾਨਵੀ ਕਦਰਾਂ ਕੀਮਤਾਂ ਦੀ ਅਮੀਰੀ ਨੂੰ ਉਜਾਗਰ ਕਰਦੇ ਹਨ। ਇਥੇ ਸਮਾਜ ਵਿਚ ਕਾਰਜਸ਼ੀਲ ਉਸਾਰੂ ਅਤੇ ਲਾਹੇਵੰਦ ਸਿਧਾਤਾਂ ਨੂੰ ਬਲ ਮਿਲਦਾ ਹੈ। ਜਿਹੜੀਆਂ ਸੰਗਤਾਂ ਸਿੱਖ ਪੁਰਬਾਂ ਮੌਕੇ ਆਪਣੀਆਂ ਨਿਸ਼ਕਾਮ ਸੇਵਾਵਾਂ ਦੀ ਪੇਸ਼ਕਾਰੀ ਕਰਦੀਆਂ ਹਨ, ਉਹ ਅਧਿਆਤਮਕ ਕਦਰਾਂ ਕੀਮਤਾਂ ਦੁਆਲੇ ਕੇਂਦਰਤ ਹੁੰਦੀਆਂ ਹਨ। ਬਹੁਤ ਸਾਰੇ ਲੋਕ ਆਪਣੇ ਪਿਤਾ ਪੁਰਖੀ ਕਿੱਤਿਆਂ ਰਾਹੀਂ ਸਿੱਖ ਪੁਰਬਾਂ ਵਿਚ ਭਾਗੀਦਾਰ ਬਣਦੇ ਹਨ। ਵੱਖ ਵੱਖ ਵਰਗਾਂ ਨਾਲ ਸਬੰਧਤ ਵਿਅਕਤੀਆਂ ਦੀ ਭਾਗੀਦਾਰੀ ਭਾਵੇਂ ਵਿਅਕਤੀਗਤ ਹੁੰਦੀ ਹੈ, ਪਰੰਤੂ ਸਮਾਜ ਦੇ ਵਿਧਾਨ ਦੀ ਉਹ ਸਵੈ-ਰੂਪ ਵਿਚ ਪਾਲਣਾ ਕਰਦੇ ਹਨ। ਇਹਨਾਂ ਪੁਰਬਾਂ ਵਿਚ ਸ਼ਾਮਲ ਹੋਣ ਲਈ ਉਹ ਕਿਸੇ ਚਿੱਠੀ ਪੱਤਰ ਜਾਂ ਸੱਦੇ ਦੀ ਉਡੀਕ ਨਹੀਂ ਕਰਦੇ। ਉਹ ਹਰ ਸਾਲ ਇਸ ਯਾਤਰਾ ਦੇ ਅਮਲ ਨਿਰੰਤਰ ਜਾਰੀ ਰੱਖਦੇ ਹਨ। ਸੰਗਤਾਂ ਸਮਾਜਿਕ ਅਤੇ ਮਨੋਵਿਗਿਆਨਕ ਪੱਖਾਂ ਤੋਂ ਵੱਡੇ ਰੂਪ ਵਿਚ ਸਮਾਜ ਦੀ ਪ੍ਰਤੀਨਿਧਤਾ ਕਰਦੀਆਂ ਹਨ। ਸੰਗਤਾਂ ਵੱਲੋਂ ਕੀਤੀ ਜਾਣ ਵਾਲੀ ਸਲਾਨਾ ਯਾਤਰਾ ਨੌਜੁਆਨ ਵਰਗ ਲਈ ਪ੍ਰੇਰਨਾਦਾਇਕ ਬਣਦੀ ਹੈ। ਸਿੱਖ ਪੁਰਬ ਸਮਾਜਕ ਕਿਰਿਆਵਾਂ ਲਈ ਸਿਖਲਾਈ ਕੇਂਦਰ ਬਣ ਜਾਂਦੇ ਹਨ, ਜਿਥੇ ਧਾਰਮਿਕ ਕਾਰਜਾਂ, ਰਸਮੋਂ ਰਿਵਾਜ਼ਾਂ, ਨਿਸ਼ਕਾਮ ਸੇਵਾ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛੱਕੋ ਦੀ ਸਿਖਲਾਈ ਨਵੀਂ ਪੀੜ੍ਹੀ ਨੂੰ ਦਿਤੀ ਜਾਂਦੀ ਹੈ। ਜੋੜ-ਮੇਲੇ ਸਮਾਜਿਕ ਪ੍ਰੰਪਰਾਵਾਂ ਅਤੇ ਕੋਮਲ ਕਲਾਵਾਂ ਆਦਿ ਨੂੰ ਆਉਣ ਵਾਲੀਆਂ ਨਸਲਾਂ ਤੱਕ ਪੁੱਜਦਾ ਕਰਨ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਿੱਖ ਪੁਰਬਾਂ ਨੇ ਪੰਜਾਬ ਦੀਆਂ ਵਿਰਾਸਤੀ ਖੇਡਾਂ ਦੇ ਵਿਕਾਸ ਵਿਚ ਭਾਰੀ ਯੋਗਦਾਨ ਪਾਇਆ ਹੈ। ਇਹਨਾਂ ਖੇਡਾਂ ਦੀ ਪੇਸ਼ਕਾਰੀ ਵੱਡੇ ਪੱਧਰ ਉਤੇ ਕੇਵਲ ਜੋੜ-ਮੇਲਿਆਂ ਮੌਕੇ ਹੀ ਕੀਤੀ ਜਾਂਦੀ ਹੈ। ਸਿੱਖ ਪੁਰਬਾਂ ਉਤੇ ਖਿਡਾਰੀਆਂ ਦਾ ਵਰਗੀਕਰਣ ਕੀਤਾ ਜਾਂਦਾ ਹੈ। ਜੇਤੂ ਖਿਡਾਰੀਆਂ ਦੇ ਜਨਤਕ ਤੌਰ 'ਤੇ ਐਲਾਨ ਕੀਤੇ ਜਾਂਦੇ ਹਨ। ਯੋਗ ਖਿਡਾਰੀਆਂ ਨੂੰ ਵੱਖ ਵੱਖ ਖਿਤਾਬ ਦੇ ਕੇ ਨਿਵਾਜਿਆ ਅਤੇ ਸਤਿਕਾਰਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਪੰਜਾਬ ਸਰਕਾਰ ਅਤੇ ਅਕਾਦਮਿਕ ਅਦਾਰਿਆਂ ਵੱਲੋਂ ਗੱਤਕੇ ਨੂੰ ਜੁਝਾਰੂ ਕਲਾ (ਮਾਰਸ਼ਲ ਆਰਟ) ਵੱਜੋਂ ਪ੍ਰਫੁਲਤ ਕੀਤਾ ਜਾ ਰਿਹਾ ਹੈ।

ਸ਼ਹੀਦੀ ਪੁਰਬ (ਸ਼ਹੀਦੀ ਜੋੜ-ਮੇਲੇ) ਸਿੱਖ ਪੰਥ ਦੇ ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਸਥਾਨਿਕ ਪੱਧਰ ਤੇ ਮਨਾਏ ਜਾਂਦੇ ਹਨ। ਵਰਤਮਾਨ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦਾ ਜੋੜ ਮੇਲਾ ਚਮਕੌਰ ਸਾਹਿਬ ਵਿਖੇ ਭਰਦਾ ਹੈ। ਸਭ ਤੋਂ ਪ੍ਰਸਿੱਧ ਜੋੜ ਮੇਲਾ (ਸ਼ਹੀਦੀ ਸਭਾ) ਛੋਟੇ ਸਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਯਾਦ ਵਿਚ ਫਤਹਿਗੜ੍ਹ ਸਾਹਿਬ ਦੀ ਧਰਤੀ ਤੇ ਭਰਦਾ ਹੈ। ਸਿੱਖ ਪੰਥ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਂਦਾ ਆ ਰਿਹਾ ਹੈ। ਇਸ ਦਿਨ ਹਰ ਨਗਰ ਦੇ ਗੁਰਦੁਆਰੇ ਵਿਚ ਅਖੰਡ ਪਾਠ ਕਰਕੇ ਦੀਵਾਨ ਸਜਾਏ ਜਾਂਦੇ ਹਨ। ਗੁਰੂ ਕੇ ਲੰਗਰ ਹਰ ਗੁਰਦੁਆਰੇ ਵਿਚ ਤਿਆਰ ਕੀਤੇ ਜਾਂਦੇ ਹਨ। ਸਾਰੇ ਗੁਰਪੁਰਬਾਂ ਦੀ ਪ੍ਰਕ੍ਰਿਤੀ ਅਤੇ ਸਰੂਪ ਇਕੋ ਜਿਹਾ ਹੈ। ਖਾਲਸਾ ਪੰਥ ਤਿੰਨ ਸੌ ਸਾਲ ਦਾ ਪੰਧ ਤਹਿ ਕਰਕੇ ਨਾ ਸਿਰਫ ਇੱਕਵੀਂ ਸਦੀ ਵਿਚ ਦਾਖਲ ਹੋਇਆ, ਬਲਕਿ ਸਮੁੱਚੇ ਮਨੁੱਖੀ ਭਾਈਚਾਰੇ ਦੇ ਨਾਲ ਉਹ ਇਕ ਨਵੇਂ ਮਿਲੈਨੀਅਮ ਦੀ ਵੀ ਸ਼ਰੂਆਤ ਕਰ ਰਿਹਾ ਸੀ। ਬੀਤੀਆਂ ਤਿੰਨ ਸਦੀਆਂ ਵਿਚ ਖਾਲਸਾ ਪੰਥ ਨੇ ਬਹੁਤ ਔਖੇ ਸਿਆਲ ਆਪਣੇ ਪਿੰਡੇ

ਤੇ ਹੰਢਾਏ ਹਨ। ਕੁਪਰਹੀੜੇ ਵਿਚ ਪੰਜਾਹ ਹਜ਼ਾਰ ਸਿੱਖਾਂ ਦੀ ਕੁਰਬਾਨੀ ਲੈਣ ਵਾਲਾ ਮੈਦਾਨ ਇਤਿਹਾਸ ਦੀਆਂ ਸ਼ਾਨਦਾਰ ਗਵਾਹੀਆਂ ਹਨ। ਇਹਨਾਂ ਕੁਰਬਾਨੀਆਂ ਦੀ ਬਦੌਲਤ ਹੀ ਖਾਲਸਾ ਜਮਨਾ ਤੋਂ ਜਮਰੌਦ ਤੱਕ ਦੇ ਵਿਸ਼ਾਲ ਰਾਜ ਦਾ ਸਵਾਮੀ ਬਣਿਆ ਸੀ। ਮੁਕਤਸਰ ਵਿਚ ਚਾਲੀ ਮੁਕਤਿਆਂ ਦਾ ਤਿੰਨ ਸੌ ਸਾਲਾ ਮਨਾਇਆ ਗਿਆ। ਸਾਹਿਬਜ਼ਾਦਿਆਂ ਦੀ ਸਹੀਦੀ ਨੂੰ ਸਮਰਪਤ ਸ਼ਤਾਬਦੀ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਵਿਖੇ ਮਨਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਸਥਾਪਨਾ ਪੁਰਬ ਦੀਆਂ ਸ਼ਤਾਬਦੀਆਂ ਬਹੁਤ ਸ਼ਾਨੋ-ਸ਼ੌਕਤ ਨਾਲ ਮਨਾਈਆਂ ਹਨ। ਪਟਨਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਨ ਤੇ ਹੋਏ ਜਸ਼ਨਾਂ ਨੇ ਇਕ ਨਵਾਂ ਇਤਿਹਾਸ ਰਚ ਦਿਤਾ ਹੈ। ਇਸ ਪ੍ਰੋਗਰਾਮ ਨਾਲ ਜੋ ਸਿੱਖ ਕੌਮ ਦੀ ਸ਼ਾਨ ਵਧੀ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਰੀ ਸ਼ਤਾਬਦੀ ਦਾ ਪ੍ਰੋਗਰਾਮ ਬਿਹਾਰ ਸਰਕਾਰ ਵੱਲੋਂ ਕਰਵਾਇਆ ਗਿਆ ਹੈ। ਇਹ ਸਭ ਨੂੰ ਪਤਾ ਹੈ ਕਿ ਬਿਹਾਰ ਸੂਬੇ ਵਿਚ ਸਿੱਖਾਂ ਦੀ ਆਬਾਦੀ ਬਹੁਤ ਘੱਟ ਹੈ। ਅੱਜ ਕੱਲ੍ਹ ਆਮ ਕਰਕੇ ਸਰਕਾਰਾਂ ਜੋ ਰਾਜਸੀ ਪਾਰਟੀਆਂ ਦੀਆਂ ਹੁੰਦੀਆਂ ਹਨ, ਹਰ ਕੰਮ ਵੋਟਾਂ ਨੂੰ ਵਧਾਉਣ ਲਈ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਦਾ ਜਗਤ ਭ੍ਰਮਨ (ਉਦਾਸੀਆਂ) ਤੇ ਜਾਣ ਦਾ ਮਨੋਰਥ ਵੀ ਗੁਰਮੁਖ ਵਿਅਕਤੀਆਂ ਦੀ ਭਾਲ ਕਰਨਾ ਸੀ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਸਾਖੀ ਭਰੀ ਹੈ। ਜਿਹੜੀਆਂ ਸੰਗਤਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਨੇ ਦੇਸ਼-ਵਿਦੇਸ਼ ਦਾ ਭ੍ਰਮਨ ਕਰਕੇ ਸਥਾਪਤ ਕੀਤੀਆਂ ਸਨ, ਉਹਨਾਂ ਵਿਚ ਤਾਲ-ਮੇਲ ਬਣਾਉਣ ਹਿਤ ਗੁਰਸਿੱਖਾਂ ਦੀ ਇੱਛਾ ਦੇ ਅਨਕੂਲ ਗੋਇੰਦਵਾਲ ਦੀ ਧਰਤੀ ਤੇ ਵਿਸਾਖੀ ਦਾ ਜੋੜ-ਮੇਲਾ ਇਸੇ ਪ੍ਰਯੋਜਨ ਨਾਲ ਅਰੰਭ ਕੀਤਾ ਗਿਆ ਸੀ। ਇਸ ਜੋੜ-ਮੇਲੇ ਦੀ ਸੂਚਨਾ ਸਿੱਖ ਸੰਗਤਾਂ ਨੂੰ ਗੁਰੂ ਜੀ ਦੇ ਲਿਖਤੀ ਹੁਕਨਾਮਿਆਂ ਦੁਆਰਾ ਭੇਜੀ ਗਈ ਸੀ। ਇਸ ਸਮਾਗਮ ਨਾਲ ਸਿੱਖ ਪੰਥ ਵਿਚ ਭਾਈਚਾਰੇ ਦੀ ਭਾਵਨਾ ਬਹੁਤ ਪ੍ਰਚੰਡ ਹੋਈ। ਇਸ ਭਾਵਨਾ ਨੇ ਸਿੱਖ ਚਰਿੱਤਰ ਦੀ ਘਾੜਤ ਵਿਚ ਭਾਰੀ ਯੋਗਦਾਨ ਪਾਇਆ ਹੈ। ਵੱਖ-ਵੱਖ ਜਾਤੀਆਂ,

ਵਰਨਾਂ, ਧਰਮਾਂ ਵਿਚੋਂ ਆਏ ਸਿੱਖਾਂ ਨੇ ਨਿਰਮਲ ਪੰਥ ਦੀ ਸਿਰਜਨਾ ਵਿਚ ਬਹੁਮੁਲਾ ਯੋਗਦਾਨ ਪਾਇਆ। ਇਹ ਵਰਤਾਰਾ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੱਕ ਨਿਰੰਤਰ ਚਲਦਾ ਰਿਹਾ ਸੀ। ਭਾਰਤ ਉਪ ਮਹਾਂਦੀਪ ਦੇ ਇਸ ਖਿੱਤੇ ਵਿਚੋਂ ਪਠਾਣਾਂ, ਮੁਗਲਾਂ ਦਾ ਸੱਤ ਸਦੀਆਂ ਪੁਰਾਣਾ ਵਿਦੇਸ਼ੀ ਰਾਜ ਦੀ ਗੁਲਾਮੀ ਦਾ ਜੂਲਾ ਲਾਹ ਸੁੱਟਿਆ। ਅਜਿਹਾ ਮਹੱਤਵਪੂਰਨ ਸਮਾਜਿਕ ਅਤੇ ਸਿਆਸੀ ਇਨਕਲਾਬੀ ਪ੍ਰੀਵਰਤਨ ਪਹਿਲੀ ਵਾਰ ਹੋਇਆ ਸੀ। ਪ੍ਰੋ. ਪੂਰਨ ਸਿੰਘ ਅਨੁਸਾਰ:

> "ਸਿੱਖ, ਪਵਿੱਤਰ ਗੁਰੂ ਸਾਹਿਬਾਨ ਦੇ ਮਨ ਦੀ ਸਿਰਜਨਾ ਸੀ, ਉਹ ਸੰਪੂਰਨ ਰੂਪ ਵਿਚ ਨਵਨੀਤ ਸੀ। ਫਲ ਸਰੂਪ, ਉਸ ਨੇ ਆਪਣੇ ਸਨਮੁਖ ਖੰਡਰ ਬਣ ਚੁੱਕੀਆਂ ਹਿੰਦੂ ਤੇ ਮੁਸਲਮਾਨ ਸੰਸਕ੍ਰਿਤੀਆਂ ਨੂੰ ਨਵੀਂ ਜਾਗ ਲਾਉਣੀ ਸੀ।"[3]

ਸਿੱਖ ਸਭਿਆਚਾਰ ਵਿਚ ਇਸ਼ਨਾਨ ਦੀ ਕਿਰਿਆ ਦੀ ਬਹੁਤ ਧਾਰਮਿਕ ਮਹੱਤਤਾ ਹੈ। ਵੱਖ-ਵੱਖ ਪਵਿੱਤਰ ਨਦੀਆਂ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਵੱਖ ਵੱਖ ਧਰਮ ਗ੍ਰੰਥਾਂ ਵਿਚ ਹਦਾਇਤ ਕੀਤੀ ਮਿਲਦੀ ਹੈ। ਇਹ ਰਸਮਾਂ ਆਪਣੀ ਅਸਲੀਅਤ ਨੂੰ ਖਤਮ ਕਰਕੇ ਫੋਕਟ ਕਰਮਾਂ ਵਿਚ ਬਦਲ ਚੁੱਕੀਆਂ ਸਨ। ਸਮਾਜ ਜਾਤੀ, ਜਮਾਤੀ ਅਭਿਮਾਨ ਅਤੇ ਈਰਖਾ ਦੀ ਅੱਗ ਵਿਚ ਸੜ ਰਿਹਾ ਸੀ। ਗੁਰੂ ਅਮਰ ਦਾਸ ਜੀ ਨੇ ਸਮਾਜ ਸੁਧਾਰ ਦੀ ਲਹਿਰ ਦਾ ਆਗਾਜ਼ ਕੀਤਾ। ਖੂਹ, ਬੌਲੀਆਂ ਅਤੇ ਸਰੋਵਰਾਂ ਦਾ ਨਿਰਮਾਣ ਕਰਕੇ ਸਭ ਜਾਤੀਆਂ, ਵਰਨਾਂ, ਧਰਮਾਂ, ਨਸਲਾਂ ਦੇ ਵਿਅਕਤੀਆਂ ਨੂੰ ਇਕੋ ਕੇਂਦਰ ਤੇ ਇਕੱਤਰ ਕੀਤਾ। ਜਾਤੀ ਅੰਹਕਾਰ ਦੇ ਖਾਤਮੇ ਲਈ ਸਰੋਵਰ ਵਿਚ ਇਸ਼ਨਾਨ ਕਰਨ ਦੇ ਹੁਕਮ ਕੀਤੇ ਸਨ।

ਸਿੱਖ ਸਮਾਜ ਦੀ ਜੀਵਨ ਸ਼ੈਲੀ 'ਤੇ ਸਿੱਖ ਪੁਰਬਾਂ ਦਾ ਵੱਡਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਜੋ ਤਿਉਹਾਰ ਆਪਣੀ ਅਸਲੀਅਤ ਨੂੰ ਗੁਆ ਕੇ ਫੋਕਟ ਕਰਮ-ਕਾਂਡ ਦੇ ਪ੍ਰਤੀਕ ਬਣ ਕੇ ਸਮਾਜਕ ਕੁਰੀਤੀਆਂ ਵਿਚ ਵਾਧਾ ਕਰ ਰਹੇ ਸਨ, ਗੁਰੂ ਜੀ ਨੇ ਨਵੀਂ ਤਾਜ਼ਗੀ ਨਾਲ ਲੋਕ ਕਲਿਆਣ ਹਿਤ

---

3 ਪ੍ਰੋ ਪੂਰਨ ਸਿੰਘ, *ਦਸ ਗੁਰ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964, ਪੰ. 64.

ਮਨਾਉਣੇ ਸ਼ੁਰੂ ਕੀਤੇ। ਸਦੀਆਂ ਤੋਂ ਗੁਲਾਮ ਜਿੰਦਗੀ ਬਿਤਾਉਣ ਦੇ ਆਦੀ ਲੋਕਾਂ ਵਿਚ ਆਜ਼ਾਦੀ ਅਤੇ ਸਵੈਮਾਣ ਨਾਲ ਜੀਊਣ ਦਾ ਹੌਸਲਾ ਭਰਿਆ। 1699 ਈ: ਦੀ ਵਿਸਾਖੀ ਦੇ ਜੋੜ ਮੇਲੇ ਨੇ ਗੁਰੂ ਨਾਨਕ ਦੇ ਨਿਰਮਲ ਪੰਥ ਨੂੰ ਖਾਲਸਾ ਪੰਥ ਦੇ ਸਰੂਪ ਵਿਚ ਪ੍ਰਗਟ ਕੀਤਾ। ਖਾਲਸਾ ਪੰਥ ਦੀ ਸਿਰਜਨਾ ਨਾਲ ਇਕ ਨਵੀਂ ਕੌਮ ਦੀ ਉਸਾਰੀ ਹੋਈ, ਜਿਸ ਵਿਚ ਲੋਕਤੰਤਰੀ ਸਿਧਾਂਤ ਜਿਵੇਂ ਕਿ ਮਨੁੱਖੀ ਆਜ਼ਾਦੀ, ਬਰਾਬਰੀ ਤੇ ਜਾਤ-ਪਾਤ ਰਹਿਤ ਭਾਈਚਾਰੇ ਦੀ ਸਿਰਜਨਾ ਹੋਈ। ਵੱਡੇ ਘੱਲੂਘਾਰੇ ਤੋਂ ਪਿਛੋਂ ਵੀ ਅੰਮਿਤਸਰ ਦੇ ਜੋੜ ਮੇਲੇ ਸਮੇਂ ਹਰ ਹਿੰਦੂ ਪਰਵਾਰ ਨੂੰ ਇਕ ਮੈਂਬਰ ਸਿੱਖ ਪੰਥ ਵਿਚ ਸ਼ਾਮਲ ਹੋਣ ਦੀ ਕਾਲ ਦਿਤੀ ਗਈ, ਜਿਸ ਨੂੰ ਬਹੁਤ ਹੁੰਘਾਰਾ ਮਿਲਿਆ ਅਤੇ ਲੋਕ ਵੱਡੀ ਗਿਣਤੀ ਵਿਚ ਸਿੱਖ ਪੰਥ ਵਿਚ ਸ਼ਾਮਲ ਹੋਏ। ਇਸ ਨਾਲ ਸਿੱਖ ਸਮਾਜ ਦੀ ਜੀਵਨ ਸ਼ੈਲੀ ਉਤੇ ਸਦੀਵੀ ਪ੍ਰਭਾਵ ਪਏ ਹਨ। ਭਾਈ ਮਨੀ ਸਿੰਘ ਦੀ ਅਗਵਾਈ ਵਿਚ ਖਾਲਸਾ ਪੰਥ ਨੇ ਦਿਵਾਲੀ ਅਤੇ ਵੈਸਾਖੀ ਦੇ ਜੋੜ-ਮੇਲਿਆਂ ਦੇ ਮੌਕੇ ਸਿਆਸੀ ਚੇਤਨਾ ਦੇ ਪ੍ਰੋਗਰਾਮ ਗੁਰਮਤਿਆਂ ਦੁਆਰਾ ਲਾਗੂ ਕੀਤੇ। ਡਾ.ਜਸਬੀਰ ਸਿੰਘ ਅਨੁਸਾਰ

> "ਸੰਮਤ 1790 ਬਿਕ੍ਰਮੀ ਦੀ ਦੀਵਾਲੀ ਦੇ ਪੁਰਬ ਨੇੜੇ ਆ ਰਿਹਾ ਸੀ ਸੰਗਤਾਂ ਦੀ ਇੱਛਾ ਅਨੁਸਾਰ ਭਾਈ ਮਨੀ ਸਿੰਘ ਜੀ ਭਾਈ ਸ਼ੁਬੇਗ ਸਿੰਘ ਤੇ ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਕੋਲ ਦੀਵਾਲੀ ਦਾ ਪੁਰਬ ਮਨਾਉਣ ਦੀ ਆਗਿਆ ਲੈਣ ਲਈ ਪੁੱਜੇ।"[4]

ਸਿੱਖ ਪੰਥ ਵਿਚ ਇਹ ਪ੍ਰਥਾ ਮਿਸਲਾਂ ਦੇ ਸਮੇਂ ਤੱਕ ਅਕਾਲ ਤਖਤ ਤੋਂ ਲਾਗੂ ਹੁੰਦੀ ਰਹੀ। ਪੰਜਾਬ ਦੇ ਪੇਂਡੂ ਜੀਵਨ ਵਿਚ ਸਾਂਝੀ ਖੇਤੀ ਅਤੇ ਹੋਰ ਸਬੰਧਿਤ ਕਿੱਤਿਆਂ ਵਿਚ ਹਿੱਸੇਦਾਰੀ ਲਾਗੂ ਹੋਈ। ਜ਼ਮੀਨਾਂ ਨੂੰ ਪ੍ਰਵਾਰ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਵੰਡਿਆ ਗਿਆ ਸੀ। ਪਿੰਡ ਦੇ ਸਭ ਪ੍ਰਵਾਰਾਂ ਨੂੰ ਬਰਾਬਰ ਅਨਾਜ ਦੀ ਵੰਡ ਕੀਤੀ ਜਾਂਦੀ ਸੀ।

---

4 ਜਸਬੀਰ ਸਿੰਘ, "ਭਾਈ ਮਨੀ ਸਿੰਘ ਜੀ", *ਪ੍ਰਮਖ ਸਿੱਖ ਸ਼ਖਸ਼ੀਅਤਾਂ*, ਸੰਪ.ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2002, ਪੰ.105.

ਸਿੱਖ ਪੁਰਬਾਂ ਨੇ ਬੀਰ ਪ੍ਰੰਪਰਾ ਵਿਚ ਭਾਰੀ ਯੋਗਦਾਨ ਪਾਇਆ। ਪੰਜਾਬ ਦੀ ਜੀਵਨ ਸ਼ੈਲੀ ਵਿਚ ਵੀਰ ਨਾਇਕ ਸ਼ਹੀਦ ਸਿੱਖਾਂ ਦਾ ਸਤਿਕਾਰ ਕੀਤਾ ਜਾਣ ਲਗਿਆ। ਨਾਮਧਾਰੀ ਲਹਿਰ ਨੇ ਅੰਗਰੇਜ ਦੇ ਰਾਜ ਵਿਚ ਸ਼ਹੀਦੀ ਦੇ ਨਵੇਂ ਅਧਿਆਇ ਜੋੜ ਦਿਤੇ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਨੇ ਸ਼ਹੀਦੀ ਪ੍ਰੰਪਰਾ ਨੂੰ ਪੁਨਰ ਸੁਰਜੀਤ ਕੀਤਾ ਸੀ। ਸਿੱਖ ਪੰਥ ਨੇ ਆਪਣੇ ਪੁਰਬਾਂ ਦੇ ਮੌਕੇ ਸਮਾਜ ਨੂੰ ਅੰਗਰੇਜ਼ ਹਕੂਮਤ ਵਲੋਂ ਕੀਤੀਆਂ ਵਧੀਕੀਆਂ ਬਾਰੇ ਜਾਗਰੂਕ ਕੀਤਾ। ਇਸ ਨਾਲ ਸਿੱਖ ਸਮਾਜ ਅੰਦਰ ਖਾੜਕੂ ਜੀਵਨ ਸ਼ੈਲੀ ਨੇ ਆਪਣੀ ਵਿਸ਼ੇਸ਼ ਪਹਿਚਾਣ ਬਣਾਈ। ਸਿੱਖ ਸਮਾਜ ਨੇ ਆਜ਼ਾਦੀ ਦੀ ਜੰਗ ਵਿਚ ਵੱਡਾ ਯੋਗਦਾਨ ਪਾਇਆ। ਸਿੱਖ ਸਮਾਜ ਦੀ ਜੀਵਨ ਸ਼ੈਲੀ ਵਿਚ ਸੇਵਾ ਭਵਨਾ ਦਾ ਪੱਖ ਵਧੇਰੇ ਭਾਰੂ ਹੁੰਦਾ ਹੈ। ਸਿੱਖ ਪੁਰਬਾਂ ਮੌਕੇ ਇਕੱਤਰ ਹੁੰਦੀ ਦਸਵੰਧ ਦੀ ਭੇਟਾ ਵਿਚ ਭਾਰੀ ਵਾਧਾ ਹੋਇਆ। ਇਸ ਮਾਇਆ ਨਾਲ ਨਗਰਾਂ ਦੀ ਉਸਾਰੀ ਕੀਤੀ ਗਈ। ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਵਰਗੇ ਕੌਮੀ ਤੀਰਥ ਸਥਾਨਾਂ ਦੀ ਉਸਾਰੀ ਕੀਤੀ ਗਈ। ਸਿੱਖ ਸਮਾਜ ਹਿੰਦੂ ਸਮਾਜ ਦੇ ਤੀਰਥਾਂ ਨੂੰ ਛਡ ਕੇ ਆਪਣੇ ਨਵੇਂ ਤੀਰਥ ਅਸਥਾਨਾਂ ਨਾਲ ਪੱਕੇ ਤੌਰ 'ਤੇ ਜੁੜ ਗਿਆ। ਜੋੜ-ਮੇਲਿਆਂ ਦੇ ਮੌਕੇ ਤੇ ਸਮਾਜਿਕ ਬੁਰਿਆਈਆਂ ਨੂੰ ਖਤਮ ਕਰਨ ਦੇ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ।

ਸਿੱਖ ਪੁਰਬਾਂ ਵਿਚ ਨਿੰਹਗ ਸਿੰਘ ਜਥੇਬੰਦੀਆਂ ਦੀਆਂ ਸਰਗਰਮੀਆਂ ਅਕਰਸ਼ਣ ਦਾ ਕੇਂਦਰ ਹੁੰਦੀਆਂ ਹਨ। ਇਹ ਸਿੱਖ ਸਮਾਜ ਦੀਆਂ ਪ੍ਰੰਪਰਾਵਾਂ ਦੀ ਤਰਜਮਾਨੀ ਕਰਦੀਆਂ ਹਨ। ਸਿੱਖ ਸਮਾਜ ਵਿਚ ਇਹ ਬਹੁਤ ਸਤਿਕਾਰਤ ਜਥੇਬੰਦੀਆਂ ਮੰਨੀਆਂ ਜਾਂਦੀਆ ਹਨ। ਇਹਨਾਂ ਦਾ ਬਾਣਾ ਅਤੇ ਬਾਣੀ ਰਵਾਇਤੀ ਸਿੱਖ ਸਮਾਜ ਨੂੰ ਪ੍ਰਸਤੁਤ ਕਰਦੇ ਹਨ, ਜਿਸ ਵਿਚ ਘੋੜੇ-ਹਾਥੀ, ਨਗਾਰੇ, ਸ਼ਸ਼ਤਰ ਸ਼ਾਮਲ ਹੁੰਦੇ ਹਨ। ਇਹ ਸਿੰਘ ਨੀਲੇ ਰੰਗ ਦੇ ਚੋਲੇ ਅਤੇ ਦੁਮਾਲੇ ਸਜਾਉਂਦੇ ਹਨ। ਜਥੇ ਦਾ ਲੰਗਰ ਬਹੁਤ ਨਿਰਾਲੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ। ਆਪਣਾ ਭੋਜਨ ਖੁਦ ਤਿਆਰ ਕਰਦੇ ਹਨ। ਇਹ ਜਥੇ ਝਟਕੇ ਮਾਸ ਦਾ ਪ੍ਰਯੋਗ ਕਰਦੇ ਹਨ।

ਨਗਰ ਕੀਰਤਨਾਂ ਦਾ ਧਾਰਮਕ ਤੌਰ ਤੇ ਬਹੁਤ ਮਹੱਤਵ ਹੁੰਦਾ ਹੈ। ਸਾਰੀਆਂ ਪ੍ਰਮੁੱਖ ਨਿਹੰਗ ਸਿੰਘ ਜਥੇਬੰਦੀਆਂ ਆਪਣੇ ਪ੍ਰੰਪਰਾਗਤ ਘੋੜਿਆਂ, ਹਥਿਆਰਾਂ ਅਤੇ ਪਹਿਰਾਵੇ ਵਿਚ ਇਸ ਨਗਰ ਕੀਰਤਨ ਦੀ ਸ਼ੋਭਾ ਵਿਚ ਵਾਧਾ ਕਰਦੇ ਹਨ। ਇਹਨਾਂ ਪੁਰਬਾਂ ਵਿਚ ਸ਼ਾਮਲ ਲੋਕ ਅਲੌਕਿਕ ਦ੍ਰਿਸ਼ਾਂ ਦਾ ਆਨੰਦ ਮਾਣਦੇ ਹਨ। ਨਗਰ ਕੀਰਤਨ ਸਿੱਖ ਪੁਰਬਾਂ ਦੀ ਸੰਪੂਰਨਤਾ ਦਾ ਪੜਾਅ ਮੰਨਿਆ ਜਾਂਦਾ ਹੈ। ਸਮਾਪਤੀ ਦੀ ਅਰਦਾਸ ਤੋਂ ਪਿਛੋਂ ਸੰਗਤਾਂ ਘਰ ਵਾਪਸੀ ਦਾ ਸਫਰ ਅਰੰਭ ਕਰ ਦਿੰਦੀਆਂ ਹਨ।

ਸਮਾਜਿਕ ਪਹਿਰਾਵੇ ਵਿੱਚ ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਹੁਣ ਰਵਾਇਤੀ ਵੇਸ਼-ਭੂਸ਼ਾ ਅਲੋਪ ਹੋ ਰਹੀ ਹੈ। ਹੁਣ ਆਦਮੀ ਕੁੜਤੇ ਚਾਦਰੇ ਜਾਂ ਟੌਰੇ ਵਾਲੀ ਪੱਗ ਬੰਨ੍ਹ ਕੇ ਮੇਲਿਆਂ ਵਿੱਚ ਸ਼ਾਮਿਲ ਨਹੀਂ ਹੁੰਦੇ ਤੇ ਨਾ ਹੀ ਔਰਤਾਂ ਵੱਲੋਂ ਘੱਗਰੇ ਜਾਂ ਲਹਿੰਗੇ ਦੀ ਵਰਤੋ ਕੀਤੀ ਜਾਂਦੀ ਹੈ। ਹੁਣ ਆਦਮੀ ਪੈਂਟ ਕੋਟ ਪਹਿਨਦੇ ਹਨ ਅਤੇ ਔਰਤਾਂ ਦੇ ਪਹਿਰਾਵੇ ਵਿੱਚ ਵੀ ਪੱਛਮੀ ਪ੍ਰਭਾਵ ਦਿਖਾਈ ਦਿੰਦਾ ਹੈ।

ਪੰਜਾਬ ਦੀਆਂ ਵਿਰਾਸਤੀ ਖੇਡਾਂ ਵੀ ਸਿੱਖ ਪੁਰਬਾਂ ਵਿੱਚੋਂ ਅਲੋਪ ਹੋ ਰਹੀਆਂ ਹਨ। ਹੁਣ ਨੌਜਵਾਨ ਪੀੜ੍ਹੀ ਵਿੱਚ ਰੱਸਾ-ਕਸ਼ੀ, ਦੰਗਲ, ਨੇਜਾਬਾਜ਼ੀ ਪ੍ਰਤੀ ਦਿਲਚਸਪੀ ਲਗਾਤਾਰ ਘੱਟ ਰਹੀ ਹੈ। ਉਦਯੋਗਿਕ ਵਿਕਾਸ ਨੇ ਜੋੜ ਮੇਲਿਆਂ ਦੇ ਆਰਥਿਕ ਸਰੂਪ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਹੁਣ ਮੇਲਿਆਂ ਦੇ ਬਾਜ਼ਾਰਾਂ ਵਿੱਚ ਅੰਤਰਰਾਸ਼ਟਰੀ ਕੰਪਨੀਆਂ ਦੀ ਭਰਮਾਰ ਵੇਖਣ ਨੂੰ ਮਿਲਦੀ ਹੈ। ਚਾਈਨਾ ਵਿੱਚ ਤਿਆਰ ਹੋਏ ਬੱਚਿਆਂ ਲਈ ਖਿਡੌਣਿਆਂ ਨੇ ਰਵਾਇਤੀ ਲੋਹਾਰਾਂ ਅਤੇ ਤਰਖਾਣਾਂ ਵੱਲੋਂ ਤਿਆਰ ਕੀਤੇ ਖਿਡੌਣਿਆਂ ਦੀ ਜਗ੍ਹਾ ਮੱਲ ਲਈ ਹੈ। ਵੱਡੀਆਂ ਵੱਡੀਆਂ ਕੰਪਨੀਆਂ ਵੱਲੋਂ ਔਰਤਾਂ ਦੇ ਸ਼ਿੰਗਾਰ ਦੇ ਸਾਮਾਨ ਦੀਆਂ ਦੁਕਾਨਾਂ ਲਗਾਈਆਂ ਜਾਂਦੀਆਂ ਹਨ, ਜਿਸ ਨਾਲ ਵਣਜਾਰਿਆਂ ਦਾ ਕਿੱਤਾ ਲੱਗਭਗ ਅਲੋਪ ਹੋ ਰਿਹਾ ਹੈ। ਸਿਕਲੀਗਰਾਂ ਵੱਲੋਂ ਤਿਆਰ ਕੀਤੇ ਜਾਂਦੇ ਕੜੇ ਕਿਰਪਾਨਾਂ ਦੀ ਜਗ੍ਹਾ ਹੁਣ ਵੱਡੀਆਂ ਵੱਡੀਆਂ ਫੈਕਟਰੀਆਂ ਵਿੱਚ ਤਿਆਰ ਕੀਤੇ ਕੱਕਾਰ ਮਿਲਦੇ ਹਨ।

ਵਰਤਮਾਨ ਸਮੇਂ ਵਿਚ ਸਿਆਸੀ ਦਲਾਂ 'ਤੇ ਕਾਬਜ਼ ਲੋਕ ਸੁਆਰਥੀ ਮੰਤਵਾਂ ਦੀਆਂ ਲਾਲਸਾਵਾਂ ਹਿਤ ਮੀਰੀ ਪੀਰੀ ਦੇ ਸਿਧਾਂਤ ਦੀ ਦੁਰਵਰਤੋਂ ਦੇ ਵਰਤਾਰੇ ਦੇ ਸ਼ਿਕਾਰ ਹਨ। ਕਥਿਤ ਸਿੱਖ ਸਿਆਸੀ ਦਲ ਆਪਣੇ ਨਿਜੀ ਲਾਭ ਹਿਤ ਧਰਮ ਨਿਰਪੱਖ ਅਤੇ ਧਰਮ ਆਧਾਰਤ ਹੋਣ ਦੇ ਰਾਗ ਅਲਾਪਣੇ ਆਰੰਭ ਕਰ ਦਿੰਦੇ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਸਿੱਖ ਪੰਥ ਸੰਸਾਰ ਦੇ ਕੋਨੇ ਕੋਨੇ ਵਿਚ ਫੈਲ ਗਿਆ ਹੈ, ਪਰ ਕਾਬਜ਼ ਦਲ ਮੀਰੀ-ਪੀਰੀ ਦੇ ਸਿਧਾਂਤ ਨੂੰ ਕੇਵਲ ਪੰਜਾਬ ਦੇ ਸੂਬੇ ਦੀਆਂ ਵਕਤੀ ਸਿਆਸੀ ਲੋੜਾਂ ਅਨੁਸਾਰ ਲਾਗੂ ਕਰਦੇ ਹਨ। ਇਹ ਸਿਆਸੀ ਪਾਰਟੀਆਂ ਸੰਗਤਾਂ ਨੂੰ ਭਰਮਾਉਣ ਲਈ ਬਾਜ਼ਾਰਾਂ ਵਿੱਚ ਵੱਡੇ -ਵੱਡੇ ਬੋਰਡ ਲਗਾਉਂਦੀਆ ਹਨ, ਜਿਸ ਵਿੱਚ ਗੁਰੂ ਸਾਹਿਬਾਨ ਦੀਆਂ ਫੋਟੋਆਂ ਦੇ ਨਾਲ ਇਲਾਕੇ ਦੇ ਵਰਕਰਾਂ ਅਤੇ ਲੀਡਰਾਂ ਦੀਆਂ ਤਸਵੀਰਾਂ ਲਗਾਈਆਂ ਜਾਂਦੀਆਂ ਹਨ ਅਤੇ ਆਪਣੇ ਕੌਮੀ ਨੇਤਾ ਦੀ ਉਪਮਾ ਕਰਨ ਲਈ ਗੁਰਬਾਣੀ ਦੀਆਂ ਪੰਗਤੀਆਂ ਲਿਖੀਆਂ ਜਾਂਦੀਆਂ ਹਨ, ਜੋ ਗੁਰਮਤਿ ਦੇ ਸਿਧਾਂਤ ਪੱਖੋਂ ਗੈਰ-ਵਾਜਿਬ ਹਨ। ਅਮਰਜੀਤ ਸਿੰਘ ਗਰੇਵਾਲ ਅਨੁਸਾਰ:

> "ਸਿਆਸੀ ਪਾਰਟੀਆਂ ਜੋ ਕਿ ਅਵਿਕਸਤ ਜਮਹੂਰੀਅਤ ਦੀ ਉਪਜ ਹਨ, ਖਾਲਸਾ ਪੰਥ ਦੀ ਵਿਕਸਤ ਜਮਹੂਰੀਅਤ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੀਆਂ।"[5]

ਪਹਿਲੇ ਸਮੇਂ ਵਿੱਚ ਸੰਗਤ ਨੂੰ ਗੁਰੂ ਦਾ ਰੂਪ ਮੰਨਿਆ ਜਾਂਦਾ ਸੀ, ਹੁਣ ਕੇਵਲ ਵੋਟਰਾਂ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।ਪੰਜਾਬ ਦੇ ਪੁਰਬ ਪ੍ਰਕਿਰਤੀ ਅਤੇ ਸਰੂਪ ਵਿਚ ਵੱਡੇ ਪੱਧਰ ਤੇ ਬਦਲ ਰਹੇ ਹਨ। ਧਰਮ ਦੇ ਖੇਤਰ ਵਿਚ ਨਿਰੋਲ ਸਿਆਸੀ ਲੋਕਾਂ ਅਤੇ ਹਕੂਮਤੀ ਦਖਲ ਦੀ ਤਾਕਤ ਮੇਲਿਆਂ ਦੇ ਆਯੋਜਨ ਤੇ ਪ੍ਰਯੋਜਨ ਵਿਚ ਗਿਰਾਵਟ ਦੇ ਰੁਝਾਨ ਪੈਦਾ ਕਰ ਰਹੀ ਹੈ। ਸਰਕਾਰ ਅਤੇ ਸਿਆਸੀ ਦਲ ਪੁਰਬਾਂ ਦੇ ਇਕੱਠਾਂ ਨੂੰ ਕੇਵਲ ਆਪਣੇ ਨਿੱਜੀ ਮਨੋਰਥ ਪ੍ਰਾਪਤੀ ਦਾ ਸਾਧਨ ਮੰਨਦੀਆਂ

---

5 ਅਮਰਜੀਤ ਸਿੰਘ ਗਰੇਵਾਲ,"ਅਕਾਲੀਵਾਦ ਦਾ ਖਾਲਸਈ ਪਰਸੰਗ" *ਗੁਰੂ ਖਾਲਸਾ ਪੰਥ*, ਸੰਪਾ.ਗੁਰਨਾਮ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000,ਪੰ. 21.

ਹਨ। ਪੇਂਡੂ ਲੋਕ ਵੀ ਨਿੱਜ-ਪ੍ਰਸਤੀ ਵਾਲੀ ਜੀਵਨ ਸ਼ੈਲੀ ਦੇ ਧਾਰਨੀ ਹੋ ਰਹੇ ਹਨ। ਨਿੱਜ-ਪ੍ਰਸਤੀ ਦੇ ਵਰਤਾਰੇ ਨੂੰ ਹਰੇ ਇਨਕਲਾਬ ਅਤੇ ਵਿਦੇਸ਼ਾਂ ਵਿਚ ਵਸੇਬੇ ਨੂੰ ਉਤਸ਼ਾਹਿਤ ਕੀਤਾ ਹੈ। ਅੱਜ ਮਨੁੱਖ ਰੇਡੀਓ, ਟੈਲੀਵੀਜ਼ਨ ਅਤੇ ਸਮਾਰਟ ਫੋਨ ਦੁਆਰਾ ਮਨ ਪਰਚਾਵੇ ਦਾ ਆਦੀ ਹੋ ਰਿਹਾ ਹੈ। ਸੜਕਾਂ ਦੇ ਜਾਲ ਪਿੰਡਾਂ ਅਤੇ ਸ਼ਹਿਰਾਂ ਦੀ ਦੂਰੀ ਖਤਮ ਕਰ ਰਹੇ ਹਨ। ਮੋਟਰ ਕਾਰਾਂ ਅਤੇ ਆਵਾਜਈ ਦੇ ਸਾਧਨ ਸਫਰ ਨੂੰ ਸਮੇਟ ਰਹੇ ਹਨ। ਮਾਨਸਿਕ ਤਣਾਅ ਤੋਂ ਪੀੜਤ ਨਸ਼ਿਆਂ ਦਾ ਸੇਵਨ ਕਰਕੇ ਜ਼ਿੰਦਗੀ ਬਤੀਤ ਕਰ ਰਹੇ ਹਨ। ਰਸਾਇਣਕ ਨਸ਼ਿਆਂ ਦੀ ਵਿਕਰੀ ਤੋਂ ਸੌਖੀ ਕਮਾਈ ਅਤੇ ਵਧੇਰੇ ਪੈਸੇ ਕਮਾਉਣ ਦੀ ਲਾਲਸਾ ਨੂੰ ਸਿਆਸੀ ਪਾਰਟੀਆਂ ਦੀ ਸਰਪ੍ਰਸਤੀ ਦਿੱਤੀ ਜਾ ਰਹੀ ਹੈ, ਜਿਸ ਨਾਲ ਸਮਾਜ ਵਿਚ ਅਮਨ ਕਾਨੂੰਨ ਦੀ ਹਾਲਤ ਨਿਤ ਦਿਨ ਖਰਾਬ ਹੋ ਰਹੀ ਹੈ।

ਸਿੱਖ ਪੁਰਬਾਂ ਦਾ ਉਸਾਰੂ ਪੱਖ ਇਹ ਹੈ ਕਿ ਸਿੱਖ ਇਤਿਹਾਸ ਨਾਲ ਸਬੰਧਤ ਮੇਲਿਆਂ ਵਿਚ ਸੰਗਤ ਦੀ ਸ਼ਮੂਲੀਅਤ ਬਹੁਤ ਵੱਡੇ ਵਾਧੇ ਨਾਲ ਹੋ ਰਹੀ ਹੈ। ਸਿੱਖ ਪੁਰਬ ਇਕ ਜਿਉਂਦੀ ਜਾਗਦੀ ਸਮਾਜਿਕ ਸੰਸਥਾ ਹਨ, ਇਹ ਇਤਿਹਾਸ, ਗੁਰੂ ਵਿਸ਼ਵਾਸ਼ ਅਤੇ ਸ਼ਰਧਾ ਦੇ ਤੱਤਾਂ ਨਾਲ ਮਾਲੋਮਾਲ ਹੁੰਦੇ ਹਨ। ਇਸ ਰਾਹੀਂ ਸਮਾਜ ਦੀਆਂ ਨੈਤਿਕ ਕਦਰਾਂ ਕੀਮਤਾਂ ਦੇ ਸਿਧਾਂਤ ਭਵਿੱਖ ਦੀਆਂ ਨਸਲਾਂ ਤੀਕ ਪਹੁੰਚਦੇ ਹਨ। ਵਿਰਾਸਤੀ ਖੇਡਾਂ ਸਿੱਖ ਪੁਰਬਾਂ ਵਿਚ ਵਿਲਖਣ ਸਥਾਨ ਰਖਦੀਆਂ ਹਨ। ਪੰਜਾਬ ਦੇ ਲੋਕ ਆਪਣੇ ਸਰੀਰਕ ਬਲ ਅਤੇ ਬਹਾਦਰੀ ਕਰ ਕੇ ਜਾਣੇ ਜਾਂਦੇ ਹਨ। ਇਸ ਲਈ ਜਦੋਂ ਮੌਕਾ ਮਿਲੇ ਮੱਲ-ਅਖਾੜਿਆਂ,ਗੱਤਕਾ-ਬਾਜੀ,ਘੋੜ ਸਵਾਰੀ ਅਤੇ ਸ਼ਸ਼ਤਰ-ਬਾਜੀ ਨਾਲ ਕਈ ਤਰ੍ਹਾਂ ਦੇ ਕਰਤੱਵਾਂ ਨਾਲ ਪ੍ਰਦਰਸ਼ਨ ਕਰਦੇ ਹਨ। ਵਿਰਾਸਤੀ ਸੰਗੀਤ, ਢਾਡੀ ਕਲਾ ਅਤੇ ਕਵਿਸ਼ਰੀ ਕਲਾ ਨੂੰ ਸਿੱਖ ਪੁਰਬਾਂ ਨੇ ਜਿਉਂਦਾ ਰੱਖਣ ਵਿਚ ਸ਼ਲਾਘਾ ਯੋਗ ਕਾਰਜ ਕੀਤਾ ਹੈ। ਇਹ ਪੁਰਬ ਸਮਾਜ ਵਿੱਚ ਹੋ ਰਹੇ ਪ੍ਰੀਵਰਤਨ ਦੀ ਗੁਆਹੀ ਭਰਦੇ ਹਨ ਅਤੇ ਸਭਿਆਚਾਰ ਵਿੱਚ ਹੋ ਰਹੀਆਂ ਤਬਦੀਲੀਆਂ ਅਤੇ ਵਰਤਾਰਿਆਂ ਨੂੰ ਵੱਖ-ਵੱਖ ਸਰਗਰਮੀਆਂ ਰਾਹੀਂ ਪੇਸ਼ ਕਰਦੇ ਹਨ। ਸਮਾਜਿਕ ਜੀਵਨ ਵਿੱਚ ਸਮੂਹਿਕ ਤੌਰ ਤੇ ਹੋ ਰਹੇ ਪਰਿਵਰਤਨ ਨੂੰ ਵੱਖੋ-ਵੱਖਰੀਆਂ ਵਿਧੀਆਂ ਰਾਹੀ ਸਿੱਖ ਪੁਰਬਾਂ ਦੇ ਮੌਕੇ ਦੇ

ਵੇਖਿਆ ਜਾ ਸਕਦਾ ਹੈ। ਸਿੱਖ ਸਰੋਕਾਰਾਂ ਵਿਚ ਸਿੱਖ ਪੁਰਬ ਅਤੇ ਜੋੜ-ਮੇਲਿਆਂ ਦੀ ਵਿਸ਼ਵ ਪੱਧਰ ਤੇ ਪ੍ਰਸਿੱਧੀ ਹੈ। ਪਰ ਅਕਾਦਮਿਕ ਪੱਧਰ ’ਤੇ ਇਹਨਾਂ ਨੂੰ ਦ੍ਰਿਸ਼ਟੀਗੋਚਰ ਕਰਨ ਵਾਲੀ ਖੋਜ ਸਮੱਗਰੀ ਬਹੁਤ ਘੱਟ ਮਿਲਦੀ ਹੈ। ਇਸ ਅਧਿਐਨ ਵਿਚਲੀਆਂ ਨਿਸ਼ਾਨਦੇਹੀਆਂ ਦੀ ਰੌਸ਼ਨੀ ਵਿਚ ਗੁਰੂ ਸਾਹਿਬਾਨ ਦੇ ਸ਼ਖਸੀਅਤ ਚਿਤਰਣ ਅਤੇ ਸਿੱਖ ਜੀਵਨ ਜਾਚ ਵਿਚ ਪਰੰਪਰਾਗਤ ਪਹੁੰਚ ਤੋਂ ਬਾਹਰ ਦੇ ਕੁਝ ਨਵੇਂ ਪਹਿਲੂਆਂ ਅਤੇ ਵਿਆਖਿਆਵਾਂ ਦਾ ਵਾਧਾ ਹੋਵੇਗਾ

ਸਿੱਖ ਪੁਰਬ ਗੁਰੂ ਕਾਲ ਤੋਂ ਲੈ ਕੇ ਵਰਤਮਾਨ ਤੀਕ ਸਮਾਜਕ ਲੋੜਾਂ ਦੀ ਪੂਰਤੀ ਲਈ ਨਿਰੰਤਰ ਵਸੀਲੇ ਬਣੇ ਆ ਰਹੇ ਹਨ। ਇਹਨਾਂ ਪੁਰਬਾਂ ਦਾ ਕੇਂਦਰੀ ਉਦੇਸ਼ ਅਤੇ ਮਨੋਰਥ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ। ਗੁਰੂ ਸਾਹਿਬ ਸਾਹਿਬਾਨ ਨੇ ਸਰਬਤ ਦੇ ਭਲੇ ਦਾ ਸਿਧਾਂਤ ਸੰਗਤ ਨੂੰ ਦਿਰਡ ਕਰਵਾਇਆ ਜੋ ਸਾਰੇ ਬ੍ਰਹਿਮੰਡ ਦੇ ਜੀਵ-ਜੰਤੂ, ਬਨਸਪਤੀ ਅਤੇ ਮਨੁੱਖਤਾ ਦੇ ਸਰਪੱਖੀ ਵਿਕਾਸ ਅਤੇ ਕਲਿਆਣ ਦੇ ਕਾਰਜਾਂ ਨੂੰ ਲਾਗੂ ਕਰਦਾ ਹੈ। ਸਰਬਤ ਦੇ ਭੱਲੇ ਦਾ ਸਿਧਾਂਤ ਨਾਮ ਸਿਮਰਨ ਦੇ ਅਭਿਆਸ ਦੇ ਸੁਮੇਲ ਨਾਲ ਸਿੱਖ ਪੁਰਬਾਂ ਮੌਕੇ ਸਰਬਤ ਖਾਲਸਾ ਵਿਲਖਣ ਸੰਸਥਾ ਜਨਮ ਹੋਇਆ,ਜਿਸ ਵਿਚ ਪ੍ਰਵਾਨ ਹੋਏ ਗੁਰਮਤਿਆਂ ਨੇ ਇਸ ਧਰਤੀ ਦੀ ਭੋਗਲਿਕ ਰਾਜਨੀਤੀ ਨੂੰ ਸਦੀਆਂ ਤੀਕ ਪ੍ਰਭਾਵਤ ਕੀਤਾ । ਗੁਰੂ ਖਾਲਸਾ ਨੇ ਸਮਾਜ ਦੇ ਹਰ ਵਰਗ ਦੀ ਸਤਕਾਰਿਤ ਭਾਗੀਦਾਰੀ ਲਈ ਯੋਗ ਮੰਚ ਪ੍ਰਦਾਨ ਕੀਤਾ। ਸੰਗਤ ਦੀ ਭਾਗੀਦਾਰੀ ਨੇ ਘੋੜਿਆਂ ਦੇ ਤਬਲਿਆਂ ਦੀ ਸਫਾਈ ਕਰਦੇ ਕਪੂਰ ਸਿੰਘ ਨੂੰ ਰਾਜ ਸਿੰਘਾਸਣ ਦਾ ਅਧਿਕਾਰੀ ਚੁਣਇਆ ਜਿਸ ਨੇ ਮਨੁੱਖੀ ਕਿਰਦਾਰ ਦੇ ਵਿਲਖੱਣ ਕੀਰਤੀਮਾਣ ਸਥਾਪਿਤ ਕੀਤੇ।

ਉਸ ਵਕਤ ਸਿੱਖ ਪੰਥ ਦੀ ਬਹੁ-ਗਿਣਤੀ ਪੰਜਾਬ ਵਿਚ ਹੀ ਵਸਦੀ ਸੀ। ਅੱਜ ਸਿੱਖ ਪੰਥ ਵੱਡੀ ਗਿਣਤੀ ਵਿਚ ਸਾਰੀ ਦੁਨੀਆਂ ਵਿਚ ਫੈਲ ਗਿਆ ਹੈ। ਵਕਤ ਦੀ ਚਾਲ ਅਨੁਸਾਰ ਸੱਭਿਆਚਾਰ ਵਿਚ ਤਬਦੀਲੀ ਕੁਦਰਤੀ ਨਿਯਮਾਂ ਦਾ ਹਿੱਸਾ ਹੈ। ਹਰੇ ਇਨਕਲਾਬ ਅਤੇ ਸਿੱਖ ਸਮਾਜ ਦੇ ਵਿਦੇਸ਼ੀ ਵਸੇਬੇ ਨੇ ਸਿੱਖ ਪੁਰਬਾਂ ਦੇ ਸਰੂਪ ਤੇ ਪ੍ਰਾਕਿਤੀ ‘ਤੇ ਤੇਜ਼ੀ ਨਾਲ ਪ੍ਰਭਾਵ ਪਏ ਹਨ। ਪੰਜਾਬ ਵਿਚ ਸੜਕਾਂ ਦੇ ਜਾਲ ਵਿਛ ਜਾਣ ਕਰਕੇ ਪਿੰਡਾਂ ਦੇ ਸੰਪਰਕ ਸ਼ਹਿਰਾਂ ਨਾਲ ਜੁੜ ਗਏ ਹਨ। ਬਿਜਲਈ

(ਡਿਜਿਟਲ) ਜਗਤ ਦੇ ਪਸਾਰੇ ਨੇ ਸੰਸਾਰ ਨੂੰ ਇਕ ਇਕ ਸਾਂਝੀ ਮੰਡੀ ਵਿਚ ਬਦਲ ਦਿੱਤਾ ਹੈ। ਰੇਡੀਓ, ਟੈਲੀਵੀਜ਼ਨ ਅਤੇ ਮੋਬਾਇਲ ਨੈਟਵਰਕ ਕੰਪਨੀਆਂ ਮਨੋਰੰਜਨ ਅਤੇ ਜਾਣਕਾਰੀ ਖੇਤਰ ਉਤੇ ਕਾਬਜ਼ ਹੋ ਗਈਆਂ ਹਨ। ਸੋਸ਼ਲ ਮੀਡੀਏ ਨੇ ਸਮਾਜ ਦੇ ਕਾਰਜਸ਼ੀਲ ਵਰਗ ਨੂੰ ਆਪਣੇ ਘੇਰੇ ਵਿਚ ਲੈ ਲਿਆ ਹੈ, ਜਿਸ ਨਾਲ ਮਨੁੱਖ ਦੇ ਇੱਕਲੇ ਰਹਿਣ ਦੀ ਬਿਰਤੀ ਨੂੰ ਉਤਸ਼ਾਹਿਤ ਕਰ ਰਹੀ ਹੈ ਇਹ ਵਰਤਾਰਾ ਸਿੱਖ ਪੁਰਬਾਂ ਦੀ ਮੂਲ ਭਾਵਨਾ ਨਾ ਮੇਲ ਨਹੀਂ ਖਾਂਦਾ। ਇਹ ਵਰਤਾਰਾ ਸਾਡੀ ਜੀਵਨ ਸ਼ੈਲੀ ਵਿਚ ਆਈ ਸਮਾਜਕ,ਧਾਰਮਿਕ ਅਤੇ ਮਾਨਸਿਕ ਤੌਰ ,ਤੇ ਗਿਰਾਵਟ ਦਾ ਸੂਚਕ ਹੈ ।

ਵਿਦੇਸ਼ਾਂ ਵਿਚ ਵਸਦੇ ਸਿੱਖ ਵਿਸ਼ੇਸ਼ ਕਰਕੇ ਯੂਰਪ, ਅਮਰੀਕਾ ਤੇ ਏਸ਼ੀਆ ਦੇ ਕਈ ਮੁਲਕਾਂ ਵਿਚ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਸਿੱਖਾਂ ਦੇ ਭਖਦੇ ਮਾਮਲਿਆਂ ਵਿਚ ਵਿਸ਼ੇਸ਼ ਦਿਲਚਸਪੀ ਲੈਂਦੀਆਂ ਹਨ ਅਤੇ ਅਕਾਲ ਤਖ਼ਤ ਸਾਹਿਬ ਤੋ ਦਿਸ਼ਾ ਨਿਰਦੇਸ਼ ਦੀ ਮੰਗ ਵੀ ਕਰਦੀਆਂ ਹਨ। ਗੁਰਦੁਆਰੇ ਵੀ ਇਨਾਂ ਸਰਗਰਮੀਆਂ ਦੇ ਮਹੱਤਵਪੂਰਨ ਕੇਂਦਰ ਬਣੇ ਹੋਏ ਹਨ। ਇਨਾਂ ਮੁਲਕਾਂ ਵਿਚ ਪੰਜਾਬੀ ਦੇ ਅਖ਼ਬਾਰ ਵੀ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ। ਪੰਜਾਬ ਤੋਂ ਬਾਹਰ ਭਾਰਤ ਦੇ ਕਈ ਰਾਜਾਂ ਵਿਚ ਸਿੰਘ ਸਭਾਵਾਂ ਵੀ ਉਦਮਸ਼ੀਲ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਇਨਾਂ ਸਰਗਰਮੀਆਂ ਵਿਚ ਅਹਿਮ ਸਥਾਨ ਤੇ ਮਹੱਤਤਾ ਹੈ। ਸੰਸਾਰ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿਚ ਸਿੱਖ ਵਿਦਿਆਰਥੀ ਇਤਿਹਾਸ, ਸਾਹਿਤ, ਫਿਲਾਸਫੀ, ਕਾਨੂੰਨ, ਅੰਤਰਰਾਸ਼ਟਰੀ ਸਬੰਧ ਅਤੇ ਡਿਪਲੋਮੇਸੀ ਦੇ ਖੇਤਰਾਂ ਵਿਚ ਉੱਚੀਆਂ ਪੜ੍ਹਾਈਆਂ ਕਰ ਰਹੇ ਹਨ। ਕਾਨੈਡਾ ਦੀ ਰਾਜਨੀਤੀ ਨੂੰ ਸਿੱਖ ਭਾਈਚਾਰਾ ਵੱਡੇ ਪਧਰ ‘ਤੇ ਪ੍ਰਭਾਵਿਤ ਕਰ ਰਿਹਾ ਹੈ। ਉਥੇ ਬਹੁਤ ਵੱਡੇ ਸਿਆਸੀ ਰੁੱਤਬੇ ਵੀ ਸਿੱਖ ਨੇਤਾਵਾਂ ਨੂੰ ਨਸੀਬ ਹੋਏ ਹਨ। ਕਾਨੇਡਾ ਅਤੇ ਕਈ ਹੋਰ ਦੇਸ਼ਾ ਦੀ ਵਿਕਾਸ ਵਿਚ ਸਿੱਖ ਭਾਈਚਾਰੇ ਦਾ ਵਿਸ਼ੇਸ਼ ਯੋਗਦਾਨ ਨੂੰ ਸਵਿਕਾਰ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਜੀ ਦੇ ਕਿਰਤੀ ਸੱਭਿਆਚਾਰ ਨੇ ਸੰਸਾਰ ਪੱਧਰ ‘ਤੇ ਸਿੱਖ ਜਗਤ ਨੂੰ ਸਤਿਕਾਰ ਦੇ ਅਧਿਕਾਰੀ ਬਣਾਇਆ ਹੈ। ਇਸ ਤੋਂ ਇਲਾਵਾ ਸਿੱਖ ਨੌਜਵਾਨ ਖੇਡਾਂ ਵਿਚ ਵਿਸ਼ੇਸ਼ ਦਿਲਚਸਪੀ ਲੈ ਰਹੇ ਹਨ ਤੇ ਵਧੀਆ ਖਿਡਾਰੀ ਬਣ ਕੇ ਅੰਤਰਰਾਸ਼ਟਰੀ ਮਹੱਤਤਾ ਹਾਸਲ ਕਰ ਰਹੇ ਹਨ। ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਸੇ ਸਿੱਖ ਭਾਈਚਾਰੇ ਨੂੰ ਜੇ ਕਿਸੇ ਵਿਸ਼ੇਸ਼ ਕੇਂਦਰ ਨਾਲ ਅਸੀਂ ਲਗਾਤਾਰ ਜੋੜੀ ਰੱਖਣਾ

ਹੈ ਤਾਂ ਇਸ ਵਿਚ ਸਿੱਖ ਪੁਰਬਾਂ ਜਾਂ ਜੋੜ ਮੇਲਿਆਂ ਦਾ ਯੋਗਦਾਨ ਲਾਭਕਾਰੀ ਹੋ ਸਕਦਾ ਹੈ। ਸਿੱਖ ਪੁਰਬਾਂ ਦੀ ਪ੍ਰਸੰਗਿਕਤਾ ਨੂੰ ਸੰਸਾਰ ਅੰਦਰ ਵੱਖ ਵੱਖ ਖੇਤਰਾਂ ਵਿਚ ਆਈਆਂ ਵੱਡੀਆਂ ਸਿੱਖ ਪੁਰਬਾਂ ਦਾ ਸਿੱਖਾਂ ਦੇ ਧਾਰਮਿਕ, ਰਾਜਨੀਤਕ ਅਤੇ ਸਮਾਜਕ ਜੀਵਨ ਵਿਚ ਬਹੁਤ ਵੱਡਾ ਯੋਗਦਾਨ ਹੈ।

ਇਸ ਖੋਜ ਕਾਰਜ ਦਾ ਤੱਤਸਾਰ ਇਹ ਹੈ ਕਿ ਸਿੱਖ ਪੁਰਬਾਂ ਨੇ ਸਿੱਖ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਮਜਬੂਤ ਕੀਤਾ ਹੈ। ਸਮਾਜਕ ਤੌਰ ‘ਤੇ ਜਾਤੀਵਾਦ ਅਤੇ ਵਰਣ ਵੰਡ ਦਾ ਸ਼ਿਕਾਰ ਤੇ ਪੀੜਤ ਵਰਗ ਨੇ ਸਿੱਖ ਪੁਰਬਾਂ ਮੌਕੇ ਸਵੈ-ਮਾਣ ਅਤੇ ਸਤਿਕਾਰ ਵਾਲੀ ਜੀਵਨਧਾਰਾ ਨੂੰ ਅਨੁਭਵ ਕੀਤਾ। ਗੁਰੂ ਸਾਹਿਬਾਨ ਨੇ ਸਮਾਜਕ ਕੁਰਤੀਆਂ ਦੇ ਵਿਰਧ ਇਹਨਾਂ ਮੌਕਿਆਂ ‘ਤੇ ਪ੍ਰਭਾਵਸ਼ਾਲੀ ਸਮਾਜ ਸੁਧਾਰਕ ਅਤੇ ਇਨਕਲਾਬੀ ਕਾਰਜ ਕੀਤੇ ਜਿਸ ਵਿਚ ਸਤੀ ਪ੍ਰਥਾ, ਪਰਦਾ ਪ੍ਰਥਾ, ਵਿਧਵਾ ਦੇ ਪੁਨਰ ਵਿਆਹ, ਸੰਗਤ ਤੇ ਪੰਗਤ ਦੀ ਪ੍ਰਥਾ ਦਾ ਵਿਸ਼ੇਸ਼ ਮਹੱਤਵ ਸੀ। ਇਸ ਵਰਤਾਰੇ ਨੇ ਅਖੌਤੀ ਨੀਵੇਂ ਵਰਗ ਦੇ ਲੋਕਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਹੋਣ ਲਈ ਉਤਸਾਹਿਤ ਕੀਤਾ।

ਧਾਰਮਿਕ ਜੀਵਨ ਫੋਕਟ ਕਰਮ ਕਾਂਡਾਂ ਦਾ ਬੋਲ ਬਾਲਾ ਸੀ। ਬ੍ਰਾਹਮਣ, ਜੋਗੀ ਅਤੇ ਕਾਜੀ ਲੋਕਾਂ ਦੇ ਧਾਰਮਿਕ ਜੀਵਨ ਨੂੰ ਕੁਰਾਹੇ ਪਾ ਰਹੇ ਸਨ। ਗੁਰੂ ਸਾਹਿਬਾਨ ਨੇ ਸਮਾਜ ਨੂੰ ਨਵੇਂ ਧਾਰਮਿਕ ਕੇਂਦਰ ਤੀਰਥਾਂ ਦੇ ਰੂਪ ਵਿਚ ਸਥਾਪਤ ਕੀਤੇ। ਬ੍ਰਾਹਿਮਣ, ਜੋਗੀ ਅਤੇ ਕਾਜੀ ਦੀ ਧਾਰਮਿਕ ਚੌਧਰ ਵੰਗਾਰ ਕੇ ਹਰ ਪ੍ਰਾਣੀ ਨੂੰ ਵਾਹਿਗੁਰੂ ਦੇ ਸਿਮਰਨ ਤੇ ਆਰਧਨਾ ਦਾ ਅਧਿਕਾਰੀ ਬਣਾਇਆ। ਸਿੱਖ ਪੁਰਬਾਂ ਨੇ ਧਾਰਮਿਕ ਖੇਤਰ ਵਿਚ ਗ੍ਰਿਸਤੀ ਲੋਕਾਂ ਦਾ ਸਤਿਕਾਰ ਬਹਾਲ ਕੀਤਾ।

ਸਿੱਖ ਪੁਰਬਾਂ ਨੇ ਸਿੱਖਾਂ ਦੀ ਵਿਲਖਣ ਪਛਾਣ ਲਈ ਧਰਮ ਯੁੱਧ ਕਰਨ ਲਈ ਯੋਗਦਾਨ ਪਾਇਆ। ਸਰਬਤ ਖਾਲਸਾ ਅਤੇ ਗੁਰਮਤਾ ਦੀ ਪ੍ਰਥਾ ਨੇ ਲੋਕਤੰਤਰੀ ਵਰਤਾਰੇ ਨੂੰ ਉਤਸ਼ਾਹਿਤ ਕੀਤਾ। ਸਿੱਖ ਪੁਰਬਾਂ ਨੇ ਸਿੱਖ ਭਾਈਚਾਰੇ ਦੇ ਆਰਥਕ ਵਸੀਲਿਆਂ ਦੇ ਵਾਧੇ ਲਈ ਯੋਗਦਾਨ ਪਾਇਆ। ਸਿੱਖ ਪੁਰਬ ਸਿੱਖ ਭਾਈਚਾਰੇ ਦੇ ਵਿਕਾਸ ਦੇ ਵਰਤਾਰੇ ਲਈ ਸਾਰਥਕ ਮੰਚ ਬਣੇ ਹੋਏ ਹਨ। ਸਿੱਖ ਪੁਰਬਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਸਾਡੇ ਖੋਜ ਕਾਰਜ ਦੇ ਖੇਤਰ ਸੀਮਤ ਹਨ। ਇਸ ਲਈ ਇਤਿਹਾਸਕ ਤਬਦੀਲੀਆਂ, ਰੁਝਾਨਾਂ ਅਤੇ ਵਰਤਾਰਿਆਂ ਦੀ ਰੌਸ਼ਨੀ ਵਿਚ ਹੋਰ ਵਿਸਥਾਰਿਤ ਅਧਿਐਨ ਲੋੜ ਹੈ।

**ABSTRACT**

## Sikh Festivals : A Sociological Study

Sikh festivals have been a huge contributor to the development of our society and can be included in the important activities of life. Festivals are believed to be the product of spiritual and religious beliefs of the people. These festivals seem to have common qualities like worship of environment, human entertainment, business etc. Each festival has its own history of its beginnings. There is a great importance of historical past events. The purposes of this research are to study the social aspects of Sikh festivals, to study various intervals of Sikh events and their inter-connections. Study to the social, religious and economic aspects of Sikh festivals, analyzing the activities of Sikh events. As the first phase of research, Sikh festivals have been classified according to the weather and area. After that, their five major festivals such as : Diwali, Baisakhi, Hola Mahalla, Magahi and *Shaheedi Jodh Mela* of Fatehgarh Sahib were selected for the purpose of studying. They are selected because in addition to the intensive research, acne sources are included in the study to obtain historical information about Sikh festivals. Historical and experienced information has also been compared. Keeping in view the search criteria, the significance of the visionaries of the historical Gurdwara's of five towns respectively has been explained. Contacting different sects and organizations of the *Sikh Panth* has religious analysis of their motives. Surveys of *langars* and health-care camps being run for the congregations in Sikh festivals. The beginning of the Sikh festival, Guru Amar Das accepted the request of the Sikh *sangat* in 1567 AD, the *Baisakhi* was organized at Goindwal, which became the National festival of Baisakhi in 1699. After studying various aspects of Sikh festivals, according to our opinion, the Sikh festivals are an important platform for the Sikh Sangat for religious, social, economic and political consciousness. Every major Every major theme of Sikh history is associated to some other Sikh festival. Communal harmony and mutual co-operation have been the aim of each festival. *Gurmatte* are proved that the basis of the establishment of *Khalsa* state. At present, the feature of Sikh festivals has increased.

**Supervisor :** **Researcher :**

**Dr. Gurmeet Singh Sidhu** **Khushhal Singh**
Professor

# ਸਿੱਖ ਪੁਰਬ: ਇੱਕ ਸਮਾਜ ਸ਼ਾਸਤਰੀ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨ ਫੈਕਲਟੀ ਅਧੀਨ

ਧਰਮ ਅਧਿਐਨ ਵਿਸ਼ੇ ਵਿਚ ਡਾਕਟਰ ਆਫ ਫਿਲਾਸਫੀ ਦੀ

ਡਿਗਰੀ ਦੀਆਂ ਸ਼ਰਤਾਂ ਦੀ ਪੂਰਤੀ ਹਿਤ ਪ੍ਰਸਤੁਤ

## ਸਾਰਅੰਸ਼ (2018)

**ਰਜਿਸਟ੍ਰੇਸ਼ਨ ਦੀ ਮਿਤੀ :01-02-2010**

ਨਿਗਰਾਨ : ਖੋਜਾਰਥੀ :

**ਡਾ. ਗੁਰਮੀਤ ਸਿੰਘ ਸਿੱਧੂ** **ਖੁਸ਼ਹਾਲ ਸਿੰਘ**

ਪ੍ਰੋਫੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਿੱਖ ਪੁਰਬ: ਇੱਕ ਸਮਾਜਸ਼ਾਸਤਰੀ ਅਧਿਐਨ

ਸਿੱਖ ਪੁਰਬਾਂ ਦਾ ਸਾਡੇ ਸਮਾਜ ਦੇ ਵਿਕਾਸ ਵਿਚ ਭਾਰੀ ਯੋਗਦਾਨ ਰਿਹਾ ਹੈ ਅਤੇ ਇਹ ਜੀਵਨ ਦੀਆਂ ਮਹੱਤਵਪੂਰਨ ਗਤੀਵਿਧੀਆਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ। ਪੁਰਬ ਲੋਕਾਂ ਦੇ ਅਧਿਆਤਮਿਕ ਅਤੇ ਧਾਰਮਿਕ ਵਿਸ਼ਵਾਸਾਂ ਦੀ ਉਪਜ ਮੰਨੇ ਜਾਂਦੇ ਹਨ। ਇਹਨਾਂ ਮੇਲਿਆਂ ਵਿਚ ਪ੍ਰਕ੍ਰਿਤੀ ਦੀ ਪੂਜਾ, ਮਾਨਵੀ ਮਨੋਰੰਜਨ, ਵਪਾਰ ਆਦਿ ਸਾਂਝੇ ਗੁਣ ਪ੍ਰਤੀਤ ਹੁੰਦੇ ਹਨ। ਹਰੇਕ ਪੁਰਬ ਦੀ ਅਰੰਭਤਾ ਦਾ ਆਪੋ-ਆਪਣਾ ਇਤਿਹਾਸ ਹੈ। ਇਤਿਹਾਸਕ ਪਿਛੋਕੜ ਵਾਲੇ ਪੁਰਬਾਂ ਦੀ ਬਹੁਤ ਮਹਾਨਤਾ ਹੈ। ਇਸ ਖੋਜ ਦੇ ਲਿਖਤ ਉਦੇਸ਼ ਹਨ[ਸਿੱਖ ਪੁਰਬਾਂ ਦੇ ਸਮਾਜ ਵਿਗਿਆਨਕ ਪੱਖਾਂ ਦਾ ਅਧਿਐਨ ਕਰਨਾ। ਸਿੱਖ ਪੁਰਬਾਂ ਦੀਆਂ ਵਿਭਿੰਨ ਵੰਨਗੀਆਂ ਅਤੇ ਇਹਨਾਂ ਦੇ ਅੰਤਰ-ਸਬੰਧਾਂ ਦਾ ਅਧਿਐਨ ਕਰਨਾ।ਸਿੱਖ ਪੁਰਬਾਂ ਦਾ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖ ਦਾ ਅਧਿਐਨ ਕਰਨਾ। ਸਿੱਖ ਪੁਰਬਾਂ ਦੀਆਂ ਗਤੀਵਿਧੀਆਂ ਦਾ ਵਿਸ਼ਲੇਸ਼ਣ ਕਰਨਾ। ਖੋਜ ਦੇ ਪਹਿਲੇ ਪੜਾਅ ਵਜੋਂ ਸਿੱਖ ਪੁਰਬਾਂ ਦਾ ਮੌਸਮ ਅਤੇ ਇਲਾਕੇ ਦੇ ਅਨੁਸਾਰ ਵਰਗੀਕਰਨ ਕੀਤਾ ਗਿਆ ਹੈ। ਇਸ ਤੋਂ ਉਪਰੰਤ ਪੰਜ ਪ੍ਰਮੁੱਖ ਪੁਰਬਾਂ ਜਿਵੇਂ ਦਿਵਾਲੀ, ਵਿਸਾਖੀ, ਹੋਲਾ ਮਹੱਲਾ, ਮਾਘੀ ਅਤੇ ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਨੂੰ ਗਹਿਨ ਅਧਿਐਨ ਲਈ ਚੁਣਿਆ ਗਿਆ। ਇਹਨਾਂ ਦੀ ਚੋਣ ਇਸ ਕਰਕੇ ਕੀਤੀ ਕਿਉਂ ਕਿ ਅਨੁਭਵੀ ਖੋਜ ਤੋਂ ਇਲਾਵਾ ਸਿੱਖ ਪੁਰਬਾਂ ਬਾਰੇ ਇਤਿਹਾਸਕ ਜਾਣਕਾਰੀ ਹਾਸਲ ਕਰਨ ਲਈ ਗੱਣ-ਸ੍ਰੋਤਾਂ ਨੂੰ ਅਧਿਐਨ ਵਿਚ ਸ਼ਾਮਲ ਕੀਤਾ ਗਿਆ ਹੈ। ਇਤਿਹਾਸਕ ਅਤੇ ਅਨੁਭਵੀ ਜਾਣਕਾਰੀ ਦੀ ਤੁਲਨਾ ਵੀ ਕੀਤੀ ਗਈ ਹੈ। ਖੋਜ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਪੰਜ ਨਗਰਾਂ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਦੀਦਾਰਿਆਂ ਦੀ ਮਹੱਤਤਾ ਦੀ ਕ੍ਰਮਵਾਰ ਵਿਆਖਿਆ ਕੀਤੀ ਹੈ। ਸਿੱਖ ਪੰਥ ਦੀਆਂ ਵੱਖ-ਵੱਖ ਸੰਪ੍ਰਦਾਵਾਂ ਅਤੇ ਸੰਸਥਾਵਾਂ ਨਾਲ ਸੰਪਰਕ ਕਰਕੇ ਇਨ੍ਹਾਂ ਦੇ ਮਨੋਰਥਾਂ ਬਾਰੇ ਧਾਰਮਿਕ ਵਿਸ਼ਲੇਸ਼ਣ ਕੀਤਾ ਹੈ। ਸਿੱਖ ਪੁਰਬਾਂ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਲਈ ਚਲਾਏ ਜਾ ਰਹੇ ਲੰਗਰਾਂ ਤੇ ਸਿਹਤ ਸੇਵਾਵਾਂ ਦੇ ਕੈਂਪਾਂ ਦਾ ਸਰਵੇਖਣ ਕੀਤਾ ਹੈ। ਸਿੱਖ ਪੁਰਬ ਦਾ ਅਰੰਭ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤ ਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ 1567 ਈ. ਦੀ ਵਿਸਾਖੀ ਨੂੰ ਗੋਇੰਦਵਾਲ ਵਿਖੇ ਕੀਤਾ ਜੋ 1699 ਦੀ ਵਿਸਾਖੀ ਤੀਕ ਕੌਮੀ ਪੁਰਬ ਬਣ ਗਿਆ। ਸਿੱਖ ਪੁਰਬਾਂ ਦੇ ਵੱਖ-ਵੱਖ ਪੱਖਾਂ ਦਾ ਅਧਿਐਨ ਕਰਨ ਉਪਰੰਤ ਸਾਡੀ ਰਾਇ ਅਨੁਸਾਰ ਸਿੱਖ ਪੁਰਬ ਸਿੱਖ ਸੰਗਤ ਲਈ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਚੇਤਨਾ ਲਈ ਮਹੱਤਵਪੂਰਨ ਵਿਚਾਰ ਮੰਚ ਹਨ। ਸਿੱਖ ਇਤਿਹਾਸ ਦਾ ਹਰ ਵੱਡਾ ਪ੍ਰਸੰਗ ਕਿਸੇ ਨਾ ਕਿਸੇ ਸਿੱਖ ਪੁਰਬ ਨਾਲ ਜੁੜਦਾ ਹੈ। ਭਾਈਚਾਰਕ ਸਾਂਝ ਅਤੇ ਆਪਸੀ ਮਿਲਵਰਤਨ ਭਾਵਨਾ ਹਰੇਕ ਪੁਰਬ ਦਾ ਮੰਤਵ ਰਹੀ ਹੈ। ਗੁਰਮਤੇ ਖਾਲਸਾ ਰਾਜ ਦੀ ਸਥਾਪਤੀ ਦਾ ਆਧਾਰ ਸਾਬਤ ਹੋਏ। ਵਰਤਮਾਨ ਸਮੇਂ ਵਿਚ ਸਿੱਖ ਪੁਰਬਾਂ ਦੀ ਵਿਸ਼ੇਸ਼ਤਾ ਵਿਚ ਵਾਧਾ ਹੋਇਆ ਹੈ।

# ਘੋਸ਼ਣਾ-ਪੱਤਰ

ਮੈਂ ਖੁਸ਼ਹਾਲ ਸਿੰਘ ਇਹ ਬਿਆਨ ਕਰਦਾ ਹਾਂ ਕਿ **'ਸਿੱਖ ਪੁਰਬ: ਇੱਕ ਸਮਾਜਸ਼ਾਸਤਰੀ ਅਧਿਐਨ**' ਵਿਸ਼ੇ 'ਤੇ ਪੀ. ਐਚ. ਡੀ. ਦੀ ਤਿਆਰੀ ਲਈ ਲਿਖਿਆ ਇਹ ਖੋਜ-ਨਿਬੰਧ ਨਿਰੋਲ ਮੇਰਾ ਆਪਣਾ ਕਾਰਜ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਕੀਤਾ ਗਿਆ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਨਿਗਰਾਨ 1.2.18

ਖੋਜਾਰਥੀ

**ਖੁਸ਼ਹਾਲ ਸਿੰਘ**

**ਗੁਰਮੀਤ ਸਿੰਘ ਸਿੱਧੂ**
ਪ੍ਰੋਫੈਸਰ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,

## ਧੰਨਵਾਦ

ਸਭ ਤੋਂ ਪਹਿਲਾਂ ਮੈ ਅਕਾਲ ਪੁਰਖ ਦਾ ਧੰਨਵਾਦੀ ਹਾਂ ਜਿਸ ਦੀ ਕਿਰਪਾ ਕਰਕੇ ਮੈ ਇਸ ਕਾਰਜ ਨੂੰ ਨਿਰਵੀਘਨਤਾ ਸਾਹਿਤ ਪੂਰਾ ਕਰਨ ਦੇ ਸਮਰਥ ਹੋ ਸਕਿਆ।

ਮੈ ਆਪਣੇ ਖੋਜਕਾਰਜ ਦੇ ਨਿਗਰਾਨ ਅਤੇ ਵਿਭਾਗ ਦੇ ਮੁੱਖੀ ਡਾ ਗੁਰਮੀਤ ਸਿੰਘ ਸਿਧੂ ਦਾ ਧੰਨਵਾਦੀ ਹਾਂ ਜਿਹਨਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਮੇਰੇ ਖੋਜ ਕਾਰਜ ਲਈ ਮੇਰੀ ਸਹਾਇਤਾ ਕੀਤੀ ਅਤੇ ਮੇਰੇ ਉਤਸ਼ਾਹ ਵਿਚ ਵਾਧਾ ਕੀਤਾ।

ਮੈ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦੇ ਲਾਇਬਰੇਰੀਅਨ ਤੇ ਅਮਲਾ,ਭਾਈ ਕ੍ਹਾਨ ਸਿੰਘ ਨਾਭਾ ਲਾਇਬਰੇਰੀ ਦਾ ਅਮਲਾ ਜਿਸ ਨੇ ਮੇਰੀ ਹਰ ਵਕਤ ਖੋਜ ਕਾਰਜ ਵਿਚ ਸਹਾਇਤਾ ਕੀਤੀ।

ਮੈ ਪ੍ਰੋਫੈਸਰ ਸਤਨਾਮ ਸਿੰਘ ਬੁੱਢਲਾਡਾ, ਪ੍ਰੋਫੈਸਰ ਸ਼ਾਮ ਸਿੰਘ ਗੜਦੀਵਾਲਾ ਜੋ ਮੇਰੇ ਇਸ ਖੋਜ ਕਾਰਜ ਵਿਚ ਜੋੜ ਮੇਲਿਆਂ ਵਿਚ ਸ਼ਾਮਲ ਹੋ ਕੇ ਵਰਤਾਲਾਪ ਦਰਜ ਕਰਨ ਵਿਚ ਸਹਾਇਕ ਬਣੇ।

ਮੈ ਕੇਂਦਰੀ ਸ੍ਰੀ ਗੁਰੂ ਸਿੰਘ ਸਭ ਦੇ ਦਫਤਰ ਸਕੱਤਰ ਮੁਹਿੰਦਰ ਸਿੰਘ ਦਾ ਧੰਨਵਾਦੀ ਹਾਂ ਜਿਸ ਨੇ ਇਸ ਖੋਜ ਕਾਰਜ ਨੂੰ ਟਾਇਪ ਕਰਕੇ ਸਹਾਇਤਾ ਕੀਤੀ।

ਮੈ ਆਪਣੀ ਧਰਮ ਪਤਨੀ ਰਸ਼ਪਾਲ ਕੌਰ ਅਤੇ ਬੇਟੀ ਮਨਕੀਰਤ ਕੌਰ ਗੁਰਕੀਰਤ ਕੌਰ ਅਤੇ ਹਰਤਾਜ ਸਿੰਘ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ ਜਿਸ ਕਰਕੇ ਮੈ ਆਪਣਾ ਖੋਜ ਕਾਰਜ ਪੂਰਾ ਕੀਤਾ।

ਮੈ ਸਮੂਹ ਸਿੱਖ ਜਥੇਬੰਦੀਆਂ ਦੇ ਜਥੇਦਾਰਾਂ ਅਤੇ ਸਿੱਖ ਸੰਸਥਾਵਾਂ ਦੇ ਪ੍ਰਬੰਧਕਾ ਦਾ ਧੰਨਵਾਦੀ ਜਿਨ੍ਹਾਂ ਨੇ ਮੇਰੀ ਇਸ ਕਾਰਜ ਵਿਚ ਸਹਾਇਤਾ ਕੀਤੀ।

ਮਿਤੀ 12-7-2018

ਖੁਸ਼ਹਾਲ ਸਿੰਘ

# ਜਾਣ-ਪਛਾਣ

ਮਨੁੱਖੀ ਇਤਿਹਾਸ ਵਿਚ ਸਮਾਜਿਕ ਲੋੜਾਂ ਦੀ ਪੂਰਤੀ ਲਈ ਮੇਲੇ ਜਾਂ ਪੁਰਬ ਹੋਂਦ ਵਿਚ ਆਏ ਮੰਨੇ ਜਾ ਸਕਦੇ ਹਨ। ਮੇਲਿਆਂ ਦਾ ਸਮਾਜ ਦੇ ਵਿਕਾਸ ਵਿਚ ਵੱਡਾ ਯੋਗਦਾਨ ਰਿਹਾ ਹੈ। ਸਿੱਖ ਪੁਰਬ ਸਿੱਖ ਸੰਗਤ ਲਈ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਚੇਤਨਾ ਲਈ ਮਹੱਤਵਪੂਰਨ ਹਨ। ਸਿੱਖ ਇਤਿਹਾਸ ਦਾ ਹਰ ਪ੍ਰਸੰਗ ਕਿਸੇ ਨਾ ਕਿਸੇ ਸਿੱਖ ਪੁਰਬ ਨਾਲ ਜੁੜਦਾ ਹੈ। ਵਰਤਮਾਨ ਸਮੇਂ ਵਿਚ ਸਿੱਖ ਪੁਰਬਾਂ ਦੇ ਮਹੱਤਵ ਵਿਚ ਵਾਧਾ ਹੋਇਆ ਹੈ। ਸਿੱਖ ਸਰੋਕਾਰਾਂ ਵਿਚ ਸਿੱਖ ਪੁਰਬ ਅਤੇ ਜੋੜ-ਮੇਲਿਆਂ ਦੀ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਹੋਈ ਹੈ ਪਰ ਅਕਾਦਮਿਕ ਪੱਧਰ 'ਤੇ ਇਹਨਾਂ ਨੂੰ ਦ੍ਰਿਸ਼ਟੀਗੋਚਰ ਕਰਨ ਵਾਲੀ ਖੋਜ ਸਮੱਗਰੀ ਬਹੁਤ ਘੱਟ ਮਿਲਦੀ ਹੈ। ਇਸ ਅਧਿਐਨ ਵਿਚ ਪੁਰਬਾਂ ਦੇ ਹਵਾਲੇ ਨਾਲ ਗੁਰੂ ਸਾਹਿਬਾਨ ਦੇ ਸ਼ਖਸੀਅਤ ਚਿਤਰਣ ਅਤੇ ਸਿੱਖ ਜੀਵਨ ਜਾਚ ਵਿਚ ਪਰੰਪਰਾਗਤ ਪਹੁੰਚ ਤੋਂ ਬਾਹਰ ਦੇ ਕੁਝ ਨਵੇਂ ਪਹਿਲੂਆਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਮੇਲੇ ਅਤੇ ਤਿਉਹਾਰ ਸਮਾਜਿਕ ਜੀਵਨ ਨੂੰ ਇਕਜੁਟ ਕਰਦੇ ਹਨ । ਪੰਜਾਬੀ ਸਮਾਜ ਭੂਗੋਲਿਕ ਕਾਰਨਾਂ ਕਰਕੇ ਮੁੱਖ ਰੂਪ ਵਿਚ ਖੇਤੀਬਾੜੀ ਆਧਾਰਤ ਸਮਾਜ ਹੈ। ਇਸ ਖੇਤਰ ਵਿਚ ਵਸਦੇ ਲੋਕਾਂ ਦੀ ਸੱਭਿਅਤਾ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਇਸ ਖਿੱਤੇ ਵਿਚ ਪੂਰਬੀ ਅਤੇ ਪੱਛਮੀ ਧਾਰਮਿਕ ਵਿਸ਼ਵਾਸ ਦੇ ਧਾਰਨੀ ਲੋਕਾਂ ਦੇ ਸੱਭਿਆਚਾਰਕ ਆਦਾਨ-ਪ੍ਰਦਾਨ ਨੇ ਸਮਾਜ ਨੂੰ ਪ੍ਰਭਾਵਤ ਕੀਤਾ ਹੈ, ਜਿਸ ਨੇ ਧਾਰਮਿਕ, ਸਮਾਜਿਕ ਅਤੇ ਆਰਥਿਕ ਪੱਖਾਂ ਤੋਂ ਮੇਲਿਆਂ ਤੇ ਤਿਉਹਾਰਾਂ ਦੇ ਸਰੂਪ ਨੂੰ ਪ੍ਰਭਾਵਤ ਕੀਤਾ ਹੈ।

ਪ੍ਰਾਚੀਨ ਸਮੇਂ ਵਿਚ ਮਨਾਏ ਜਾਂਦੇ ਬਹੁਤੇ ਤਿਉਹਾਰ ਅਤੇ ਪੁਰਬਾਂ ਦਾ ਸਬੰਧ ਸੂਰਜ ਅਤੇ ਚੰਦਰਮਾ ਦੀ ਗਤੀ ਨਾਲ ਸੀ। ਭਾਰਤ ਵਿਚ ਦੋ ਕਿਸਮ ਦੇ ਸਾਲ ਪ੍ਰਚਲਿਤ ਹਨ, ਪਹਿਲਾ ਸੂਰਜੀ ਸਾਲ ਜੋ ਵਿਸਾਖੀ ਤੋਂ ਆਰੰਭ ਹੁੰਦਾ ਹੈ ਅਤੇ ਚੇਤਰ ਵਿਚ ਸਮਾਪਤ ਹੋ ਜਾਂਦਾ ਹੈ। ਇਸ ਦੇ 365 ਦਿਨ ਹੁੰਦੇ ਹਨ। ਸੂਰਜ ਨਾਲ ਸਬੰਧਤ ਸਾਡੇ ਦੋ ਪ੍ਰਮੁੱਖ ਪੁਰਬ ਵਿਸਾਖੀ ਅਤੇ ਮਾਘੀ ਹਨ। ਆਮ ਤੌਰ ਤੇ ਈਸਵੀ ਸਾਲ ਦੀਆਂ ਤਾਰੀਖਾਂ ਅਨੁਸਾਰ ਵਿਸਾਖੀ 13 ਅਪ੍ਰੈਲ ਅਤੇ ਮਾਘੀ 14 ਜਨਵਰੀ ਨੂੰ ਆਉਂਦੀ ਹੈ। ਦੂਜਾ ਬਿਕ੍ਰਮੀ ਸਾਲ ਚੰਦ ਦੀ ਗਤੀ ਨਾਲ ਸਬੰਧਤ ਹੈ, ਜੋ ਚੇਤਰ ਵਿਚ ਆਰੰਭ ਹੋ ਕੇ ਫੱਗਣ ਦੀ ਮੱਸਿਆ ਨੂੰ ਸਮਾਪਤ ਹੁੰਦਾ ਹੈ। ਇਸ ਦੇ 355 ਦਿਨ

ਹੁੰਦੇ ਹਨ। ਇਸ ਨਾਲ ਸਬੰਧਤ ਪੁਰਬ ਦੁਸਹਿਰਾ, ਦੀਵਾਲੀ, ਹੋਲਾ-ਮਹੱਲਾ ਆਦਿ ਹਨ। ਇਸ ਸਾਲ ਵਿਚ 11 ਦਿਨਾਂ ਦਾ ਅੰਤਰ ਹੁੰਦਾ ਹੈ, ਜਿਸ ਕਾਰਨ ਤਿੰਨ ਸਾਲ ਪਿਛੋਂ ਸਾਲ ਦੇ ਤੇਰਾਂ ਮਹੀਨੇ ਹੋ ਜਾਂਦੇ ਹਨ। ਮਿਥਿਹਾਸਕ ਕਥਾਵਾਂ ਅਨੁਸਾਰ ਤੇਰਵੇਂ ਮਹੀਨੇ ਨੂੰ ਅਸ਼ੁਭ ਮੰਨਿਆ ਗਿਆ ਹੈ। ਗ੍ਰਹਿਆਂ ਦੀ ਕਰੋਪੀ ਤੋਂ ਬਚਾਅ ਹਿਤ ਇਹਨਾਂ ਪੁਰਬਾਂ ਮੌਕੇ ਕਈ ਪ੍ਰਕਾਰ ਦਾ ਦਾਨ ਪੁੰਨ ਕਰਨ ਦੀ ਰੀਤ ਪ੍ਰਚੱਲਿਤ ਹੈ। ਪ੍ਰਾਚੀਨ ਸਮੇਂ ਤੋਂ ਮਨੁੱਖ ਕੁਦਰਤੀ ਕਰੋਪੀ ਤੋਂ ਬਚਣ ਲਈ ਧਰਮ ਦਾ ਸਹਾਰਾ ਲੈਂਦਾ ਰਿਹਾ ਹੈ।

ਗੁਰਮੀਤ ਸਿੰਘ ਸਿੱਧੂ ਅਨੁਸਾਰ;

> "ਪਰਿਵਾਰਕ ਅਤੇ ਸਮਾਜਕ ਜੀਵਨ ਵਿਚ ਸੁੱਖ ਸ਼ਾਂਤੀ ਬਣੀ ਰਹੇ। ਉਹਨਾਂ ਦੇ ਸਭ ਕਾਰਜ ਸ਼ੁਭ ਅਤੇ ਸ਼ੁੱਧ ਹੋਣ ਇਸ ਕਰਕੇ ਲੋਕ ਸਭ ਤੋਂ ਪਹਿਲਾਂ ਪਰਮਾਤਮਾ ਜਾਂ ਦੇਵੀ ਦੇਵਤਿਆਂ ਦਾ ਸਹਾਰਾ ਲੈਂਦੇ ਹਨ। ਪਰਮਾਤਮਾ ਕਿਉਂਕਿ ਚੰਗਾ ਹੈ ਉਸਦੇ ਸਹਾਰੇ ਨਾਲ ਮਾੜੀਆਂ ਰੂਹਾਂ ਦੂਰ ਹੋ ਜਾਂਦੀਆਂ ਹਨ। ਪਰਮਾਤਮਾ ਦਾ ਇਹ ਸਹਾਰਾ ਲੈਣ ਲਈ ਸੰਸਕਾਰ ਹੋਂਦ ਵਿਚ ਆਏ ਹਨ।"[1]

ਸਮਾਜ ਵਿਗਿਆਨੀਆਂ ਦੀ ਧਾਰਨਾ ਹੈ ਕਿ ਪ੍ਰਾਚੀਨ ਸਮਾਜ ਧਰਮ (ਟੋਟਮ) ਦੇ ਜ਼ਰੀਏ ਇਕਜੁੱਟ ਰਹਿੰਦੇ ਸਨ। ਸਿੱਖ ਭਾਈਚਾਰੇ ਵਿਚ ਮੇਲਾ ਅਤੇ ਪੁਰਬ ਸ਼ਬਦ ਘੁਲੇ ਮਿਲੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ;

> "ਸਿੱਖ ਪੁਰਬ ਦੇ ਸ਼ਬਦੀ ਅਰਥ ਅਨੰਦ ਦੇਣ ਵਾਲਾ ਪੁਰਬ ਹੈ, ਜਿਸ ਵਿਚ ਉਹ ਉਤਸਵ, ਤਿਉਹਾਰ ਜਾਂ ਜੋੜ ਮੇਲੇ ਸ਼ਾਮਲ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਸਬੰਧ ਗੁਰੂ ਦੀ ਪ੍ਰੇਮ-ਭਗਤੀ ਅਤੇ ਭੈ ਭਾਵਨੀ ਨਾਲ ਹੈ । ਇਹਨਾਂ ਕਾਰਜਾਂ ਵਿਚ ਸਿੱਖ ਆਪ ਇਸ਼ਨਾਨ, ਨਾਮ-ਦਾਨ ਦ੍ਰਿੜ ਕਰਦੇ ਹੋਏ ਹੋਰਨਾਂ ਨੂੰ ਪ੍ਰੇਰਦੇ ਹਨ।"[2]

ਭਾਈ ਕਾਨ੍ਹ ਸਿੰਘ ਨਾਭਾ ਨੇ ਪੁਰਬਾਂ 'ਤੇ ਵਿਸਥਾਰ ਵਿਚ ਕਾਰਜ ਨਹੀਂ ਕੀਤਾ। ਇਨ੍ਹਾ ਨੇ ਸਿੱਖ ਪੁਰਬਾਂ ਦੀ ਬਹੁਤ ਸੀਮਤ ਜਾਣਕਾਰੀ ਦਿਤੀ ਹੈ। ਆਪ ਜੀ ਨੇ ਟੁੱਟਵੇਂ ਰੂਪ ਵਿਚ ਸਿੱਖ ਪੁਰਬਾਂ ਤੇ ਕੰਮ ਤਾਂ ਕੀਤਾ ਹੈ,

---

1 ਗੁਰਮੀਤ ਸਿੰਘ ਸਿੱਧੂ, *ਬ੍ਰਾਹਮਣਵਾਦ ਤੋਂ ਹਿੰਦੂਵਾਦ*, ਗੁਰਗਿਆਨ ਬੁਕਸ, ਪਟਿਆਲਾ, 2018, ਪੰ.118

2 ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤਿ ਮਾਰਤੰਡ*, ਭਾਗ-ਪਹਿਲਾ, ਪੰ. 383

ਪ੍ਰੰਤੂ ਵਿਸ਼ੇ-ਬਧ ਜਾਣਕਾਰੀ ਘੱਟ ਮਿਲਦੀ ਹੈ। ਮਹਾਨ ਕੋਸ਼ ਵਿਚ ਦਾਰਸ਼ਨਿਕ ਅਤੇ ਸ਼ਬਦੀ ਅਰਥ ਹੀ ਦਿੱਤੇ ਗਏ ਹਨ।

ਸ਼ੇਰ ਸਿੰਘ ਕੰਵਲ ਅਨੁਸਾਰ;

> "ਮੇਲਾ ਮੇਲ ਧਾਤੂ ਤੋਂ ਬਣਿਆ ਸ਼ਬਦ ਹੈ ਤੇ ਇਸ ਵਿਚ ਰਸ ਰੰਗ ਤੇ ਆਨੰਦ ਦਾ ਵਿਸਮਾਦ ਹੈ। ਮੇਲਾ ਪੰਜਾਬੀਆਂ ਲਈ ਖੁਸ਼ੀਆਂ ਖੇੜਿਆਂ ਤੇ ਮਿਲਾਪ ਦਾ ਮੁਕਾਮ ਹੈ। ਪੰਜਾਬੀ ਤਾਂ ਆਪਣੇ ਸ਼ਹੀਦਾਂ ਦੇ ਦਿਨ ਵੀ ਮੇਲਾ ਲਾ ਕੇ ਮਨਾਉਂਦੇ ਹਨ। ਪੰਜਾਬੀਆਂ ਅਥਵਾ ਸਿੱਖਾਂ ਲਈ ਸੰਤਾਂ ਮਹਾਂਪੁਰਸ਼ਾਂ ਦੀਆਂ ਬਰਸੀਆਂ ਵੀ ਉਤਸਵ ਜਾਂ ਜੋੜ ਮੇਲੇ ਬਣ ਜਾਂਦੇ ਹਨ। ਉਹ ਸੰਤਾਂ ਮਹਾਂਪੁਰਸ਼ਾਂ ਨੂੰ ਵੀ ਹੱਸਕੇ ਵਿਦਾ ਕਰਦੇ ਹਨ, ਉਹਨਾਂ ਦੇ ਬਿਬਾਨ ਕੱਢਦੇ ਹਨ। ਮੇਲੇ ਕਿਸੇ ਖਿੱਤੇ ਦੇ ਲੋਕਾਂ ਲਈ ਉਹ ਮੰਚ ਹੁੰਦੇ ਹਨ, ਜਿਥੇ ਉਹ ਆਪਣੇ ਸੱਭਿਆਚਾਰ ਦਾ ਨਿਝੱਕ ਹੋ ਕੇ ਪ੍ਰਦਰਸ਼ਨ ਕਰਦੇ ਹਨ। ਇਸ ਤਰ੍ਹਾਂ ਪੰਜਾਬ ਦੇ ਮੇਲਿਆਂ ਦਾ ਸੱਭਿਆਚਾਰ ਪੰਜਾਬ ਦਾ ਸੱਭਿਆਚਾਰ ਹੀ ਹੈ।"[3]

ਐਚ. ਪੀ. ਦਿਵੇਦੀ ਦੇ ਸ਼ਬਦਾਂ ਅਨੁਸਾਰ;

> "ਮੇਲੇ ਸਾਡੇ ਸੱਭਿਆਚਾਰਕ ਜੀਵਨ ਦੇ ਜਿਉਂਦੇ ਜਾਗਦੇ ਪ੍ਰਤੀਕ ਹਨ। ਜਾਤੀ ਅਤੇ ਕੌਮੀ ਵਖਰੇਵਿਆਂ ਦੇ ਬਾਵਜੂਦ ਵੀ ਇਹ ਲੰਬੇ ਸਮੇਂ ਤੋਂ ਇਕਸਾਰਤਾ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਰਹੇ ਹਨ।"[4]

ਸਮਾਜ-ਵਿਗਿਆਨੀ ਨਿਕੋਲਈ ਟਰੂਬੈਟਜਕੋਇ ਦੇ ਅਨੁਸਾਰ;

> "ਮਿਥਿਹਾਸਕ ਧੁਨੀ ਵਿਗਿਆਨ, ਪ੍ਰਤੀਕ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੇ ਤੱਤਾਂ ਦੇ ਅਧਿਐਨ ਨੂੰ ਅਣਗੌਲਿਆ ਨਹੀਂ ਜਾ ਸਕਦਾ। ਇਸ ਦੇ ਸਰਬ-ਪੱਖੀ ਅਧਿਐਨ ਨਾਲ ਪ੍ਰਕ੍ਰਿਤੀ

---

3 ਸ਼ੇਰ ਸਿੰਘ ਕੰਵਲ, *ਪੰਜਾਬ ਦੇ ਮੇਲੇ*, ਤਰਲੋਚਨ ਪਬਲਿਸ਼ਰਜ਼,ਚੰਡੀਗੜ੍ਹ, 2013 ਪੰਨਾ 9

4 The fairs are living symbols of our cultural life. For long years they have been exercising unifying influences, from under the seeming differences, that separate caste and communalism. H.P.Dwivedi, "Cultural Significance of Fairs" Fairs and Festivals, Census of India, 1961, Vol. XIII, Punjab, Part VII, Delhi: Government of India,1965, p. 2

ਦੇ ਵਿਗਿਆਨ ਨੂੰ ਠੀਕ ਸਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ। ਵੱਖੋ-ਵਖਰੇ ਸ਼ਬਦ ਕੋਸ਼ਾਂ ਵਿਚ ਮੇਲਿਆਂ ਅਤੇ ਤਿਉਹਾਰਾਂ ਦੀ ਆਰੰਭਤਾ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਅਤੇ ਨਾ ਹੀ ਇਹ ਮੇਲਿਆਂ ਦੇ ਸਮਾਜਿਕ ਅਤੇ ਸੱਭਿਆਚਾਰਕ ਅਮੀਰ ਪ੍ਰੰਪਰਾਵਾਂ ਦੀ ਵਿਸਥਾਰਮਈ ਜਾਣਕਾਰੀ ਪ੍ਰਦਾਨ ਕਰਦੇ ਹਨ। ਭਾਰਤੀ ਮੇਲਿਆਂ ਅਤੇ ਤਿਉਹਾਰਾਂ ਦਾ ਪਿਛੋਕੜ ਮਿਥਿਹਾਸ ਨਾਲ ਸੰਬਿਧਤ ਹੈ। ਇਹ ਲੋਕਾਂ ਦੇ ਅਧਿਆਤਮਕ ਅਤੇ ਧਾਰਮਿਕ ਵਿਸ਼ਵਾਸ਼ਾਂ ਦੀ ਉਪਜ ਮੰਨੇ ਜਾਂਦੇ ਹਨ। ਇਹਨਾਂ ਮੇਲਿਆਂ ਵਿਚ ਪ੍ਰਕ੍ਰਿਤੀ ਦੀ ਪੂਜਾ, ਮਾਨਵੀ ਮਨੋਰੰਜਨ, ਵਪਾਰ ਆਦਿ ਮੇਲਿਆਂ ਦੇ ਸਾਂਝੇ ਗੁਣ ਪ੍ਰਤੀਤ ਹੁੰਦੇ ਹਨ।"[5]

ਮੇਲਾ ਸ਼ਬਦ ਮੁੱਢਲੇ ਰੂਪ ਵਿਚ ਮੇਲ ਮਿਲਾਪ ਦੀ ਉਕਤੀ ਨਾਲ ਸਬੰਧਤ ਹੈ। ਸਮਾਜਕ ਸੰਸਥਾਵਾਂ ਦੇ ਵਿਕਾਸ ਨਾਲ ਮੇਲਾ ਸ਼ਬਦ ਦੇ ਅਰਥਾਂ ਦਾ ਘੇਰਾ ਵੀ ਬਹੁਤ ਵਿਸ਼ਾਲ ਬਣ ਗਿਆ ਹੈ। ਹੁਣ ਇਸ ਸ਼ਬਦ ਨਾਲ ਸਮਾਜ ਦੀਆਂ ਧਾਰਮਿਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਗਤੀਵਿਧੀਆਂ ਵੀ ਸ਼ਾਮਿਲ ਹੋ ਗਈਆਂ ਹਨ। ਜੋੜ ਮੇਲਾ, ਪੁਰਬ ਅਤੇ ਤਿਥ-ਤਿਉਹਾਰ ਪ੍ਰਕ੍ਰਿਤੀ ਅਤੇ ਸਰੂਪ ਕਰਕੇ ਅੰਤਰ-ਸਬੰਧ ਰੱਖਦੇ ਹਨ।

**ਪੰਜਾਬੀ ਸਮਾਜ ਅਤੇ ਪੁਰਬ**: ਪੁਰਬ, ਮੇਲੇ, ਤਿਉਹਾਰ, ਉਤਸਵ ਅਤੇ ਜੋੜ-ਮੇਲੇ ਪ੍ਰਕ੍ਰਿਤੀ ਅਤੇ ਸਰੂਪ ਪੱਖੋਂ ਆਪਸ ਵਿਚ ਮੇਲ ਖਾਂਦੇ ਹਨ। ਤਿਉਹਾਰ ਲੋਕ ਆਪਣੇ ਘਰਾਂ ਵਿਚ ਮਨਾਉਂਦੇ ਹਨ, ਜੋ ਇਕ ਦਿਨ ਦਾ ਹੁੰਦਾ ਹੈ। ਮੇਲੇ ਖਾਸ ਨਿਸ਼ਚਿਤ ਪਵਿੱਤਰ ਮੰਨੇ ਜਾਂਦੇ ਸਥਾਨਾਂ ਉਤੇ ਖਾਸ ਥਿਤਾਂ ਨੂੰ ਆਯੋਜਿਤ ਕੀਤੇ ਜਾਂਦੇ ਹਨ, ਜੋ ਕਈ ਦਿਨਾਂ ਤੀਕ ਭਰਦੇ ਹਨ। ਹਰ ਮੇਲੇ ਦਾ ਕੋਈ ਕੇਂਦਰੀ ਸਥਾਨ ਹੁੰਦਾ ਹੈ। ਪੰਜਾਬ ਦੀ ਧਰਤੀ ਨੂੰ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਕਿਹਾ ਜਾਂਦਾ ਹੈ। ਹਰ ਪ੍ਰਕਾਰ ਦੇ ਮੇਲੇ ਅਤੇ ਤਿਉਹਾਰ ਇਥੇ ਆਯੋਜਿਤ ਕੀਤੇ ਜਾਂਦੇ ਹਨ।

ਹਰਜਿੰਦਰ ਵਾਲੀਆ ਦੇ ਖੋਜ ਕਾਰਜ ਵਿਚ ਦਿਤੀ ਜਾਣਕਾਰੀ ਅਨੁਸਾਰ;

---

5 Just as phonologist tries to determine which differences in sound bears meaning and which do not, so the anthropologist or the sociologist studying clothing would be trying to isolate those features of garments which carried social significance. He attempts to reconstruct the system of relations and distinctions which members of a society have assimilated and which they display in taking certains garments as indicating a particular life-style, social life, or social attitude. He is, in short, interested in those features by which garments are made into signs

"1947 ਤੋਂ ਪਹਿਲਾਂ ਅਣ-ਵੰਡੇ ਪੰਜਾਬ ਵਿਚ 7000 ਮੇਲੇ ਆਯੋਜਿਤ ਕੀਤੇ ਜਾਣ ਦੀ ਜਾਣਕਾਰੀ ਮਿਲਦੀ ਹੈ। 1961 ਵਿਚ ਕੀਤੇ ਗਏ ਸਰਵੇਖਣ ਅਨੁਸਾਰ ਭਾਰਤੀ ਪੰਜਾਬ ਵਿਚ 4561 ਮੇਲੇ ਲਗਦੇ ਸਨ। 1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆਉਣ ਪਿਛੋਂ ਇਹ ਗਿਣਤੀ 2027 ਮੰਨੀ ਗਈ ਹੈ।"[6]

ਪੰਜਾਬ ਦੇ ਬਹੁਤੇ ਮੇਲੇ ਪੇਂਡੂ ਇਲਾਕਿਆਂ ਵਿਚ ਆਯੋਜਿਤ ਕੀਤੇ ਜਾਂਦੇ ਹਨ। ਇਹਨਾਂ ਮੇਲਿਆਂ ਵਿਚ ਵੱਡੀ ਸ਼ਮੂਲੀਅਤ ਪੇਂਡੂ ਲੋਕਾਂ ਦੀ ਹੁੰਦੀ ਹੈ। ਇਹਨਾਂ ਮੇਲਿਆਂ ਵਿਚ ਹਰ ਵਰਗ ਦੇ ਲੋਕ ਭਾਰੀ ਗਿਣਤੀ ਵਿਚ ਸ਼ਮੂਲੀਅਤ ਕਰਦੇ ਹਨ। ਹਰੇਕ ਮੇਲੇ ਦੀ ਆਰੰਭਤਾ ਦਾ ਆਪੋ-ਆਪਣਾ ਇਤਿਹਾਸ ਹੈ। ਇਤਿਹਾਸਕ ਪਿਛੋਕੜ ਵਾਲੇ ਮੇਲਿਆਂ ਦੀ ਮਹਾਨਤਾ ਵਧੇਰੇ ਹੈ।

**ਮੇਲਿਆਂ ਦਾ ਵਰਗੀਕਰਨ**: ਖੋਜ ਕਾਰਜ ਨੂੰ ਵਿਧੀਵਤ ਢੰਗ ਨਾਲ ਕਰਨ ਲਈ ਅਸੀਂ ਪੰਜਾਬ ਦੇ ਮੇਲਿਆਂ ਦਾ ਵਰਗੀਕਰਨ ਕੀਤਾ ਹੈ। ਪੰਜਾਬ ਦੇ ਮੇਲਿਆਂ ਦਾ ਵਰਗੀਕਰਨ ਕਰਨਾ ਔਖਾ ਕਾਰਜ ਹੈ। ਪ੍ਰਸਿੱਧ ਵਿਦਵਾਨ ਵਣਜਾਰਾ ਬੇਦੀ ਨੇ ਮੇਲਿਆਂ ਨੂੰ ਚਾਰ ਅਧਾਰਾਂ 'ਤੇ ਵੰਡਿਆ ਹੈ;

"(1) ਮੌਸਮੀ, (2) ਮਿਥਿਹਾਸਕ, (3) ਮਹਾਂਪੁਰਸ਼ਾਂ ਨੂੰ ਸਮਰਪਤ ਮੇਲੇ, (4) ਤਿਉਹਾਰਾਂ ਨਾਲ ਸਬੰਧਿਤ ਮੇਲੇ।"[7]

ਜੇਕਰ ਇਸ ਵਰਗੀਕਰਨ ਵਿਚ ਪੰਜਾਬ ਦੇ ਧਾਰਮਿਕ ਅਤੇ ਇਤਿਹਾਸਕ ਪੁਰਬ/ਮੇਲੇ ਸ਼ਾਮਲ ਕੀਤੇ ਜਾਣ ਤਾਂ ਵਰਗਾਂ ਦੀ ਗਿਣਤੀ ਵਿਚ ਵਾਧਾ ਹੋ ਜਾਂਦਾ ਹੈ।

1. ਮੌਸਮੀ ਮੇਲੇ- ਵੈਸਾਖੀ ਅਤੇ ਬੰਸਤ ਪੰਚਮੀ

2. ਮਿਥਿਹਾਸਕ ਤੇ ਸੱਭਿਆਚਾਰਕ ਮੇਲੇ- ਛਪਾਰ ਅਤੇ ਮਾਈਸਰਖਾਨਾ ਦਾ ਮੇਲਾ

3. ਮਹਾਂਪੁਰਖਾਂ ਦੀ ਯਾਦ ਵਿਚ ਮੇਲੇ- ਹੈਦਰ ਸ਼ੇਖ ਮਲੇਰ ਕੋਟਲਾ, ਰੋਸ਼ਨੀ ਜਗਰਾਵਾਂ

4. ਇਤਿਹਾਸਕ ਮੇਲੇ ਗੁਰਪੁਰਬ ਚਮਕੌਰ ਸਾਹਿਬ, ਫਤਿਹਗੜ੍ਹ ਸਾਹਿਬ ਅਤੇ ਮਾਘੀ ਮੁਕਤਸਰ ਦੇ ਸ਼ਹੀਦੀ ਦਿਹਾੜੇ

---

6 Harjinder Walia, Punjab Fairs and Festivals, N B.Shop, Delhi, 2002, p 12.

7 ਸੋਹਿੰਦਰ ਸਿੰਘ ਵਣਜਾਰਾ ਬੇਦੀ , *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*, ਜਿਲਦ 8,ਪੰ.1935-36.

5. ਤਿਉਹਾਰਾਂ ਨਾਲ ਸਬੰਧਤ ਜੋੜੇ ਮੇਲੇ- ਦਿਵਾਲੀ, ਦੁਸਹਿਰਾ, ਹੋਲਾ ਮਹੱਲਾ ਅਨੰਦਪੁਰ ਸਾਹਿਬ

ਪੰਜਾਬ ਦੇ ਵਸਨੀਕ ਭਾਰੀ ਗਿਣਤੀ ਵਿਚ ਗੁਆਂਢੀ ਰਾਜਾਂ ਵਿਚ ਆਯੋਜਿਤ ਮੇਲਿਆਂ ਵਿਚ ਸ਼ਾਮਲ ਹੁੰਦੇ ਹਨ। ਮਿਸਾਲ ਵਜੋਂ ਹਰਿਦੁਆਰ (ਉਤਰਾਂਚਲ) ਦਾ ਮੇਲਾ, ਥਨੇਸਰ ਦਾ ਕੁੰਭ ਦਾ ਮੇਲਾ ਅਤੇ ਚੇਤਰ ਚਉਦਸ ਦਾ ਪਿਹੋਵਾ (ਹਰਿਆਣਾ) ਦਾ ਮੇਲਾ, ਨੈਣਾਂ ਦੇਵੀ ਦਾ ਮੇਲਾ ਅਤੇ ਕੁਲੂ (ਹਿਮਾਚਲ) ਦਾ ਦੁਸਹਿਰੇ ਦਾ ਮੇਲਾ, ਪੁਸ਼ਕਰ (ਰਾਜਸਥਾਨ) ਦਾ ਊਠ ਮੇਲਾ ਬਹੁਤ ਪ੍ਰਸਿੱਧ ਹਨ। ਇਹਨਾਂ ਮੇਲਿਆਂ ਵਿਚ ਅਰਬਾਂ ਰੁਪਏ ਦਾ ਵਪਾਰ ਕੀਤਾ ਜਾਂਦਾ ਹੈ। ਵਿਦੇਸ਼ਾਂ ਦੇ ਵਪਾਰੀ ਅਤੇ ਸੈਲਾਨੀ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਇਸ ਖੋਜ ਕਾਰਜ ਵਿਚ ਅਸੀਂ ਧਾਰਮਿਕ ਮਹੱਤਵ ਵਾਲੇ ਮੇਲੇ ਚੁਣੇ ਹਨ।

**ਖੋਜ ਦੇ ਉਦੇਸ਼**:- ਇਸ ਖੋਜ ਦੇ ਹੇਠ ਲਿਖੇ ਉਦੇਸ਼ ਹਨ:

1. ਸਿੱਖ ਪੁਰਬਾਂ ਦੇ ਆਰੰਭ ਤੇ ਵਿਕਾਸ ਦਾ ਅਧਿਐਨ ਕਰਨਾ।
2. ਸਿੱਖ ਪੁਰਬਾਂ ਦੇ ਸਥਾਨਾਂ ਦੇ ਮਹੱਤਵ ਦਾ ਅਧਿਐਨ ਕਰਨਾ।
3. ਸਿੱਖ ਪੁਰਬਾਂ ਦਾ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖਾਂ ਦਾ ਅਧਿਐਨ ਕਰਨਾ।
4. ਸਿੱਖ ਪੁਰਬਾਂ ਦੀਆਂ ਗਤੀਵਿਧੀਆਂ ਦਾ ਵਿਸ਼ਲੇਸ਼ਣ ਕਰਨਾ।

**ਪੂਰਵ ਖੋਜ ਕਾਰਜਾਂ ਦਾ ਸਰਵੇਖਣ**:

ਸਿੱਖ ਪੁਰਬਾਂ ਸੰਬਧੀ ਜਾਣਕਾਰੀ ਹਾਸਲ ਕਰਨ ਲਈ ਮੁਢਲਾ ਅਨੁਭਵੀ ਸ੍ਰੋਤ ਭਾਈ ਗਰਦਾਸ ਜੀ ਦੀਆਂ ਰਚਨਾਵਾਂ ਹਨ। ਇਹਨਾਂ ਦੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਗੁਰੂ ਸਹਿਬਾਨ ਨੇ ਪ੍ਰਾਚੀਨ ਮੇਲਿਆਂ ਨੂੰ ਨਵਾਂ ਰੂਪ ਦਿੱਤਾ ਹੈ। ਸਿੱਖ ਮੇਲਿਆਂ ਨੂੰ ਪੁਰਬ ਕਹਿੰਦੇ ਹਨ। ਇਹਨਾਂ ਬਾਰੇ ਮੁਢਲੀ ਜਾਣਕਾਰੀ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਰਜ ਮਿਲਦੀ ਹੈ। ਇਕ ਅਕਾਲ ਪੁਰਖ ਦੀ ਉਸਤਤ ਕਰਕੇ ਗੁਰਸਿੱਖਾਂ ਵੱਲੋਂ ਗੁਰਪੁਰਬ ਮਨਾਉਣ ਦੇ ਵੇਰਵੇ ਮਿਲਦੇ ਹਨ। ਭਾਈ ਗੁਰਦਾਸ ਜੀ ਨੇ ਇਹਨਾਂ ਸਮਾਗਮਾਂ ਵਾਸਤੇ ਗੁਰਪੁਰਬ ਸ਼ਬਦ ਵਰਤਿਆ ਹੈ;

"ਕੁਰਬਾਣੀ ਤਿੰਨਾਂ ਗੁਰਸਿੱਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ ॥

ਕੁਰਬਾਣੀ ਤਿੰਨਾਂ ਗੁਰਸਿੱਖਾਂ ਭਾਇ ਭਗਤਿ ਗੁਰਪਰਬ ਕਰੰਦੇ ॥

ਗੁਰ ਸੇਵਾ ਫਲੁ ਸਫਲ ਫਲੰਦੇ॥2॥"[8]

ਸਿੱਖ ਸੰਗਤਾਂ ਲਈ ਗੁਰੂ ਕਾਲ ਵੇਲੇ ਤਿਉਹਾਰ ਵਾਲੇ ਦਿਨ ਦੇਵਤਿਆਂ ਦੇ ਨਾਂ ਉਤੇ ਪੰਡਤਾਂ-ਪੁਜਾਰੀਆਂ ਨੂੰ ਰਸਦ ਭੇਟਾ ਕਰਨ ਦੀ ਬਜਾਏ ਸਿੱਖ ਪੁਰਬਾਂ ਉੱਤੇ ਗੁਰੂ ਦੀ ਹਜ਼ੂਰੀ ਵਿਚ ਇਕੱਠੇ ਹੋਣ ਦੀ ਪ੍ਰਥਾ ਸ਼ੁਰੂ ਹੋਈ। ਇਹ ਉਸ ਸਮੇਂ ਵੱਡੀ ਤਬਦੀਲੀ ਸੀ। ਪੁਸਤਕ 'ਤਵਾਰੀਖ ਗੁਰੂ ਖਾਲਸਾ-(ਭਾਗ ਪਹਿਲਾ)' ਵਿਚ ਗਿਆਨੀ ਗਿਆਨ ਸਿੰਘ ਪੁਰਬਾਂ ਨੂੰ ਸਾਖੀ ਪਰੰਪਰਾ ਦੀ ਵਿਧੀ ਅਨੁਸਾਰ ਬਿਆਨ ਕਰਦੇ ਹਨ ਕਿ;

"ਇਕ ਦਿਨ ਭਾਈ ਪਾਰੋ ਤੇ ਬੱਲੂ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਜੋ ਕੋਈ ਦਿਨ ਮੇਲੇ ਦਾ ਮੁਕੱਰਰ ਕੀਤਾ ਜਾਵੇ ਤਾਂ ਦਰਸ਼ਨ ਤੇ ਆਪਸ ਵਿੱਚ ਜਾਣ ਪਛਾਣ ਸਬ ਸਿੱਖਾਂ ਦੀ ਹੋ ਜਾਵੇ। ਗੁਰੂ ਸਾਹਿਬ ਜੀ ਨੇ ਸਿੱਖਾਂ ਦੀ ਬੇਨਤੀ ਮੰਨਕੇ ਹੁਕਮ ਨਾਮੇ ਭੇਜ ਦਿੱਤੇ, ਜਿਨ੍ਹਾਂ ਨੂੰ ਸੁਣਕੇ ਸੰ:1624 ਬਿ: ਦੀ ਬੈਸਾਖੀ ਪਰ ਸਭ ਸੰਗਤਾਂ ਦਾ ਗੋਇੰਦਵਾਲ ਆ ਕੱਠ ਹੋਯਾ, ਬਾਉਲੀ ਸਾਹਿਬ ਇਸ਼ਨਾਨ, ਜਪੁਜੀ ਸਾਹਿਬ ਦੇ ਪਾਠ ਹੋਣ ਲੱਗੇ, ਬਡੇ ਬਡੇ ਦੇਗਬਰੇ, ਕੜਾਹੇ, ਲੋਹਾਂ ਚੜ੍ਹ ਗਏ, ਪ੍ਰਸ਼ਾਦ ਭਾਂਤ ਭਾਂਤ ਦੇ ਤਿਆਰ ਹੋਣ ਤੇ ਬਰਤਣ ਲੱਗੇ, ਭਾਰੀ ਮੇਲਾ ਭਰ ਗਿਆ, ਗੁਰੂ ਰਾਮ ਦਾਸ ਰਾਤ ਦਿਨੇ ਬਡੇ ਪ੍ਰੇਮ ਤੇ ਉਤਸ਼ਾਹ ਨਾਲ ਸੰਗਤ ਦੀ ਸੇਵਾ ਕਰਦੇ ਰਹੇ, ਭੰਡਾਰ ਦੀ ਕੁੰਜੀ ਉਹਨਾਂ ਪਾਸ ਹੀ ਸੀ, ਜੋ ਕੋਈ ਕੁਛ ਮੰਗੇ ਸੋਈ ਮਿਲੇ। ਗੁਰੂ ਸਾਹਿਬ ਨੇ ਹੁਕਮ ਦਿੱਤਾ ਜੋ ਕੋਈ ਸਿੱਖ ਸੰਗਤ ਨੂੰ ਗੁਰੂ ਕਾ ਰੂਪ ਸਮਝਕੇ ਸੇਵੇਗਾ ਸੋ ਨਿਹਾਲ ਹੋਵੇਗਾ।"[9]

ਗਿਆਨੀ ਗਿਆਨ ਸਿੰਘ ਗੁਰੂ ਅਮਰਦਾਸ ਜੀ ਦੇ ਵੇਲੇ ਗੋਇੰਦਵਾਲ ਵਿਖੇ ਵਿਸਾਖੀ ਦੇ ਪੁਰਬ ਦੇ ਮੇਲੇ ਦੀ ਆਰੰਭਤਾ ਬਾਰੇ ਜਾਣਕਾਰੀ ਦਿੰਦੇ ਹਨ। ਉਹਨਾਂ ਅਨੁਸਾਰ ਇਸ ਪੁਰਬ ਦੇ ਮਨੋਰਥ ਹਿਤ ਗੁਰੂ ਜੀ ਨੇ ਸਿੱਖ ਸੰਗਤ ਦੇ ਨਾਮ ਹੁਕਮਨਾਮੇ ਭੇਜੇ, ਜਿਸ ਦੇ ਫਲਸਰੂਪ ਬਹੁਤ ਭਾਰੀ ਇੱਕਠ ਹੋਇਆ। ਇਹਨਾਂ ਦੀਆਂ ਲਿਖਤਾਂ ਵਿਚ ਬਾਉਲੀ ਸਾਹਿਬ ਦੇ ਇਸ਼ਨਾਨ ਦੇ ਅਧਿਆਤਮਕ ਮੱਹਤਵ ਦੇ ਸੰਕੇਤ ਮਿਲਦੇ ਹਨ। ਗੁਰੂ ਕੇ ਲੰਗਰ ਦੀ ਵਿਸ਼ੇਸ਼ਤਾ ਦੀ ਜਾਣਕਾਰੀ ਮਿਲਦੀ ਹੈ। ਜਪ ਬਾਣੀ ਦੇ ਪਾਠ ਕੀਤੇ ਜਾਣ ਦੇ ਵੇਰਵੇ ਸਿੱਖ ਪੁਰਬ ਦੇ ਉਦੇਸ਼ ਨੂੰ ਉਜਾਗਰ ਕਰਦੇ ਹਨ।

8 *ਵਾਰਾਂ ਭਾਈ ਗੁਰਦਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 2007, ਵਾਰ ਬਾਰਵੀਂ, ਪਉੜੀ 2, ਪੰ.130.

9 ਗਿਆਨ ਸਿੰਘ ਗਿਆਨੀ, *ਤਵਾਰੀਖ ਗੁਰੂ ਖਾਲਸਾ* , ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1993, ਪੰਨੇ 360-61.

ਭਾਈ ਵੀਰ ਸਿੰਘ ਲਿਖਦੇ ਹਨ;

> "ਐਸਾ ਸੁਭਾਗ ਦਿਨ ਕੇਹੜਾ ਹੈ? ਪਯਾਰੇ ਸੱਜਨ ਏਸ ਨੂੰ ਗੁਰਪੁਰਬ ਕਰਕੇ ਆਖਦੇ ਹਨ। ਸੱਚ ਹੈ ਇਹ ਪੁਰਬ ਹੈ। ਅਸਲ ਪੁਰਬ ਦਾ ਦਿਨ ਉਹ ਨਹੀਂ ਜਿਸ ਨੂੰ ਚੰਦਰਮਾਂ ਤੇ ਨਛੱਤ੍ਰਾਂ ਦੇ ਵਾਧੇ ਘਾਟੇ ਪਏ ਹੋਣ, ਪਰ ਉਹ ਦਿਨ ਹੈ ਜਿਸ ਦਿਨ ਜੀਉਂਦੇ ਦਿਲਾਂ ਨੂੰ ਇਕ ਨਿਸ਼ਾਨੇ ਵੱਲ ਸਾਂਝੀ ਖਿੱਚ ਪਵੇ, ਅਰ ਉਹ ਖਿੱਚ ਪ੍ਰਸੰਨਤਾ ਨਾਲ ਭਰੀ ਹੋਵੇ।......ਤਦ ਤੋਂ ਪਰਬ ਜੋ ਖੁਸ਼ੀ ਦਾਤਾ ਦਿਨ ਹੈ, ਗੁਰਾਂ ਨਾਲ ਲੱਗ ਕੇ ਗੁਰਪੁਰਬ ਬਨ ਗਿਆ।"[10]

ਭਾਈ ਵੀਰ ਸਿੰਘ ਨੇ ਗੁਰਪੁਰਬ ਦੇ ਅਧਿਆਤਮਕ ਪੱਖ ਤੋਂ ਅਰਥ ਤੇ ਵਿਆਖਿਆ ਕੀਤੀ ਹੈ। ਸਿੱਖ ਜਗਤ ਵਿਚ ਗੁਰਪੁਰਬ ਦੀ ਵਿਸ਼ੇਸ਼ਤਾ ਨੂੰ ਉਜਾਗਰ ਕਰਦੇ ਹੋਏ ਉਹ ਸਿੱਖ ਪੁਰਬ ਨੂੰ ਪਰਿਭਾਸ਼ਿਤ ਕਰਦੇ ਹਨ। ਪੁਰਬ ਅੰਨਦਮਈ ਦਿਨ ਹੈ ਜੋ ਗੁਰੂ ਕਿਰਪਾ ਨਾਲ ਮਨੋਰਥ ਦੀ ਪੂਰਤੀ ਵਿਚ ਸਫਲਤਾ ਤੀਕ ਪੁੱਜਦਾ ਹੈ। ਹੈ। ਇਸ ਵਿਆਖਿਆ ਵਿਚ ਧਾਰਮਿਕ ਮਹੱਤਤਾ ਬਾਰੇ ਜਾਣਕਾਰੀ ਮਿਲਦੀ ਹੈ।

ਸਿੱਖ ਪੁਰਬਾਂ (ਜੋੜ ਮੇਲਿਆਂ) ਬਾਬਤ ਹੁਣ ਤੱਕ ਪ੍ਰਾਪਤ ਸਾਮੱਗ੍ਰੀ ਦਾ ਸਰਵੇਖਣ ਕਰਨ ਉਪਰੰਤ ਇਹ ਤੱਥ ਸਾਹਮਣੇ ਆਇਆ ਹੈ ਕਿ ਇਸ ਖੇਤਰ ਵਿਚ ਵਧੇਰੇ ਕਾਰਜ ਪੰਜਾਬ ਦੇ ਮੇਲਿਆਂ ਬਾਰੇ ਸੱਭਿਆਚਾਰਕ ਪੱਖ 'ਤੇ ਹੋਏ ਹਨ। ਗਿਆਨੀ ਗੁਰਦਿੱਤ ਸਿੰਘ ਨੇ ਮੁਢਲਾ ਕੰਮ ਕੀਤਾ ਹੈ। ਉਹਨਾਂ ਦੀ ਪੁਸਤਕ 'ਮੇਰਾ ਪਿੰਡ' ਵਿਚ ਸਿੱਖ ਪੁਰਬਾਂ ਦਾ ਜ਼ਿਕਰ ਆਉਂਦਾ ਹੈ। ਇਸ ਵਿਚ ਪੰਜਾਬ ਦੇ ਮੇਲੇ ਅਤੇ ਤਿਉਹਾਰ ਨਾਮਕ ਨਿਬੰਧ ਵਿਚ ਪੰਜਾਬ ਦੇ ਸਾਰੇ ਮੇਲਿਆਂ ਦਾ ਸੱਭਿਆਚਾਰਕ ਵਰਣਨ ਕੀਤਾ ਗਿਆ ਹੈ। ਗਿਆਨੀ ਗੁਰਦਿਤ ਸਿੰਘ ਆਪਣੀ ਪੁਸਤਕ 'ਮੇਰਾ ਪਿੰਡ' ਵਿਚ ਲਿਖਦੇ ਹਨ ਕਿ;

> "ਕੱਤੇ (ਕਤਕ) ਦੀ ਪੂਰਨਮਾਸ਼ੀ ਨੂੰ ਹਰ ਨਗਰ ਦੇ ਗੁਰਦੁਆਰੇ ਵਿਚ ਅਖੰਡ ਪਾਠ ਕਰਕੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆਂ ਜਾਂਦਾ ਹੈ। ਗੁਰਪੁਰਬ ਦੇ ਅਖੰਡ ਪਾਠ ਲਈ ਸਮੱਗਰੀ ਹਰ ਘਰ ਵਿੱਚੋਂ ਜਿੰਨੀ ਸਰਦੀ ਪੁਜਦੀ ਹੋਵੇ, ਗੁਰਦੁਆਰੇ ਪਹੁੰਚਾਈ ਜਾਂਦੀ ਹੈ। ਜਿਥੇ ਕਮੇਟੀਆਂ ਹਨ, ਉਥੇ ਉਹ ਵੀ ਪ੍ਰਬੰਧ ਕਰਦੀਆਂ ਹਨ। ਲੋਕ ਵੀ ਹਿੱਸਾ ਪਾਉਂਦੇ ਹਨ। ਇਸ

---

10 ਭਾਈ ਵੀਰ ਸਿੰਘ, *ਗੁਰਪੁਰਬ ਗੁਲਜ਼ਾਰ*, ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿਲੀ,1998, ਪੰ,31.

ਦਿਨ ਸਵਾ ਰੁਪਏ ਦੀ ਦੇਗ ਦਿੱਤੇ ਬਿਨਾਂ ਤਾਂ ਕੋਈ ਘਰ ਹੀ ਭਾਵੇਂ ਰਹਿ ਜਾਂਦਾ ਹੋਵੇ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਰੁਪਏ ਨੂੰ ਸੇਰ ਪੱਕਾ ਘੀ ਆ ਜਾਂਦਾ ਸੀ, ਡੇਢ ਆਨੇ ਚੀਨੀ ਹੁੰਦੀ। ਸਵਾ ਸਵਾ ਸੇਰ ਦਾ ਸੀਧਾ ਘੀਉ, ਆਟਾ, ਖੰਡ ਆਦਿ ਸ਼ਰਧਾਲੂ ਘਰਾਂ ਵਿਚੋਂ ਲਿਆ ਜਾਂਦਾ ਸੀ। ਭੋਗ ਵੇਲੇ ਕਿਸੇ ਘਰੋਂ ਦਾਇਆਂ ਦੀ ਪ੍ਰਾਤ, ਛੰਨਾ, ਬਾਟੀ ਜਾਂ ਥਾਲੀ। ਗੁਰਦੁਆਰੇ ਦੇ ਦਰਵਾਜ਼ਿਆਂ, ਬਨੇਰਿਆਂ ਅਤੇ ਸਿੱਖਾਂ ਦੇ ਘਰਾਂ ਉਤੇ ਦੀਵੇ ਜਗਾਏ ਜਾਂਦੇ ਸਨ। ਇਹ ਰੀਤ ਕਈ ਹਿੰਦੂ ਵੀ ਕਰਦੇ ਸਨ। ਛੋਟੇ-ਛੋਟੇ ਬੱਚੇ ਤੇ ਪੁਰਾਣੇ ਬੁੱਢੇ-ਬੁੱਢੀਆਂ ਇਸ ਗੁਰਪੁਰਬ ਨੂੰ 'ਸਿੱਖਾਂ ਦੀ ਦੀਵਾਲੀ' ਦਾ ਨਾਂ ਵੀ ਦਿੰਦੇ ਸਨ। ਜੇਠ ਸੁਦੀ ਚੌਥ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਨਾਈ ਜਾਂਦੀ ਹੈ। ਪੋਹ ਸੁਦੀ ਸੱਤਮੀ ਦੇ ਦਿਹਾੜੇ ਇਸੇ ਤਰ੍ਹਾਂ ਉਤਸ਼ਾਹ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਵੱਡੇ ਜੋੜ ਮੇਲੇ ਕਰਕੇ ਮਨਾਈ ਜਾਂਦੀ ਹੈ। ਕਈ ਹੋਰ ਥਾਵਾਂ ਉਤੇ ਵੀ ਉਨ੍ਹਾਂ ਦੀ ਯਾਦ ਵਿਚ ਜੋੜ ਮੇਲਾ ਰਚਦੇ ਹਨ।"[11]

ਮੇਲਿਆਂ ਬਾਰੇ ਪ੍ਰਾਪਤ ਸਾਮਗ੍ਰੀ ਦੇ ਸਰਵੇਖਣ ਅਨੁਸਾਰ ਪੰਜਾਬ ਦੇ ਮੇਲਿਆਂ ਦੇ ਬਾਰੇ ਸੱਭਿਆਚਾਰਕ ਪੱਖ ਤੋਂ ਖੋਜ ਕੀਤੀ ਗਈ ਹੈ, ਜਿਸ ਵਿੱਚ ਹਰਜਿੰਦਰ ਵਾਲੀਆ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਸ ਨੇ ਆਪਣੀ ਪੁਸਤਕ 'ਪੰਜਾਬ ਦੇ ਮੇਲੇ ਤੇ ਤਿਉਹਾਰ' ਵਿਚ ਪੰਜਾਬ ਦੇ ਮੇਲਿਆਂ ਦੇ ਸਭਿਆਚਾਰ ਦਾ ਅਧਿਐਨ ਕੀਤਾ ਹੈ। ਇਹ ਖੋਜ ਪੰਜਾਬ ਦੇ ਸਾਂਝੇ ਸਭਿਆਚਾਰਕ ਅਤੇ ਧਾਰਮਿਕ ਮੇਲਿਆਂ ਦਾ ਭੂਗੋਲਿਕ ਪੱਖੋਂ ਅਧਿਐਨ ਕਰਦੀ ਹੈ। ਉਹਨਾਂ ਨੇ ਸਿੱਖ ਗੁਰਪੁਰਬਾਂ ਦਾ ਸੰਖੇਪ ਵਰਣਨ ਕੀਤਾ ਹੈ। ਇਸ ਵਿਚ ਸਿੱਖ ਧਰਮ ਨਾਲ ਸਬੰਧਿਤ ਧਾਰਮਿਕ ਵਿਸ਼ਵਾਸਾਂ ਅਤੇ ਸੰਸਕਾਰਾਂ ਬਾਰੇ ਜਾਣਕਾਰੀ ਦਿੱਤੀ ਹੈ।

ਡਾ: ਵਾਲੀਆ ਦੇ ਸ਼ਬਦਾਂ ਅਨੁਸਾਰ;

"ਮੇਲਿਆਂ ਵਿਚ ਪੰਜਾਬ ਦੇ ਬਹੁ-ਸੱਭਿਆਚਾਰ ਨੂੰ ਦਰਸਾਇਆ ਗਿਆ ਹੈ। ਜਿਸ ਵਿਚ ਹਿੰਦੂ, ਮੁਸਲਿਮ ਅਤੇ ਸਿੱਖ ਸਭਿਆਚਾਰ ਵਿਚ ਆਪਸੀ ਤਾਲ ਮੇਲ ਰਿਹਾ ਹੈ, ਫਿਰ ਵੀ ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ ਦੇ ਮੇਲੇ ਸਪਸ਼ਟ ਤੌਰ 'ਤੇ ਕਿਸੇ ਹੋਰ ਸੱਭਿਆਚਾਰਕ ਪਹਿਲੂ ਤੋਂ

11 ਗੁਰਦਿਤ ਸਿੰਘ ਗਿਆਨੀ, *ਮੇਰਾ ਪਿੰਡ*, ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 1995, ਪੰਨੇ. 203-4.

ਉੱਪਰ ਅਤੇ ਨਵੇਂ ਸੱਭਿਆਚਾਰ ਦੀ ਮੋਹਰ ਲਗਾਉਂਦੇ ਹਨ। ਸਿੱਖ ਪੁਰਬ ਵੱਡੀ ਗਿਣਤੀ ਵਿਚ ਗੁਰਦੁਆਰਿਆਂ ਵਿਚ ਮਨਾਏ ਜਾਂਦੇ ਹਨ। ਇਹ ਸਿੱਖ ਇਤਿਹਾਸ ਅਤੇ ਸਿੱਖ ਸ਼ਹੀਦਾਂ ਨਾਲ ਸੰਬੰਧਿਤ ਹਨ। ਇਹਨਾਂ ਵਿਚੋਂ ਬਹੁਤ ਸਾਰੇ ਸਿੱਖ ਸੰਸਥਾਵਾਂ ਦੁਆਰਾ ਆਯੋਜਿਤ ਕੀਤੇ ਜਾਂਦੇ ਹਨ। ਢਾਡੀਆਂ ਦੁਆਰਾ ਸਿੱਖ ਨਾਇਕਾਂ ਦੀ ਮਹਿਮਾ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਸਿੱਖ ਇਤਿਹਾਸ ਦੇ ਸਾਕੇ ਸੁਣਾਏ ਜਾਂਦੇ ਹਨ। ਇਹ ਅਧਿਐਨ ਪੰਜਾਬੀ ਸੂਬੇ ਦੀ ਬਣਤਰ ਤੋਂ ਪਿਛੋ ਪੰਜਾਬ ਦੇ ਸਭਿਆਚਾਰ 'ਤੇ ਸਿੱਖ ਪੰਥ ਦੇ ਸ਼ਕਤੀ-ਸ਼ਾਲੀ ਹੋਣ ਵੱਲ ਸੰਕੇਤ ਕਰਦਾ ਹੈ। ਅਜੋਕੇ ਪੰਜਾਬ ਵਿਚ ਗਿਣਤੀ ਪੱਖ ਤੋਂ ਸਿੱਖਾਂ ਦਾ ਬੋਲ ਬਾਲਾ ਹੈ, ਜਿਸ ਕਰਕੇ ਸਮਾਜਿਕ, ਰਾਜਨਿਤਕ ਅਤੇ ਆਰਥਿਕ ਤੌਰ ਤੇ ਸਿੱਖੀ ਪ੍ਰਭਾਵ ਹੈ। ਪੰਜਾਬ ਦੇ ਵੱਡੇ ਮੇਲਿਆਂ ਉਤੇ ਸਿੱਖ ਸੱਭਿਆਚਾਰ ਦੇ ਪ੍ਰਭਾਵ ਦਿਖਾਈ ਦਿੰਦੇ ਹਨ।"[12]

ਦਲੀਪ ਸਿੰਘ ਦੀਪ ਆਪਣੀ ਪੁਸਤਕ 'ਗੁਰੂ ਅਮਰਦਾਸ' ਵਿਚ ਸਿੱਖ ਪੁਰਬਾਂ ਬਾਰੇ ਲਿਖਦੇ ਹਨ;

"ਜਿਥੇ ਜਿਥੇ ਮੰਜੀਆਂ ਸਥਾਪਿਤ ਸਨ, ਉਥੇ ਨਿਤਾ-ਪ੍ਰਤਿ ਪਰਚਾਰ ਤਾਂ ਹੁੰਦਾ ਸੀ, ਪਰ ਉਸ ਵਿਚ ਸਥਾਨਕ ਸੰਗਤਾਂ ਹੀ ਸ਼ਾਮਲ ਹੁੰਦੀਆਂ ਸਨ। ਗੁਰੂ ਸਾਹਿਬ ਨੇ ਸਾਲ ਵਿਚ ਦੋ ਵੱਡੇ ਇਕੱਠ ਕਰਨ ਦਾ ਪ੍ਰੋਗਰਾਮ ਵੀ ਬਣਾਇਆ। ਇਹ ਮਹਾਨ ਇਕੱਠ ਵੈਸਾਖੀ ਅਤੇ ਦੀਵਾਲੀ ਨੂੰ ਹੁੰਦੇ ਸਨ। ਇਸ ਨਾਲ ਭਾਈਚਾਰਕ ਸਾਂਝ ਵੀ ਵੱਧਦੀ ਸੀ। ਸੰਗਤਾਂ ਨੂੰ ਗੁਰੂ ਦੇ ਦਰਸ਼ਨ ਕਰਕੇ ਅਤੇ ਬਚਨ ਸੁਣਕੇ ਪ੍ਰੇਰਨਾ ਸ਼ਕਤੀ ਵੀ ਮਿਲਦੀ ਸੀ। ਸਿੱਖਾਂ ਦੀ ਵੀ ਪ੍ਰਬਲ ਇੱਛਾ ਸੀ ਕਿ ਇਹੋ ਜਿਹਾ ਇਕੱਠ ਸਾਲ ਵਿਚ ਜ਼ਰੂਰ ਹੋਇਆ ਕਰੇ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਵੈਸਾਖੀ ਨੂੰ ਜੋੜ ਮੇਲਾ ਕਰਨ ਦਾ ਸੁਝਾਅ ਭਾਈ ਪਾਰੋ ਪਰਮ ਹੰਸ ਨੇ ਦਿੱਤਾ ਸੀ। ਇਸ ਸਮਾਗਮ ਤੇ ਸੰਗਤਾਂ ਦੇ ਖਾਣ ਪੀਣ, ਨਿਵਾਸ ਅਤੇ ਦੀਵਾਨ ਦਾ ਬੜਾ ਹੀ ਸੁਚੱਜਾ ਪ੍ਰਬੰਧ ਗੁਰੂ ਸਾਹਿਬ ਦੀ ਦੇਖ ਰੇਖ ਹੇਠ ਕੀਤਾ ਜਾਂਦਾ ਸੀ। ਗੋਇੰਦਵਾਲ ਵਿਖੇ ਵਿਸਾਖੀ ਦਾ ਪਹਿਲਾ ਮੇਲਾ ਸੰਮਤ 1624 (1567 ਈ:) ਵਿਚ ਹੋਇਆ। ਵੈਸਾਖੀ ਸਿੱਖਾਂ ਲਈ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਇਕ ਸੱਭਿਆਚਾਰਕ ਤਿਉਹਾਰ ਬਣ ਗਿਆ।"[13]

ਇਹਨਾਂ ਨੇ ਗੁਰੂ ਅਮਰ ਦਾਸ ਦੇ ਵੇਲੇ ਦੇ ਸਿੱਖ ਪੁਰਬਾਂ ਦਾ ਇਤਿਹਾਸਿਕ ਵਰਣਨ ਕੀਤਾ ਹੈ। ਸਿੱਖ ਪੁਰਬਾਂ ਦੀ ਆਰੰਭਤਾ ਬਾਰੇ ਸੀਮਤ ਜਾਣਕਾਰੀ ਦਿਤੀ ਹੈ।

---

12 Harjinder Walia *Punjab Fairs and festival* National Book Shop, Delhi, *2002*, p 88.

13 ਦਲੀਪ ਸਿੰਘ ਦੀਪ, *ਗੁਰੂ ਅਮਰਦਾਸ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨੇ,12-13.

ਪੁਸਤਕ 'ਹਰਿਆਣਾ ਜਨਜੀਵਨ ਅਤੇ ਸੱਭਿਆਚਾਰ' ਵਿਚ ਸਾਹਿਬ ਸਿੰਘ ਅਰਸ਼ੀ ਵੀ ਪੰਜਾਬ ਦੇ ਮੇਲੇ ਦੀਵਾਲੀ, ਵਿਸਾਖੀ, ਮਾਘੀ ਅਤੇ ਬਸੰਤ ਪੰਚਮੀ ਦਾ ਵਿਸ਼ੇਸ ਵਰਣਨ ਇਸ ਤਰ੍ਹਾਂ ਕਰਦੇ ਹਨ;

> "ਮੇਲਿਆਂ ਦੇ ਆਰੰਭ ਬਾਰੇ ਨਿਸ਼ਚਿਤ ਕੁਝ ਕਹਿਣਾ ਕਠਿਨ ਹੈ। ਮੁੱਢ ਕਦੀਮਾਂ ਵਿਚ ਕਬੀਲਿਆਂ ਦੇ ਲੋਕ ਦਿਲ ਪਰਚਾਵੇ ਲਈ ਆਪਣੀਆਂ ਝੁੱਗੀਆਂ ਤੋਂ ਜ਼ਰਾ ਹੱਟਵੇਂ ਮੈਦਾਨ ਵਿਚ ਜੁੜੇ ਤਾਂ ਉਹ ਜਗ੍ਹਾ ਮਨ ਪਰਚਾਵੇ ਲਈ ਪੱਕੀ ਹੋ ਗਈ। ਇਸ ਪ੍ਰਕਾਰ ਛੋਟਾ ਮੇਲਾ ਜੁੜਨ ਲੱਗ ਪਿਆ। ਕਿਸੇ ਵੱਡੇ-ਵਡੇਰੇ ਦੀ ਮੜ੍ਹੀ ਦੀ ਪੂਜਾ ਵੀ ਮੇਲੇ ਦਾ ਰੂਪ ਧਾਰਨ ਕਰ ਗਈ। ਇਸ ਤਰ੍ਹਾਂ ਕਿਸੇ ਦੇਵੀ-ਦੇਵਤੇ ਦੀ ਕਰੋਪੀ ਤੋਂ ਬਚਣ ਲਈ ਹਰ ਸਾਲ ਕਬੀਲੇ ਦੇ ਲੋਕ ਉਸ ਦੀਆਂ ਸੁੱਖਣਾਂ ਦੇਣ ਲਈ ਇਕੱਠੇ ਹੋਣ ਲੱਗੇ ਤਾਂ ਮੇਲੇ ਦਾ ਮੁੱਢ ਬੱਝਾ। ਤੀਰਥ ਅਸਥਾਨਾਂ, ਗੁਰਦੁਆਰਿਆਂ ਅਤੇ ਮੰਦਰਾਂ ਵਿਚਲੇ ਇਕੱਠ ਵੀ ਮੇਲੇ ਦਾ ਰੂਪ ਪਕੜ ਗਏ। ਕਈ ਵਾਰੀ ਭਿਆਨਕ ਬਿਮਾਰੀਆਂ ਜਿਵੇਂ ਸੀਤਲਾ, ਚੇਚਕ, ਖਸਰਾ ਆਦਿ ਲਈ ਮਾਤਾ ਰਾਣੀ ਦੀਆਂ ਸੁੱਖਣਾ ਲਾਹੁਣ ਲਈ ਜਿਸ ਥਾਂ ਇਕੱਠੇ ਹੋਏ, ਉਹ ਅਸਥਾਨ ਮੇਲੇ ਲਈ ਪ੍ਰਸਿੱਧ ਹੋ ਗਿਆ। ਭਾਵੇਂ ਕਈ ਮੇਲਿਆਂ ਦਾ ਆਰੰਭ ਧਰਮ ਅਸਥਾਨਾਂ ਤੇ ਮੱਥੇ-ਟਿਕਾਈਆਂ ਤੋਂ ਵੀ ਹੋਇਆ ਪਰੰਤੂ ਮੇਲਿਆਂ ਦਾ ਅਸਲੀ ਮਨੋਰਥ ਸੁੱਖਣਾਂ ਲਾਹੁਣੀਆਂ ਘੱਟ ਹੈ ਅਤੇ ਸਖਤ ਮਿਹਨਤ ਤੋਂ ਪੈਦਾ ਹੋਏ ਅਕੇਵੇਂ ਨੂੰ ਦੂਰ ਕਰਨ ਲਈ ਮਨ ਪਰਚਾਵੇ ਦਾ ਸਾਧਨ ਵਧੇਰੇ ਹੁੰਦਾ ਹੈ।"[14]

ਡਾ. ਸਾਹਿਬ ਸਿੰਘ ਅਰਸ਼ੀ ਪੰਜਾਬ ਦੇ ਮੇਲੇ ਦੀਵਾਲੀ, ਵਿਸਾਖੀ, ਮਾਘੀ ਅਤੇ ਬਸੰਤ ਪੰਚਮੀ ਦਾ ਵਿਸ਼ੇਸ ਵਰਨਣ ਕਰਦੇ ਹਨ। ਇਹਨਾਂ ਦੀਆਂ ਲਿਖਤਾਂ ਵਿਚ ਸਿੱਖ ਪੁਰਬਾਂ ਦੇ ਧਾਰਮਿਕ ਪੱਖਾਂ ਦਾ ਅਧਿਐਨ ਨਹੀਂ ਕੀਤਾ ਗਿਆ ਅਤੇ ਨਾ ਹੀ ਪੰਜਾਬ ਦੇ ਵਰਤਮਾਨ ਸਮੇਂ ਵਿਚ ਇਨ੍ਹਾਂ ਸਿੱਖ ਪੁਰਬਾਂ ਦੇ ਸਮਾਜ ਉਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕੀਤਾ ਮਿਲਦਾ ਹੈ। ਅਜੋਕੇ ਪੰਜਾਬ ਵਿਚ ਇਨ੍ਹਾਂ ਸਿੱਖ ਪੁਰਬਾਂ ਵਲੋਂ ਪਾਏ ਜਾ ਰਹੇ ਯੋਗਦਾਨ ਬਾਰੇ ਵੀ ਉਪਰੋਕਤ ਸਾਹਿਤ ਵਿਚ ਸੰਕੇਤ ਨਹੀਂ ਮਿਲਦੇ। ਇਹ ਵਿਸ਼ਾ ਹੋਰ ਖੋਜ ਦੀ ਮੰਗ ਕਰਦਾ ਹੈ।

ਸਿੱਖ ਪੁਰਬਾਂ ਦੇ ਬਾਰੇ ਨਵਰਤਨ ਕਪੂਰ ਨੇ ਕੇਵਲ ਵਿਸਾਖੀ ਦੀ ਇਤਿਹਾਸਿਕ ਜਾਣਕਾਰੀ ਦਿਤੀ ਹੈ। ਇਹਨਾਂ ਪੁਰਬਾਂ ਦੀ ਪੰਜਾਬ ਦੀ ਸਿੱਖ ਜੀਵਨ ਸ਼ੈਲੀ ਤੇ ਪ੍ਰਭਾਵਾਂ ਦੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਨਵਰਤਨ ਕਪੂਰ ਆਪਣੀ ਪੁਸਤਕ 'ਪੰਜਾਬ ਦੇ ਲੋਕ ਤਿਉਹਾਰ" ਵਿਚ ਲਿਖਦੇ ਹਨ ਕਿ;

---

14 ਸਾਹਿਬ ਸਿੰਘ ਅਰਸ਼ੀ, *ਹਰਿਆਣਾ ਜਨਜੀਵਨ ਅਤੇ ਸੱਭਿਆਚਾਰ*, ਅਰੋੜਾ ਪਬਲਿਸ਼ਰਜ਼, ਜੀਂਦ, 1982, ਪੰ.81.

"ਉਂਝ ਤਾਂ ਗੁਰੂ ਰਾਮ ਦਾਸ ਜੀ ਦੇ ਸਮੇਂ ਤੋਂ ਹੀ ਸਿੱਖ ਸੰਗਤਾਂ ਲਈ ਇਹ ਜਰੂਰੀ ਹੋ ਗਿਆ ਸੀ ਕਿ ਉਹ ਵਿਸਾਖੀ ਵਾਲੇ ਦਿਨ ਦੇਵਤਿਆਂ ਦੇ ਨਾਂ ਉਤੇ ਪੰਡਤਾਂ-ਪੁਜਾਰੀਆਂ ਨੂੰ ਕਣਕ-ਚੌਲ ਆਦਿ ਭੇਟਾ ਕਰਨ ਦੀ ਬਜਾਏ ਵੈਸਾਖੀ ਅਤੇ ਦੀਵਾਲੀ ਦੇ ਤਿਉਹਾਰਾਂ ਉੱਤੇ ਗੁਰੂ ਦੀ ਹਜ਼ੂਰੀ ਵਿਚ ਇਕੱਠੇ ਹੋਇਆ ਕਰਨ।"[15]

ਡਾ: ਗੁਰਜੀਤ ਸਿੰਘ ਨੇ ਪੰਜਾਬੀ ਸੱਭਿਆਚਾਰ ਦੇ ਫਲਸਫੇ 'ਤੇ ਕੰਮ ਕੀਤਾ ਹੈ, ਜਿਸ ਵਿਚ ਰੀਤੀ-ਰਿਵਾਜ਼, ਪ੍ਰੰਪਰਾਵਾਂ, ਵਿਚਾਰਧਾਰਾ, ਕਾਨੂੰਨ ਵਿਵਸਥਾ, ਸਮਾਜਿਕ ਵਿਸ਼ਵਾਸ, ਕਲਾ, ਭਾਸ਼ਾ, ਸਾਹਿਤ, ਧਰਮ ਸੰਸਥਾਵਾਂ ਅਤੇ ਲੋਕ ਤਿਉਹਾਰਾਂ ਦਾ ਅਧਿਐਨ ਕੀਤਾ ਹੈ। ਉਹਨਾਂ ਅਨੁਸਾਰ;

"ਲੋਕ ਰਵਾਇਤਾਂ ਅਤੇ ਤਿਉਹਾਰ ਅਸਲ ਵਿਚ ਪ੍ਰਤੱਖ ਰੂਪ ਵਿਚ ਸੱਭਿਆਚਾਰ ਹੀ ਹਨ। ਗੀਤ, ਨਾਚ ਇਹਨਾਂ ਰਵਾਇਤਾਂ ਦਾ ਹਿੱਸਾ ਹਨ। ਪੰਜਾਬ ਦੇ ਟੱਪੇ, ਹਰਿਆਣੇ ਦੀਆਂ ਰਾਗਨੀਆਂ, ਬੰਗਾਲ ਦੇ ਮਛੇਰਿਆਂ ਦੇ ਗੀਤ, ਪੰਜਾਬ ਦਾ ਗਿੱਧਾ ਅਤੇ ਭੰਗੜਾ, ਇੱਥੋਂ ਦੇ ਸਾਰੇ ਤਿਉਹਾਰ ਸੱਭਿਆਚਾਰ ਦੇ ਪ੍ਰਤੱਖ ਦਰਸ਼ਨ ਕਰਵਾਉਂਦੇ ਹਨ। ਭਾਰਤ ਵਿਚ ਦੀਵਾਲੀ, ਦੁਸਹਿਰਾ, ਪੰਜਾਬ ਵਿਚ ਵਿਸਾਖੀ, ਲੋਹੜੀ, ਹੋਲੀ ਭਾਰਤੀ ਸੱਭਿਆਚਾਰ ਦੀ ਝਲਕ ਦਿੰਦੇ ਹਨ।"[16]

"ਹਰਿੰਦਰ ਕੌਰ ਨੇ ਪੰਜਾਬ ਦੇ ਮੇਲਿਆਂ ਉਤੇ ਮਾਨਵ-ਵਿਗਿਆਨਕ ਪੱਖੋਂ ਖੋਜ ਕਾਰਜ ਕੀਤਾ ਹੈ। ਇਸ ਖੋਜ ਕਾਰਜ ਵਿਚ ਪੰਜਾਬ ਦੇ ਪ੍ਰਮੁੱਖ ਵੱਡੇ ਮੇਲਿਆਂ, ਛਪਾਰ ਦਾ ਗੁੱਗੇ ਦਾ ਮੇਲਾ, ਮਾਈਸਰਖਾਨਾ ਦਾ ਮਾਤਾ ਦਾ ਮੇਲਾ ਅਤੇ ਮੁਕਤਸਰ ਦਾ ਮਾਘੀ ਦਾ ਮੇਲਾ ਆਦਿਕ ਮੇਲਿਆਂ ਨੂੰ ਆਧਾਰ ਮੰਨਕੇ ਮਾਨਵ-ਵਿਗਿਆਨ, ਪ੍ਰਤੀਕ ਵਿਗਿਆਨ, ਧੁਨੀ ਵਿਗਿਆਨ, ਚਿੰਨ੍ਹ ਵਿਗਿਆਨ ਆਦਿਕ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਇਹਨਾਂ ਦਾ ਇਹ ਖੋਜ ਕਾਰਜ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਅਧਿਐਨ ਵਿਚ

---

15 ਨਵਰਤਨ ਕਪੂਰ, *ਪੰਜਾਬ ਦੇ ਲੋਕ ਤਿਉਹਾਰ*, ਪੰਜਾਬੀ ਯੂਨੀਵਰਸਿਟੀ ਪਟਿਆਲਾ 1990, ਪੰ, 61.

16 ਡਾ: ਗੁਰਜੀਤ ਸਿੰਘ, ਪੰਜਾਬੀ ਸਭਿਆਚਾਰ ਦਾ ਫਲਸਫਾ, ਪੰਜਾਬੀ ਯੂਨੀਵਰਸਿਟੀ ਪਟਿਆਲਾ 2009, ਪੰ.23.

ਮੇਲਿਆਂ ਦੇ ਸੱਭਿਆਚਾਰਕ ਪਿਛੋਕੜ ਬਾਰੇ ਵਿਸਥਾਰ ਵਿਚ ਜਾਣਕਾਰੀ ਮਿਲਦੀ ਹੈ। ਮੇਲਿਆਂ ਦੀਆਂ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ।"[17]

ਸ. ਗੁਰਬੀਰ ਸਿੰਘ ਨੇ ਜੋੜ-ਮੇਲਿਆਂ ਵਿਚ ਸ਼ਾਮਲ ਹੋ ਕੇ ਨਿੰਹਗ ਸਿੰਘ ਜੱਥੇਬੰਦੀਆਂ ਦੀਆਂ ਸਰਗਮੀਆਂ ਦਾ ਖੋਜ ਕਾਰਜ ਕੀਤਾ ਹੈ। ਇਸ ਵਿਚ ਨਿਹੰਗ ਸਿੰਘਾਂ ਦੇ ਸਮਾਜਿਕ  ਅਤੇ ਅਧਿਆਤਮਕ ਜੀਵਨ ਨੂੰ ਬਿਆਨ ਕੀਤਾ ਹੈ। ਨਿੰਹਗ ਸਿੰਘਾਂ ਦੇ ਕੈਂਪਾਂ ਵਿਚ ਤਿਆਰ ਕੀਤੇ ਮਹਾਂਪ੍ਰਸ਼ਾਦਿ ਦੇ ਲੰਗਰ, ਗੁਰਬਾਣੀ ਦੇ ਪਾਠ ਬੋਧ ਕਾਰਜ, ਗੁਰਮਤਿ ਸੰਗੀਤ ਦੀ ਸਿਖਲਾਈ ਅਤੇ ਘੋੜ ਸਵਾਰੀ ਦੀ ਸਿਖਲਾਈ ਬਾਰੇ ਤਸਵੀਰਾਂ ਸਮੇਤ ਜਾਣਕਾਰੀ ਦਿਤੀ ਹੈ।

ਸੁਖਦੇਵ ਮਾਦਪੁਰੀ ਨੇ ਪੰਜਾਬ ਦੇ ਵਿਰਾਸਤੀ ਮੇਲਿਆਂ ‘ਤੇ ਵਿਭਿੰਨ ਪ੍ਰਕਾਰ ਦੀ ਜਾਣਕਾਰੀ ਇੱਕਤਰ ਕੀਤੀ ਹੈ। ਉਹਨਾਂ ਨੇ ਪੰਜਾਬੀ ਲੋਕਧਾਰਾ ਦੀ ਸਮੱਗਰੀ ਨੂੰ ਇਕੱਤਰ ਕਰਕੇ ਸਾਂਭਣ ਦਾ ਕਾਰਜ ਕੀਤਾ ਹੈ। ਉਹ ਸ਼ਹੀਦੀ ਪੁਰਬ ਬਾਰੇ ਲਿਖਦੇ ਹਨ ਕਿ;

> “ਸ਼ਹੀਦੀ ਜੋੜ ਮੇਲਿਆਂ ਦਾ ਪੰਜਾਬ ਦੇ ਲੋਕ ਜੀਵਨ ਵਿੱਚ ਅਹਿਮ ਸਥਾਨ ਹੈ। ਇਹ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖ ਜਗਤ ਲਈ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਰੱਖਦੇ ਹਨ। ਇਹ ਸ਼ਹੀਦੀ ਜੋੜ ਮੇਲੇ ਪੋਹ ਦੇ ਮਹੀਨੇ ਵਿੱਚ ਹਰ ਵਰ੍ਹੇ ਚਮਕੌਰ ਸਾਹਿਬ ਵਿਖੇ 6,7,8 ਪੋਹ ਨੂੰ ਅਤੇ ਫਤਿਹਗੜ੍ਹ ਸਾਹਿਬ ਵਿਖੇ 11,12,13 ਪੋਹ ਨੂੰ ਸ਼ਰਧਾ ਭਾਵਨਾ ਨਾਲ ਬੜੇ ਉਤਸ਼ਾਹ ਅਤੇ ਉਮਾਹ ਨਾਲ ਮਨਾਏ ਜਾਂਦੇ ਹਨ, ਜਿਥੇ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਾਮਿਲ ਹੋ ਕੇ ਇਨ੍ਹਾਂ ਸਥਾਨਾਂ 'ਤੇ ਨਤਮਸਤਕ ਹੁੰਦੀਆਂ ਹਨ ਅਤੇ ਗੁਰੂ

---

17 Harinder Kaur, *Fairs of the Punjab* Harman Publishing House, New Delhi, 2004, p 125-26

The sacred complex forms the central axis of a fair. Each of the three fairs included in the present study has a prominent sacred complex that dominates the whole fair. So much so that the very nature and character of the fairs determined by the nature and the type of the sacred complex. The very ethos of a particular fair is constituted by the particularities of a given religion. For instance, the Maghi mela at Muktsar is dominated by the Sikh sentiment that is not only reflected in the sacred complex but all around it in the stalls, in the cultural and recreactional activities and the political conferences. To be precise, it is the presence of the Tenth Guru Gobind Singh that dominates the scene. On the other hand, in the Mata’s fair at maisar khana we witness preponderance of the Hindi religion in all the activities and arenas listed above. Once again it is the goddess Durga whose presence is felt all around.

ਗੋਬਿੰਦ ਸਿੰਘ ਜੀ ਦੇ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਵੱਲੋਂ ਦਿੱਤੀ ਅਦੁੱਤੀ ਸ਼ਹਾਦਤ ਨੂੰ ਚੇਤੇ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੀਆਂ ਹਨ।"[18]

ਪੰਜਾਬ ਦੇ ਮੇਲਿਆਂ ਬਾਰੇ ਸੱਭਿਆਚਾਰਕ ਪੱਖ ਤੋਂ ਸ਼ੇਰ ਸਿੰਘ ਕੰਵਲ ਨੇ ਵਿਸਥਾਰਪੂਰਵਕ ਕਾਰਜ ਕੀਤਾ ਹੈ ਉਹ ਆਪਣੀ ਪੁਸਤਕ 'ਪੰਜਾਬ ਦੇ ਮੇਲੇ' ਵਿਚ ਪੰਜਾਬੀ ਮੇਲਿਆਂ ਦੇ ਸਭਿਆਚਾਰ ਬਾਰੇ ਲਿਖਦੇ ਹਨ;

"ਇਹ ਮੇਲੇ ਕਿਸੇ ਤਿਉਹਾਰ ਜਾਂ ਗੁਰੂ-ਪੀਰ, ਦੇਵੀ-ਦੇਵਤੇ, ਸ਼ਹੀਦ, ਜਾਤ-ਗੋਤ ਦੇ ਵੱਡੇ ਵਡੇਰੇ ਦੇ ਜਨਮ-ਮਰਨ ਦਿਵਸ ਜਾਂ ਉਸ ਦੇ ਜੀਵਨ ਦੀ ਕਿਸੇ ਘਟਨਾ ਨਾਲ ਸਬੰਧਤ ਸਮੇਂ ਅਤੇ ਸਥਾਨ 'ਤੇ ਲਗਦੇ ਹਨ। ਮੇਲਿਆਂ ਦੇ ਸਭਿਆਚਾਰ ਦੀ ਗੱਲ ਤੁਰਦਿਆਂ ਸਾਡਾ ਧਿਆਨ ਸ਼ਬਦ ਸਭਿਆਚਾਰ ਵੱਲ ਜਾਂਦਾ ਹੈ ਜੋ 'ਸਭਿਅ' ਅਤੇ ਆਚਾਰ ਦੇ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਸਭਿਅ ਆਚਾਰ ਅਥਵਾ ਸਾਊ-ਵਿਹਾਰ ਹਮੇਸ਼ਾ ਜ਼ਿਹਨੀ ਅਤੇ ਪਦਾਰਥਿਕ ਉਨਤੀ ਚੋਂ ਹੀ ਪਨਪਦਾ ਹੈ। ਇਸ ਤਰ੍ਹਾਂ ਕਿਸੇ ਖਿੱਤੇ ਦੇ ਲੋਕਾਂ ਦਾ ਸੱਭਿਆਚਾਰ ਉਹਨਾਂ ਦੇ ਜ਼ਿਹਨੀ ਤੇ ਪਦਾਰਥਿਕ-ਵਿਕਾਸ ਦਾ ਪ੍ਰਤੀਕ ਹੁੰਦਾ ਹੈ। ਮੇਲੇ ਕਿਸੇ ਖਿੱਤੇ ਦੇ ਲੋਕਾਂ ਲਈ ਉਹ ਮੰਚ ਹੁੰਦੇ ਹਨ, ਜਿਥੇ ਉਹ ਆਪਣੇ ਸੱਭਿਆਚਾਰ ਦਾ ਨਿਝੱਕ ਹੋ ਕੇ ਪ੍ਰਦਰਸ਼ਨ ਕਰਦੇ ਹਨ। ਇਸ ਤਰ੍ਹਾਂ ਪੰਜਾਬ ਦੇ ਮੇਲਿਆਂ ਦਾ ਸੱਭਿਆਚਾਰ ਪੰਜਾਬ ਦਾ ਸੱਭਿਆਚਾਰ ਹੀ ਹੈ ਤੇ ਸਾਡਾ ਹਰ ਮੇਲਾ ਇਕ ਉਹ ਸ਼ੀਸ਼ਾ ਹੈ ਜਿਸ ਤੋਂ ਪੰਜਾਬੀਆਂ ਦੇ ਭਰਪੂਰ ਤੇ ਰੰਗਲੇ ਜੀਵਨ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਹੁੰਦੇ ਹਨ।"[19]

ਪੰਜਾਬ ਦੇ ਮੇਲਿਆਂ ਅਤੇ ਤਿਉਹਾਰਾਂ 'ਤੇ ਹੋਏ ਖੋਜ ਕਾਰਜਾਂ ਦਾ ਸਾਹਿਤਕ ਅਧਿਐਨ ਕਰਨ ਉਪਰੰਤ ਸਾਡੀ ਰਾਇ ਅਨੁਸਾਰ ਵਧੇਰੇ ਕਾਰਜ ਸਾਹਿਤਕ ਅਤੇ ਸਭਿਆਚਾਰਕ ਪੱਖ ਤੋਂ ਕੀਤੇ ਗਏ ਹਨ। ਇਸ ਅਧਿਐਨ ਵਿਚ ਪੰਜਾਬ ਵਿਚ ਭਰਦੇ ਮੇਲਿਆਂ ਬਾਰੇ ਪੰਜਾਬ ਦੀ ਅਮੀਰ ਵਿਰਾਸਤੀ ਦੇਣ ਦਾ ਵਿਸ਼ਲੇਸ਼ਣ ਕੀਤਾ ਹੋਇਆ ਮਿਲਦਾ ਹੈ। ਪੰਜਾਬੀ ਮੇਲਿਆਂ ਤੇ ਤਿਉਹਾਰਾਂ ਦੇ ਸਭਿਆਚਾਰ ਵਿਚ ਮਨੋਰੰਜਨ ਦੇ ਤੱਤਾਂ ਨੂੰ ਵਧੇਰੇ ਉਭਾਰਿਆ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਮੇਲਿਆਂ ਵਿਚ ਵਿਭਿੰਨ ਧਰਮਾਂ ਦੇ ਲੋਕ ਸ਼ਾਮਿਲ ਹੁੰਦੇ ਹਨ। ਪੰਜਾਬ ਦੀ ਲੋਕਧਾਰਾ ਵਿਚ ਧਾਰਮਿਕ ਸਹਿ-ਹੋਂਦ ਦਾ ਅਧਿਐਨ ਕੀਤਾ ਮਿਲਦਾ ਹੈ। ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ

18 ਸੁਖਦੇਵ ਮਾਦਪੁਰੀ, *ਵਿਰਾਸਤੀ ਮੇਲੇ ਤੇ ਤਿਉਹਾਰ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰ.39.

19 ਸ਼ੇਰ ਸਿੰਘ ਕੰਵਲ, *ਪੰਜਾਬ ਦੇ ਮੇਲੇ,* ਤਰਲੋਚਨ ਪਬਲਿਸ਼ਰ, ਚੰਡੀਗੜ੍ਹ,2013, ਪੰ.13.

ਸਿਧਵਾਂ ਬੇਟ ਵਿਚ ਪਿੰਡ ਤਲਵਾੜਾ ਅਤੇ ਸ਼ੇਖ ਵਿਖੇ ਸ਼ਾਹ ਕਰਤਾਰ (ਮੁਸਲਿਮ ਫਕੀਰ) ਦੀ ਮਜ਼ਾਰ ਉੱਤੇ ਬਹੁਤ ਵੱਡਾ ਮੇਲਾ ਭਰਦਾ ਹੈ। ਮੇਲੇ ਦੇ ਪਹਿਲੇ ਦਿਨ ਹਿੰਦੂ ਰੀਤ ਅਨੁਸਾਰ ਹਵਨ ਕੀਤਾ ਜਾਂਦਾ ਹੈ। ਸਿੱਖ ਇਸ ਮੇਲੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਲਗਾਉਂਦੇ ਹਨ, ਜਿਥੇ ਢਾਡੀ ਅਤੇ ਕਵੀਸ਼ਰ ਸਿੱਖ ਇਤਿਹਾਸ ਦੀਆਂ ਵਾਰਾਂ ਗਾਉਂਦੇ ਹਨ। ਇਸ ਤਰ੍ਹਾਂ ਪੰਜਾਬ ਦਾ ਪ੍ਰਸਿੱਧ ਮੇਲਾ ਛਪਾਰ ਨਗਰ ਵਿਚ ਗੁੱਗੇ-ਪੀਰ ਦੀ ਯਾਦ ਵਿਚ ਭਰਦਾ ਹੈ। ਗੁੱਗਾ ਲੋਕ-ਨਾਇਕ ਸੀ। ਇਥੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕਾਨਫਰੰਸਾਂ ਕੀਤੀਆਂ ਜਾਂਦੀਆਂ ਹਨ। ਇਥੇ ਵੱਡੀ ਗਿਣਤੀ ਵਿਚ ਸਿੱਖ ਸ਼ਾਮਿਲ ਹੁੰਦੇ ਹਨ। ਇਹ ਵਰਤਾਰਾ ਮੇਲਿਆਂ ਦੇ ਮਾਨਵੀ ਪੱਖਾਂ ਨੂੰ ਬਿਆਨ ਕਰਦਾ ਹੈ। ਪੰਜਾਬੀ ਲੋਕਧਾਰਾ ਵਿਚ ਸਿੱਖ ਪੁਰਬਾਂ ਅਤੇ ਜੋੜ-ਮੇਲਿਆਂ ਨੂੰ ਸਮਾਨ-ਅੰਤਰ ਅਰਥਾਂ ਵਿਚ ਵਰਤਿਆ ਜਾ ਰਿਹਾ ਹੈ। ਹੱਥਲੇ ਖੋਜ ਕਾਰਜ ਵਿਚ ਅਸੀਂ ਸਿੱਖ ਪੁਰਬਾਂ ਦੇ ਵਿਭਿੰਨ ਪੱਖਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੁਰਬਾਂ ਦੇ ਖੋਜ ਕਾਰਜ ਵਿਚ ਸਿੱਖ ਪੁਰਬਾਂ, ਜੋੜ-ਮੇਲਿਆਂ ਦੀ ਵਿਲੱਖਣਤਾ ਦਾ ਅਧਿਐਨ ਬਹੁਤ ਸੀਮਤ ਰੂਪ ਵਿਚ ਕੀਤਾ ਗਿਆ ਹੈ।

**ਖੋਜ ਵਿਧੀ -ਵਿਗਿਆਨ**:

ਸਿੱਖ ਪੁਰਬਾਂ ਬਾਰੇ ਸਾਨੂੰ ਸਿੱਖ ਇਤਿਹਾਸ ਦੇ ਸ੍ਰੋਤ ਗ੍ਰੰਥਾਂ ਤੋਂ ਜਾਣਕਾਰੀ ਮਿਲਦੀ ਹੈ। ਉਪਰੋਕਤ ਕਾਰਜਾਂ ਦਾ ਖੇਤਰ ਇਤਿਹਾਸਕ, ਸਭਿਆਚਾਰਕ ਅਤੇ ਆਰਥਿਕ ਰਿਹਾ ਹੈ । ਮੁੱਢਲੇ ਪੜਾਅ ਵਿਚ ਇਤਿਹਾਸਕ ਸ੍ਰੋਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਨੂੰ ਅਧਾਰ ਬਣਾ ਕੇ ਮੇਲਿਆਂ ਅਤੇ ਪੁਰਬਾਂ ਵਿਚ ਨਿਖੇੜਾ ਕੀਤਾ ਗਿਆ ਹੈ। ਇਹ ਕਾਰਜ ਸਾਡੇ ਖੋਜ ਕਾਰਜ ਵਿਚ ਕਾਫੀ ਸਹਾਈ ਹੋਏ ਹਨ। ਸਿੱਖ ਗੁਰੂ ਸਾਹਿਬਾਨ ਦੇ ਕਾਲ ਨਾਲ ਸਬੰਧਿਤ ਹੁਕਮਨਾਮਿਆਂ ਵਿਚ ਵੀ ਸਿੱਖ ਪੁਰਬਾਂ ਬਾਰੇ ਹਵਾਲੇ ਮਿਲਦੇ ਹਨ। ਇਸ ਸਾਰੀ ਜਾਣਕਾਰੀ ਨੂੰ ਇੱਕਤਰ ਕਰਕੇ ਖੋਜ ਕਾਰਜ ਕਰਨ ਦਾ ਯਤਨ ਕੀਤਾ ਗਿਆ ਹੈ। ਸ਼ਹੀਦੀ ਦਿਹਾੜਿਆਂ ਵਿਚ ਸ਼ਾਮਲ ਹੋਣ ਵਾਲੀ ਸੰਗਤ ਦੀ ਸ਼ਰਧਾ ਅਤੇ ਗੁਰੂ ਵਿਸ਼ਵਾਸ ਕੇਂਦਰੀ ਤੱਤ ਪ੍ਰਤੀਤ ਹੁੰਦਾ ਹੈ। ਸਿੱਖ ਪੁਰਬਾਂ ਜਾਂ ਜੋੜ-ਮੇਲਿਆਂ ਬਾਰੇ ਵਧੇਰੇ ਜਾਣਕਾਰੀ ਸਿੱਖ ਪੰਥ ਦੇ ਇਤਿਹਾਸ ਦੇ ਵਿਸ਼ਲੇਸ਼ਣ ਦੁਆਰਾ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਖੋਜ ਦੇ ਕਾਰਜ ਨੂੰ ਵਿਧੀਵਤ ਢੰਗ ਨਾਲ ਕਰਨ ਲਈ ਸਭ ਤੋਂ ਪਹਿਲਾਂ ਪੁਰਬਾਂ ਦਾ ਵਰਗੀਕਰਨ ਕਰਨ ਦੀ ਲੋੜ ਸੀ। ਸਿੱਖ ਪੁਰਬਾਂ ਦਾ ਮੌਸਮ ਅਤੇ ਇਲਾਕੇ ਦੇ ਅਨੁਸਾਰ ਵਰਗੀਕਰਨ ਕੀਤਾ ਗਿਆ ਹੈ। ਸਿੱਖ ਪੁਰਬਾਂ ਲਈ ਪਵਿੱਤਰ ਸਥਾਨ ਕਾਫੀ ਮਹੱਤਤਾ ਰੱਖਦੇ ਹਨ। ਇਸ ਕਰਕੇ ਪੰਜ ਪ੍ਰਮੁੱਖ ਪੁਰਬਾਂ ਜਿਵੇਂ ਦਿਵਾਲੀ, ਵਿਸਾਖੀ, ਹੋਲਾ ਮਹੱਲਾ, ਮਾਘੀ ਅਤੇ ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਨੂੰ ਗਹਿਨ ਅਧਿਐਨ ਲਈ ਚੁਣਿਆ ਗਿਆ। ਇਹਨਾਂ ਦੀ ਚੋਣ ਇਸ ਕਰਕੇ ਕੀਤੀ ਹੈ ਕਿਉਂਕਿ ਅਨੁਭਵੀ ਖੋਜ ਤੋਂ ਇਲਾਵਾ ਸਿੱਖ ਪੁਰਬਾਂ ਬਾਰੇ ਇਤਿਹਾਸਕ ਜਾਣਕਾਰੀ ਹਾਸਲ ਕਰਨ ਲਈ ਗਣ-ਸ੍ਰੋਤਾਂ ਨੂੰ ਅਧਿਐਨ ਵਿਚ ਸ਼ਾਮਲ ਕੀਤਾ ਗਿਆ ਹੈ। ਇਤਿਹਾਸਕ ਅਤੇ ਅਨੁਭਵੀ ਜਾਣਕਾਰੀ ਦੀ ਤੁਲਨਾ ਵੀ ਕੀਤੀ ਗਈ ਹੈ। ਖੋਜ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਪੰਜ ਨਗਰਾਂ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਦੀਦਾਰਿਆਂ ਦੀ ਮਹੱਤਤਾ ਦੀ ਕ੍ਰਮਵਾਰ ਵਿਆਖਿਆ ਕੀਤੀ ਹੈ। ਸਿੱਖ ਪੰਥ ਦੀਆਂ ਵੱਖ-ਵੱਖ ਸੰਪ੍ਰਦਾਵਾਂ ਅਤੇ ਸੰਸਥਾਵਾਂ ਨਾਲ ਸੰਪਰਕ ਕਰਕੇ ਇਨ੍ਹਾਂ ਦੇ ਮਨੋਰਥਾਂ ਬਾਰੇ ਧਾਰਮਿਕ ਵਿਸ਼ਲੇਸ਼ਣ ਕੀਤਾ ਹੈ। ਸਿੱਖ ਪੁਰਬਾਂ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਲਈ ਚਲਾਏ ਜਾ ਰਹੇ ਲੰਗਰਾਂ ਤੇ ਸਿਹਤ ਸੇਵਾਵਾਂ ਦੇ ਕੈਂਪਾਂ ਦੀ ਭਾਗੀਦਾਰੀ ਦਾ ਨਿਰੀਖਣ ਕੀਤਾ ਹੈ। ਵੀਡੀਓ ਕੈਮਰੇ ਰਾਹੀਂ ਸਿੱਖ ਪੁਰਬਾਂ ਵਿਚ ਆਯੋਜਿਤ ਮੱਲ ਅਖਾੜਿਆਂ, ਗੱਤਕਾ ਪਾਰਟੀਆਂ, ਢਾਡੀਆਂ, ਕਵੀਸ਼ਰਾਂ, ਦੁਕਾਨਦਾਰਾਂ, ਪ੍ਰਦਰਸ਼ਨੀਕਾਰਾਂ ਨਾਲ ਮੁਲਾਕਾਤਾਂ ਕਰ ਕੇ ਇਕੱਤਰ ਕੀਤੀ ਜਾਣਕਾਰੀ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਮੇਲੇ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਦੇ ਧਾਰਮਿਕ ਸੰਸਕਾਰ, ਇਸ਼ਨਾਨ, ਦਾਨ, ਅਰਦਾਸ ਆਦਿਕ ਦਾ ਅਨੁਭਵੀ ਅਧਿਐਨ ਅਤੇ ਆਯੋਜਿਤ ਨਗਰ ਕੀਰਤਨਾਂ ਦਾ ਅਨੁਭਵੀ ਗਿਆਨ ਪ੍ਰਾਪਤ ਕੀਤਾ ਹੈ।

**ਅਧਿਆਇ ਵੰਡ:**

ਵਿਸ਼ੇ ਦੀ ਸੁਚਾਰੂ ਵਿਉਂਤਬੰਦੀ ਲਈ ਖੋਜ-ਪ੍ਰਬੰਧ ਨੂੰ ਚਾਰ ਅਧਿਆਵਾਂ ਵਿਚ ਵੰਡਿਆ ਗਿਆ ਹੈ।

**ਪਹਿਲਾ ਅਧਿਆਇ :**

**ਸਿੱਖ ਪੁਰਬ: ਆਰੰਭ ਅਤੇ ਵਿਕਾਸ**

ਇਸ ਅਧਿਆਇ ਵਿਚ ਸਿੱਖ ਪੁਰਬਾਂ ਦੇ ਸੰਕਲਪ ਨੂੰ ਸਮਝਣ ਲਈ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੇ ਗਏ ਅਰਥਾਂ ਦਾ ਅਤੇ ਸਿੱਖ ਸ੍ਰੋਤ ਗ੍ਰੰਥਾਂ ਦਾ ਅਧਿਐਨ ਕਰਕੇ ਪ੍ਰੀਭਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਕਾਲ ਅਤੇ ਉਤਰ ਗੁਰੂ ਕਾਲ ਵਿਚ ਸਿੱਖ ਪੁਰਬਾਂ ਦੇ ਵਿਕਾਸ ਨੂੰ ਇਤਿਹਾਸਕ ਤੱਥਾਂ ਦੇ ਅਧਾਰ 'ਤੇ ਸਮਝਿਆ

ਗਿਆ ਹੈ। ਪੁਰਬਾਂ ਦੇ ਆਰੰਭ ਅਤੇ ਵਿਕਾਸ ਬਾਰੇ ਇਤਿਹਾਸਕ ਗ੍ਰੰਥਾਂ ਅਤੇ ਜਨਮ ਸਾਖੀਆਂ ਵਿਚੋਂ ਜਾਣਕਾਰੀ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਪੁਰਬਾਂ ਮੌਕੇ ਸ਼ਮੂਲੀਅਤ ਦੇ ਮਨੋਰਥ ਬਾਰੇ ਅਤੇ ਗੁਰੂ ਅੰਗਦ ਦੇਵ ਜੀ ਦੀ ਤੀਰਥ ਯਾਤਰਾ ਦੇ ਵੇਰਵੇ ਦੇ ਕੇ ਪੁਰਬਾਂ ਦੀ ਧਾਰਮਿਕ ਮਹੱਤਤਾ ਸਮਝੀ ਗਈ ਹੈ। ਗੁਰੂ ਅਮਰਦਾਸ ਜੀ ਵੇਲੇ ਵਿਸਾਖੀ ਦੇ ਪੁਰਬ ਮੌਕੇ ਜੋੜ ਮੇਲਿਆਂ ਦੇ ਆਯੋਜਨ ਅਤੇ ਪ੍ਰਯੋਜਨ ਬਾਰੇ ਦੱਸਿਆ ਗਿਆ ਹੈ। ਗੁਰੂ ਰਾਮਦਾਸ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ ਦੇ ਸਮੇਂ ਦੌਰਾਨ ਵਿਸਾਖੀ, ਦਿਵਾਲੀ ਅਤੇ ਮਾਘੀ ਦੇ ਪੁਰਬਾਂ ਨੂੰ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਵਰਤਣ ਦੇ ਵੇਰਵੇ ਇਕੱਤਰ ਕੀਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਵੇਲੇ ਵਿਸਾਖੀ ਦੇ ਪੁਰਬ ਮੌਕੇ ਖਾਲਸਾ ਪੰਥ ਦੀ ਸਿਰਜਨਾ ਅਤੇ ਇਸ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ। ਅਨੰਦਪੁਰ ਵਿਖੇ ਦਸ਼ਮੇਸ਼ ਜੀ ਦੇ ਹੋਲੇ ਮਹੱਲੇ ਦੇ ਪੁਰਬ ਦੀ ਆਰੰਭਤਾ ਅਤੇ ਮੁਕਤਸਰ ਦੇ ਮਾਘੀ ਦੇ ਪੁਰਬ ਦੀ ਗੁਰੂ ਜੀ ਦੇ ਵਰਦਾਨ ਬਾਰੇ ਇਤਿਹਾਸਕ ਸਮੱਗਰੀ ਦਾ ਅਧਿਐਨ ਕੀਤਾ ਗਿਆ ਹੈ। ਸਿੱਖ ਮਿਸਲਾਂ ਵੇਲੇ ਦਿਵਾਲੀ ਅਤੇ ਵਿਸਾਖੀ ਦੇ ਪੁਰਬ ਮੌਕੇ ਕੀਤੇ ਜਾਂਦੇ ਸਰਬੱਤ ਖਾਲਸਾ ਦੀ ਵਿਸ਼ੇਸ਼ਤਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਖਾਲਸਾ ਰਾਜ ਵਿਚ ਸਿੱਖ ਪੁਰਬਾਂ ਦੀ ਸਥਿਤੀ ਦਾ ਵਰਣਨ ਕੀਤਾ ਗਿਆ ਹੈ।

**ਦੂਜਾ ਅਧਿਆਇ:**

**ਸਿੱਖ ਪੁਰਬਾਂ ਦੇ ਸਥਾਨ ਅਤੇ ਇਹਨਾਂ ਦਾ ਮਹੱਤਵ**

ਪੁਰਬਾਂ ਲਈ ਸਥਾਨ ਕਾਫੀ ਮੱਹਤਵਪੂਰਨ ਹੁੰਦਾ ਹੈ। ਇਸ ਅਧਿਆਇ ਵਿਚ ਸਿੱਖ ਪੁਰਬਾਂ ਦੇ ਮਹੱਤਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਪੁਰਬ ਇਕ ਪਵਿੱਤਰ ਜਗ੍ਹਾ 'ਤੇ ਹੁੰਦਾ ਹੈ, ਭਾਵ ਸਥਾਨ ਦੀ ਪਵਿੱਤਰਤਾ ਸ਼ਰਧਾਲੂਆਂ ਦੇ ਮਨਾਂ ਵਿਚ ਆਕਰਸ਼ਣ ਪੈਦਾ ਕਰਦੀ ਹੈ ਅਤੇ ਪਵਿੱਤਰ ਸਥਾਨ ਨਾਲ ਸ਼ਰਧਾਲੂਆਂ ਦੇ ਜਜ਼ਬਾਤ ਅਤੇ ਵਿਸ਼ਵਾਸ਼ ਜੁੜੇ ਹੁੰਦੇ ਹਨ। ਸਿੱਖ ਪੰਥ ਵਿਚ ਅੰਮ੍ਰਿਤਸਰ ਦੀ ਦੀਵਾਲੀ ਦਾ ਵਿਸ਼ੇਸ਼ ਸਥਾਨ ਹੈ। ਅੰਮ੍ਰਿਤਸਰ ਸ਼ਹਿਰ ਗੁਰੂ ਸਹਿਬ ਨੇ ਖੁਦ ਵਸਾਇਆ ਅਤੇ ਸਿੱਖਾਂ ਦਾ ਕੇਂਦਰੀ ਧਾਰਮਿਕ ਸਥਾਨ ਦਰਬਾਰ ਸਾਹਿਬ ਨੂੰ ਮੰਨਿਆ ਜਾਂਦਾ ਹੈ। ਆਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚੜ੍ਹਦੀ ਕਲਾ ਦਾ ਪ੍ਰਤੀਕ ਹੋਲੇ ਮੱਹਲੇ ਦਾ ਪੁਰਬ ਮਨਾਉਣ ਦੀ ਪ੍ਰਥਾ ਆਰੰਭ ਕੀਤੀ ਗਈ। ਹੋਲੀ ਦੇ ਬਰਾਬਰ ਹੋਲਾ ਵਿਕਸਿਤ ਹੋਇਆ। ਆਨੰਦਪੁਰ ਨੂੰ ਖਾਲਸੇ ਦੀ ਜਨਮ ਭੂਮੀ ਹੋਣ ਦਾ ਮਾਣ ਹੈ। ਇਥੇ ਹੋਲੇ ਮਹੱਲੇ ਦੇ ਪੁਰਬ ਮੌਕੇ ਹਰ ਸਾਲ ਵੱਡੀ

ਗਿਣਤੀ ਵਿਚ ਸਿੱਖ ਸ਼ਾਮਿਲ ਹੁੰਦੇ ਹਨ। ਸਿੱਖ ਅਰਦਾਸ ਵਿਚ ਸ਼ਾਮਿਲ ਚਾਲੀ ਮੁਕਤਿਆਂ ਦੀ ਪਵਿੱਤਰ ਧਰਤੀ ਮੁਕਤਸਰ ਸਾਹਿਬ ਵਿਖੇ ਮਾਘੀ ਦੇ ਪੁਰਬ ਦੀ ਵਿਸ਼ੇਸ਼ਤਾ ਨੂੰ ਬਿਆਨ ਕਰਦੇ ਹੋਏ ਸਿੱਖ ਸਮਾਜ ਵਿਚ ਧਾਰਮਿਕ ਮਹੱਤਤਾ ਦਾ ਅਧਿਐਨ ਕੀਤਾ ਹੈ। ਗੁਰੂ ਕੀ ਕਾਸ਼ੀ ਦਾ ਰੁਤਬਾ ਰੱਖਣ ਵਾਲੇ ਨਗਰ ਤਲਵੰਡੀ ਸਾਬੋ ਦਮਦਮਾ ਸਾਹਿਬ ਦੇ ਵਿਸਾਖੀ ਦੇ ਪੁਰਬ ਵਿਚ ਮੌਸਮੀ ਤਿਉਹਾਰ ਵਿਸਾਖੀ ਅਤੇ ਖਾਲਸੇ ਦੇ ਜਨਮ ਦਿਨ ਨੂੰ ਪੂਰੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸਿੱਖ ਸੰਵੇਦਨਾ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਲੱਖਾਂ ਦੀ ਗਿਣਤੀ ਵਿਚ ਸੰਗਤ ਸ਼ਾਮਲਿ ਹੁੰਦੀ ਹੈ। ਸ਼ਹੀਦਾਂ ਦੀ ਪਵਿਤਰ ਧਰਤੀ ਸਰਹਿੰਦ, ਜਿਸਨੂੰ ਜਿੱਤਣ ਤੋਂ ਪਿਛੋਂ ਖਾਲਸੇ ਨੇ ਨਵਾਂ ਨਾਮ ਫਤਹਿਗੜ੍ਹ ਦਿਤਾ ਹੈ, ਉਥੇ ਹਰ ਸਾਲ ਦਸਬੰਰ ਮਹੀਨੇ ਦੇ ਆਖਰੀ ਹਫਤੇ ਸ਼ਹੀਦੀ ਸਭਾ ਜੁੜਦੀ ਹੈ।

**ਅਧਿਆਇ ਤੀਜਾ:**

**ਸਿੱਖ ਪੁਰਬਾਂ ਦੀਆਂ ਪ੍ਰਮੁੱਖ ਗਤੀਵਿਧੀਆਂ**

ਪੁਰਬਾਂ ਵਿਚ ਸ਼ਾਮਿਲ ਹੋ ਕੇ ਪ੍ਰਾਪਤ ਕੀਤੇ ਅਨੁਭਵੀ ਗਿਆਨ ਦੇ ਅਧਾਰ 'ਤੇ ਸਿੱਖ ਪੁਰਬਾਂ ਦੀਆਂ ਪ੍ਰਮੁੱਖ ਗਤੀਵਿਧੀਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਸਿੱਖ ਧਰਮ ਵਿਚ ਪੁਰਬਾਂ ਮੌਕੇ ਕੀਤੀ ਜਾਣ ਵਾਲੀ ਪਵਿੱਤਰ ਯਾਤਰਾ ਦੀ ਧਾਰਮਿਕ ਮਹੱਤਤਾ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਸਿੱਖ ਸੰਗਤ ਵਲੋਂ ਪੁਰਬਾਂ ਸਮੇਂ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਨ ਦੇ ਕਾਰਜਾਂ ਦਾ ਵਿਸ਼ਲੇਸ਼ਣ ਕੀਤਾ ਹੈ। ਸਿੱਖ ਧਰਮ ਵਿਚ ਗੁਰੂ ਕੇ ਲੰਗਰ ਦਾ ਵਿਸ਼ੇਸ਼ ਮਹੱਤਵ ਹੈ। ਸਿੱਖ ਪੁਰਬਾਂ ਮੌਕੇ ਸੰਗਤ ਦੁਆਰਾ ਕੀਤੇ ਜਾਂਦੇ ਨਿਸ਼ਕਾਮ ਸੇਵਾ ਦੇ ਕੰਮਾਂ ਦਾ ਨਿਰੀਖਣ ਕੀਤਾ ਗਿਆ ਹੈ। ਇਹ ਕਾਰਜ ਸਿੱਖ ਸੰਗਤ ਵੱਲੋਂ ਇਕੱਤਰ ਕੀਤੇ ਦਸਵੰਧ ਨਾਲ ਚਲਦੇ ਹਨ। ਗੁਰਮਤਿ ਵਿਚ ਦਸਵੰਧ ਭੇਟ ਕਰਨ ਦੀ ਸਵੈ-ਭਾਵਨਾ ਦੀ ਰਵਾਇਤ ਹੈ। ਨਿਹੰਗ ਸਿੰਘ ਜਥੇਬੰਦੀਆਂ ਦੇ ਕੈਂਪਾਂ ਵਿਚ ਸ਼ਾਮਿਲ ਹੋ ਕੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਉਹਨਾਂ ਦੀ ਸਿੱਖ ਵਿਰਾਸਤ ਵਿਚ ਸਥਾਨ ਦੀ ਮਹੱਤਤਾ ਨੂੰ ਸਮਝਣ ਦਾ ਯਤਨ ਕੀਤਾ ਹੈ। ਇਹਨਾਂ ਪੁਰਬਾਂ ਮੌਕੇ ਗੁਰਮਤਿ ਦੇ ਪ੍ਰਸਾਰ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਸਿੱਖ ਪੁਰਬਾਂ ਦੇ ਮੌਕੇ ਸੰਗਤ ਦੁਆਰਾ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਗਤੀਵਿਧੀ ਦੀ ਅਧਿਆਤਮਿਕ ਮਹੱਤਤਾ ਦਾ ਅਧਿਐਨ ਕੀਤਾ ਹੈ। ਸਿੱਖ

ਸੰਗਤਾਂ ਵੱਲੋਂ ਦੀਵਾਨਾਂ ਵਿਚ ਹਾਜ਼ਰੀ ਭਰਨ ਦੇ ਮੁੱਖ ਕਾਰਜ ਦਾ ਅਨੁਭਵੀ ਬਿਆਨ ਕੀਤਾ ਹੈ। ਸਿੱਖ ਪੁਰਬਾਂ ਮੌਕੇ ਨਗਰ ਕੀਰਤਨਾਂ ਦੀ ਧਾਰਮਿਕ ਮਹੱਤਤਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

**ਅਧਿਆਇ ਚੌਥਾ:**

## ਸਿੱਖ ਪੁਰਬਾਂ ਦੇ ਵਿਭਿੰਨ ਪੱਖ

ਇਸ ਅਧਿਆਇ ਵਿਚ ਸਿੱਖ ਪੁਰਬਾਂ ਦੇ ਵਿਭਿੰਨ ਪੱਖਾਂ ਦਾ ਵਰਣਨ ਕੀਤਾ ਗਿਆ ਹੈ। ਸਿੱਖ ਪੁਰਬਾਂ ਦੇ ਆਰੰਭ ਵਿਚ ਗੁਰੂ ਸਹਿਬਾਨ ਨੇ ਇਹਨਾਂ ਦਾ ਉਦੇਸ਼ ਧਰਮ ਦਾ ਪ੍ਰਸਾਰ ਅਤੇ ਪ੍ਰਚਾਰ ਹੀ ਨਿਰਧਾਰਿਤ ਕੀਤਾ ਸੀ। ਸਿੱਖ ਪੁਰਬਾਂ ਦੇ ਪਿਛੋਕੜ ਅਤੇ ਵਰਤਮਾਨ ਸਰੂਪ ਵਿਚ ਧਾਰਮਿਕ ਪੱਖ ਦੀ ਵਿਆਖਿਆ ਕੀਤੀ ਗਈ ਹੈ। ਸਿੱਖ ਪੁਰਬਾਂ ਨਾਲ ਸਿੱਖ ਸਮਾਜ ਦੀ ਸ਼ਰਧਾ ਭਾਵਨਾ, ਗੁਰੂ ਪਿਆਰ, ਸਤਿਕਾਰ ਅਤੇ ਗੁਰਮਤਿ ਦੇ ਸਿਧਾਂਤ ‘ਤੇ ਸਿੱਖ ਜਗਤ ਦੇ ਵਿਸ਼ਵਾਸ਼ ਦਾ ਅਧਿਐਨ ਕੀਤਾ ਗਿਆ ਹੈ। ਸਿੱਖ ਪੁਰਬਾਂ ਦੀ ਵਿਸ਼ੇਸ਼ ਸੱਭਿਆਚਾਰਕ ਮਹੱਤਤਾ ਹੈ । ਗੁਰੂ ਸਾਹਿਬ ਵੇਲੇ ਭਾਈਚਾਰਕ ਸਾਂਝ ਦੀ ਮਜ਼ਬੂਤੀ ਹਿਤ ਕੀਤੇ ਕਾਰਜਾਂ ਦੇ ਇਤਿਹਾਸਕ ਹਵਾਲਿਆਂ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਿੱਖ ਪੁਰਬਾਂ ਦੇ ਸੱਭਿਆਚਾਰਕ ਤੇ ਸਮਾਜਿਕ ਪੱਖਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸਿੱਖ ਪੁਰਬਾਂ ਦੇ ਵਪਾਰਕ ਅਤੇ ਆਰਥਿਕ ਪੱਖ ਦੀ ਬਹੁਤ ਵੱਡੀ ਵਿਸ਼ੇਸ਼ਤਾ ਹੈ। ਸਿੱਖ ਧਰਮ ਵਿਚ ਕਿਰਤ ਕਰਨ ਦੇ ਸਿਧਾਂਤ ਨਾਲ ਦਸਤਕਾਰੀ ਦੀ ਕਲਾ ਦੇ ਸਤਿਕਾਰ ਅਤੇ ਰੋਜ਼ਗਾਰ ਦੇ ਵਰਤਾਰੇ ਨੂੰ ਇਹਨਾਂ ਪੁਰਬਾਂ ਮੌਕੇ ਬਲ ਮਿਲਦਾ ਹੈ। ਵਰਤਮਾਨ ਸਮੇਂ ਵਿਚ ਵੀ ਇਹਨਾਂ ਪੁਰਬਾਂ ਮੌਕੇ ਕਰੋੜਾਂ ਰੁਪਏ ਦੇ ਵਪਾਰ ਕੀਤੇ ਜਾ ਰਹੇ ਹਨ। ਇਹਨਾਂ ਮੌਕਿਆਂ ‘ਤੇ ਪ੍ਰਦਰਸ਼ਨੀਆਂ ਵਿਚ ਖੇਤੀਬਾੜੀ ਨਾਲ ਸਬੰਧਤ ਔਜ਼ਾਰ (ਸੰਦ), ਬੱਚਿਆਂ ਲਈ ਖਿਡੌਣੇ, ਮਨਿਆਰੀ ਦਾ ਸਮਾਨ, ਮਠਿਆਈ ਦੀਆਂ ਦੁਕਾਨਾਂ, ਧਾਰਮਿਕ ਚਿੰਨ੍ਹ ਅਤੇ ਫੋਟੋਆਂ ਵਿਕਦੀਆਂ ਹਨ। ਇਹਨਾਂ ਗਤੀਵਿਧੀਆਂ ਦੇ ਆਰਥਿਕ ਪੱਖਾਂ ਦਾ ਅਧਿਐਨ ਕੀਤਾ ਗਿਆ ਹੈ। ਸਿੱਖ ਧਰਮ ਦੇ ਮੀਰੀ-ਪੀਰੀ ਦੇ ਸਿਧਾਂਤ ਦਾ ਪ੍ਰਭਾਵ ਸਿੱਖ ਪੁਰਬਾਂ ਮੌਕੇ ਵੀ ਦਿਖਾਈ ਦਿੰਦਾ ਹੈ। ਇਹਨਾਂ ਪੁਰਬਾਂ ਦੇ ਰਾਜਨੀਤਕ ਪੱਖਾਂ ਦਾ ਇਤਿਹਾਸਕ ਹਵਾਲਿਆਂ ਦੀ ਸਹਾਇਤਾ ਨਾਲ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

**ਖੋਜ ਦੀ ਸਾਰਥਿਕਤਾ:**

ਧਰਮ ਅਧਿਐਨ ਦੇ ਵਿਦਿਆਰਥੀ ਲਈ ਸਿੱਖ ਪੁਰਬਾਂ ਦੇ ਅਧਿਐਨ ਦੀ ਵਿਸ਼ੇਸ਼ ਸਾਰਥਿਕਤਾ ਇਸ ਕਰਕੇ ਹੈ ਕਿ ਪੁਰਬਾਂ ਦਾ ਅਧਾਰ ਧਰਮ ਹੈ। ਸਿੱਖ ਸਭਿਆਚਾਰ ਦੇ ਵਿਭਿੰਨ ਪੱਖਾਂ ਨਾਲ ਪੁਰਬਾਂ ਦਾ ਸੰਬੰਧ ਜੁੜਦਾ ਹੈ। ਸਿੱਖ ਪੁਰਬ ਸਿੱਖ ਸੰਗਤ ਲਈ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਚੇਤਨਾ ਲਈ ਮਹੱਤਵਪੂਰਨ ਹਨ। ਸਿੱਖ ਇਤਿਹਾਸ ਦਾ ਹਰ ਵੱਡਾ ਪ੍ਰਸੰਗ ਕਿਸੇ ਨਾ ਕਿਸੇ ਸਿੱਖ ਪੁਰਬ ਨਾਲ ਜੁੜਦਾ ਹੈ। ਵਰਤਮਾਨ ਸਮੇਂ ਵਿਚ ਸਿੱਖ ਪੁਰਬਾਂ ਦੀ ਵਿਸ਼ੇਸ਼ਤਾ ਵਿਚ ਵਾਧਾ ਹੋਇਆ ਹੈ। ਸਿੱਖ ਸਰੋਕਾਰਾਂ ਵਿਚ ਸਿੱਖ ਪੁਰਬ ਅਤੇ ਜੋੜ-ਮੇਲਿਆਂ ਦੀ ਵਿਸ਼ਵ ਪੱਧਰ ਤੇ ਪ੍ਰਸਿੱਧੀ ਹੈ। ਸਿੱਖ ਪੁਰਬਾਂ ਦੀਆਂ ਸਰਗਰਮੀਆਂ, ਇਹਨਾਂ ਦੇ ਵਿਭਿੰਨ ਪੱਖਾਂ ਅਤੇ ਪੁਰਬਾਂ ਨਾਲ ਸੰਬੰਧਤ ਸਥਾਨਾਂ ਦੇ ਇਤਿਹਾਸ ਨੂੰ ਸਮਝਣ ਲਈ ਇਹ ਖੋਜ ਕਾਰਜ ਲਾਹੇਬੰਦ ਹੋਵੇਗਾ।

# ਤਤਕਰਾ


| ਅਧਿਆਇ | ਪੰਨਾ |
|---|---|
| ਜਾਣ-ਪਛਾਣ: | i-xx |
| 1 ਸਿੱਖ ਪੁਰਬਾਂ ਦਾ ਆਰੰਭ ਅਤੇ ਵਿਕਾਸ | 1-36 |

- ਪੰਜਾਬ ਦੇ ਮੇਲਿਆਂ ਦੀ ਪ੍ਰਕ੍ਰਿਤੀ
- ਪੁਰਬ ਅਤੇ ਗੁਰਮਤਿ
- ਸਿੱਖ ਪੁਰਬਾਂ ਦਾ ਆਰੰਭ ਅਤੇ ਵਿਕਾਸ
- ਗੁਰੂ ਕਾਲ ਵਿਚ ਸਿੱਖ ਪੁਰਬ
- ਉਤਰ ਗੁਰੂ ਕਾਲ ਵਿਚ ਸਿੱਖ ਪੁਰਬ
- ਖਾਲਸਾ ਰਾਜ ਵਿਚ ਸਿੱਖ ਪੁਰਬ
- ਬਰਤਾਨਵੀ ਬਸਤੀਵਾਦੀ ਦੌਰ ਵਿਚ ਸਿੱਖ ਪੁਰਬ
- 1947 ਤੋਂ ਪਿਛੋਂ ਸਿੱਖ ਪੁਰਬ

| | |
|---|---|
| 2 ਸਿੱਖ ਪੁਰਬਾਂ ਦੇ ਸਥਾਨ ਅਤੇ ਇਹਨਾਂ ਦਾ ਮਹੱਤਵ | 37-80 |

- ਦਿਵਾਲੀ ਦਾ ਪੁਰਬ ਸ੍ਰੀ ਅੰਮ੍ਰਿਤਸਰ
- ਹੋਲੇ ਮਹੱਲੇ ਦਾ ਪੁਰਬ ਅਨੰਦਪੁਰ ਸਾਹਿਬ
- ਮਾਘੀ ਦਾ ਪੁਰਬ ਮੁਕਤਸਰ
- ਵਿਸਾਖੀ ਦਾ ਪੁਰਬ ਤਖਤ ਸ੍ਰੀ ਦਮਦਮਾਂ ਸਾਹਿਬ
- ਸ਼ਹੀਦੀ ਪੁਰਬ ਫਤਹਿਗੜ੍ਹ ਸਾਹਿਬ

| | |
|---|---|
| 3 ਸਿੱਖ ਪੁਰਬਾਂ ਦੀਆਂ ਪ੍ਰਮੁੱਖ ਗਤੀਵਿਧੀਆਂ | 81 - 114 |

- ਪੁਰਬਾਂ ਤੇ ਜਾਣ ਦੀ ਤਿਆਰੀ
- ਪਵਿੱਤਰ ਯਾਤਰਾ

- ਜੋੜ-ਮੇਲੇ ਵਿਚ ਪੁੱਜਣਾ
- ਪਵਿੱਤਰ ਖੇਤਰ
- ਗੁਰਧਾਮਾਂ ਦੇ ਦਰਸਨ
- ਇਸ਼ਨਾਨ
- ਸੇਵਾ
- ਗੁਰੂ ਕੇ ਲੰਗਰ
- ਖੰਡੇ ਕੀ ਪਾਹੁਲ ਲੈਣੀ
- ਪ੍ਰਕਰਮਾਂ ਕਰਨੀ
- ਪ੍ਰਸ਼ਾਦ
- ਨਗਰ ਕੀਰਤਨ
- ਸਿਹਤ ਸੇਵਾਵਾਂ
- ਸੱਭਿਆਚਾਰਕ ਸਮਾਗਮ

**4 ਸਿੱਖ ਪੁਰਬਾਂ ਦੇ ਵਿਭਿੰਨ ਪੱਖ** 115-147

- ਅਧਿਆਤਮਿਕ ਪੱਖ
- ਮਾਨਵਵਾਦੀ ਪੱਖ
- ਸਮਾਜਿਕ ਪੱਖ
- ਸਿਆਸੀ ਪੱਖ
- ਆਰਥਿਕ ਪੱਖ
- ਸਭਿਆਚਾਰਕ ਪੱਖ

**ਸਾਰ** 148-165

**ਪੁਸਤਕ ਸੂਚੀ** 166-186

## ਪ੍ਰਕਾਸ਼ਨ ਕਾਰਜ ਦਾ ਵੇਰਵਾ

ਖੁਸ਼ਹਾਲ ਸਿੰਘ  ਸਿੱਖ ਜੋੜ ਮੇਲਿਆਂ ਦਾ ਧਾਰਮਕ ਮਹੱਤਵ

ਕੌਮੀ ਸਿੰਘ ਸਭਾ ਪਤ੍ਰਿਕਾ,  ਦਸਬੰਰ 2017

ਪ੍ਰਕਾਸ਼ਕ. ਕੇਂਦਰੀ ਸ੍ਰੀ ਗੁਰੁ ਸਿੰਘ ਸਭਾ,

ਸ੍ਰੀ ਗੁਰੁ ਗ੍ਰੰਥ ਸਾਹਿਬ ਭਵਨ, ਪਲਾਟ ਨੰ.1 ਸੈਕਟਰ 28 ਏ ਚੰਡੀਗੜ੍ਹ